
ਗਗਨ ਦਮਾਮਾ ਬਾਜਿਓ



ਗਿਆਨੀ ਭਜਨ ਸਿੰਘ

ਗਗਨ ਦਮਾਮਾ ਬਾਜਿਓ

(ਨਾਵਲ)

ISBN 81-7205-189-1

ਪਹਿਲੀ ਵਾਰ 1959
ਪੰਜਵੀਂ ਵਾਰ ਮਾਰਚ 1997
ਛੇਵੀਂ ਵਾਰ ਸਤੰਬਰ 2001

ਮੁੱਲ : 50-00

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

ਮੁਖ ਸ਼ਬਦ

ਗਿਆਨੀ ਭਜਨ ਸਿੰਘ ਨੂੰ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਆਇਆਂ ਲਗਭਗ ਦਸ ਵਰ੍ਹੇ ਹੋ ਗਏ ਹਨ ਅਤੇ ਉਹਨਾਂ ਨੇ ਇਸ ਸਮੇਂ ਵਿਚ ਕਾਫ਼ੀ ਕੁਝ ਸਿੱਖਿਆ ਅਤੇ ਗ੍ਰਹਿਣ ਕੀਤਾ ਹੈ। ਉਹ ਇਕ ਐਸੇ ਵਿਦਿਅਕ-ਆਸ਼ਰਮ ਦੇ ਮੁਖ ਪ੍ਰਬੰਧਕ ਵੀ ਹਨ, ਜਿਸ ਰਾਹੀਂ ਸੈਂਕੜੇ ਵਿਦਿਆਰਥੀ ਪੰਜਾਬੀ ਦੀਆਂ ਉੱਚ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ ਅਤੇ ਇੰਜ ਆਪ ਨੂੰ ਪੰਜਾਬੀ ਸਾਹਿਤ ਦੇ ਹਰ ਅੰਗ ਨਾਲ ਸਿੱਧੀ ਜਾਣ-ਪਛਾਣ ਕਰਨ ਦਾ ਸਮਾਂ ਵੀ ਮਿਲਿਆ ਹੈ। ਇਸੇ ਲਈ ਉਹਨਾਂ ਦਾ ਇਕ ਗਲਪਕਾਰ ਦੇ ਰੂਪ ਵਿਚ ਉਜਾਗਰ ਹੋਣਾ, ਪੰਜਾਬੀ ਪਿਆਰਿਆਂ ਵਾਸਤੇ ਹੈਰਾਨੀ ਵਾਲੀ ਗੱਲ ਨਹੀਂ ਸਮਝੀ ਜਾਣੀ ਚਾਹੀਦੀ।

ਹੱਥਲੇ ਨਾਵਲ ਤੋਂ ਪਹਿਲਾਂ ਇਸ ਰਚਨਾ ਦਾ ਕਰਤਾ *ਪਹਿਲਾ ਪਿਆਰ* ਦੇ ਰੂਪ ਵਿਚ ਇਕ ਹੋਰ ਰਚਨਾ ਵੀ ਪੰਜਾਬੀ ਪਿਆਰਿਆਂ ਨੂੰ ਦੇ ਚੁਕਿਆ ਹੈ, ਜੋ ਪ੍ਰਸਿੱਧ ਰੂਸੀ ਨਾਵਲਕਾਰ 'ਤੁਰਗਨੇਵ' ਦੇ ਨਾਵਲ *ਫਸਟ ਲਵ* (First Love) ਦਾ ਢੁਕਦਾ ਬਣਦਾ ਪੰਜਾਬੀ ਰੂਪ ਹੈ। ਇਕ ਵੱਡੇ ਲੇਖਕ ਦੀ ਕਿਸੇ ਰਚਨਾ ਨੂੰ ਆਪਣੀ ਭਾਸ਼ਾ ਦਾ ਰੂਪ ਦੇਣਾ ਸੌਖਾ ਨਹੀਂ ਹੁੰਦਾ, ਪਰ ਗਿਆਨੀ ਭਜਨ ਸਿੰਘ ਨੇ ਉਸ ਦਾ ਸਫਲ ਅਨੁਵਾਦ ਕਰ ਕੇ ਸਾਬਤ ਕਰ ਵਿਖਾਇਆ ਹੈ ਕਿ ਪੱਤਰਕਾਰੀ ਨੇ ਉਸ ਦੀ ਅਨੁਵਾਦਕ ਸ਼ਕਤੀ ਵਿਚ ਕਿੰਨਾ ਵਾਧਾ ਕੀਤਾ ਹੈ। ਇਸ ਪਿਛੋਂ ਗਿਆਨੀ ਭਜਨ ਸਿੰਘ ਦਾ ਪਹਿਲਾ ਮੌਲਿਕ ਨਾਵਲ *ਧਾਰੜੇ ਦਾ ਸੱਥਰ* ਛਪਿਆ।

ਗਿਆਨੀ ਭਜਨ ਸਿੰਘ ਲੋਕ-ਜੀਵਨ ਵਿਚ ਵੀ ਅਗੇਰੇ ਹੋ ਕੇ ਹਿੱਸਾ ਲੈ ਰਿਹਾ ਹੈ ਅਤੇ ਇਸ ਦੇ ਨਾਲ ਹੀ ਉਹ ਪੰਜਾਬੀ ਦੇ ਸਾਹਿਤਕ ਮੈਦਾਨ ਵਿਚ ਵੀ ਵਧਵੇਂ ਕਦਮ ਮਾਰ ਕੇ ਅਗਾਂਹ-ਵਧ ਰਿਹਾ ਹੈ। ਉਸ ਦੇ ਅੰਦਰੋਂ ਲੋਕ-ਸੇਵਾ ਦਾ ਜਜ਼ਬਾ ਵੀ ਉਮਲ੍ਹਦੇ ਹੋਏ ਸ੍ਰੋਤ ਵਾਂਗ ਫੁਟਦਾ ਪਰਤੱਖ ਸਹੀ ਹੁੰਦਾ ਹੈ ਅਤੇ ਉਹ ਇਕ ਅਜਿਹਾ ਸਾਹਿਤਕਾਰ ਬਣਨ ਲਈ ਤਿਆਰੀ ਕਰਦਾ ਰਿਹਾ ਹੈ, ਜਿਹੜਾ ਆਪਣੇ ਜੀਵਨ ਨੂੰ ਆਪਣੀ ਲਿਖਤ ਨਾਲ ਸਾਂਵਾਂ ਪੱਧਰਾ ਰੱਖ ਕੇ, ਮਾਨਵਤਾ ਦੀ ਕਲਿਆਨ ਅਤੇ ਉੱਨਤੀ ਨੂੰ ਆਪਣਾ ਜੀਵਨ-ਆਦਰਸ਼ ਮੰਨਦਾ ਹੋਵੇ।

ਉਸ ਦੀ ਸਾਹਿਤਕ ਰਚਨਾ ਦੇ ਇਸ ਪਿਛੋਕੜ ਨੂੰ ਸਮਝ ਕੇ ਜਦ ਮੈਂ ਉਸ ਦੇ ਹੱਥਲੇ ਨਾਵਲ ਵੱਲ ਨਿਗਾਹ ਮਾਰਦਾ ਹਾਂ, ਤਾਂ ਕੁਦਰਤੀ ਤੌਰ 'ਤੇ ਮੈਨੂੰ ਪ੍ਰਸੰਨਤਾ ਹੁੰਦੀ ਹੈ। ਇਸ ਨਾਵਲ ਦਾ ਪਲਾਟ ਅਠਾਰ੍ਹਵੀਂ ਸਦੀ ਦੇ ਉਸ ਮਹਾਨ ਇਨਕਲਾਬ ਵਿਚੋਂ ਉਲੀਕਿਆ ਗਿਆ ਹੈ, ਜਿਸ ਨੇ ਮੁਗ਼ਲ-ਸਾਮਰਾਜ ਦੀਆਂ ਜੜ੍ਹਾਂ ਪੁੱਟ ਵਗਾਹੀਆਂ ਸਨ। ਇਸ ਸਦੀ ਦੇ ਪੰਜਾਬੀਆਂ ਦਾ ਜੀਵਨ ਚਮਤਕਾਰੀ-ਰੂਪ ਵਿਚ ਸਾਹਮਣੇ ਆਇਆ ਅਤੇ ਉਹਨਾਂ ਨਾ ਕੇਵਲ ਬੀਰਤਾ ਅਤੇ ਧੀਰਤਾ ਦੇ ਮੈਦਾਨ ਵਿਚ ਹੀ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਕਰ ਵਿਖਾਏ; ਸਗੋਂ ਧਰਮ ਨੂੰ ਸੰਸਾਰ ਦੇ ਸਾਹਮਣੇ ਆਦਰਸ਼ ਰੂਪ ਵਿਚ ਪੇਸ਼ ਕੀਤਾ। ਉਹਨਾਂ ਨੂੰ ਇਕੋ ਸਮੇਂ ਦਿੱਲੀ ਅਤੇ ਕਾਬਲ ਦੀਆਂ ਸ਼ਕਤੀਆਂ ਨਾਲ ਟੱਕਰ ਲੈਣੀ ਪਈ। ਉਹਨਾਂ ਦਾ ਖੁਰਾ-ਖੋਜ ਮਿਟਾਉਣ ਲਈ ਮੁਗ਼ਲ ਅਤੇ ਪਠਾਣ ਹਾਕਮਾਂ ਨੇ ਆਪਣੀ ਵਲੋਂ ਪੂਰਾ ਤਾਣ ਲਾਇਆ; ਪਰ ਜਿਉਂ ਜਿਉਂ ਉਹਨਾਂ ਦੇ ਦੁਖ ਵਧਦੇ ਗਏ, ਉਹਨਾਂ ਦੇ ਅੰਦਰ ਇਨਕਲਾਬੀ ਜਜ਼ਬੇ ਦੀ ਜਵਾਲਾ ਹੋਰ ਪਰਚੰਡ ਹੁੰਦੀ ਗਈ। ਉਹਨਾਂ ਨੂੰ ਦੋ ਘੱਲੂ-ਘਾਰਿਆਂ ਦੀ ਮਾਰ ਵਿਚੋਂ ਲੰਘਣਾ ਪਿਆ, ਉਹਨਾਂ ਦੇ ਵਿਰੁੱਧ ਹੈਦਰੀ-ਝੰਡੇ ਨਿਕਲੇ ਅਤੇ ਫੇਰ ਉਹਨਾਂ ਦੇ ਭਾਈ ਮਨੀ ਸਿੰਘ ਜੀ ਵਰਗੇ ਧਰਮੀ-ਆਗੂ ਨੂੰ ਬੰਦ ਬੰਦ ਕੱਟ ਕੇ, ਉਹਨਾਂ ਨੂੰ ਪੈਰਾਂ ਤੋਂ ਕੱਢਣ ਲਈ ਹਰ ਅੱਤਿਆਚਾਰ ਦੀ ਅਜ਼ਮਾਇਸ਼ ਕੀਤੀ ਗਈ। ਪ੍ਰਤੀਕਰਮ ਰੂਪ ਵਿਚ ਉਹਨਾਂ ਦਾ ਜੋਸ਼ ਇਕ ਤੂਫ਼ਾਨ ਬਣ ਗਿਆ ਅਤੇ ਉਸ ਤੂਫ਼ਾਨ ਵਿਚ ਉਹਨਾਂ ਦੀਆਂ ਕੁਲ ਦੁਸ਼ਮਣ-ਸ਼ਕਤੀਆਂ ਕੱਖਾਂ ਕਾਨਿਆਂ ਵਾਂਗ ਰੁੜ੍ਹ ਗਈਆਂ।

ਅਜਿਹੇ ਜਿਆਲੇ ਵੀਰ-ਪੁਰਸ਼ਾਂ ਦੇ ਮਹਾਨ-ਫ਼ਖ਼ਰ-ਯੋਗ ਕਾਰਨਾਮਿਆਂ ਨੂੰ ਗਿਆਨੀ ਭਜਨ ਸਿੰਘ ਨੇ ਇਸ ਨਾਵਲ ਵਿਚ ਸ਼ੰਖਲਾਬਧ ਕਰਕੇ ਪੇਸ਼ ਕੀਤਾ ਹੈ। ਸਭ ਤੋਂ ਪਹਿਲਾਂ ਅਜਿਹਾ ਯਤਨ ਸਵਰਗੀ ਭਾਈ ਵੀਰ ਸਿੰਘ ਜੀ ਨੇ ਕੀਤਾ ਸੀ ਅਤੇ ਉਹਨਾਂ ਦੀਆਂ ਰਚਨਾਵਾਂ 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਵਿਚ ੧੮ਵੀਂ ਸਦੀ ਦੇ ਇਤਿਹਾਸ ਨੂੰ ਹੀ ਗੁੰਦਿਆ ਗਿਆ ਹੈ।

ਮੈਂ ਸਮਝਦਾ ਹਾਂ ਕਿ ਗਿਆਨੀ ਭਜਨ ਸਿੰਘ ਨੇ ਆਪਣੀ ਇਸ ਰਚਨਾ ਨਾਲ ਸਿੰਘ-ਤਵ ਨੂੰ ਉਭਾਰਨ ਦਾ ਸਫਲ ਉੱਦਮ ਕੀਤਾ ਹੈ। ਇਸ ਦੀ ਭਾਸ਼ਾ ਜ਼ੋਰਦਾਰ, ਅਸਰ-ਭਰਪੂਰ, ਬਾਮੁਹਾਵਰਾ ਅਤੇ ਵਿਸ਼ੇ-ਵਸਤੂ ਦੇ ਐਨ ਅਨੁਕੂਲ ਹੈ। ਪਿਆਰ ਅਤੇ ਇਸ਼ਕ ਦੀਆਂ, ਜਿਨ੍ਹਾਂ ਨਾਲ ਨੌਜਵਾਨ ਯੁਵਕ ਅਤੇ ਯੁਵਤੀਆਂ ਗੁੰਮਰਾਹ ਹੋ ਕੇ ਭਟਕ ਜਾਂਦੇ ਹਨ, ਆਪਣੀ ਜਾਤੀ ਤੇ ਦੇਸ਼ ਦੀ ਉਸਾਰੀ ਵਿਚ ਹਿੱਸਾ ਪਾਉਣ ਦੇ ਉੱਕੇ ਹੀ ਯੋਗ ਨਹੀਂ ਰਹਿ ਜਾਂਦੇ। ਦੇਸ਼ ਦੇ ਆਜ਼ਾਦ ਹੋ ਜਾਣ ਪਿਛੋਂ ਆਜ਼ਾਦ ਵਿਚਾਰਧਾਰਾ ਦੇ ਨਾਮ ਉਤੇ ਜਿਹੜਾ ਸਾਹਿਤ ਅਖੌਤੀ ਅਗਾਂਹ-ਵਧੂ ਲਿਖਾਰੀਆਂ ਨੇ ਰਚਿਆ ਹੈ, ਉਸ

ਨੇ ਸਾਡੀ ਜਵਾਨ ਹੋਈ ਤੇ ਜਵਾਨ ਹੋ ਰਹੀ ਪੀੜ੍ਹੀ ਵਿਚ ਅਸ਼ਲੀਲਤਾ ਲਿਆਂਦੀ ਤੇ ਉਸ ਨੂੰ ਸਦਾਚਾਰ ਦੀ ਪੱਧਰ ਤੋਂ ਢੇਰ ਥੱਲੇ ਸੁੱਟ ਦਿਤਾ ਹੈ। ਕਾਮ-ਵਾਸ਼ਨਾ ਦਾ ਹੜ੍ਹ ਸਾਡੇ ਅੱਗੇ ਪਿੱਛੇ ਉੱਚਾ ਹੋ ਰਿਹਾ ਹੈ। ਉਸ ਲਈ ਨੰਗੀਆਂ ਫ਼ਿਲਮਾਂ ਅਤੇ ਅਸ਼ਲੀਲ ਸਾਹਿਤ ਹੀ ਜ਼ਿੰਮੇਦਾਰ ਹਨ। ਇਸ ਵੇਲੇ ਸਾਨੂੰ ਅਜਿਹੇ ਹੀ ਗਲਪ-ਸਾਹਿਤ ਦੀ ਲੋੜ ਹੈ, ਜਿਹੜਾ ਇਸ ਹੜ੍ਹ ਨੂੰ ਰੋਕ ਕੇ ਨਵੀਂ ਪੀੜ੍ਹੀ ਦੇ ਸਾਹਮਣੇ ਉਹਨਾਂ ਮਹਾਨ ਸੂਰਬੀਰਾਂ ਦੇ ਕਾਰਨਾਮੇ ਰੱਖੇ, ਜਿਹਨਾਂ ਨੇ ਪੁਰਾਣੀਆਂ ਰਵਾਇਤਾਂ ਬਦਲ ਦਿੱਤੀਆਂ ਸਨ।

ਗਿਆਨੀ ਭਜਨ ਸਿੰਘ ਨੇ ਇਹ ਰਚਨਾ ਪੇਸ਼ ਕਰਕੇ ਜਾਤੀ ਅਤੇ ਦੇਸ਼ ਦੀ ਇਕ ਨਿੱਗਰ ਸੇਵਾ ਕਰਨ ਦੇ ਨਾਲ, ਸਾਡੀ ਨਵੀਂ ਨਸਲ ਦੀ ਸੂਝ-ਭਰੀ ਅਗਵਾਈ ਵੀ ਕੀਤੀ ਹੈ। ਉਹਨਾਂ ਦੀ ਕਲਮ ਰਸੀ ਹੋਈ ਹੈ ਤੇ ਉਹ ਜਿਹੜੇ ਭਾਵਾਂ ਨੂੰ ਆਪਣੇ ਏਸ ਨਾਵਲ ਵਿਚ ਪੇਸ਼ ਕਰਨਾ ਚਾਹੁੰਦੇ ਸਨ, ਉਹਨਾਂ ਨੂੰ ਸਫਲਤਾ ਨਾਲ ਪੇਸ਼ ਕਰਨ ਵਿਚ ਸਫਲ ਹੋਏ ਹਨ। ਉਹਨਾਂ ਦੇ ਆਪਣੇ ਅੰਦਰ ਅਰੁਕ ਜਜ਼ਬਾ ਹੈ ਅਤੇ ਪਾਠਕ ਵੇਖਣਗੇ ਕਿ ਇਸ ਰਚਨਾ ਵਿਚ ਉਹਨਾਂ ਦਾ ਇਹ ਜਜ਼ਬਾ ਆਪ-ਮੁਹਾਰਾ ਫੁਟ ਫੁਟ ਪੈਂਦਾ ਹੈ। ਮੈਨੂੰ ਖ਼ੁਸ਼ੀ ਹੈ ਕਿ ਜਿੱਥੇ ਸਵਰਗੀ ਭਾਈ ਵੀਰ ਸਿੰਘ ਜੀ ਨੇ ਆਪਣੇ ਕੰਮ ਨੂੰ ਖ਼ਤਮ ਕੀਤਾ ਸੀ, ਗਿਆਨੀ ਭਜਨ ਸਿੰਘ ਨੇ ਉਥੋਂ ਹੀ ਅਗਲੇਰਾ ਕਦਮ ਚੁਕਿਆ ਹੈ ਅਤੇ ਇਸ ਰਚਨਾ ਦਾ ਉਸੇ ਤਰ੍ਹਾਂ ਹੀ ਸਵਾਗਤ ਕੀਤਾ ਜਾਵੇਗਾ, ਜਿਵੇਂ ਭਾਈ ਸਾਹਿਬ ਦੀਆਂ ਗਲਪ-ਰਚਨਾਵਾਂ ਦਾ ਕੀਤਾ ਗਿਆ ਹੈ।

ਜਲੰਧਰ
੧੭-੧੧-੧੯੫੯

ਅਵਤਾਰ ਸਿੰਘ 'ਆਜ਼ਾਦ'
ਐਡੀਟਰ 'ਪ੍ਰਭਾਤ'

ਦੂਜੀ ਐਡੀਸ਼ਨ

ਮੈਨੂੰ ਬੇਹੱਦ ਖ਼ੁਸ਼ੀ ਹੈ ਕਿ ਮੇਰੇ ਨਾਵਲ *ਗਗਨ ਦਮਾਮਾ ਬਾਜਿਓ* ਨੂੰ ਪੰਜਾਬੀ ਪਾਠਕਾਂ ਨੇ ਪਸੰਦ ਕੀਤਾ ਹੈ ਤੇ ਇਸੇ ਕਰਕੇ ਹੁਣ ਇਸ ਦੀ ਦੂਜੀ ਐਡੀਸ਼ਨ ਪ੍ਰਕਾਸ਼ਤ ਹੋ ਰਹੀ ਹੈ। ਜਿਵੇਂ ਮੇਰੇ ਦੂਜੇ ਨਾਵਲਾਂ ਦੀ ਪ੍ਰਕਾਸ਼ਨਾਂ ਦਾ ਕੰਮ ਇੱਕੋ ਥਾਂ, ਇੱਕੋ ਪ੍ਰਕਾਸ਼ਕ ਕੋਲ ਇਕੱਠਾ ਹੋ ਰਿਹਾ ਹੈ, ਇਸੇ ਤਰ੍ਹਾਂ ਇਹ ਨਾਵਲ ਵੀ ਹੁਣ ਉਹਨਾਂ ਪਾਸ ਪਹੁੰਚ ਗਿਆ ਹੈ।

ਕਿਸੇ ਲੇਖਕ ਦੀ ਪੁਸਤਕ ਤਿਆਰ ਹੋ ਕੇ ਛਪ ਜਾਣੀ ਤੇ ਉਹਦੇ ਘਰ ਪੁੱਤਰ ਜੰਮ ਪੈਣਾ, ਉਹਦੇ ਲਈ ਇਕੋ ਜਿਹੀ ਗੱਲ ਹੁੰਦੀ ਹੈ। ਪੁਸਤਕ ਵੀ ਲੇਖਕ ਦਾ ਪੁੱਤਰ ਹੁੰਦੀ ਹੈ। ਫਿਰ ਕਿਸੇ ਪੁਸਤਕ ਦੀ ਦੂਜੀ ਐਡੀਸਨ ਛਪਣੀ ਤਾਂ ਪੁੱਤਰ ਦੇ ਪੁਨਰ-ਜਨਮ ਵਾਲੀ ਗੱਲ ਹੁੰਦੀ ਹੈ। ਜਿਵੇਂ ਕੋਈ ਬੱਚਾ ਕਿਸੇ ਸੰਕਟ ਵਿਚੋਂ ਨਿਕਲ ਆਏ ਤਾਂ ਕਹਿੰਦੇ ਹਾਂ ਕਿ ਉਹਦਾ ਪੁਨਰ-ਜਨਮ ਹੋ ਗਿਆ, ਇਸੇ ਤਰ੍ਹਾਂ ਪੰਜਾਬੀ ਵਿਚ ਕਿਸੇ ਪੁਸਤਕ ਦੀ ਦੂਜੀ ਐਡੀਸ਼ਨ ਛਪ ਜਾਣ ਦੀ ਵਿਸ਼ੇਸ਼ਤਾ ਹੈ। *ਗਗਨ ਦਮਾਮਾ ਬਾਜਿਓ* ਦੇ ਇਸ ਐਡੀਸ਼ਨ ਸਮੇਂ ਮੇਰੇ ਜਜ਼ਬਾਤ ਵੀ ਕੁਝ ਇਸੇ ਤਰ੍ਹਾਂ ਹਨ।

ਮੈਂ ਪਿਛਲੇ ਪੰਜ ਸੌ ਸਾਲ ਦੇ ਪੰਜਾਬ ਦਾ ਲਿਖਤੀ ਇਤਿਹਾਸ ਹੀ ਚੰਗੀ ਤਰ੍ਹਾਂ ਨਹੀਂ ਵਾਚਿਆ, ਪੰਜਾਬੀਆਂ ਦੇ ਜੀਵਨ ਤੇ ਉਹਨਾਂ 'ਤੇ ਪਏ ਪ੍ਰਭਾਵ ਵੀ ਚੰਗੀ ਤਰ੍ਹਾਂ ਸਮਝਣ ਦਾ ਯਤਨ ਕੀਤਾ ਹੈ। ਇਸੇ ਲਈ ਮੇਰੇ ਬਹੁਤੇ ਨਾਵਲਾਂ ਦਾ ਪਿੱਛਾ ਪੰਜਾਬ ਦਾ ਪਿਛਲਾ ਇਤਿਹਾਸ ਹੈ। ਇਸ ਰੰਗ ਭੂਮੀ 'ਤੇ ਮੈਂ ਕਹਾਣੀ ਨੂੰ ਇਸ ਲਈ ਗੁੰਦਦਾ ਹਾਂ ਕਿਉਂਕਿ ਮੈਨੂੰ ਪੰਜਾਬੀ ਜੀਵਨ ਦੀਆਂ ਵਿਸ਼ੇਸ਼ਤਾਈਆਂ ਜਾਣ ਕੇ ਖ਼ੁਸ਼ੀ ਹੁੰਦੀ ਹੈ। ਇਹਨਾਂ ਦਾ ਖੁਲ੍ਹਾ ਡੁਲ੍ਹਾ ਸੁਭਾਅ ਤੇ ਕੁਰਬਾਨੀ ਦੀ ਭਾਵਨਾ ਕਿਸੇ ਵੀ ਲੇਖਕ ਮਨ ਨੂੰ ਪ੍ਰੇਰਨ ਤੋਂ ਬਿਨਾਂ ਨਹੀਂ ਰਹਿੰਦੀ।

ਯਤਨ ਕੀਤਾ ਹੈ ਕਿ ਪੰਜਾਬੀ ਪੁਸਤਕ ਛਪਾਈ ਵੱਲੋਂ ਕਿਸੇ ਊਣਤਾਈ ਵਾਲੀ ਨਾ ਰਹੇ। ਸੁੰਦਰ ਛਪਾਈ, ਚੰਗਾ ਕਾਗ਼ਜ਼, ਪਰੂਫ਼ਾਂ ਦੀ ਠੀਕ ਸੁਧਾਈ ਆਦਿ ਦਾ ਪੂਰਾ ਪੂਰਾ ਖ਼ਿਆਲ ਰੱਖਿਆ ਹੈ। ਮੈਨੂੰ ਨਿਸਚਾ ਹੈ ਕਿ ਇਹ ਐਡੀਸ਼ਨ ਵੀ ਛੇਤੀ ਪਾਠਕ ਲੈ ਜਾਣਗੇ ਤੇ ਸਾਨੂੰ ਹੋਰ ਛਾਪਣ ਦੀ ਪ੍ਰੇਰਨਾ ਮਿਲੇਗੀ।

ਭਜਨ ਸਿੰਘ
ਚੀਫ਼ ਐਡੀਟਰ
ਰੋਜ਼ਾਨਾ 'ਕੌਮੀ ਦਰਦ' ਜਲੰਧਰ
ਰੋਜ਼ਾਨਾ 'ਅੰਮ੍ਰਿਤ ਪੱਤਰਕਾ' ਦਿੱਲੀ

ਮਿਤੀ ੧੩-੪-੭੨

੧

ਸੂਰਜ ਡੁਬ ਗਿਆ ਤੇ ਰਾਤ ਰਾਣੀ ਨੇ ਆਪਣੀਆਂ ਮੀਢੀਆਂ ਖਿਲਾਰ ਕੇ ਚਾਰ ਚੁਫੇਰੇ ਹਨੇਰਾ ਕਰ ਦਿੱਤਾ। ਪਿੰਡ ਦੇ ਆਮ ਲੋਕੀਂ ਰੋਟੀ ਟੁਕ ਖਾ ਕੇ ਵਿਹਲੇ ਹੋ ਗਏ। ਸ਼ਾਮ ਨੂੰ ਚੰਗਾ ਮੀਂਹ ਪੈ ਗਿਆ, ਜਿਸ ਕਰਕੇ ਠੰਡ ਕੁਝ ਵਧੇਰੇ ਹੋ ਗਈ। ਬੁੱਢੇ ਸਾਰੇ ਰਜਾਈਆਂ ਵਿਚ ਜਾ ਵੜੇ। ਪਿੰਡ ਦੇ ਗੱਭਰੂ ਭੱਠੀ 'ਤੇ ਜਾ ਬੈਠੇ ਤੇ ਗੱਪਾਂ ਵਜਣੀਆਂ ਸ਼ੁਰੂ ਹੋ ਗਈਆਂ।

ਪਿੰਡ ਦੀਆਂ ਕੁੜੀਆਂ, ਅਧਖੜ ਤੇ ਮੁਟਿਆਰਾਂ ਸੰਤੀ ਹੋਰਾਂ ਦੇ ਵੱਡੇ ਪਸਾਰ ਵਿਚ ਜੁੜਨ ਲਗ ਪਈਆਂ। ਝਟ ਪਲ ਵਿਚ ਹੀ ਚੰਗਾ ਇਕੱਠ ਹੋ ਗਿਆ। ਆਲੇ-ਦੁਆਲੇ ਦੀ ਜੇ ਕੋਈ ਜ਼ਨਾਨੀ ਨਾ ਆਈ ਤਾਂ ਉਹਨੂੰ ਕੁੜੀਆਂ ਭੇਜ ਕੇ ਬੁਲਾ ਲਿਆ ਗਿਆ। ਪਿੰਡ ਵਿਚ ਕਿਸੇ ਦੇ ਘਰ ਵਿਆਹ ਹੋਵੇ, ਸਾਰੇ ਪਿੰਡ ਨੂੰ ਚਾਅ ਹੁੰਦਾ ਏ। ਖ਼ਾਸ ਕਰਕੇ ਕੁੜੀਆਂ ਲਈ ਤਾਂ ਇਹੀ ਮੌਕਾ ਹੁੰਦਾ ਏ, ਜਦੋਂ ਉਹ ਮਿਲ ਬਹਿੰਦੀਆਂ ਤੇ ਗੀਤ ਗਾਉਂਦੀਆਂ ਨੇ। ਜਿਨ੍ਹਾਂ ਦੇ ਪਤੀ ਪ੍ਰਦੇਸ ਗਏ ਹੁੰਦੇ ਨੇ ਜਾਂ ਘਰ ਸੱਸ ਸਹੁਰੇ ਤੋਂ ਤੰਗ ਹੁੰਦੀਆਂ ਨੇ, ਉਹ ਵੀ ਅਜਿਹੇ ਸਮੇਂ ਗੀਤ ਗਾ ਕੇ ਦਿਲ ਦਾ ਗੁਬਾਰ ਕੱਢ ਲੈਂਦੀਆਂ ਨੇ।

ਸੰਤੀ ਤੇ ਉਹਦੇ ਭਰਾ ਕਰਤਾਰ ਸਿੰਘ ਦੋਹਾਂ ਦਾ ਵਿਆਹ ਸੀ। ਪਹਿਲਾਂ ਸੰਤੀ ਦੀ ਜੰਞ ਆਉਣੀ ਸੀ ਤੇ ਅਗਲੇ ਦਿਨ ਕਰਤਾਰ ਸਿੰਘ ਦੀ ਜੰਞ ਚੜ੍ਹਨੀ ਸੀ। ਇਕ ਘਰ ਵਿਚ ਦੋ ਵਿਆਹ ਹੋਣ ਕਾਰਨ ਰਿਸ਼ਤੇਦਾਰ ਵੀ ਦੂਰੋਂ ਦੂਰੋਂ ਆਏ ਹੋਏ ਸਨ। ਕਰਤਾਰ ਸਿੰਘ ਦੇ ਦਾਦਕਾ, ਨਾਨਕਾ ਟੱਬਰ ਚੰਗੇ ਤਕੜੇ ਸਨ ਤੇ ਇਸ ਲਈ ਇਹਦੇ ਪਿਤਾ ਨੇ ਇੱਕੋ ਵੇਲੇ ਦੋਵੇਂ ਵਿਆਹ ਸੁਧਾ ਦਿਤੇ, ਤਾਕਿ ਰਿਸ਼ਤੇਦਾਰਾਂ ਨੂੰ ਘੜੀਮੁੜੀ ਹਾਂਡ ਨਾ ਹੋਵੇ। ਉਝ ਵੀ ਤਾਰਾ ਚੰਦ ਚਾਹੁੰਦਾ ਸੀ ਕਿ ਕਰਤਾਰ ਸਿੰਘ ਦਾ ਵਿਆਹ ਛੇਤੀ ਹੋ ਜਾਏ ਤੇ ਉਹ ਘਰ ਰਹਿਣ ਲਗ ਪਵੇ। ਹੁਣ ਤਾਂ ਉਹ ਕਦੇ ਸਾਲ ਛਿਮਾਹੀ ਹੀ ਘਰ ਆਉਂਦਾ ਏ ਤੇ ਕਿੰਨਾ ਕਿੰਨਾ ਚਿਰ ਉਹਦਾ ਪਤਾ ਨਹੀਂ ਲਗਦਾ ਕਿ ਉਹ ਕਿਥੇ ਏ। ਰੋ ਰੋ ਕੇ ਉਹਦੀ ਮਾਂ ਦੀ ਨਜ਼ਰ ਵੀ ਘਟ ਗਈ ਸੀ ਤੇ ਉਹ ਹੁਣ ਮਸਾਂ ਬੰਦਾ ਪਛਾਣਦੀ ਸੀ, ਪਰ ਕਰਤਾਰ ਸਿੰਘ ਇਸ ਗੱਲ ਲਈ ਅੜਿਆ ਹੋਇਆ ਸੀ ਕਿ ਜਦ ਤਕ ਸੰਤੀ

ਦਾ ਵਿਆਹ ਨਾ ਕਰ ਲਈਏ, ਮੈਂ ਵਿਆਹ ਨਹੀਂ ਕਰਨਾ। ਜਵਾਨ ਭੈਣ ਬੂਹੇ 'ਤੇ ਬੈਠੀ ਰਹੇ ਤੇ ਭਰਾ ਪਹਿਲਾਂ ਵਿਆਹ ਕਰਾ ਲਏ, ਇਹ ਉਹਨੂੰ ਉੱਕਾ ਪਸੰਦ ਨਹੀਂ ਸੀ। ਕਰਤਾਰ ਸਿੰਘ ਦੀ ਇਸ ਅੜੀ ਕਰਕੇ ਹੀ ਤਾਰਾ ਚੰਦ ਨੇ ਦੋਹਾਂ ਦਾ ਇਕੱਠਾ ਹੀ ਵਿਆਹ ਰਚਾ ਦਿੱਤਾ।

ਰਾਤ ਨੂੰ ਜਦ ਚੰਗਾ ਇਕੱਠ ਹੋ ਗਿਆ ਤਾਂ ਜ਼ਨਾਨੀਆਂ ਨੇ ਪਹਿਲਾਂ ਸੁਹਾਗ ਗਾਉਣ ਦਾ ਪ੍ਰੋਗਰਾਮ ਬਣਾਇਆ। ਰਾਜੋ ਬ੍ਰਾਹਮਣੀ ਨੂੰ ਬੜੇ ਸੁਹਾਗ ਆਉਂਦੇ ਸਨ, ਇਸ ਲਈ ਸਾਰਿਆਂ ਨੇ ਉਹਨੂੰ ਹੀ ਮਜਬੂਰ ਕੀਤਾ ਤੇ ਉਸ ਅਗੇ ਲਗ ਕੇ ਗੀਤ ਸ਼ੁਰੂ ਕੀਤਾ ਤੇ ਸਾਰੀਆਂ ਨੇ ਰਲ ਕੇ ਗਾਇਆ:

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸੀਂ ਉਡ ਜਾਣਾ।
ਸਾਡੀ ਲੰਬੀ ਉਡਾਰੀ ਵੇ,
ਬਾਬਲ ਅਸਾਂ ਪਰਦੇਸ ਜਾਣਾ।
ਤੇਰਿਆਂ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਸਾਨੂੰ ਪਿਆਸ ਲਗੀ।
ਰਾਹੇ ਖੂਹ ਖਟਾ ਦੇਸਾਂ ਨੀ,
ਧੀਏ ਘਰ ਜਾ ਆਪਣੇ।

ਇਸ ਤਰ੍ਹਾਂ ਹੋਰ ਇਕ ਦੋ ਗੀਤ ਅਧਖੜ ਜਿਹੀਆਂ ਜ਼ਨਾਨੀਆਂ ਨੇ ਗਾਏ। ਜਵਾਨ ਕੁੜੀਆਂ ਨੂੰ ਇਹ ਲਮਕਾ ਲਮਕਾ ਕੇ ਪੜ੍ਹਨ ਵਾਲੇ ਗੀਤਾਂ ਦਾ ਬਹੁਤਾ ਸਵਾਦ ਨਾ ਆਇਆ।

ਸੰਤੀ, ਅਮਰੋ ਤੇ ਲੀਲੋ ਘੜਾ ਲੈ ਆਈਆਂ ਤੇ ਘੜੇ ਦੁਆਲੇ ਸਾਰੀਆਂ ਇਕੱਠੀਆਂ ਹੋ ਗਈਆਂ। ਇਕ ਨੇ ਘੜਾ ਵਜਾਣਾ ਸ਼ੁਰੂ ਕਰ ਦਿੱਤਾ ਤੇ ਦੂਜੀ ਇਕ ਰੋੜਾ ਲੈ ਕੇ ਖੜਕਾਣ ਲੱਗ ਪਈ। ਕੁਝ ਮਿੰਟ ਤਾਂ ਖੂਬ ਤਾਲ ਸੁਰ ਕੀਤਾ ਤੇ ਜਦ ਠੀਕ ਹੋ ਗਿਆ ਤਾਂ ਗਾਉਣਾ ਸ਼ੁਰੂ ਕਰ ਦਿੱਤਾ:

ਸ਼ਾਬਾ ਵਟਣਾ ਮੈਂ ਨਾ ਮਲਿਆ,
ਬਾਬਲ ਮੇਰੇ ਨੇ ਵਰ ਕੀ ਦਿਤਾ
ਮਧਰਾ ਮੂਲ ਨਾ ਭਾਵੇ।
ਕੋਠੇ 'ਤੇ ਚੜ੍ਹ ਵੇਖਣ ਲੱਗੀ,
ਖੇਨੂੰ ਰਿੜਦਾ ਆਵੇ।
ਸ਼ਾਬਾ ਵਟਣਾ...........

ਸਾਰੀਆਂ ਜ਼ਨਾਨੀਆਂ ਨੇ ਰਲ ਕੇ ਆਖ਼ਰੀ ਤੁਕ ਜ਼ੋਰ ਨਾਲ ਪੜ੍ਹੀ—'ਸ਼ਾਬਾ ਵਟਣਾ ਮੈਂ ਨਾ ਮਲਿਆ।' ਫਿਰ ਦੂਜਾ ਗੀਤ ਸ਼ੁਰੂ ਹੋ ਗਿਆ :

ਬਾਬਲ ਮੇਰੇ ਨੇ ਵਰ ਕੀ ਲੱਭਾ,
ਲੰਮਾ ਲੰਮ ਸਲੰਮਾ।
ਇਕ ਮੰਜੀ 'ਤੇ ਸਿਰ ਧਰੇਂਦਾ,
ਦੂਜੀ ਮੰਜੀ 'ਤੇ ਟੰਗਾਂ।
ਸ਼ਾਬਾ ਵਟਣਾ ਮੈਂ ਨਾ ਮਲਿਆ।

ਇਸ ਪਿਛੋਂ ਟੱਪੇ ਸ਼ੁਰੂ ਹੋ ਗਏ। ਫਿਰ ਕੁੜੀਆਂ ਇਕ ਸਾਂਗ ਲਾਇਆ ਜਿਸ ਵਿਚ ਇਕ ਬੁੱਢੇ ਲੰਗਾਂਦੇ ਤੇ ਥਥਲਾਂਦੇ ਸਹੁਰੇ ਦੀ ਝਾਕੀ ਦਿਖਾਈ! ਰਾਤ ਅੱਧੀ ਬੀਤਣ ਤਕ ਇਸ ਤਰ੍ਹਾਂ ਰੌਣਕ ਲਗੀ ਰਹੀ। ਘਰ ਵਿਚ ਸਾਰੇ ਪਾਸੇ ਖ਼ੁਸ਼ੀ ਸੀ, ਪਰ ਤਾਰਾ ਚੰਦ ਤੇ ਉਹਦੀ ਪਤਨੀ ਕੇਸਰੋ ਨੂੰ ਇਕੋ ਫ਼ਿਕਰ ਸੀ ਕਿ ਕਰਤਾਰ ਸਿੰਘ ਘਰ ਮੁੜ ਆਏ। ਕਹਿ ਗਿਆ ਸੀ ਕਿ ਉਹ ਜ਼ਰੂਰ ਆਏਗਾ, ਪਰ ਆਇਆ ਨਹੀਂ। ਜੇ ਉਹ ਕਲ੍ਹ ਤਕ ਨਾ ਆਇਆ ਤਾਂ ਸੰਤੀ ਨੂੰ ਡੋਲੀ ਵਿਚ ਕੌਣ ਪਾਏਗਾ ?

ਕੇਸਰੋ ਭਾਵੇਂ ਜ਼ਨਾਨੀਆਂ ਵਿਚ ਬੈਠੀ ਰਹੀ ਤੇ ਦੂਜਿਆਂ ਦਾ ਦਿਲ ਰੱਖਣ ਲਈ ਕਿਸੇ ਵੇਲੇ ਓਪਰਾ ਜਿਹਾ ਹਾਸਾ ਵੀ ਹੱਸ ਛੱਡਦੀ, ਪਰ ਅੰਦਰੋਂ ਉਹਦਾ ਮਨ ਟਿਕਦਾ ਨਹੀਂ ਸੀ।

ਦੂਜੇ ਦਿਨ ਦੁਪਹਿਰ ਨੂੰ ਜੰਞ ਆ ਗਈ। ਪਿੰਡ ਤੋਂ ਬਾਹਰ ਇਕ ਖੂਹ 'ਤੇ ਪਹੁੰਚ ਕੇ ਜੰਞ ਨੇ ਗੋਲੇ ਛੱਡੇ ਤੇ ਆਪਣੇ ਆਉਣ ਦੀ ਇਤਲਾਹ ਦਿੱਤੀ। ਖੂਹ 'ਤੇ ਹੀ ਮੂੰਹ ਹੱਥ ਧੋ ਕੇ ਜਾਂਞੀਆਂ ਨੇ ਕਪੜੇ ਵਟਾਏ ਤੇ ਵਾਜਿਆਂ ਨਾਲ ਜੰਞ ਪਿੰਡ ਵਿਚ ਦਾਖ਼ਲ ਹੋਈ।

ਸ਼ਾਮ ਨੂੰ ਜੰਞ ਨਾਲ ਆਏ ਜਵਾਨਾਂ ਨੇ ਆਪਣੇ ਕਰਤਵ ਦੱਸੇ। ਭਾਰ ਚੁਕਣ, ਮੁੰਗਲੀ ਫੇਰਨ, ਗਤਕਾ ਖੇਡਣ ਤੇ ਉੱਚੀ ਛਾਲ ਮਾਰਨ ਦੇ ਮੁਕਾਬਲੇ ਹੋਏ। ਪੋਤਿਆਂ ਪੜੋਤਿਆਂ ਦੋਹਾਂ ਪਾਸਿਆਂ ਦੇ ਜਵਾਨਾਂ ਨੇ ਹਿੱਸਾ ਲਿਆ।

ਸ਼ਾਮ ਵੇਲੇ ਮਿਲਣੀ ਹੋਈ। ਜਦ ਕੁੜੀ ਮੁੰਡੇ ਦੇ ਪਿਤਾ ਆਪਸ ਵਿਚ ਮਿਲ ਚੁਕੇ ਤਾਂ ਭਰਾਵਾਂ ਦੀ ਮਿਲਣੀ ਲਈ ਸੱਦਾ ਦਿੱਤਾ ਗਿਆ। ਸੰਤੀ ਦਾ ਭਰਾ ਕਰਤਾਰ ਇਥੇ ਨਹੀਂ ਸੀ, ਇਸ ਲਈ ਮਿਲਣੀ ਨਾ ਹੋ ਸਕੀ। ਕੇਸਰੋ ਨੂੰ ਇਸ ਗੱਲ ਦਾ ਬੜਾ ਦੁਖ ਲੱਗਾ। ਉਹਨੂੰ ਹੋਰ ਸ਼ੱਕ ਪੈ ਗਿਆ ਕਿ ਹੁਣ ਕਰਤਾਰ ਦੇ ਆਉਣ ਦੀ ਕੋਈ ਆਸ ਨਹੀਂ। ਜੋ ਹੁਣ ਤਕ ਨਹੀਂ ਆਇਆ, ਉਸ ਭੈਣ ਨੂੰ ਡੋਲੀ ਵਿਚ ਕੀ ਪਾਣਾ ਏ ਤੇ ਆਪ ਵੀ ਅਗਲੇ ਦਿਨ ਘੋੜੀ ਕੀ ਚੜ੍ਹਨਾ ਏ।

ਜੰਞ ਰੋਟੀ ਖਾਣ ਲਈ ਬਹਿ ਗਈ ਤੇ ਕੁੜੀਆਂ ਆਲੇ-ਦੁਆਲੇ ਦੇ ਕੋਠਿਆਂ 'ਤੇ ਇਕੱਠੀਆਂ ਹੋ ਗਈਆਂ। ਉਥੋਂ ਹੀ ਸਿਠਣੀਆਂ ਦੀ ਬੁਛਾੜ ਸ਼ੁਰੂ ਹੋ ਗਈ। ਇਕ ਨੁਕਰੋਂ ਆਵਾਜ਼ ਆਈ :

ਸਾਡੇ ਤੇ ਵੇਹੜੇ ਮੁਢ ਮਕੱਈ ਦਾ,
ਦਾਣੇ ਤਾਂ ਮੰਗਦਾ ਉਧਲ ਗਈ ਦਾ,
ਭੱਠੀ ਤੇ ਤਪਦੀ ਨਹੀਂ।
ਨਿਲੱਜਿਓ ਲੱਜ ਤੁਹਾਨੂੰ ਨਹੀਂ!

ਦੂਜੇ ਪਾਸੇ ਦੀਆਂ ਕੁੜੀਆਂ ਨੇ ਬੋਲ ਕਢਿਆ :

ਕੁੜੀ ਤਾਂ ਸਾਡੀ ਤਿਲੇ ਦੀ ਤਾਰ ਏ,
ਮੁੰਡਾ ਤਾਂ ਦਿਸਦਾ ਕੋਈ ਘੁਮਿਆਰ ਏ,
ਜੋੜੀ ਤਾਂ ਫਬਦੀ ਨਹੀਂ,
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਜਾਞੀ ਇਹਨਾਂ ਸਿਠਣੀਆਂ 'ਤੇ ਹੱਸਦੇ ਰਹੇ। ਕਿਸੇ ਇਹਨਾਂ ਗੱਲਾਂ ਦਾ ਬੁਰਾ ਨਾ ਮਨਾਇਆ। ਸਗੋਂ ਕਈ ਤਾਂ ਕੁੜੀਆਂ ਨੂੰ ਪ੍ਰੇਰਦੇ ਰਹੇ ਕਿ ਹੋਰ ਕਹੋ। ਦੂਜੇ ਦਿਨ ਸਵੇਰੇ ਹੀ ਵਿਆਹ ਹੋ ਗਿਆ ਪਰ ਕਰਤਾਰ ਫਿਰ ਵੀ ਨਾ ਪੁਜਾ। ਹੁਣ ਸਾਰਿਆਂ ਨੇ ਆਸ ਲਾਹ ਦਿੱਤੀ ਕਿ ਕਰਤਾਰ ਨਹੀਂ ਆਏਗਾ। ਕੇਸਰੋ ਨੇ ਆਪਣੇ ਦੇਵਰ ਦੇ ਪੁੱਤਰ ਨੂੰ ਕਿਹਾ ਕਿ ਡੋਲੀ ਟੁਰਨ ਸਮੇਂ ਉਹ ਹੀ ਭੈਣ ਨੂੰ ਚੁਕ ਕੇ ਡੋਲੀ ਵਿਚ ਪਾ ਦੇਵੇ।

ਦੁਪਹਿਰ ਦੀ ਰੋਟੀ ਖਾ ਕੇ ਜੰਞ ਵਾਪਸ ਮੁੜਨ ਲਈ ਤਿਆਰ ਹੋ ਗਈ। ਭਾਵੇਂ ਉਹਨਾਂ ਦਿਨਾਂ ਵਿਚ ਜੰਞ ਕਈ ਕਈ ਦਿਨ ਰੱਖੀ ਜਾਂਦੀ ਸੀ ਪਰ ਉਹਨਾਂ ਉਚੇਚੇ ਤੌਰ 'ਤੇ ਸੰਖੇਪ ਪ੍ਰੋਗਰਾਮ ਰੱਖਿਆ ਤਾਕਿ ਕਰਤਾਰ ਸਿੰਘ ਲਈ ਸਹੂਲਤ ਰਹੇ। ਉਸ ਆਪ ਕਹਿ ਕੇ ਇਸ ਤਰ੍ਹਾਂ ਕਰਵਾਇਆ ਸੀ।

ਡੋਲੀ ਟੁਰਨ ਸਮੇਂ ਸਾਰਿਆਂ ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਨੇ ਸੰਤੀ ਨੂੰ ਸ਼ਗਨ ਦਿੱਤੇ। ਇਕ ਮੂਹੜੇ 'ਤੇ ਬਿਠਾ ਕੇ ਸੰਤੀ ਤੋਂ ਵੜੇਵੇਂ ਤੇ ਜੌਂ ਪਿਛੇ ਸੁਟਾਏ ਗਏ ਜੋ ਉਹਦੇ ਚਾਚੇ ਤਾਏ ਦੇ ਪੁੱਤਰਾਂ ਨੇ ਝੋਲੀਆਂ ਕਰਕੇ ਪ੍ਰਾਪਤ ਕੀਤੇ।

'ਕਰਤਾਰ ਆ ਗਿਆ, ਕਰਤਾਰ ਆ ਗਿਆ' ਦਾ ਬਾਹਰ ਗਲੀ ਵਿਚ ਰੌਲਾ ਸੁਣ ਕੇ ਕੇਸਰੋ ਭੱਜੀ ਬਾਹਰ ਗਈ। ਕਰਤਾਰ ਸਰਦੀ ਦੀ ਰੁਤ ਵਿਚ ਪਸੀਨੋ ਪਸੀਨਾ ਹੋਇਆ ਘੋੜੇ ਤੋਂ ਉਤਰਿਆ। ਦਰਵਾਜ਼ੇ ਅਗੇ ਵਾਜਿਆਂ ਵਾਲੇ ਖਲੋਤੇ ਵੇਖ ਕੇ ਉਹਨੂੰ ਕੁਝ ਤਸੱਲੀ ਹੋਈ ਪਰ ਫਿਰ ਵੀ ਉਸ ਵਿਸ਼ਵਾਸ ਲਈ ਮਾਂ ਤੋਂ ਪੁੱਛਿਆ, "ਅਜੇ ਡੋਲੀ ਨਹੀਂ ਗਈ?"

"ਨਹੀਂ ਗਈ, ਪਰ ਤੈਨੂੰ ਕੁਝ ਸ਼ਰਮ ਆਉਣੀ ਚਾਹੀਦੀ ਏ। ਭੈਣ ਦੀ ਘਰ ਜੰਞ ਆਈ ਹੋਈ ਏ ਤੂੰ ਬਾਹਰ ਝੱਖਾਂ ਮਾਰਦਾ ਫਿਰਦਾ ਏਂ।" ਕੇਸਰੋ ਨੇ ਕੁਝ ਗੁੱਸੇ ਵਿਚ ਕਿਹਾ।

"ਤੈਨੂੰ ਨਹੀਂ ਪਤਾ ਮਾਂ," ਕਰਤਾਰ ਸਿੰਘ ਨੇ ਕਿਹਾ, "ਮੈਂ ਕਿੱਡੀ ਔਕੜ ਵਿਚੋਂ ਨਿਕਲ ਕੇ ਆਇਆ ਹਾਂ।"

"ਕਿਉਂ ਕੀ ਹੋ ਗਿਆ ਸੀ?" ਮਾਂ ਨੇ ਉਤਾਵਲੇ ਹੋ ਕੇ ਪੁੱਛਿਆ।

"ਕੋਈ ਨਵੀਂ ਗੱਲ ਤਾਂ ਨਹੀਂ," ਕਰਤਾਰ ਸਿੰਘ ਨੇ ਕਿਹਾ, "ਮੈਂ ਆਉਂਦਾ ਪਿਆ ਸਾਂ ਕਿ ਰਾਹ ਵਿਚ ਫ਼ੌਜ ਟੱਕਰ ਪਈ। ਉਹਨਾਂ ਮੈਨੂੰ ਇਕੱਲਾ ਜਾਣ ਕੇ ਫੜਨ ਦਾ ਯਤਨ ਕੀਤਾ ਪਰ ਸ਼ਾਬਾਸ਼ ਮੇਰੇ ਇਸ ਘੋੜੇ ਨੂੰ, ਜਿਸ ਇਤਨੀ ਹੁਸ਼ਿਆਰੀ ਦਿਖਾਈ ਕਿ ਮੈਂ ਉਹਨਾਂ ਦੇ ਕਬਜ਼ੇ ਵਿਚ ਨਹੀਂ ਆਇਆ। ਇਸੇ ਲਈ ਦੇਰ ਹੋ ਗਈ ਏ।"

ਸੰਤੀ ਦੇ ਸਹੁਰਿਆਂ ਨੂੰ ਇਹ ਨਹੀਂ ਸੀ ਪਤਾ ਕਿ ਤਾਰਾ ਚੰਦ ਦਾ ਪੁੱਤਰ ਸਿਖ ਹੋ ਗਿਆ ਹੈ। ਉਹਨਾਂ ਦੇ ਮਨ ਵਿਚ ਸਮੇਂ ਦੇ ਹਾਕਮਾਂ ਦਾ ਇਤਨਾ ਡਰ ਤੇ ਭੈਅ ਸੀ ਕਿ ਉਹਨਾਂ ਨੂੰ ਇਸ ਘਰ ਦਾ ਰਿਸ਼ਤਾ ਲੈਣ ਵਿਚ ਵੀ ਡਰ ਮਹਿਸੂਸ ਹੋਣ ਲਗ ਪਿਆ। ਕਰਤਾਰ ਸਿੰਘ ਸਿੱਧਾ ਅੰਦਰ ਲੰਘ ਗਿਆ ਤੇ ਭੈਣ ਸੰਤੀ ਨੂੰ ਜੱਫਾ ਪਾ ਲਿਆ। ਦੋਵੇਂ ਭੈਣ ਭਰਾ ਭੁੱਬਾਂ ਮਾਰ ਕੇ ਰੋ ਪਏ।

ਸੰਤੀ ਦਾ ਡੋਲਾ ਤਿਆਰ ਹੋ ਗਿਆ। ਸਮੇਂ ਦੇ ਰਿਵਾਜ ਅਨੁਸਾਰ ਕਰਤਾਰ ਸਿੰਘ ਨੇ ਭੈਣ ਨੂੰ ਚੁਕਿਆ ਅਤੇ ਰੋਂਦੀ ਕੁਰਲਾਂਦੀ ਨੂੰ ਡੋਲੀ ਵਿਚ ਬਿਠਾਇਆ। ਸਾਰਾ ਪਰਵਾਰ ਉਸਨੂੰ ਫਿਰ ਮਿਲਿਆ ਤੇ ਡੋਲੀ ਦੇ ਪਰਦੇ ਸੁਟ ਦਿੱਤੇ ਗਏ। ਮੁੰਡੇ ਦੇ ਪਿਉ ਨੇ ਗੁੱਥੀ ਦਾ ਮੂੰਹ ਖੋਲ੍ਹਿਆ ਅਤੇ ਉਸ ਵਿਚੋਂ ਪੈਸਿਆਂ ਦੀਆਂ ਬੁੱਕਾਂ ਭਰ ਕੇ ਸੁਟੀਆਂ। ਵਾਜਿਆਂ ਵਾਲੇ ਟੁਰ ਪਏ ਤੇ ਸੰਤੀ ਦੀ ਡੋਲੀ ਕਹਾਰਾਂ ਚੁਕ ਲਈ। ਸੰਤੀ ਦਾ ਵਿਆਹ ਦੂਰ ਨਹੀਂ ਸੀ ਕੀਤਾ ਗਿਆ, ਸਗੋਂ ਚਾਰ ਕੁ ਮੀਲ ਦੀ ਵਿੱਥ 'ਤੇ ਉਹਦੇ ਸਹੁਰੇ ਸਨ। ਜਾਣ ਲੱਗਿਆਂ ਤਾਰਾ ਚੰਦ ਨੇ ਕੁੜਮ ਨੂੰ ਪੱਕੀ ਕਰ ਦਿੱਤੀ ਕਿ ਉਹ ਕਲ੍ਹ ਹੀ ਹਰ ਹਾਲਤ ਵਿਚ ਸੰਤੀ ਨੂੰ ਵਾਪਸ ਭੇਜ ਦੇਣ ਅਤੇ ਨਾਲ ਹੀ ਪ੍ਰਾਹੁਣਾ ਆ ਜਾਏ ਕਿਉਂਕਿ ਸੰਤੀ ਦੇ ਭਰਾ ਦਾ ਵਿਆਹ ਏ ਅਤੇ ਕਲ੍ਹ ਹੀ ਜੰਞ ਚੜ੍ਹਨੀ ਏ।

"ਇਸ ਸਿਖ ਦਾ ਵਿਆਹ ਕਰਨਾ ਜੇ!" ਤਾਰਾ ਚੰਦ ਦੇ ਕੁੜਮ ਨੇ ਬੜੇ ਵਿਅੰਗ ਨਾਲ ਕਿਹਾ।

"ਕਿਉਂ, ਸਿੱਖਾਂ ਦੇ ਵਿਆਹ ਨਹੀਂ ਹੁੰਦੇ?" ਕਰਤਾਰ ਸਿੰਘ ਨੇ ਪੁੱਛਿਆ, ਜੋ ਕੋਲ ਹੀ ਖਲੋਤਾ ਗੱਲ ਸੁਣ ਰਿਹਾ ਸੀ।

"ਨਹੀਂ, ਮੇਰਾ ਮਤਲਬ ਇਹ ਨਹੀਂ," ਕੁੜਮ ਨੇ ਗੱਲ ਦਾ ਰੁਖ ਹੋਰ ਪਾਸੇ ਮੋੜਦਿਆਂ

ਕਿਹਾ, "ਸਿਖ ਆਮ ਕਰਕੇ ਜੰਗਲਾਂ ਵਿਚ ਹੀ ਰਹਿੰਦੇ ਨੇ, ਇਸ ਲਈ ਮੈਂ ਇਹ ਗੱਲ ਕਹੀ ਏ।"

"ਸਿੱਖਾਂ ਸਦਾ ਜੰਗਲਾਂ ਵਿਚ ਤਾਂ ਨਹੀਂ ਰਹਿਣਾ। ਸਾਡਾ ਨਿਸਚਾ ਹੈ ਕਿ ਖ਼ਾਲਸਾ ਇਕ ਦਿਨ ਰਾਜ ਕਰੇਗਾ।"

ਕੁੜਮ ਹੱਸ ਪਿਆ ਤੇ ਉਸ ਕਿਹਾ, "ਇਹ ਸੁਪਨੇ ਪੂਰੇ ਨਹੀਂ ਹੋਣੇ। ਸਾਨੂੰ ਤਾਂ ਇਉਂ ਦਿਸਦਾ ਏ ਕਿ ਸਮੇਂ ਦੀ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰ ਦੇਣਾ ਏ। ਅੱਜ ਕਲ੍ਹ ਸਿਖ ਬਣਨਾ ਤਾਂ ਮੌਤ ਸਹੇੜਨਾ ਏ।"

"ਠੀਕ ਕਹਿੰਦੇ ਹੋ, ਸਿਖ ਬਣਨਾ ਮੌਤ ਸਹੇੜਨਾ ਏ। ਇਸ ਮੌਤ ਵਿਚੋਂ ਹੀ ਜ਼ਿੰਦਗੀ ਮਿਲੇਗੀ। ਜੋ ਮਰਨਾ ਨਹੀਂ ਜਾਣਦਾ ਉਹਨੂੰ ਜੀਵਨ ਦਾ ਹੱਕ ਵੀ ਕੋਈ ਨਹੀਂ ਦੇਂਦਾ। ਅਸੀ ਤੁਸੀਂ ਹੁਣ ਜਿਉਂਦਿਆਂ ਵਿਚ ਥੋੜ੍ਹੇ ਹਾਂ। ਜਦੋਂ ਜੀਅ ਕਰੇ ਕੋਈ ਹਾਕਮ ਆ ਕੇ ਭੇਡਾਂ ਬੱਕਰੀਆਂ ਵਾਂਗ ਹਿਕ ਲਿਜਾਏ। ਪੱਤ ਲੁਟ ਲਵੇ ਜਾਂ ਜੋ ਚਾਹੇ ਖੋਹ ਕੇ ਲੈ ਜਾਏ। ਉਹਨਾਂ ਜ਼ਾਲਮਾਂ ਦੇ ਰਹਿਮ 'ਤੇ ਜਿਊਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ ਪਰ ਮੇਰਾ ਨਿਸਚਾ ਹੋਰ ਤਰ੍ਹਾਂ ਹੈ। ਮੈਂ ਸਮਝਦਾ ਹਾਂ ਕਿ ਅਸੀਂ ਮਰਾਂਗੇ ਨਹੀਂ, ਸਗੋਂ ਸਾਨੂੰ ਮਾਰਨ ਵਾਲੇ ਇਕ ਦਿਨ ਮਰ ਜਾਣਗੇ।"

ਕਰਤਾਰ ਸਿੰਘ ਜਜ਼ਬਾਤੀ ਹੋ ਕੇ ਹੋਰ ਪਤਾ ਨਹੀਂ ਕੀ ਕੁਝ ਕਹਿ ਜਾਂਦਾ ਪਰ ਉਹਦੇ ਪਿਤਾ ਨੇ ਬਹਿਸ ਨੂੰ ਖ਼ਤਮ ਕਰਦਿਆਂ ਕਿਹਾ, "ਚੰਗਾ ਚੌਧਰੀ ਜੀ, ਚੱਲੋ ਤੁਸੀਂ, ਫਿਰ ਹਨੇਰਾ ਹੋ ਜਾਏਗਾ।" ਜੰਞ ਡੋਲੀ ਲੈ ਕੇ ਚਲੀ ਗਈ। ਕਰਤਾਰ ਸਿੰਘ ਦੀਆਂ ਗੱਲਾਂ ਦਾ ਹੋਰ ਕਿਸੇ 'ਤੇ ਅਸਰ ਭਾਵੇਂ ਨਾ ਹੋਇਆ ਹੋਵੇ ਪਰ ਇਹਦੇ ਜੀਜੇ 'ਤੇ ਬੜਾ ਪ੍ਰਭਾਵ ਪਿਆ ਤੇ ਉਹਦਾ ਚਿਹਰਾ ਦੱਸਦਾ ਸੀ ਕਿ ਕਰਤਾਰ ਸਿੰਘ ਦੇ ਵਿਚਾਰ ਇਹਦੇ ਮਨ ਦੀ ਡੂੰਘਾਈ ਤਕ ਉਤਰ ਗਏ ਹਨ।

ਕਰਤਾਰ ਸਿੰਘ ਦੇ ਵਿਆਹ ਦੀ ਤਿਆਰੀ ਹੋਣ ਲੱਗ ਪਈ। ਸੰਤੀ ਦੀ ਡੋਲੀ ਤੋਰ ਕੇ ਕੁਝ ਚਿਰ ਤਕ ਤਾਂ ਸਾਰਾ ਟੱਬਰ ਬੜਾ ਅਫਸੋਸਿਆ ਫਿਰਦਾ ਰਿਹਾ। ਧੀਆਂ ਦੇ ਵਿਆਹ ਦਾ ਵੀ ਬੜਾ ਚਾਅ ਰਹਿੰਦਾ ਹੈ ਤੇ ਮਾਪੇ ਸਮਝਦੇ ਹਨ ਕਿ ਧੀਆਂ ਵਿਆਹੁਣ ਨਾਲ ਸਿਰ ਤੋਂ ਭਾਰ ਉਤਰ ਗਿਆ ਹੈ ਪਰ ਜਦੋਂ ਧੀਆਂ ਨਿਖੜ ਜਾਣ ਤੇ ਡੋਲੀ ਚਲੀ ਜਾਏ ਤਾਂ ਉਸ ਸਮੇਂ ਮਨ ਨੂੰ ਬੜੇ ਡੋਬੂ ਪੈਂਦੇ ਹਨ। ਇਹੀ ਹਾਲ ਕਰਤਾਰ ਸਿੰਘ ਦੇ ਮਾਂ ਪਿਉ ਦਾ ਸੀ, ਪਰ ਸ਼ਾਮ ਤਕ ਹੌਲੀ ਹੌਲੀ ਇਸ ਵਿਛੋੜੇ ਦਾ ਦੁਖ ਘਟਦਾ ਗਿਆ।

ਤਾਰਾ ਚੰਦ ਤੇ ਕੇਸਰੋ ਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਸੀ ਕਿ ਕਰਤਾਰ ਸਿੰਘ ਸਮੇਂ ਸਿਰ ਘਰ ਆ ਗਿਆ ਹੈ। ਸ਼ਾਮ ਨੂੰ ਰੋਟੀ ਟੁਕਰ ਖਾ ਕੇ ਜਦ ਵਿਹਲੇ ਹੋਏ, ਬਾਹਰੋਂ ਆਏ ਰਿਸ਼ਤੇਦਾਰਾਂ ਨੂੰ ਮੰਜੇ ਬਿਸਤਰੇ ਡਾਹ ਦਿੱਤੇ ਤਾਂ ਕਰਤਾਰ ਸਿੰਘ ਨੇ ਪਿਤਾ ਤੇ

ਮਾਂ ਨੂੰ ਸੱਦ ਕੇ ਕਿਹਾ, "ਕਲ੍ਹ ਕੋਈ ਵਖਤ ਨਾ ਪੈ ਜਾਏ, ਇਹ ਵੇਖ ਲਓ। ਕੁੜੀ ਵਾਲਿਆਂ ਨੂੰ ਦੱਸ ਦਿੱਤਾ ਜੇ ਕਿ ਨਹੀਂ ਕਿ ਮੈਂ ਸਿੰਘ ਹਾਂ। ਕਿਧਰੇ ਉਹ ਵੀ ਸੰਤੀ ਦੇ ਸਹੁਰਿਆਂ ਵਾਂਗ ਘਬਰਾ ਨਾ ਜਾਣ।"

"ਉਹਨਾਂ ਨੂੰ ਪਤਾ ਏ। ਉਹ ਬੜੇ ਸਿਆਣੇ ਨੇ। ਉਹਨਾਂ ਆਪ ਹੀ ਕਿਹਾ ਸੀ ਮੁੰਡਾ ਕਿੰਨੇ ਕੁ ਦਿਨ ਬਾਹਰ ਰਹੇਗਾ। ਆਖ਼ਰ ਸਾਰੀ ਉਮਰ ਤਾਂ ਸਰਕਾਰ ਨਾਲ ਲੜਾਈ ਨਹੀਂ ਰਹਿਣੀ।" ਤਾਰਾ ਚੰਦ ਨੇ ਦੱਸਿਆ।

"ਇਕ ਹੋਰ ਗੱਲ ਵੀ ਏ," ਕਰਤਾਰ ਸਿੰਘ ਨੇ ਥੋੜ੍ਹਾ ਰੁਕਦਿਆਂ ਤੇ ਝਕਦਿਆਂ ਕਿਹਾ।

"ਹੋਰ ਕੀ ਗੱਲ ਏ ?" ਕੇਸਰੋ ਨੇ ਉਤਾਵਲੇ ਹੋ ਕੇ ਪੁੱਛਿਆ।

"ਮੈਂ ਅੰਮ੍ਰਿਤਧਾਰੀ ਸਿੰਘ ਹਾਂ ਅਤੇ ਮੈਂ ਅਨੰਦ ਕਾਰਜ ਹੀ ਕਰਾਵਾਂਗਾ। ਕੁੜੀ ਵਾਲਿਆਂ ਨੂੰ ਸੁਨੇਹਾ ਭੇਜ ਦਿਓ ਕਿ ਉਹਨੂੰ ਵੀ ਅੰਮ੍ਰਿਤ ਛਕਾ ਲੈਣ ਤੇ ਅਨੰਦ ਕਾਰਜ ਦਾ ਹੀ ਪ੍ਰਬੰਧ ਕਰਨ।"

"ਇਹ ਗੱਲ ਔਖੀ ਏ," ਤਾਰਾ ਚੰਦ ਨੇ ਕਿਹਾ, "ਤੂੰ ਤੇ ਭਲਾ ਗਿਉਂ ਸਾਡੇ ਹੱਥੋਂ, ਹੁਣ ਸਾਰੇ ਹੀ ਟੋਰ ਦੇਈਏ।"

"ਵੇਖ ਲਓ," ਕਰਤਾਰ ਸਿੰਘ ਨੇ ਕਿਹਾ, "ਮੈਂ ਨਹੀਂ ਜੇ ਅਨੰਦ ਕਾਰਜ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦਾ ਵਿਆਹ ਕਰਨਾ।"

ਕਰਤਾਰ ਸਿੰਘ ਦੀ ਇਸ ਸ਼ਰਤ ਨੇ ਕੇਸਰੋ ਤੇ ਤਾਰਾ ਚੰਦ ਨੂੰ ਚਿੰਤਾਤੁਰ ਕਰ ਦਿੱਤਾ। ਉਹ ਸੋਚੀਂ ਪੈ ਗਏ ਕਿ ਕੁੜਮਾਂ ਨੇ ਇਹ ਗੱਲ ਨਹੀਂ ਮੰਨਣੀ। ਹੋ ਸਕਦਾ ਏ ਕਿ ਉਹ ਇਸ ਸ਼ਰਤ 'ਤੇ ਜੰਞ ਹੀ ਮੋੜ ਦੇਣ। ਫਿਰ ਤਾਂ ਇਲਾਕੇ ਵਿਚ ਬੜੀ ਨਮੋਸ਼ੀ ਹੋਵੇਗੀ।

ਅਖੀਰ ਕੇਸਰੋ ਨੇ ਚੁਪ ਨੂੰ ਤੋੜਿਆ ਤੇ ਕਿਹਾ, "ਇਸ ਤਰ੍ਹਾਂ ਕਰ ਲਉ ਕਿ ਜਿਹੜਾ ਆਦਮੀ ਕਲ੍ਹ ਸਵੇਰੇ ਦੁਧ ਚੌਲ ਲੈ ਕੇ ਜਾਏ, ਉਹਨੂੰ ਸਾਰਾ ਕੁਝ ਸਮਝਾ ਦਿਓ ਤੇ ਜੇ ਉਹ ਮੰਨ ਜਾਣ ਤਾਂ ਠੀਕ, ਨਹੀਂ ਤੇ ਉਹ ਉਸੇ ਵੇਲੇ ਮੁੜ ਆਵੇ ਅਤੇ ਸ਼ਾਮ ਨੂੰ ਤੁਹਾਡੇ ਤੁਰਨ ਤਕ ਆ ਦੱਸੇਗਾ।"

"ਨਹੀਂ, ਮੈਂ ਸੋਚਿਆ ਏ ਕਿ ਇਸ ਤਰ੍ਹਾਂ ਗੱਲ ਨਹੀਂ ਬਣਨੀ, ਜੰਞ ਲੈ ਚਲਦੇ ਹਾਂ। ਵਿਆਹ ਵੇਲੇ ਜੇ ਉਹ ਅੜਿਆ ਤਾਂ ਸਾਡੀ ਹੀ ਨਿਰੀ ਨਮੋਸ਼ੀ ਨਹੀਂ ਉਹਨਾਂ ਦੀ ਵੀ ਏ, ਇਸ ਲਈ ਉਹ ਮੋੜ ਨਹੀਂ ਸਕੇਗਾ।" ਤਾਰਾ ਚੰਦ ਨੇ ਕਿਹਾ।

"ਨਹੀਂ, ਮੈਂ ਇਸ ਨਾਲ ਸਹਿਮਤ ਨਹੀਂ, ਇਹ ਤਾਂ ਅਗਲੇ ਦੀ ਮਜਬੂਰੀ ਦਾ ਅਯੋਗ ਲਾਭ ਉਠਾਉਣ ਵਾਲੀ ਗੱਲ ਏ," ਕਰਤਾਰ ਸਿੰਘ ਨੇ ਕਿਹਾ।

"ਚਲੋ, ਤੇਰੀ ਗੱਲ ਸੁਣ ਲਈ ਏ," ਤਾਰਾ ਚੰਦ ਨੇ ਕਿਹਾ, "ਅਸੀਂ ਆਪੇ ਪ੍ਰਬੰਧ ਕਰ ਲਵਾਂਗੇ ਇਸ ਬਾਰੇ।" ਕਾਫ਼ੀ ਰਾਤ ਤਕ ਸਾਰਾ ਟੱਬਰ ਗੱਲਾਂ ਕਰਦੇ ਰਹੇ ਤੇ ਅਖ਼ੀਰ ਸੌਂ ਗਏ।

ਅਜੇ ਸੁੱਤਿਆਂ ਘੰਟਾ ਕੁ ਮਸਾਂ ਬੀਤਿਆ ਸੀ ਕਿ ਦਰਵਾਜ਼ਾ ਖੜਕਣ ਦੀ ਆਵਾਜ਼ ਆਈ। ਤਾਰਾ ਚੰਦ ਨੇ ਅੰਦਰੋਂ ਹੀ ਆਵਾਜ਼ ਮਾਰੀ, "ਕੌਣ ਏ ?"

"ਜ਼ਰਾ ਦਰਵਾਜ਼ਾ ਖੋਲ੍ਹਿਆ ਜੇ," ਬਾਹਰੋਂ ਅਵਾਜ਼ ਆਈ। ਤਾਰਾ ਚੰਦ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ। ਦੋ ਘੋੜ-ਸਵਾਰ ਸਿੰਘ ਦਰਵਾਜ਼ੇ 'ਤੇ ਖੜੇ ਸਨ। ਤਾਰਾ ਚੰਦ ਨੇ ਹੱਥ ਜੋੜ ਕੇ ਫ਼ਤਹ ਬੁਲਾਈ। ਉਹਨਾਂ ਸਿੰਘਾਂ ਨੇ ਪੁਛਿਆ, "ਸਰਦਾਰ ਕਰਤਾਰ ਸਿੰਘ ਕਿਥੇ ਨੇ ?"

"ਅੰਦਰ ਈ ਏ," ਤਾਰਾ ਚੰਦ ਨੇ ਕਿਹਾ। ਦਰਵਾਜ਼ੇ 'ਤੇ ਗੱਲਾਂ ਦੀ ਅਵਾਜ਼ ਸੁਣ ਕੇ ਕਰਤਾਰ ਸਿੰਘ ਵੀ ਜਾਗ ਪਿਆ ਤੇ ਉਠ ਕੇ ਬਾਹਰ ਆ ਗਿਆ।

ਫ਼ਤਹ ਬੁਲਾ ਕੇ ਉਸ ਪੁੱਛਿਆ, "ਕੀ ਗੱਲ ਏ ?"

"ਕਾਹਨੂੰਆਣੇ ਛੰਭ ਨੂੰ ਸ਼ਾਹੀ ਫ਼ੌਜਾਂ ਨੇ ਘੇਰ ਲਿਆ ਏ ਤੇ ਅਸੀਂ ਤੁਹਾਨੂੰ ਇਤਲਾਹ ਦੇਣ ਆਏ ਹਾਂ ਕਿ ਤੁਸੀਂ ਆਪਣੇ ਜਥੇ ਨੂੰ ਝਟ ਪਟ ਤਿਆਰ ਕਰ ਕੇ ਉਥੇ ਭੇਜੋ," ਇਕ ਸਿੰਘ ਨੇ ਕਿਹਾ।

"ਇਹਦਾ ਤਾਂ ਕਲ੍ਹ ਵਿਆਹ ਏ," ਤਾਰਾ ਚੰਦ ਬੋਲ ਪਿਆ, "ਇਸ ਲਈ ਇਹ ਕਿਧਰੇ ਨਹੀਂ ਜਾ ਸਕਦਾ। ਅਜੇ ਅੱਜ ਸ਼ਾਮੀਂ ਤਾਂ ਘਰ ਮੁੜਿਆ ਏ ਤੇ ਹੁਣੇ ਤੁਸੀਂ ਲੈਣ ਵੀ ਆ ਗਏ ਹੋ।"

"ਵਿਆਹ ਜ਼ਰੂਰੀ ਨਹੀਂ, ਕੌਮ ਦੀ ਜ਼ਿੰਦਗੀ ਜ਼ਰੂਰੀ ਏ," ਕਰਤਾਰ ਸਿੰਘ ਨੇ ਕਿਹਾ, "ਚੰਗਾ, ਤੁਸੀਂ ਚੱਲੋ ਮੈਂ ਹੁਣੇ ਸਾਰਾ ਜਥਾ ਇਕੱਠਾ ਕਰਦਾ ਹਾਂ।" ਦੋਵੇਂ ਸਿੰਘ ਚਲੇ ਗਏ।

"ਅਸੀਂ ਤੈਨੂੰ ਨਹੀਂ ਜਾਣ ਦੇਣਾ," ਤਾਰਾ ਚੰਦ ਨੇ ਕਿਹਾ।

"ਤੁਸੀਂ ਨਹੀਂ ਜਾਣਦੇ ਪਿਤਾ ਜੀ, ਮੇਰੀ ਜ਼ਿੰਦਗੀ ਦਾ ਮੁਲ ਤਾਂ ਹੀ ਏ ਜੇ ਕੌਮ ਜਿਊਂਦੀ ਏ। ਕੌਮ ਦੀ ਜ਼ਿੰਦਗੀ ਲਈ ਮੇਰਾ ਜੀਵਨ ਵਾਰਨਾ ਜ਼ਰੂਰੀ ਏ। ਵਿਆਹ ਦਾ ਕੀ ਏ, ਅਜ ਨਹੀਂ ਤਾਂ ਅਗਲੇ ਸਾਲ ਹੋ ਜਾਏਗਾ।"

ਕੇਸਰੋ ਸੁੰਨ ਹੋਈ ਸਾਰੀ ਗੱਲਬਾਤ ਸੁਣ ਰਹੀ ਸੀ। ਉਹ ਰੋਣ ਲੱਗ ਪਈ। ਉਸ ਕਿਹਾ, "ਰੱਬ ਇਕ ਪੁੱਤਰ ਦਿੱਤਾ ਤੇ ਉਹ ਵੀ ਸਿਖ ਹੋ ਗਿਆ।"

"ਮਾਂ, ਤੂੰ ਰੋਂਦੀ ਪਈ ਏਂ," ਕਰਤਾਰ ਸਿੰਘ ਨੇ ਕਿਹਾ, "ਸਿਖ ਹੋ ਕੇ ਪੁੱਤਰ ਨੇ ਕੋਈ ਦੁਖ ਤਾਂ ਨਹੀਂ ਦਿੱਤਾ।"

"ਇਹ ਦੁਖ ਨਹੀਂ ਤਾਂ ਹੋਰ ਕੀ ਏ। ਸਾਰਾ ਸ਼ਰੀਕਾ ਬੂਹੇ 'ਤੇ ਬੈਠਾ ਏ। ਕੁੜੀ ਵਾਲਿਆਂ ਦੇ ਘਰ ਜੰਞ ਦੀਆਂ ਉਡੀਕਾਂ ਹੋ ਰਹੀਆਂ ਨੇ ਤੇ ਤੂੰ ਲੜਨ ਲਈ ਟੁਰ ਪਿਆ ਏਂ।"

"ਚੰਗਾ ਮੈਂ ਇਹ ਕਰ ਸਕਦਾ ਹਾਂ ਕਿ ਹੁਣੇ ਜਾ ਕੇ ਸਾਰੇ ਪਿੰਡਾਂ ਦਾ ਚੱਕਰ ਲਾਵਾਂ ਤੇ ਜਵਾਨਾਂ ਨੂੰ ਤਿਆਰ ਕਰਕੇ ਜਥਾ ਭੇਜ ਦਿਆਂ। ਆਪ ਪਰਸੋਂ ਚਲਾ ਜਾਵਾਂਗਾ।"

ਇਸ 'ਤੇ ਕੇਸਰੋ ਤੇ ਤਾਰਾ ਚੰਦ ਮੰਨ ਗਏ। ਕਰਤਾਰ ਸਿੰਘ ਨੇ ਘੋੜਾ ਖੋਲ੍ਹਿਆ ਤੇ ਉਸ 'ਤੇ ਪਲਾਕੀ ਮਾਰ ਕੇ ਉਸੇ ਵੇਲੇ ਚਲਾ ਗਿਆ।

੨

ਕਰਤਾਰ ਸਿੰਘ ਨੇ ਆਪਣੇ ਪਿੰਡ ਦੇ ਪੰਜ ਛੇ ਨੌਜਵਾਨਾਂ ਨੂੰ ਜਗਾਇਆ ਤੇ ਉਹਨਾਂ ਨੂੰ ਦੱਸਿਆ ਕਿ ਕਾਹਨੂੰਆਣੇ ਦੇ ਛੰਭ ਵਿਚ ਸਿੰਘ ਘੇਰੇ ਗਏ ਹਨ, ਇਸ ਲਈ ਉਹਨਾਂ ਦੀ ਮਦਦ ਲਈ ਝਟ-ਪਟ ਤਿਆਰ ਹੋ ਕੇ ਚਲੀਏ। ਆਸ ਪਾਸ ਦੇ ਪੰਜ ਛੇ ਪਿੰਡਾਂ ਦੇ ਨੌਜਵਾਨਾਂ ਨੇ ਇਕ ਜਥਾ ਬਣਾਇਆ ਹੋਇਆ ਸੀ, ਜੋ ਅਮਨ ਸ਼ਾਂਤੀ ਦੇ ਦਿਨਾਂ ਵਿਚ ਘਰ ਦਾ ਕੰਮ ਕਾਜ ਕਰਦਾ ਸੀ ਤੇ ਜਦ ਲੋੜ ਪਵੇ ਉਸ ਸਮੇਂ ਤਲਵਾਰਾਂ ਸੂਤ ਕੇ ਮੈਦਾਨ ਵਿਚ ਕੁਦ ਪੈਂਦਾ ਸੀ। ਇਹਨਾਂ ਵਿਚੋਂ ਬਹੁਤ ਥੋੜ੍ਹਿਆਂ ਨੇ ਅੰਮ੍ਰਿਤਪਾਨ ਕੀਤਾ ਸੀ, ਇਸ ਲਈ ਬਹੁਤੇ ਹਿੰਦੂਆਂ ਵਰਗੇ ਹੀ ਸਨ। ਜਿਸ ਕਿਸੇ ਦੀਆਂ ਸਰਗਰਮੀਆਂ ਦਾ ਖੁਲ੍ਹੇ ਤੌਰ 'ਤੇ ਲੋਕਾਂ ਨੂੰ ਪਤਾ ਲਗ ਜਾਂਦਾ ਤੇ ਸਰਕਾਰੀ ਕਰਮਚਾਰੀਆਂ ਤਕ ਗੱਲ ਪਹੁੰਚ ਜਾਂਦੀ, ਉਹੀ ਘਰ ਬਾਹਰ ਛੱਡ ਕੇ ਜੰਗਲ ਵਿਚ ਰਹਿ ਰਹੇ ਸਿੰਘਾਂ ਨਾਲ ਜਾ ਰਲਦਾ। ਸਿੰਘਾਂ ਨੇ ਇਸ ਇਲਾਕੇ ਵਿਚ ਕਰਤਾਰ ਸਿੰਘ ਨੂੰ ਜਥੇਦਾਰ ਥਾਪਿਆ ਹੋਇਆ ਸੀ। ਜਦ ਕਦੇ ਲੋੜ ਪੈਂਦੀ ਇਹ ਰਾਤ ਨੂੰ ਘਰ ਆ ਜਾਂਦਾ ਤੇ ਇਕ ਦੋ ਨੂੰ ਘਰ ਬੁਲਾ ਕੇ ਸਾਰੀਆਂ ਗੱਲਾਂ ਦੱਸ ਕੇ ਆਪ ਟੁਰ ਜਾਂਦਾ।

ਅੱਜ ਵੀ ਉਹਨਾਂ ਨਾਲ ਪ੍ਰੋਗਰਾਮ ਇਹੀ ਬਣਾਇਆ ਕਿ ਉਹ ਚੁਪ ਚੁਪੀਤੇ ਘੋੜੇ ਲੈ ਕੇ ਸਰਘੀ ਵੇਲੇ ਤਕ ਖੈਰਪੁਰ ਦੇ ਬਾਹਰ ਝੁੰਡ ਕੋਲ ਪਹੁੰਚ ਜਾਣ। ਆਪ ਸਰਦਾਰ ਕਰਤਾਰ ਸਿੰਘ ਨੇ ਘੋੜਾ ਭਜਾਇਆ ਤੇ ਦੂਜੇ ਪਿੰਡ ਪਹੁੰਚ ਗਿਆ। ਇਸ ਤਰ੍ਹਾਂ ਥੋੜ੍ਹੀ ਥੋੜ੍ਹੀ ਵਿਥ 'ਤੇ ਜਿਤਨੇ ਪਿੰਡ ਸਨ, ਉਹਨਾਂ ਵਿਚੋਂ ਇਕ ਇਕ ਆਦਮੀ ਨੂੰ ਜਗਾ ਕੇ

ਸਰਦਾਰ ਕਰਤਾਰ ਸਿੰਘ ਆਪ ਖੈਰਪੁਰ ਦੇ ਨਿਯਤ ਝੁੰਡ ਵਿਚ ਆ ਗਿਆ। ਅਜੇ ਤਕ ਉਥੇ ਕੋਈ ਨਹੀਂ ਸੀ ਆਇਆ। ਇਸ ਲਈ ਕਰਤਾਰ ਸਿੰਘ ਨੇ ਘੋੜਾ ਇਕ ਰੁੱਖ ਨਾਲ ਬੰਨ੍ਹ ਦਿੱਤਾ ਤੇ ਆਪ ਅਰਾਮ ਕਰਨ ਲਈ ਲੇਟ ਗਿਆ।

ਉਹਨੂੰ ਖਿਆਲ ਆਇਆ ਕਿ ਅੱਜ ਮੈਂ ਕਿਸੇ ਤਰ੍ਹਾਂ ਨੌਜਵਾਨਾਂ ਨੂੰ ਇਹ ਕਹਿ ਦਿਆਂ ਕਿ ਮੈਂ ਲੜਾਈ ਵਿਚ ਨਹੀਂ ਜਾਣਾ। ਇਹਨਾਂ ਕੋਲ ਕੀ ਬਹਾਨਾ ਬਣਾਵਾਂ। ਪਰ ਜੇ ਝੂਠ ਬੋਲਿਆ ਤਾਂ ਇਹ ਵੀ ਮਾੜੀ ਗੱਲ ਏ। ਕਲ੍ਹ ਨੂੰ ਪਤਾ ਲੱਗ ਗਿਆ ਤਾਂ ਫਿਰ ਇਹ ਕੀ ਅਨੁਮਾਨ ਲਾਣਗੇ। ਜੇ ਇਹਨਾਂ ਨਾਲ ਹੀ ਕਾਹਨੂੰਆਣੇ ਚਲਾ ਗਿਆ ਤਾਂ ਹੋ ਸਕਦਾ ਹੈ ਕਿ ਰਾਤ ਤਕ ਮੈਂ ਵਾਪਸ ਨਾ ਮੁੜ ਸਕਾਂ। ਜੇ ਨਾ ਆਇਆ ਤਾਂ ਜੰਞ ਵਾਪਸ ਲਿਆਉਣੀ ਪੈ ਜਾਏਗੀ। ਇਸ ਤਰ੍ਹਾਂ ਸਾਰੀ ਬਰਾਦਰੀ ਦਾ ਅਪਮਾਨ ਹੋ ਜਾਏਗਾ। ਜੇ ਹੁਣੇ ਹੀ ਸੁਨੇਹਾ ਭੇਜ ਕੇ ਵਿਆਹ ਰੁਕਵਾ ਦਿਆਂ ਤਾਂ ਲੜਕੀ ਵਾਲਿਆਂ ਦੀ ਸਾਰੀ ਤਿਆਰੀ ਵਿਚੇ ਹੀ ਰਹਿ ਜਾਏਗੀ। ਉਹ ਵਿਚਾਰੀ ਕੀ ਸੋਚੇਗੀ ਕਿ ਜਿਸ ਨਾਲ ਉਹਨੂੰ ਵਿਆਹਿਆ ਜਾ ਰਿਹਾ ਹੈ ਉਹ ਆਪਣੇ ਰੁਝੇਵਿਆਂ ਤੋਂ ਵਿਆਹ ਲਈ ਸਮਾਂ ਨਹੀਂ ਕਢ ਸਕਦਾ। ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਵਿਆਹ ਕਰਾਉਣ ਤੋਂ ਹੀ ਇਨਕਾਰ ਕਰ ਦਿਆਂ ਕਿਉਂਕਿ ਇਸ ਸਰਕਾਰ ਨਾਲ ਲੜਾਈ ਵਿਚ ਘਰ ਤਾਂ ਸਾਨੂੰ ਕਿਸੇ ਰਹਿਣ ਨਹੀਂ ਦੇਣਾ ਤੇ ਉਹ ਵਿਚਾਰੀ ਵੀ ਕਾਹਨੂੰ ਕਸ਼ਟਾਂ ਵਿਚ ਪਈ ਰਹੇ।

ਹੋਰ ਪਤਾ ਨਹੀਂ ਕਿਤਨਾ ਚਿਰ ਕਰਤਾਰ ਸਿੰਘ ਇਹਨਾਂ ਸੋਚਾਂ ਦੇ ਵਹਿਣ ਵਿਚ ਪਿਆ ਸੋਚਦਾ ਰਹਿੰਦਾ ਜੇਕਰ ਸਿੰਘਾਂ ਦਾ ਇਕ ਜਥਾ ਨਾ ਆ ਜਾਂਦਾ। ਇਹ ਜਥਾ ਨਾਲ ਦੇ ਪਿੰਡ ਦਾ ਸੀ ਜਿਥੇ ਕੁਝ ਦਿਨ ਹੋਏ ਕਰਤਾਰ ਸਿੰਘ ਨੇ ਜਥੇ ਸਮੇਤ ਜਾ ਕੇ ਅੰਮ੍ਰਿਤ ਪ੍ਰਚਾਰ ਕੀਤਾ ਸੀ ਤੇ ਦਰਜਨ ਕੁ ਨੌਜਵਾਨਾਂ ਨੂੰ ਸਿੰਘ ਸਜਾਇਆ ਸੀ। ਇਹ ਸਾਰੇ ਨਵੇਂ ਸਜੇ ਸਿੰਘ ਪਹਿਲੀ ਵਾਰ ਲੜਾਈ ਲਈ ਜਾ ਰਹੇ ਸਨ। ਕਈਆਂ ਨੂੰ ਅਜੇ ਤਕ ਬੰਦੂਕ ਚਲਾਣ ਦਾ ਮੌਕਾ ਨਹੀਂ ਸੀ ਮਿਲਿਆ ਤੇ ਕਈਆਂ ਨੇ ਕਦੇ ਕੀੜੀ ਵੀ ਨਹੀਂ ਸੀ ਮਾਰੀ ਪਰ ਸਰਕਾਰੀ ਕਰਮਚਾਰੀਆਂ ਦੇ ਵਤੀਰੇ, ਆਰਥਕ ਤੰਗੀਆਂ ਤੇ ਚੌਧਰੀਆਂ ਦੇ ਅਪਮਾਨ ਭਰੇ ਸੁਭਾਅ ਤੋਂ ਤੰਗ ਆ ਕੇ ਇਹ ਸਿੰਘ ਸਜੇ ਸਨ।

ਕਰਤਾਰ ਸਿੰਘ ਨੇ ਉਹਨਾਂ ਨੂੰ ਹਥਿਆਰਬੰਦ ਦੇਖਿਆ ਤਾਂ ਹੱਸ ਪਿਆ। ਇਕ ਸਿੰਘ ਨੂੰ ਸੰਬੋਧਨ ਕਰ ਕੇ ਕਿਹਾ, "ਬੰਦੂਕ ਚਲਾ ਲਓਗੇ?"

"ਜੇ ਤੁਸੀਂ ਜਾਚ ਦੱਸੀ ਤਾਂ ਚਲਾ ਲਵਾਂਗਾ," ਉਸ ਝਟ ਕਿਹਾ।

"ਅੱਛਾ ਅਜੇ ਜਾਚ ਵੀ ਸਿਖਣੀ ਜੇ?" ਸ: ਕਰਤਾਰ ਸਿੰਘ ਨੇ ਫਿਰ ਪੁੱਛਿਆ।

"ਅਗੇ ਅਸੀਂ ਕਦੋਂ ਲੜਦੇ ਰਹੇ ਹਾਂ ਇਹਨਾਂ ਹਥਿਆਰਾਂ ਨਾਲ। ਸਾਰਾ ਦਿਨ ਰੰਬਾ ਕਹੀ ਤਾਂ ਸਾਡੇ ਹੱਥ ਵਿਚ ਰਹੇ ਨੇ।" ਇਕ ਹੋਰ ਸਿੰਘ ਬੋਲ ਪਿਆ।

"ਲਿਆਓ ਫਿਰ ਤੁਹਾਨੂੰ ਬੰਦੂਕ ਚਲਾਣੀ ਸਿਖਾਈਏ," ਇਹ ਕਹਿ ਕੇ ਸ: ਕਰਤਾਰ ਸਿੰਘ ਨੇ ਬੰਦੂਕ ਫੜ ਲਈ ਤੇ ਸਮਝਾਇਆ, "ਇਸ ਤਰ੍ਹਾਂ ਬੰਦੂਕ ਦਾ ਪਿਛਲਾ ਹਿੱਸਾ ਮੋਢੇ ਦੇ ਨੇੜੇ ਕਰ ਕੇ ਟਿਕਾ ਲਈਦਾ ਹੈ ਤੇ ਫਿਰ ਬੰਦੂਕ ਦੀ ਨਾਲੀ ਦੇ ਉਪਰਲੇ ਹਿੱਸੇ 'ਤੇ ਬਣੇ ਨਿਸ਼ਾਨ ਨਾਲ ਉਸ ਚੀਜ਼ ਦੀ ਸੇਧ ਕਰ ਲਈਦੀ ਹੈ ਜਿਸ ਨੂੰ ਗੋਲੀ ਮਾਰਨੀ ਹੋਵੇ। ਦੂਜੇ ਹੱਥ ਨਾਲ ਬੰਦੂਕ ਦਾ ਘੋੜਾ ਦਬਾ ਦੇਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਗੋਲੀ ਨਿਸ਼ਾਨੇ 'ਤੇ ਜਾ ਲਗਦੀ ਏ। ਤੁਸੀਂ ਅੱਜ ਦੀ ਲੜਾਈ ਲੜ ਲਓ ਫਿਰ ਕੁਝ ਦਿਨ ਤੁਹਾਨੂੰ ਜੰਗਲ ਵਿਚ ਛੱਡ ਆਵਾਂਗੇ ਤੇ ਉਥੇ ਸਾਰੇ ਸ਼ਸਤਰ ਚਲਾਣ ਦਾ ਤਰੀਕਾ ਸਿਖਾ ਦਿੱਤਾ ਜਾਏਗਾ।"

ਕਰਤਾਰ ਸਿੰਘ ਨੇ ਇਕ ਸਿੰਘ ਨੂੰ ਕਿਹਾ ਕਿ ਉਹ ਚਲਾ ਕੇ ਦੱਸੇ ਕਿ ਕਿਸ ਤਰ੍ਹਾਂ ਨਾਲ ਉਹ ਕਰੇਗਾ। ਸਿੰਘ ਨੇ ਬੰਦੂਕ ਨੂੰ ਉਸੇ ਤਰ੍ਹਾਂ ਮੋਢੇ ਨਾਲ ਲਾ ਕੇ ਨਿਸ਼ਾਨਾ ਬੰਨ੍ਹਿਆ ਤੇ ਬੰਦੂਕ ਦੇ ਘੋੜੇ 'ਤੇ ਹੱਥ ਰੱਖ ਕੇ ਘੋੜਾ ਦਬ ਦਿੱਤਾ। ਬੰਦੂਕ ਭਰੀ ਹੋਈ ਸੀ ਤੇ ਉਸਦਾ ਕਾਬੂ ਕਰਨ ਵਾਲਾ ਜੰਦਰਾ ਵੀ ਖੁਲ੍ਹਾ ਸੀ ਜਿਸ ਕਰਕੇ ਬੰਦੂਕ ਚਲ ਗਈ। ਖ਼ੁਸ਼ਕਿਸਮਤੀ ਨਾਲ ਕੋਈ ਸਾਹਮਣੇ ਨਹੀਂ ਸੀ। ਇਕ ਰੁੱਖ ਦਾ ਨਿਸ਼ਾਨਾ ਬੰਨ੍ਹਿਆ ਹੋਇਆ ਸੀ, ਇਸ ਲਈ ਕਿਸੇ ਨੂੰ ਗੋਲੀ ਨਾ ਲੱਗੀ, ਪਰ ਬੰਦੂਕ ਚੱਲਣ ਦੀ ਆਵਾਜ਼ ਬੜੀ ਦੂਰ ਤਕ ਗਈ।

ਸ: ਕਰਤਾਰ ਸਿੰਘ ਨੇ ਹੁਣ ਇਥੇ ਠਹਿਰਨਾ ਖ਼ਤਰਨਾਕ ਸਮਝਿਆ। ਖੈਰਪੁਰ ਤਕ ਅਵਾਜ਼ ਚਲੀ ਗਈ ਸੀ। ਇਸ ਸਮੇਂ ਤਕ ਕੇਵਲ ਚਾਰ ਪਿੰਡਾਂ ਦੇ ਛੱਤੀ ਕੁ ਜਵਾਨ ਪੁਜੇ ਸਨ ਤੇ ਅਜੇ ਵੀਹ ਪੰਝੀ ਦੇ ਹੋਰ ਪਹੁੰਚ ਜਾਣ ਦੀ ਆਸ ਸੀ, ਪਰ ਹੁਣ ਉਹਨਾਂ ਦੀ ਉਡੀਕ ਕੀਤੇ ਬਿਨਾਂ ਜਾਣਾ ਪਿਆ।

ਜਥੇ ਦੇ ਸਿੰਘ ਤੇ ਸਹਿਜਧਾਰੀ ਸਭ ਘੋੜਿਆਂ 'ਤੇ ਸਵਾਰ ਹੋ ਗਏ ਤੇ ਜਿਨ੍ਹਾਂ ਪਾਸ ਘੋੜੇ ਨਹੀਂ ਸੀ, ਉਹ ਦੂਜਿਆਂ ਦੇ ਪਿਛੇ ਬੈਠ ਗਏ। ਇਹਨਾਂ ਘੋੜੇ ਭਜਾ ਲਏ ਤਾਕਿ ਚੰਗਾ ਦਿਨ ਚੜ੍ਹਨ ਤਕ ਕਾਹਨੂੰਆਣੇ ਪੁਜ ਜਾਣ। ਸ: ਕਰਤਾਰ ਸਿੰਘ ਨੇ ਕੁਝ ਦੂਰ ਜਾ ਕੇ ਕਿਹਾ, "ਜੇ ਮੈਨੂੰ ਆਗਿਆ ਦਿਓ ਤਾਂ ਮੈਂ ਵਾਪਸ ਚਲਾ ਜਾਵਾਂ। ਇਕ ਤਾਂ ਜਿਹੜੇ ਸਿੰਘ ਰਹਿ ਗਏ ਹਨ ਉਹਨਾਂ ਨੂੰ ਲੈ ਆਵਾਂ ਤੇ ਦੂਜਾ ਇਕ ਜ਼ਰੂਰੀ ਕੰਮ ਹੈ ਉਹ ਕਰ ਆਵਾਂ।"

"ਕੀ ਜ਼ਰੂਰੀ ਕੰਮ ਜੇ ?" ਇਕ ਸਿੰਘ ਨੇ ਪੁੱਛਿਆ, "ਹੁਣ ਲੜਾਈ ਨਾਲੋਂ ਵੱਧ ਜ਼ਰੂਰੀ ਕੰਮ ਕੀ ਹੋ ਸਕਦਾ ਹੈ ?"

"ਇਹ ਤੁਸੀਂ ਠੀਕ ਕਿਹਾ ਏ ਕਿ ਲੜਾਈ ਨਾਲੋਂ ਜ਼ਰੂਰੀ ਕੋਈ ਕੰਮ ਨਹੀਂ, ਪਰ ਮੈਂ ਬੜੀ ਮੁਸ਼ਕਲ ਵਿਚ ਫਸ ਗਿਆ ਹਾਂ। ਸੁਝਦਾ ਕੁਝ ਨਹੀਂ ਕੀ ਕੀਤਾ ਜਾਏ ?" ਕਰਤਾਰ ਸਿੰਘ ਨੇ ਕਿਹਾ।

"ਮੁਸ਼ਕਲ ਕੀ ਏ?" ਇਕ ਹੋਰ ਸਿੰਘ ਬੋਲਿਆ।

"ਮੇਰਾ ਅੱਜ ਹੀ ਵਿਆਹ ਏ," ਸ: ਕਰਤਾਰ ਸਿੰਘ ਨੇ ਕਿਹਾ, "ਇਸ ਲਈ ਮੈਂ ਚਾਹੁੰਦਾ ਹਾਂ ਕਿ ਵਿਆਹ ਕਰਾ ਕੇ ਕਲ੍ਹ ਤੁਹਾਡੇ ਨਾਲ ਆ ਮਿਲਾਂ। ਕਿਹੜਾ ਲੜਾਈ ਅੱਜ ਹੀ ਮੁਕ ਜਾਣੀ ਏ।"

"ਨਹੀਂ, ਅਸੀਂ ਨਹੀਂ ਜਾਣ ਦੇਣਾ, ਵਿਆਹ ਫਿਰ ਹੋ ਜਾਏਗਾ। ਸਾਡੇ ਵਿੱਚੋਂ ਬਹੁਤੇ ਨਵੇਂ ਨਵੇਂ ਲੜਾਈ ਵਿਚ ਚਲੇ ਨੇ ਜੇ ਤੁਸੀਂ ਵੀ ਨਾਲ ਨਾ ਹੋਏ ਤਾਂ ਸਾਡੀ ਹਾਰ ਵੱਟ 'ਤੇ ਪਈ ਏ।" ਇਕ ਸਿੰਘ ਨੇ ਕਿਹਾ ਜਿਸ ਨੂੰ ਸ: ਕਰਤਾਰ ਸਿੰਘ ਨੇ ਹੁਣੇ ਹੁਣੇ ਬੰਦੂਕ ਚਲਾਣ ਦੀ ਜਾਚ ਦੱਸੀ ਸੀ।

"ਮੈਂ ਵੀ ਸੋਚਦਾ ਤਾਂ ਇਹੀ ਹਾਂ," ਸ: ਕਰਤਾਰ ਸਿੰਘ ਨੇ ਕਿਹਾ, "ਪਰ ਚਲੋ ਮੈਂ ਚਲਿਆ ਜਾਂਦਾ ਹਾਂ, ਪਰ ਸ਼ਾਮ ਨੂੰ ਮੈਨੂੰ ਛੱਡ ਦੇਣਾ, ਫਿਰ ਮੈਂ ਪਹੁੰਚ ਜਾਵਾਂਗਾ।"

"ਚਲੋ, ਸ਼ਾਮ ਤਾਂ ਆਉਣ ਦਿਓ," ਇਕ ਸਿੰਘ ਨੇ ਕਿਹਾ, "ਵੇਖੀ ਜਾਏਗੀ ਉਸ ਵੇਲੇ ਤਕ ਕੀ ਹਾਲਤ ਹੁੰਦੀ ਏ।"

ਇਸ ਤਰ੍ਹਾਂ ਸ: ਕਰਤਾਰ ਸਿੰਘ ਤੇਜ਼ ਤੇਜ਼ ਘੋੜਾ ਟੋਰਦਾ ਨਾਲੇ ਕਾਹਨੂੰਆਣੇ ਵਲ ਵਧਦਾ ਗਿਆ ਤੇ ਨਾਲੇ ਸਾਥੀਆਂ ਨਾਲ ਗੱਲਾਂ ਕਰਦਾ ਗਿਆ।

ਜਦ ਦਿਨ ਦਾ ਚਾਨਣਾ ਹੋਰ ਵਧ ਗਿਆ ਤਾਂ ਇਹਨਾਂ ਘੋੜੇ ਭਜਾ ਲਏ। ਕੁਝ ਦੂਰ ਜਾ ਕੇ ਇਕ ਸਿੰਘ ਨੇ ਦੱਸਿਆ, "ਇਸ ਪਿੰਡ ਕਾਲਾ ਨਿੱਕਾ ਵਿਚ ਚੌਧਰੀ ਸੁਲਤਾਨ ਮੁਹੰਮਦ ਨੇ ਬੇਦੋਸ਼ਿਆਂ ਨੂੰ ਸ਼ਿਕਾਇਤਾਂ ਕਰ ਕੇ ਫੜਾ ਦਿੱਤਾ ਸੀ ਤੇ ਉਹਨਾਂ ਵਿਚਾਰਿਆਂ ਨੂੰ ਖੂਹ ਦੇ ਪਾਣੀ ਵਿਚ ਗੋਤੇ ਦੇ ਦੇ ਕੇ ਮਾਰ ਦਿੱਤਾ ਸੀ। ਇਹਦੇ ਤਬੇਲੇ ਵਿਚ ਬੜੇ ਵਧੀਆ ਘੋੜੇ ਜੇ।"

"ਇਹਨੂੰ ਫਿਰ ਦੱਸ ਦੇਈਏ ਕਿ ਸਿੰਘ ਅਜੇ ਜਿਊਂਦੇ ਨੇ। ਚਿਤਾਵਨੀ ਵਜੋਂ ਅੱਜ ਇਹਦੇ ਘੋੜੇ ਖੋਹ ਲਏ ਜਾਣੇ ਚਾਹੀਦੇ ਹਨ। ਨਾਲੇ ਉਂਜ ਵੀ ਸਾਨੂੰ ਲੋੜ ਹੈ, ਸਾਡੇ ਵਿੱਚੋਂ ਕਈਆਂ ਪਾਸ ਘੋੜੇ ਨਹੀਂ।" ਸ: ਕਰਤਾਰ ਸਿੰਘ ਨੇ ਕਿਹਾ, "ਕਿਉਂ ਜੀ, ਤੁਹਾਨੂੰ ਉਹਦੇ ਹਾਤੇ ਦਾ ਪਤਾ ਏ?"

"ਜੀ ਹਾਂ, ਮੈਂ ਕਈ ਵਾਰ ਇਥੇ ਵਪਾਰ ਕਰਨ ਆਇਆ ਸਾਂ," ਇਕ ਸਿੰਘ ਨੇ ਕਿਹਾ।

"ਚਲੋ ਫਿਰ ਲੱਗੇ ਹੱਥ ਇਹ ਕੰਮ ਵੀ ਕਰਦੇ ਚੱਲੀਏ," ਸ: ਕਰਤਾਰ ਸਿੰਘ ਨੇ ਕਿਹਾ ਤੇ ਘੋੜੇ ਦੀਆਂ ਵਾਗਾਂ ਕਾਲਾ ਨਿੱਕਾ ਪਿੰਡ ਵਲ ਮੋੜ ਲਈਆਂ। ਉਹ ਸਿੰਘ ਘੋੜਾ ਤੇਜ਼ ਕਰ ਕੇ ਅੱਗੇ ਲੰਘ ਗਿਆ। ਝਟ ਘੋੜੇ ਭਜਾਂਦੇ ਇਹ ਹਵੇਲੀ ਦੇ ਦਰਵਾਜ਼ੇ ਤਕ ਜਾ ਪੁਜੇ, ਜੋ ਪੂਰੀ ਤਰ੍ਹਾਂ ਖੁੱਲ੍ਹਾ ਹੋਇਆ ਸੀ। ਘੋੜੇ 'ਤੇ ਚੜ੍ਹੇ ਸਿੰਘ ਅੰਦਰ ਲੰਘ

ਗਏ ਤੇ ਪਲੋ ਪਲੀ ਵਿਚ ਹਵੇਲੀ ਦੇ ਸਾਰੇ ਬੰਦਿਆਂ ਨੂੰ ਕਾਬੂ ਕਰ ਲਿਆ। ਸਾਰੇ ਪਿੰਡ ਵਿਚ ਖੱਪ ਪੈ ਗਈ ਤੇ ਲੋਕ ਹਥਿਆਰ ਲੈ ਕੇ ਨਿਕਲ ਆਏ, ਪਰ ਸਿੰਘਾਂ ਨੇ ਝਟ-ਪਟ ਘੋੜੇ ਖੋਲ੍ਹੇ ਤੇ ਉਹਨਾਂ 'ਤੇ ਪਲਾਕੀਆਂ ਮਾਰ ਕੇ ਪਿੰਡ ਤੋਂ ਬਾਹਰ ਨਿਕਲ ਗਏ।

ਸਿੰਘਾਂ ਦਾ ਪਿੱਛਾ ਕਰਨਾ ਬੜਾ ਕਠਨ ਸੀ, ਇਸ ਲਈ ਪਿੰਡ ਵਾਲੇ ਉਹਨਾਂ ਪਿੱਛੇ ਨਾ ਗਏ। ਇਥੋਂ ਤੇਜ਼ ਘੋੜੇ ਭਜਾਂਦੇ ਸਿੰਘ ਕਾਹਨੂੰਆਣੇ ਦੇ ਛੰਭ ਨੇੜੇ ਪਹੁੰਚ ਗਏ। ਅਜੇ ਸਵੇਰ ਦਾ ਵੇਲਾ ਸੀ ਤੇ ਸ਼ਾਹੀ ਫ਼ੌਜਾਂ ਆਪਣੇ ਤੰਬੂਆਂ ਵਿਚ ਡਟੀਆਂ ਹੋਈਆਂ ਸਨ। ਕੁਝ ਫ਼ੌਜੀ ਇਧਰ ਉਧਰ ਖੇਤਾਂ ਵਿਚ ਨਿਕਲੇ ਹੋਏ ਸਨ। ਜਦੋਂ ਦੂਰੋਂ ਧੂੜ ਉਡਦੀ ਦਿਸੀ ਤਾਂ ਸ਼ਾਹੀ ਫ਼ੌਜਾਂ ਨੇ ਪਹਿਲਾਂ ਤਾਂ ਇਹੀ ਸਮਝਿਆ ਕਿ ਹੋਰ ਫ਼ੌਜ ਸਾਡੀ ਮਦਦ ਲਈ ਲਾਹੌਰ ਤੋਂ ਆ ਰਹੀ ਹੈ ਪਰ ਫਿਰ ਇਕ ਨੇ ਕਿਹਾ, "ਲਾਹੌਰ ਵਲੋਂ ਫ਼ੌਜ ਇਸ ਰਾਹ ਕਿਵੇਂ ਆ ਸਕਦੀ ਏ ? ਆਉਣਾ ਹੁੰਦਾ ਤਾਂ ਸਾਹਮਣੇ ਪਾਸਿਉਂ ਆਉਂਦੀ।"

"ਹੋ ਸਕਦਾ ਏ ਕਿਸੇ ਫ਼ੌਜਦਾਰ ਦੀ ਭੇਜੀ ਹੋਈ ਫ਼ੌਜ ਆ ਰਹੀ ਹੋਵੇ," ਦੂਜੇ ਨੇ ਕਿਹਾ।

ਉਹਨਾਂ ਨੂੰ ਇਹ ਖ਼ਿਆਲ ਹੀ ਨਹੀਂ ਸੀ ਕਿ ਕਾਹਨੂੰਆਣੇ ਦੇ ਛੰਭ ਤੋਂ ਬਿਨਾਂ ਬਾਹਰੋਂ ਵੀ ਕਿਸੇ ਪਾਸਿਉਂ ਸਿੰਘਾਂ ਦਾ ਕੋਈ ਜਥਾ ਹਮਲਾ ਕਰਕੇ ਆ ਸਕਦਾ ਏ।

ਜਦ ਸ: ਕਰਤਾਰ ਸਿੰਘ ਨੇ ਸਾਹਮਣੇ ਦੂਰ ਤੰਬੂ ਦੇਖੇ ਤਾਂ ਘੋੜਾ ਰੋਕ ਲਿਆ। ਉਹਨਾਂ ਪਿੱਛੇ ਆ ਰਿਹਾ ਸਾਰਾ ਜਥਾ ਰੁਕ ਗਿਆ। ਸ: ਕਰਤਾਰ ਸਿੰਘ ਨੇ ਹੋਰ ਸਿਆਣੇ ਸਿੰਘਾਂ ਨਾਲ ਸਲਾਹ ਕੀਤੀ, "ਹੁਣ ਕਿਸ ਤਰ੍ਹਾਂ ਕੀਤਾ ਜਾਏ ? ਸਾਹਮਣੇ ਤੰਬੂ ਲੱਗੇ ਹੋਏ ਹਨ, ਜਿਨ੍ਹਾਂ ਤੋਂ ਸਪੱਸ਼ਟ ਹੈ ਕਿ ਸ਼ਾਹੀ ਫ਼ੌਜਾਂ ਕਾਹਨੂੰਆਣੇ ਦੇ ਛੰਭ ਨੂੰ ਘੇਰਾ ਪਾਈ ਖੜੀਆਂ ਹਨ। ਅਸੀਂ ਗਿਣਤੀ ਵਿਚ ਬਹੁਤ ਥੋੜ੍ਹੇ ਹਾਂ ਤੇ ਫਿਰ ਸਾਡੇ ਵਿਚ ਅੱਧੇ ਕੁ ਅਜਿਹੇ ਵੀ ਬੰਦੇ ਹਨ, ਜਿਨ੍ਹਾਂ ਪਹਿਲੀ ਵਾਰ ਬੰਦੂਕ ਫੜੀ ਏ, ਇਸ ਲਈ ਹਮਲਾ ਕਿਸ ਤਰ੍ਹਾਂ ਕੀਤਾ ਜਾਏ ?"

"ਤੁਸੀਂ ਦੱਸਿਆ ਸੀ ਕਿ ਤੁਹਾਨੂੰ ਇਤਲਾਹ ਦੇਣ ਗਏ ਸਿੰਘ ਦੂਰ ਦੂਰ ਤਕ ਸੁਨੇਹਾ ਦੇ ਗਏ ਹਨ। ਫਿਰ ਹੋਰ ਜਥੇ ਵੀ ਆਉਣੇ ਚਾਹੀਦੇ ਹਨ। ਜੇਕਰ ਕੁਝ ਸਮਾਂ ਨਾਲ ਦੇ ਰੁੱਖਾਂ ਦੇ ਝੁੰਡ ਓਹਲੇ ਹੋ ਕੇ ਹੋਰ ਜਥਿਆਂ ਨੂੰ ਉਡੀਕਿਆ ਜਾਏ ਤਾਂ ਚੰਗਾ ਹੈ।" ਇਕ ਸਿੰਘ ਨੇ ਸਲਾਹ ਦਿੱਤੀ।

"ਗੱਲ ਤਾਂ ਤੁਸੀਂ ਠੀਕ ਕਹੀ ਏ, ਪਰ ਹੋ ਸਕਦਾ ਏ ਕਿ ਹੋਰ ਜਥੇ ਦੂਜੇ ਰਾਹਾਂ ਤੋਂ ਆ ਜਾਣ ਜਾਂ ਦੇਰ ਨਾਲ ਪੁਜਣ, ਇਸ ਲਈ ਸਾਨੂੰ ਝਟ-ਪਟ ਕੋਈ ਕਾਰਵਾਈ ਕਰਨੀ ਚਾਹੀਦੀ ਏ।" ਇਕ ਹੋਰ ਸਿੰਘ ਨੇ ਉਤਾਵਲੇ ਹੋ ਕੇ ਕਿਹਾ।

"ਕੀ ਕਰੀਏ ਹੁਣ ?" ਸ: ਕਰਤਾਰ ਸਿੰਘ ਨੇ ਫਿਰ ਪ੍ਰਸ਼ਨ ਕੀਤਾ।

"ਮੈਂ ਤਾਂ ਕਹਿੰਦਾ ਹਾਂ ਕਿ ਸਿੱਧਾ ਹਮਲਾ ਕਰ ਦਈਏ, ਵੇਖੀ ਜਾਏਗੀ। ਸਾਡੀ ਲੜਾਈ ਸੁਣ ਕੇ ਜੰਗਲ ਵਿਚੋਂ ਸਿੰਘ ਨਿਕਲ ਆਉਣਗੇ ਤੇ ਦੋ ਦੋ ਹੱਥ ਕਰ ਲਵਾਂਗੇ।" ਇਕ ਸਿੰਘ ਨੇ ਕਿਹਾ।

ਸਿੰਘ ਅਜੇ ਸਲਾਹ ਹੀ ਕਰ ਰਹੇ ਸਨ ਕਿ ਸ਼ਾਹੀ ਫ਼ੌਜਾਂ ਨੇ ਦੂਰੋਂ ਪਛਾਣ ਲਿਆ ਕਿ ਇਹ ਤਾਂ ਸਿੰਘ ਹਨ। ਘੋੜੇ ਖੜੇ ਹੋ ਜਾਣ 'ਤੇ ਉਨ੍ਹਾਂ ਸਾਫ਼ ਦੇਖ ਲਿਆ, ਇਸ ਲਈ ਝੱਟ ਬਿਗਲ ਵਜਾ ਦਿੱਤਾ ਗਿਆ। ਫ਼ੌਜੀ ਦਬਾ ਦਬ ਕੈਂਪਾਂ ਵਿਚੋਂ ਨਿਕਲ ਆਏ ਤੇ ਹਥਿਆਰ ਸੰਭਾਲਣ ਲੱਗ ਪਏ। ਸਿੰਘਾਂ ਲਈ ਵੀ ਹੁਣ ਹੋਰ ਕੋਈ ਰਾਹ ਨਾ ਰਿਹਾ ਸਿਵਾਏ ਇਸਦੇ ਕਿ ਉਹ ਸਿੱਧੀ ਟੱਕਰ ਲੈਣ।

ਸ: ਕਰਤਾਰ ਸਿੰਘ ਨੇ ਜ਼ੋਰ ਨਾਲ ਜੈਕਾਰਾ ਛੱਡਿਆ ਤੇ ਸਾਰੇ ਸਿੰਘਾਂ ਨੇ ਬੰਦੂਕਾਂ ਤੋਂ ਗੋਲੀਆਂ ਦਾਗ ਦਿੱਤੀਆਂ। ਇਹਦੇ ਨਾਲ ਹੀ ਦੁਸ਼ਮਣ 'ਤੇ ਟੁੱਟ ਪਏ। ਸ਼ਾਹੀ ਫ਼ੌਜੀਆਂ ਨੇ ਵੀ ਗੋਲੀਆਂ ਚਲਾਈਆਂ ਜਿਨ੍ਹਾਂ ਨਾਲ ਦੋ ਸਿੰਘ ਸ਼ਹੀਦ ਹੋ ਗਏ, ਪਰ ਬਾਕੀ ਦੇ ਸਿੰਘ ਕਿਰਪਾਨਾਂ ਸੂਤ ਕੇ ਦੁਸ਼ਮਣ ਦੇ ਗਲ ਜਾ ਪਏ।

ਦੋਹਾਂ ਪਾਸਿਆਂ ਤੋਂ ਖ਼ੂਬ ਤਲਵਾਰਾਂ ਚੱਲੀਆਂ। ਸ਼ਾਹੀ ਫ਼ੌਜਾਂ ਨੇ ਵੀ ਅੱਜ ਪਹਿਲੀ ਵਾਰ ਸਿੰਘਾਂ ਨਾਲ ਜੰਮ ਕੇ ਲੜਾਈ ਕੀਤੀ। ਇਕ ਪਾਸੇ 'ਸਤਿ ਸ੍ਰੀ ਅਕਾਲ' ਤੇ ਦੂਜੇ ਪਾਸੇ 'ਅੱਲਾ ਹੂ ਅਕਬਰ' ਦੇ ਨਾਹਰਿਆਂ ਨਾਲ ਜਵਾਨ ਹੋਰ ਰੋਹ ਨਾਲ ਅੱਗੇ ਵਧ ਵਧ ਕੇ ਤਲਵਾਰਾਂ ਮਾਰਦੇ ਰਹੇ। ਜੰਗੀ ਘੋੜੇ ਮੈਦਾਨ ਵਿਚ ਤੇਜ਼ੀ ਨਾਲ ਇਧਰ ਉਧਰ ਭੱਜ ਰਹੇ ਸਨ।

ਇਸ ਲੜਾਈ ਵਿਚ ਨਾਹਰਿਆਂ ਦੀਆਂ ਆਵਾਜ਼ਾਂ ਕਾਹਨੂੰਆਣੇ ਦੇ ਛੰਭ ਵਿਚ ਦੂਰ ਦੂਰ ਤਕ ਪੁੱਜੀਆਂ। ਸੂਹੀਏ ਨੇ ਵੀ ਜਾ ਕੇ ਖ਼ਬਰ ਦਿੱਤੀ ਕਿ ਬਾਹਰੋਂ ਸਿੰਘਾਂ ਦਾ ਕੋਈ ਜਥਾ ਆ ਰਿਹਾ ਸੀ ਜਿਸ ਨਾਲ ਸ਼ਾਹੀ ਫ਼ੌਜ ਲੜ ਰਹੀ ਹੈ। ਸੂਹੀਏ ਨੇ ਦੱਸਿਆ ਕਿ ਸਿੰਘ ਤਾਂ ਗਿਣਤੀ ਵਿਚ ਬਹੁਤ ਹੀ ਥੋੜ੍ਹੇ ਜਾਪਦੇ ਹਨ ਜਿਨ੍ਹਾਂ ਨੂੰ ਚਾਰ ਚੁਫ਼ੇਰੇ ਤੋਂ ਸ਼ਾਹੀ ਫ਼ੌਜ ਨੇ ਘੇਰਿਆ ਹੋਇਆ ਹੈ। ਸ਼ਾਹੀ ਫ਼ੌਜ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਹੀ ਹੋਵੇਗੀ।

ਜੰਗਲ ਵਿਚੋਂ ਸਿੰਘ ਜੈਕਾਰੇ ਲਾਂਦੇ ਆ ਗਏ। ਉਨ੍ਹਾਂ ਦੇ ਆਉਣ ਨਾਲ ਸ਼ਾਹੀ ਫ਼ੌਜ ਨੂੰ ਹੁਣ ਦੋ ਪਾਸੜ ਲੜਨਾ ਪੈ ਗਿਆ। ਇਧਰ ਸ: ਕਰਤਾਰ ਸਿੰਘ ਦੇ ਜਥੇ ਨੇ ਹੋਰ ਵਧੇਰੇ ਜੋਸ਼ ਨਾਲ ਅੱਗੇ ਵਧਣਾ ਸ਼ੁਰੂ ਕਰ ਦਿੱਤਾ।

ਜਿਨ੍ਹਾਂ ਪਹਿਲੀ ਵਾਰੀ ਲੜਾਈ ਵਿਚ ਹਿੱਸਾ ਲਿਆ ਸੀ, ਉਨ੍ਹਾਂ ਵੀ ਆਪਣੀ ਜਾਨ ਤੋਂ ਵਧ ਕੇ ਬੀਰਤਾ ਦਿਖਾਈ ਤੇ ਝੱਟ ਹੀ ਸ਼ਾਹੀ ਫ਼ੌਜ ਦੇ ਪੈਰ ਉਖੜ ਗਏ।

ਸਿੰਘਾਂ ਦੇ ਦੋਵੇਂ ਜਥੇ ਇਕੱਠੇ ਹੋ ਗਏ। ਇਸ ਨਾਲ ਹੋਰ ਹੌਂਸਲਾ ਵਧ ਗਿਆ। ਅਣਖ ਤੇ ਧਰਮ ਲਈ ਮਰਨ ਵਾਲਿਆਂ ਦਾ ਟਾਕਰਾ ਟਕਿਆਂ ਦੇ ਨੌਕਰਾਂ ਨੇ ਕੀ ਕਰਨਾ ਸੀ। ਕੁਝ ਘੰਟਿਆਂ ਦੀ ਲੜਾਈ ਪਿਛੋਂ ਮੈਦਾਨ ਖ਼ਾਲੀ ਹੋ ਗਿਆ ਤੇ ਰਾਤ ਪੈਣ ਤੋਂ ਪਹਿਲਾਂ ਹੀ ਲੜਾਈ ਜਿੱਤੀ ਗਈ।

ਸਿੰਘਾਂ ਨੇ ਮੈਦਾਨ ਵਿਚ ਫਿਰ ਕੇ ਲਾਸ਼ਾਂ ਨੂੰ ਸੰਭਾਲਿਆ। ਜੋ ਫੱਟੜ ਸਿਸਕ ਰਹੇ ਸਨ, ਉਨ੍ਹਾਂ ਨੂੰ ਚੁਕ ਕੇ ਜੰਗਲ ਵਿਚ ਲੈ ਗਏ ਤੇ ਮਲ੍ਹਮ ਪੱਟੀ ਕੀਤੀ। ਫੱਟੜਾਂ ਦੀ ਸੰਭਾਲ ਵਿਚ ਸਿੰਘਾਂ ਨੇ ਵੈਰੀਆਂ ਨਾਲ ਵੀ ਉਸੇ ਤਰ੍ਹਾਂ ਦਾ ਵਰਤਾਓ ਕੀਤਾ ਜਿਸ ਤਰ੍ਹਾਂ ਦਾ ਆਪਣੇ ਬਹਾਦਰ ਜਵਾਨਾਂ ਨਾਲ ਕਰਦੇ ਰਹੇ।

ਤਰਕਾਲਾਂ ਵੇਲਾ ਹੋ ਗਿਆ ਸੀ। ਇਸ ਲਈ ਰਹਿਰਾਸ ਸਾਹਿਬ ਦਾ ਪਾਠ ਕੀਤਾ ਗਿਆ ਤੇ ਉਸ ਪਿਛੋਂ ਜਥੇਦਾਰ ਨੇ ਉਠ ਕੇ ਤਕਰੀਰ ਕੀਤੀ ਜਿਸ ਵਿਚ ਮਰਨ ਵਾਲੇ ਸਿੰਘਾਂ ਤੇ ਫੱਟੜਾਂ ਦੀਆਂ ਕੁਰਬਾਨੀਆਂ ਦੀ ਰੱਜਵੀਂ ਸ਼ਲਾਘਾ ਕੀਤੀ। ਜਥੇਦਾਰ ਨੇ ਕਿਹਾ, "ਯਾਦ ਰੱਖੋ ਖ਼ਾਲਸਾ ਜੀ, ਸਾਡੀਆਂ ਇਹ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਕੌਮਾਂ ਦੇ ਇਤਿਹਾਸ ਬਣਾਉਣ ਲਈ ਵੱਡੀਆਂ ਵੱਡੀਆਂ ਕੁਰਬਾਨੀਆਂ ਦੇਣੀਆਂ ਹੀ ਪੈਂਦੀਆਂ ਹਨ। ਸ਼ਹੀਦਾਂ ਦਾ ਖ਼ੂਨ ਡੁਲ੍ਹਣ ਨਾਲ ਕੌਮਾਂ ਦੀ ਤਕਦੀਰ ਬਦਲ ਜਾਂਦੀ ਹੈ ਤੇ ਦੇਸ਼ ਦੀ ਤਸਵੀਰ ਬਦਲ ਜਾਂਦੀ ਹੈ। ਇਸ ਲਈ ਅਸੀਂ ਇਸ ਜ਼ੁਲਮ ਦੇ ਪਹਾੜ ਨਾਲ ਟਕਰਾ ਰਹੇ ਹਾਂ, ਉਹ ਛੇਤੀ ਹੀ ਟੁੱਟ ਜਾਏਗਾ ਤੇ ਸਫਲਤਾ ਤੁਹਾਡੇ ਕਦਮ ਚੁੰਮੇਗੀ। ਅੱਜ ਦੀ ਇਹ ਝੜਪ ਸਾਡੀ ਸ਼ਾਹੀ ਫ਼ੌਜ ਨਾਲ ਇਸ ਜੰਗਲ ਦੇ ਬਾਹਰ ਪਹਿਲੀ ਝੜਪ ਹੈ ਤੇ ਇਸ ਪਿਛੋਂ ਅਜੇ ਸਾਨੂੰ ਵੱਡੀ ਲੜਾਈ ਲਈ ਤਿਆਰ ਰਹਿਣਾ ਚਾਹੀਦਾ ਹੈ।"

ਰਾਤ ਦਾ ਲੰਗਰ ਛੱਕ ਕੇ ਜਦ ਸਿੰਘ ਵੇਹਲੇ ਹੋ ਗਏ ਤੇ ਆਪਣੇ ਆਪਣੇ ਟਿਕਾਣਿਆਂ ਵਲ ਆਰਾਮ ਕਰਨ ਲਈ ਚਲੇ ਗਏ ਤਾਂ ਕਰਤਾਰ ਸਿੰਘ ਨੇ ਜਥੇਦਾਰ ਦੇ ਡੇਰੇ ਜਾ ਕੇ ਆਵਾਜ਼ ਦਿਤੀ, "ਜਥੇਦਾਰ ਜੀ।"

"ਆ ਜਾਉ ਅੰਦਰ," ਜਥੇਦਾਰ ਨੇ ਕੱਖਾਂ ਕਾਨਿਆਂ ਦੀ ਝੁੱਗੀ ਵਿਚੋਂ ਹੀ ਅਵਾਜ਼ ਦਿੱਤੀ।

ਕਰਤਾਰ ਸਿੰਘ ਅੰਦਰ ਲੰਘ ਗਿਆ ਤੇ ਜਥੇਦਾਰ ਦੇ ਕੋਲ ਜਾ ਬੈਠਾ।

"ਦੱਸੋ ਇਸ ਵੇਲੇ ਕਿਧਰ ਆਏ ਓ?" ਜਥੇਦਾਰ ਨੇ ਪੁੱਛਿਆ।

"ਮੈਂ ਇਕ ਅਰਜ਼ ਕਰਨੀ ਸੀ," ਕਰਤਾਰ ਸਿੰਘ ਨੇ ਝਕਦਿਆਂ ਝਕਦਿਆਂ ਕਿਹਾ।

"ਦੱਸੋ।"

"ਮੈਂ ਪਿੰਡ ਜਾਣਾ ਚਾਹੁੰਦਾ ਹਾਂ," ਕਰਤਾਰ ਸਿੰਘ ਨੇ ਕਿਹਾ।

"ਕਿਉਂ, ਕੀ ਗੱਲ ਏ?" ਜਥੇਦਾਰ ਨੇ ਕਿਹਾ, "ਝਕਦੇ ਕਿਉਂ ਹੋ, ਦੱਸੋ ਕੀ

ਕਾਰਨ ਏ ?"

"ਮੇਰੀ ਅੱਜ ਜੰਞ ਜਾਣੀ ਸੀ ਤੇ ਕਲ੍ਹ ਵਿਆਹ ਏ, ਪਰ ਤੁਹਾਡਾ ਹੁਕਮ ਮਿਲਦਿਆਂ ਮੈਂ ਉਸੇ ਵੇਲੇ ਆ ਗਿਆ ਹਾਂ।"

"ਅੱਛਾ, ਤੁਹਾਡਾ ਵਿਆਹ ਏ, ਇਹ ਤਾਂ ਬੜੀ ਖ਼ੁਸ਼ੀ ਦੀ ਗੱਲ ਏ। ਜ਼ਰੂਰ ਜਾਓ। ਮੈਂ ਤੁਹਾਡੀ ਇਸ ਕੁਰਬਾਨੀ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਤੁਸੀਂ ਵਿਆਹ ਵਿਚੇ ਛੱਡ ਕੇ ਆ ਗਏ ਹੋ।" ਜਥੇਦਾਰ ਨੇ ਕਿਹਾ।

"ਇਹ ਤਾਂ ਮੇਰਾ ਫ਼ਰਜ਼ ਸੀ," ਕਰਤਾਰ ਸਿੰਘ ਨੇ ਕਿਹਾ, "ਮੈਂ ਕਲ੍ਹ ਹੀ ਵਾਪਸ ਆ ਜਾਵਾਂਗਾ।"

"ਨਹੀਂ, ਇਤਨੀ ਕਾਹਲੀ ਦੀ ਲੋੜ ਨਹੀਂ, ਤੁਸੀਂ ਬੇਸ਼ਕ ਦੋ ਚਾਰ ਦਿਨ ਲਾ ਆਓ, ਜਦ ਲੋੜ ਪਈ ਅਸੀਂ ਆਪ ਬੁਲਾ ਲਵਾਂਗੇ, ਕਿਹੜਾ ਤੁਹਾਡਾ ਪਿੰਡ ਦੂਰ ਏ," ਜਥੇਦਾਰ ਨੇ ਕਰਤਾਰ ਸਿੰਘ ਨੂੰ ਥਾਪੀ ਦੇਂਦਿਆਂ ਕਿਹਾ, "ਜਾਓ, ਗੁਰੂ ਰਾਖਾ, ਤੁਹਾਨੂੰ ਅਕਾਲ ਪੁਰਖ ਜੀਵਨ ਦੀਆਂ ਵੱਧ ਤੋਂ ਵੱਧ ਖ਼ੁਸ਼ੀਆਂ ਬਖਸ਼ੇ।"

ਕਰਤਾਰ ਸਿੰਘ ਨੇ ਛੁੱਟੀ ਲਈ ਤੇ ਘੋੜਾ ਲੈ ਕੇ ਚਲ ਪਿਆ। ਬਹੁਤ ਸਾਰੇ ਸਿੰਘ ਜੰਗਲ ਦੇ ਬਾਹਰ ਤਕ ਉਹਨੂੰ ਛੱਡਣ ਆਏ।

ਰਾਤ ਦਾ ਹਨੇਰਾ ਚਾਰ-ਚੁਫ਼ੇਰੇ ਪਸਰ ਚੁਕਿਆ ਸੀ। ਕਰਤਾਰ ਸਿੰਘ ਘੋੜਾ ਭਜਾਂਦਾ ਆਪਣੇ ਸਹੁਰੇ ਪਿੰਡ ਨੂੰ ਜਾ ਰਿਹਾ ਸੀ। ਉਸ ਸੋਚਿਆ ਕਿ ਜੰਞ ਸ਼ਾਮ ਨੂੰ ਉਥੇ ਪਹੁੰਚ ਗਈ ਹੋਵੇਗੀ, ਪਰ ਸਾਰੇ ਇਸ ਗੱਲ ਤੋਂ ਹੈਰਾਨ ਹੋਣਗੇ ਕਿ ਵਿਆਹ ਵਾਲਾ ਮੁੰਡਾ ਨਾਲ ਹੀ ਨਹੀਂ। ਲਾੜੇ ਤੋਂ ਬਿਨਾ ਜੰਞ ਵੀ ਕੀ ਹੋਈ।

ਸਾਰੀ ਰਾਤ ਸਫ਼ਰ ਕਰਦਿਆਂ ਕਰਤਾਰ ਸਿੰਘ ਨੇ ਬਹੁਤ ਸਾਰਾ ਪੈਂਡਾ ਮੁਕਾ ਲਿਆ। ਅੰਮ੍ਰਿਤ ਵੇਲੇ ਉਹ ਇਕ ਪਿੰਡ ਨੇੜੇ ਪਹੁੰਚ ਗਿਆ। ਉਸ ਨੂੰ ਅੱਗੋਂ ਰਾਹ ਦਾ ਪੂਰਾ ਪਤਾ ਨਹੀਂ ਸੀ, ਇਸ ਲਈ ਪਤਾ ਕਰਨ ਲਈ ਉਹ ਪਿੰਡ ਵੱਲ ਟੁਰ ਪਿਆ। ਉਸ ਸਵੇਰੇ ਸਵੇਰੇ ਚਾਰ-ਚੁਫ਼ੇਰੇ ਦੇਖਿਆ, ਪਰ ਅਜ ਧੁੰਦ ਬਹੁਤ ਸੀ, ਇਸ ਲਈ ਖੇਤਾਂ ਵਿਚ ਉਹਨੂੰ ਕੋਈ ਬੰਦਾ ਨਾ ਦਿਸਿਆ।

ਪਿੰਡ ਦੇ ਬਾਹਰ ਹੀ ਖੂਹ 'ਤੇ ਇਕ ਬੁੱਢਾ ਨਹਾ ਰਿਹਾ ਸੀ। ਕਰਤਾਰ ਸਿੰਘ ਨੇ ਉਸ ਕੋਲੋਂ ਰਾਹ ਪੁਛਿਆ ਤਾਂ ਉਸ ਉਂਗਲੀ ਦਾ ਇਸ਼ਾਰਾ ਕਰਕੇ ਕਿਹਾ ਕਿ ਇਸੇ ਪਾਸੇ ਸਿੱਧੇ ਚਲੇ ਜਾਓ, ਦੋ ਕੁ ਕੋਹ 'ਤੇ ਪਿੰਡ ਹੈ।

ਕਰਤਾਰ ਸਿੰਘ ਨੇ ਘੋੜਾ ਭਜਾ ਦਿੱਤਾ। ਅਜੇ ਕੁਝ ਵਿੱਥ 'ਤੇ ਹੀ ਗਿਆ ਸੀ ਕਿ ਆਵਾਜ਼ ਆਈ, "ਠਹਿਰ ਜਾਓ।"

ਕਰਤਾਰ ਸਿੰਘ ਨੇ ਆਸੇ ਪਾਸੇ ਧਿਆਨ ਨਾਲ ਵੇਖਿਆ, ਪਰ ਕੁਝ ਨਾ ਦਿਸਿਆ।

ਜਦ ਜ਼ਰਾ ਕੁ ਅੱਗੇ ਗਿਆ ਤਾਂ ਠਾਹ ਕਰਕੇ ਗੋਲੀ ਚੱਲੀ ਜੋ ਸਿੱਧੀ ਕਰਤਾਰ ਸਿੰਘ ਦੇ ਘੋੜੇ ਨੂੰ ਵੱਜੀ। ਵੇਖਿਆ ਤਾਂ ਸਾਹਮਣੇ ਸ਼ਾਹੀ ਫ਼ੌਜ ਦਾ ਇਕ ਛੋਟਾ ਜਿਹਾ ਦਸਤਾ ਸੜਕ 'ਤੇ ਆਉਂਦਾ ਦਿਸਿਆ। ਕਰਤਾਰ ਸਿੰਘ ਨੇ ਰਾਹ ਛੱਡ ਕੇ ਘੋੜੇ ਨੂੰ ਵੱਟ 'ਤੇ ਪਾ ਲਿਆ ਤੇ ਭੱਜ ਪਿਆ।

ਧੁੰਦ ਬਹੁਤ ਸੀ ਜਿਸ ਕਰਕੇ ਸ਼ਾਹੀ ਫ਼ੌਜ ਨੂੰ ਚੰਗੀ ਤਰ੍ਹਾਂ ਪਤਾ ਨਾ ਲਗ ਸਕਿਆ ਕਿ ਸਿਖ ਕਿਧਰ ਚਲਾ ਗਿਆ ਹੈ। ਉਹਨਾਂ ਇਧਰ ਉਧਰ ਦੇਖਿਆ ਪਰ ਕੁਝ ਪਤਾ ਨਾ ਲੱਗਾ।

ਗਰਮੀ ਵਿਚ ਘੋੜਾ ਫਰਲਾਂਗ ਤਕ ਤਾਂ ਭੱਜਾ ਗਿਆ ਪਰ ਫਿਰ ਗੋਲੀ ਲੱਗਣ ਨਾਲ ਖ਼ੂਨ ਨੁੱਚੜ ਜਾਣ ਕਾਰਨ ਘੋੜਾ ਡਿਗ ਪਿਆ। ਤੇਜ਼ ਜਾਂਦਿਆਂ ਘੋੜਾ ਐਨ ਉਸ ਥਾਂ ਡਿਗਾ ਜਿਥੇ ਇਕ ਪਾਸੇ ਵੱਡਾ ਸਾਰਾ ਪੱਥਰ ਪਿਆ ਸੀ ਜਿਸ ਦੇ ਉੱਤੇ ਕਰਤਾਰ ਸਿੰਘ ਜਾ ਡਿੱਗਾ।

ਕਰਤਾਰ ਸਿੰਘ ਦਾ ਸਿਰ ਪਾਟ ਗਿਆ ਤੇ ਖੱਬੀ ਬਾਂਹ ਟੁੱਟ ਗਈ। ਸਿਰ ਵਿਚੋਂ ਖ਼ੂਨ ਬਹੁਤ ਵਗਣ ਲੱਗ ਪਿਆ। ਕਰਤਾਰ ਸਿੰਘ ਉਠ ਕੇ ਨੱਸਣ ਲੱਗਾ ਪਰ ਉਹਦੇ ਸਿਰ ਨੂੰ ਚੱਕਰ ਆ ਗਿਆ ਤੇ ਉਹ ਧੜੱਮ ਕਰਕੇ ਡਿੱਗ ਪਿਆ।

੩

ਸ਼ਾਮ ਤਕ ਉਡੀਕ ਹੁੰਦੀ ਰਹੀ ਪਰ ਕਰਤਾਰ ਸਿੰਘ ਘਰ ਨਾ ਪਹੁੰਚਿਆ। ਘੜੀ ਮੁੜੀ ਜਾਂਦੀ ਗਲੀ ਦੇ ਸਿਰੇ ਤਕ ਜਾਂਦੇ ਤੇ ਦੂਰ ਤਕ ਨਜ਼ਰ ਮਾਰਦੇ ਤੇ ਜਦੋਂ ਕਰਤਾਰ ਸਿੰਘ ਨਜ਼ਰ ਨਾ ਆਉਂਦਾ ਤਾਂ ਵਾਪਸ ਨਿਰਾਸ਼ ਪਰਤ ਜਾਂਦੇ। ਘਰ ਦੇ ਬੂਹੇ ਵਿਚ ਖੜੀਆਂ ਜ਼ਨਾਨੀਆਂ ਪਰਤ ਕੇ ਆਉਂਦੇ ਮਰਦਾਂ ਦੇ ਚਿਹਰੇ ਤੋਂ ਹੀ ਅਨੁਮਾਨ ਲਾ ਲੈਂਦੀਆਂ ਕਿ ਉਹ ਨਹੀ ਆਇਆ।

"ਹੁਣ ਕੀ ਕੀਤਾ ਜਾਏ ?" ਕਰਤਾਰ ਸਿੰਘ ਦੇ ਚਾਚੇ ਨੇ ਆਪਣੇ ਭਰਾ ਤੋਂ ਪੁੱਛਿਆ।

"ਕਰਨਾ ਕੀ ਏ, ਬਹੀਏ ਆਰਾਮ ਕਰਕੇ, ਹੋਰ ਹੁਣ ਕੀ ਕਰ ਸਕਦੇ ਹਾਂ, ਵਿਆਹ ਤਾਂ ਆਖ਼ਰ ਉਸੇ ਦਾ ਹੋਣਾ ਏ, ਅਸੀਂ ਤਾਂ ਕਰਾ ਨਹੀਂ ਲੈਣਾ।" ਨਿਰਾਸ਼ ਹੋ ਕੇ ਕਰਤਾਰ ਸਿੰਘ ਦੇ ਪਿਤਾ ਨੇ ਕਿਹਾ।

"ਮੇਰਾ ਪੁੱਤਰ ਇਸ ਤਰ੍ਹਾਂ ਦਾ ਨਹੀਂ, ਮੈਨੂੰ ਯਕੀਨ ਏ ਕਿ ਜ਼ਰੂਰ ਆਏਗਾ। ਉਸ ਇਕਰਾਰ ਕੀਤਾ ਏ ਤੇ ਅੱਜ ਤਕ ਉਹ ਹਰ ਇਕਰਾਰ ਪੂਰਾ ਕਰਦਾ ਰਿਹਾ ਏ, ਇਸ ਲਈ ਅਵੱਸ਼ ਆਏਗਾ।" ਕਰਤਾਰ ਦੀ ਮਾਂ ਨੇ ਕਿਹਾ।

"ਆਏਗਾ ਕਦੋਂ ਜਦੋਂ ਵੇਲਾ ਲੰਘ ਜਾਏਗਾ, ਉਹਨੂੰ ਵੀ ਕੁਝ ਖ਼ਿਆਲ ਚਾਹੀਦਾ ਸੀ ਕਿ ਮੈਂ ਕਦੋਂ ਚਲਿਆ ਹਾਂ। ਕਿੰਨੀ ਵਾਰ ਸਮਝਾਇਆ ਏ ਪਰ ਉਹਨੂੰ ਕੋਈ ਗੱਲ ਪੋਂਹਦੀ ਹੀ ਨਹੀਂ।" ਤਾਰਾ ਚੰਦ ਨੇ ਕਿਹਾ, "ਗਿਆ ਏ ਲੜਾਈ ਵਿਚ ਪਤਾ ਨਹੀਂ ਅੱਜ ਮੁਕੇ ਜਾਂ ਹਫ਼ਤਾ ਪੂਰਾ ਚਲਦੀ ਰਹੇ। ਫਿਰ ਕੀ ਪਤਾ ਉਥੇ ਕੀ ਹਾਲ ਹੁੰਦਾ ਏ।"

"ਮੇਰੇ ਪੁੱਤਰ ਨੂੰ ਸੱਤੀਂ ਵੀਹ ਖ਼ੈਰ ਏ," ਕੇਸਰੋ ਨੇ ਕਿਹਾ, "ਤੁਸੀਂ ਜੰਞ ਲੈ ਕੇ ਚੱਲੋ ਤੇ ਉਹ ਹੁਣੇ ਘੋੜੇ 'ਤੇ ਪਹੁੰਚ ਜਾਏਗਾ।"

"ਉਸ ਪਹੁੰਚਣਾ ਏ ਮੋਇਆਂ ਦੀ ਮੰਡੀ," ਤਾਰਾ ਚੰਦ ਨੇ ਕੁਝ ਗੁੱਸੇ ਵਿਚ ਖਿੱਝ ਕੇ ਕਿਹਾ, "ਜਾਈਏ ਤੇ ਹੋਰ ਬਦਨਾਮੀ ਖੱਟੀਏ।"

"ਹੱਦ ਹੋ ਗਈ, ਲਾੜੇ ਬਿਨਾਂ ਜੰਞ ਦੀ ਕੀ ਕੀਮਤ ਏ। ਸਾਨੂੰ ਤੇ ਕਿਸੇ ਪਾਣੀ ਵੀ ਨਹੀਂ ਪੁੱਛਣਾ; ਸਗੋਂ ਲੋਕੀਂ ਝੇੜਾਂ ਕਰਨਗੇ।" ਤਾਰਾ ਚੰਦ ਦੇ ਭਰਾ ਨੇ ਕਿਹਾ।

"ਫਿਰ ਹੁਣ ਘਰ ਬੈਠਿਆਂ ਨਾ ਝੇੜਾਂ ਹੋਣਗੀਆਂ ?" ਕੇਸਰੋ ਨੇ ਪੁੱਛਿਆ।

"ਇਹੀ ਤਾਂ ਮੈਂ ਸੋਚਦਾ ਹਾਂ ਕਿ ਕੜਿਕੀ ਵਿਚ ਫਸ ਗਏ ਹਾਂ। ਜੇਕਰ ਜਾਈਏ ਤਾਂ ਕਿਹੜਾ ਮੂੰਹ ਲੈ ਕੇ ਜਾਈਏ ਤੇ ਜੇ ਨਾ ਗਏ ਤਾਂ ਉਹ ਵਿਚਾਰੇ ਉਡੀਕਦੇ ਹੋਣਗੇ। ਉਹਨਾਂ ਘੋੜਿਆਂ 'ਤੇ ਬੰਦੇ ਭਜਾ ਦੇਣੇ ਨੇ। ਬੜਾ ਵਖਤ ਪਾਇਆ ਏ ਇਸ ਮੁੰਡੇ ਨੇ।" ਤਾਰਾ ਚੰਦ ਨੇ ਕਿਹਾ।

ਸਾਰੇ ਚੁੱਪ ਕਰ ਕੇ ਸੋਚਣ ਲੱਗ ਪਏ ਤੇ ਝਟ ਹੀ ਤਾਰਾ ਚੰਦ ਨੇ ਕਿਹਾ, "ਚਲੋ ਇੰਜ ਕਰਦੇ ਹਾਂ ਕਿ ਅੱਜ ਕੀਤੇ ਇਕਰਾਰ ਅਨੁਸਾਰ ਜੰਞ ਲੈ ਚਲਦੇ ਹਾਂ। ਜੇ ਕਰਤਾਰ ਕਲ੍ਹ ਸਵੇਰ ਤਕ ਨਾ ਆਇਆ ਤਾਂ ਇਕ ਅੱਧਾ ਦਿਨ ਹੋਰ ਉਡੀਕ ਲਵਾਂਗੇ। ਲੋਕੀਂ ਕਈ ਕਈ ਦਿਨ ਜੰਞਾਂ ਰਖਦੇ ਨੇ, ਅਸੀਂ ਵੀ ਦੋ ਦਿਨ ਰਹਿ ਲਵਾਂਗੇ। ਫਿਰ ਤਾਂ ਆ ਹੀ ਜਾਵੇਗਾ।"

ਇਹ ਸੁਝਾਓ ਸਾਰਿਆਂ ਨੂੰ ਪਸੰਦ ਆ ਗਿਆ। ਜੰਞ ਦੀ ਤਿਆਰੀ ਪਹਿਲਾਂ ਹੀ ਪੂਰੀ ਸੀ। ਵਾਜਿਆਂ ਵਾਲੇ ਆ ਗਏ ਤੇ ਜੰਞ ਬਿਨਾਂ ਲਾੜੇ ਦੇ ਟੁਰ ਪਈ।

ਅਜੇ ਗਲੀ ਦੇ ਸਿਰੇ 'ਤੇ ਹੀ ਪੁੱਜੇ ਸਨ ਕਿ ਦੂਰੋਂ ਰਾਹ 'ਤੇ ਧੂੜ ਉਡਦੀ ਦਿਸੀ। ਸਾਰਿਆਂ ਦੇ ਚਿਹਰਿਆਂ 'ਤੇ ਰੌਣਕ ਆ ਗਈ। ਕੇਸਰੋ ਨੇ ਝਟ ਕਿਹਾ, "ਮੈਂ ਨਹੀਂ ਸੀ ਤੁਹਾਨੂੰ ਕਿਹਾ ਕਿ ਮੇਰਾ ਪੁੱਤਰ ਜ਼ਰੂਰ ਆਏਗਾ। ਉਹ ਕੌਲ ਕਰ ਕੇ ਕਦੇ ਫਿਰਦਾ ਨਹੀਂ।"

"ਚਲੋ ਚੰਗੀ ਗੱਲ ਏ," ਕਰਤਾਰ ਦੇ ਚਾਚੇ ਨੇ ਕਿਹਾ, "ਠਹਿਰ ਬਈ ਆ ਲੈਣ

ਦਿਓ ਕਰਤਾਰ ਨੂੰ। ਜਾਓ ਨੀ ਕੁੜੀਓ ਲੈ ਕੇ ਮੌਲੀ ਤੇ ਗੁੰਦੋ ਘੋੜੀ ਦੀ ਵਾਗ। ਕੁੜੇ ਈਸ਼ਰ ਕੌਰੇ, ਕਹਿੰਦੀ ਸੈਂ ਦਿਓਰ ਦੀ ਅੱਖ ਵਿਚ ਸੁਰਮਾ ਪਾਣਾ ਏ। ਤੇਰੀ ਵੀ ਰੀਝ ਪੂਰੀ ਹੋ ਜਾਏ।"

ਜਦ ਧੂੜ ਬਹੁਤ ਨੇੜੇ ਆ ਗਈ ਤਾਂ ਉਸ ਵਿਚੋਂ ਘੋੜਿਆਂ ਦੀਆਂ ਸ਼ਕਲਾਂ ਦਿਸਣ ਲੱਗ ਪਈਆਂ। ਇਹ ਇਕ ਨਹੀਂ ਇਹ ਤਾਂ ਕਈ ਘੋੜੇ ਸਨ। ਬਹੁਤੇ ਘੋੜੇ ਦੇਖ ਕੇ ਫਿਰ ਆਸਾਂ ਵਿਚੇ ਰਹਿੰਦੀਆਂ ਜਾਪੀਆਂ।

"ਇਹ ਤਾਂ ਸ਼ਾਹੀ ਫ਼ੌਜ ਲਗਦੀ ਏ," ਇਕ ਜਾਂਞੀ ਨੇ ਕਿਹਾ।

"ਜਾਪਦਾ ਤਾਂ ਇਸੇ ਤਰ੍ਹਾਂ ਏ, ਇਹ ਕਰਤਾਰ ਨਹੀਂ ਆਉਂਦਾ," ਚਾਚੇ ਨੇ ਨਿਰਾਸ਼ ਹੋ ਕੇ ਲੰਮਾ ਸਾਹ ਲੈਂਦਿਆਂ ਹੋਇਆਂ ਕਿਹਾ।

"ਨਹੀਂ ਓਏ, ਸਵਾਰ ਤਾਂ ਸਿਖ ਈ ਨੇ," ਇਕ ਹੋਰ ਬੋਲ ਪਿਆ।

- ਘੋੜ-ਸਵਾਰ ਗਲੀ ਦੇ ਸਿਰੇ 'ਤੇ ਆ ਗਏ। ਸਾਰੇ ਸਿਖ ਸਨ, ਪਰ ਉਹਨਾਂ ਵਿਚ ਕਰਤਾਰ ਸਿੰਘ ਨਹੀਂ ਸੀ।

ਘੋੜੇ ਖੜੇ ਹੋ ਗਏ ਤੇ ਘੋੜ-ਸਵਾਰ ਹੈਰਾਨ ਸਨ ਕਿ ਸਾਰੀ ਜੰਞ ਬੜੀ ਨਿਰਾਸ਼ ਤੇ ਹੈਰਾਨ ਖੜੀ ਏ। ਬਿਟ ਬਿਟ ਉਹਨਾਂ ਦੇ ਮੂੰਹ ਵੱਲ ਤੱਕੀ ਜਾਂਦੇ ਨੇ ਪਰ ਬੋਲਦਾ ਕੋਈ ਨਹੀਂ। ਅਖੀਰ ਇਕ ਸਿੰਘ ਨੇ ਪੁੱਛਿਆ, "ਭਾਈ ਤਾਰਾ ਚੰਦ ਹੋਰੀਂ ਕਿਹੜੇ ਨੇ ?"

"ਦੱਸੋ, ਮੈਂ ਹਾਂ," ਤਾਰਾ ਚੰਦ ਨੇ ਕਿਹਾ, "ਕਰਤਾਰ ਨੂੰ ਨਹੀਂ ਜੇ ਆਂਦਾ ? ਉਹਨੂੰ ਕਿਥੇ ਛੱਡ ਆਏ ਹੋ ?"

"ਕਰਤਾਰ ਸਿੰਘ ਨੂੰ ਅਸੀਂ ਛੱਡ ਆਏ ਹਾਂ ?" ਇਕ ਸਿੰਘ ਨੇ ਹੈਰਾਨ ਹੋ ਕੇ ਪੁੱਛਿਆ।

"ਹੋਰ ਮੈਂ ਛੱਡ ਆਇਆ ਹਾਂ," ਤਾਰਾ ਚੰਦ ਨੇ ਖਿੱਝ ਕੇ ਕਿਹਾ, "ਕਲ੍ਹ ਰਾਤ ਤੁਹਾਡੇ ਵਰਗੇ ਦੋ ਬੰਦੇ ਆਏ ਸੀ ਜੋ ਲੈ ਗਏ ਨੇ।"

"ਇਹ ਤਾਂ ਠੀਕ ਏ," ਇਕ ਸਿੰਘ ਨੇ ਕਿਹਾ, "ਪਰ ਉਹ ਤਾਂ ਬੜੀ ਦੇਰ ਦਾ ਕਾਹਨੂੰਆਣੇ ਛੰਭ ਵਿਚੋਂ ਆ ਗਿਆ ਏ, ਸਾਨੂੰ ਪਿਛੋਂ ਪਤਾ ਲੱਗਾ ਕਿ ਉਹ ਵਿਆਹ ਕਰਾਉਣ ਲਈ ਭੱਜ ਆਇਆ ਏ ਅਤੇ ਜਥੇਦਾਰ ਹੋਰਾਂ ਸਾਨੂੰ ਉਹਨਾਂ ਨਾਲ ਜਾਣ ਲਈ ਭੇਜਿਆ ਏ।"

"ਹੈਂ, ਉਹ ਤੁਹਾਡੇ ਤੋਂ ਪਹਿਲਾਂ ਦਾ ਚਲਿਆ ਹੋਇਆ ਏ ? ਪਰ ਇਥੇ ਤਾਂ ਪੁੱਜਾ ਨਹੀਂ ਫਿਰ ਚਲਾ ਕਿਧਰ ਗਿਆ ?" ਤਾਰਾ ਚੰਦ ਨੇ ਹੈਰਾਨ ਹੋ ਕੇ ਪੁੱਛਿਆ।

"ਕਿਧਰੇ ਸਿੱਧਾ ਸਹੁਰੇ ਪਿੰਡ ਤਾਂ ਨਹੀਂ ਚਲਿਆ ਗਿਆ?" ਇਕ ਸਿੰਘ ਨੇ ਕਿਹਾ।

"ਨਹੀਂ, ਜੇ ਉਸ ਦਿਨ ਦੀਵੀਂ ਆਉਣਾ ਸੀ ਤਾਂ ਪਿੰਡ ਹੀ ਆਉਂਦਾ," ਤਾਰਾ ਚੰਦ ਨੇ ਕਿਹਾ।

"ਫਿਰ ਹੁਣ ?" ਇਕ ਸਿੰਘ ਨੇ ਪੁੱਛਿਆ।

"ਫਿਰ ਕੀ, ਅਸੀ ਚਲਦੇ ਹਾਂ, ਉਹ ਆ ਜਾਏਗਾ," ਕਰਤਾਰ ਦੇ ਚਾਚੇ ਨੇ ਕਿਹਾ।

"ਨਹੀਂ, ਜ਼ਰੂਰ ਕੋਈ ਭਾਣਾ ਵਰਤ ਗਿਆ ਹੈ, ਨਹੀਂ ਤਾਂ ਕਰਤਾਰ ਜ਼ਰੂਰ ਆ ਜਾਂਦਾ।" ਉਹਦੀ ਮਾਂ ਕੇਸਰੋ ਨੇ ਰੋਣਹਾਕਾ ਜਿਹਾ ਮੂੰਹ ਬਣਾ ਕੇ ਕਿਹਾ।

"ਚੰਗਾ ਤੁਸੀਂ ਫਿਰ ਚੱਲੋ, ਅਸੀਂ ਤੁਹਾਨੂੰ ਉਥੇ ਹੀ ਮਿਲਾਂਗੇ। ਅਸੀਂ ਉਹਦਾ ਪਤਾ ਕਰਦੇ ਹਾਂ ਕਿ ਉਹ ਕਿਥੇ ਰਹਿ ਗਿਆ ਏ।" ਇਕ ਸਿੰਘ ਨੇ ਕਿਹਾ ਅਤੇ ਤਾਰਾ ਚੰਦ ਨੂੰ ਜ਼ਰਾ ਪਰ੍ਹੇ ਲਿਜਾ ਕੇ ਕੁਝ ਗੱਲਾਂ ਕੀਤੀਆਂ ਤੇ ਫਿਰ ਘੋੜਿਆਂ 'ਤੇ ਚੜ੍ਹ ਕੇ ਜਿਧਰੋਂ ਆਏ ਸਨ ਉਸੇ ਪਾਸੇ ਪਰਤ ਗਏ।

ਵਾਜੇ ਵੱਜਣੋਂ ਬੰਦ ਹੋ ਗਏ। ਭੈਣਾਂ ਦੇ ਹੱਥਾਂ ਵਿਚ ਮੌਲੀ ਫੜੀ ਰਹਿ ਗਈ ਤੇ ਭਰਜਾਈ ਸੁਰਮੇਦਾਨੀ ਚੁਕੀ ਖਲੋਤੀ ਰਹੀ। ਬੈਲ ਗੱਡੀਆਂ ਹਿੱਕੀਆਂ ਤੇ ਬੜੇ ਅਜੀਬ ਜਿਹੇ ਵਾਤਾਵਰਣ ਵਿਚ ਜੰਞ ਟੁਰ ਪਈ।

ਪਿੰਡੋਂ ਟੁਰਦਿਆਂ ਜੰਞ ਨੇ ਕਾਫ਼ੀ ਸਮਾਂ ਲਾ ਦਿੱਤਾ। ਉਧਰ ਕੁੜੀ ਵਾਲਿਆਂ ਦੀ ਸਾਰੀ ਬਰਾਦਰੀ ਉਡੀਕ ਰਹੀ ਸੀ। ਉਹ ਵੀ ਘੜੀ ਮੁੜੀ ਉਠ ਉਠ ਕੇ ਰਾਹ ਤਕਦੇ ਅਤੇ ਵਿਚੋਲੇ ਨੂੰ ਪੁਛਦੇ, "ਆਈ ਨਹੀਂ, ਜੰਞ ਅਜੇ ?"

"ਆ ਜਾਂਦੀ ਏ, ਘਬਰਾਂਦੇ ਕਿਉਂ ਹੋ ?" ਉਹ ਕਹਿ ਕੇ ਟਾਲ ਦਿੰਦਾ, ਪਰ ਵਿਚੋਂ ਉਹਦੇ ਮੰਨ ਨੂੰ ਵੀ ਖੁਦਖੁਦੀ ਲਗੀ ਹੋਈ ਸੀ। ਦਿਨ ਬੜੇ ਗੜਬੜ ਦੇ ਸਨ। ਰਾਹ ਜਾਂਦਿਆਂ ਲੁਟ ਮਾਰ ਦੀਆਂ ਘਟਨਾਵਾਂ ਆਮ ਹੋ ਰਹੀਆਂ ਸਨ, ਇਸ ਲਈ ਜਿਉਂ ਜਿਉਂ ਹਨੇਰਾ ਵਧਦਾ ਜਾਂਦਾ ਸੀ, ਸਾਰਿਆਂ ਨੂੰ ਚਿੰਤਾ ਵੀ ਲਗਦੀ ਗਈ।

'ਜੰਞ ਆ ਗਈ, ਜੰਞ ਆ ਗਈ' ਦਾ ਰੌਲਾ ਬੱਚਿਆਂ ਨੇ ਪਾ ਦਿੱਤਾ ਤੇ ਸਾਰੇ ਉਧਰ ਨੂੰ ਭੱਜ ਪਏ। ਬੱਚਿਆਂ ਦੇ ਭੱਜਣ ਨਾਲ ਧੂੜ ਇਤਨੀ ਉਡੀ ਕਿ ਰਾਹ ਆਉਂਦੇ ਬੰਦੇ ਦਿਸਣੋਂ ਬੰਦ ਹੋ ਗਏ।

ਹਵੇਲੀ ਵਿਚ ਜੰਞ ਦਾ ਉਤਾਰਾ ਕੀਤਾ ਗਿਆ। ਨਾਲ ਹੀ ਖੂਹ ਸੀ ਜੋ ਜੋੜ ਦਿੱਤਾ ਗਿਆ ਤਾਕਿ ਜਾਂਞੀ ਮੂੰਹ-ਹੱਥ ਧੋ ਲੈਣ ਤੇ ਜੋ ਨਹਾਉਣਾ ਚਾਹੁਣ ਉਹ ਨਹਾ ਲੈਣ।

ਹਵੇਲੀ ਵਿਚ ਪਿੰਡ ਦੇ ਬਹੁਤ ਸਾਰੇ ਪਤਵੰਤੇ ਤੇ ਲਗਪਗ ਸਾਰੀ ਹੀ ਮੁੰਡ ਪਾਰਟੀ ਜੁੜੀ ਹੋਈ ਸੀ। ਹੌਲੀ ਹੌਲੀ ਹਵੇਲੀ ਦੇ ਬਨੇਰਿਆਂ 'ਤੇ ਕੁੜੀਆਂ ਦਾ ਝੁਰਮਟ ਵੀ ਹੋ ਗਿਆ। ਕੁੜੀਆਂ ਮੁੰਡਿਆਂ ਦੀਆਂ ਨਜ਼ਰਾਂ ਸਾਰੇ ਜਾਂਞੀਆਂ 'ਤੇ ਪਈਆਂ ਪਰ ਉਹਨਾਂ ਨੂੰ ਕਿਧਰੇ ਵੀ ਲਾੜਾ ਨਾ ਦਿਸਿਆ। ਝਟ ਹੀ ਇਸ ਬਾਰੇ ਗੱਲਾਂ ਹੋਣ ਲੱਗ ਪਈਆਂ ਕਿ ਵਿਆਂਹਦੜ ਮੁੰਡਾ ਤਾਂ ਹੈ ਨਹੀਂ। ਇਹ ਗੱਲ ਹੌਲੀ ਹੌਲੀ ਕਰਤਾਰ ਸਿੰਘ ਦੇ ਸਹੁਰੇ ਤਕ ਜਾ ਪੁੱਜੀ। ਉਸ ਹੁਣ ਤਕ ਭੱਜ ਨੱਠ ਵਿਚ ਇਹ ਖ਼ਿਆਲ ਹੀ ਨਹੀਂ ਸੀ ਕੀਤਾ।

ਉਧਰੋਂ ਮਿਲਣੀ ਦਾ ਵੇਲਾ ਹੋ ਗਿਆ। ਕਰਤਾਰ ਦਾ ਸਹੁਰਾ ਹਵੇਲੀ ਵਿਚ ਆਇਆ ਤੇ ਇਕ ਵਾਰ ਆਪ ਉਸ ਸਾਰੇ ਪਾਸੇ ਧਿਆਨ ਨਾਲ ਤੱਕਿਆ। ਤਾਰਾ ਚੰਦ ਤਾੜ ਗਿਆ ਕਿ ਉਹ ਕਰਤਾਰ ਨੂੰ ਵੇਖਣ ਦਾ ਚਾਹਵਾਨ ਹੈ। ਉਹ ਉਠ ਕੇ ਕੋਲ ਆ ਗਿਆ ਤੇ ਮੋਢੇ 'ਤੇ ਹੱਥ ਧਰ ਕੇ ਕੁੜਮ ਨੂੰ ਕਿਹਾ, "ਜ਼ਰਾ ਇਕ ਪਾਸੇ ਚਲੀਏ, ਮੈਂ ਇਕ ਜ਼ਰੂਰੀ ਗੱਲ ਕਰਨੀ ਏ।"

ਕਰਤਾਰ ਦੇ ਸਹੁਰੇ ਨੂੰ ਫ਼ਿਕਰ ਪੈ ਗਿਆ ਕਿ ਮਾਮਲਾ ਕੁਝ ਖ਼ਰਾਬ ਜਾਪਦਾ ਏ। ਉਹ ਇਕ ਨੁਕਰੇ ਹੋ ਗਿਆ। ਤਾਰਾ ਚੰਦ ਨੇ ਕਿਹਾ, "ਤੁਸੀਂ ਹੈਰਾਨ ਹੋਵੋਗੇ ਕਿ ਕਰਤਾਰ ਸਿੰਘ ਕਿਉਂ ਨਹੀਂ ਆਇਆ, ਪਰ ਤੁਹਾਨੂੰ ਪਤਾ ਏ ਕਿ ਉਹ ਸਿਖ ਹੋ ਗਿਆ ਏ।"

"ਆਹੋ, ਇਹ ਤਾਂ ਪਤਾ ਏ, ਪਰ ਉਹ ਆਇਆ ਕਿਉਂ ਨਹੀਂ ?" ਉਹਨੇ ਹੈਰਾਨੀ ਨਾਲ ਪੁੱਛਿਆ।

"ਅਸੀਂ ਆਪ ਹੀ ਨਹੀਂ ਲਿਆਂਦਾ। ਸਾਨੂੰ ਡਰ ਸੀ ਕਿ ਸ਼ਾਹੀ ਫ਼ੌਜ ਉਹਦਾ ਪਿੱਛਾ ਕਰੇਗੀ। ਇਸ ਲਈ ਉਹ ਕਲ੍ਹ ਪਰਸੋਂ ਆ ਜਾਏਗਾ।"

ਕਰਤਾਰ ਦੇ ਸਹੁਰੇ ਨੂੰ ਗੱਲ ਜੱਚ ਗਈ। ਉਸ ਤਸੱਲੀ ਲਈ ਫਿਰ ਪੁੱਛ ਲਿਆ, "ਪਰ ਉਹ ਆ ਤਾਂ ਜਾਏਗਾ ਨਾ ?"

"ਹੱਦ ਹੋ ਗਈ, ਜੇ ਉਹ ਨਾ ਆਇਆ ਤਾਂ ਵਿਆਹ ਕਿਵੇਂ ਹੋ ਸਕਦਾ ਏ ?" ਤਾਰਾ ਚੰਦ ਨੇ ਹੌਸਲਾ ਦੇਣ ਲਈ ਬੜੇ ਵਿਸ਼ਵਾਸ ਨਾਲ ਕਿਹਾ, "ਜ਼ਰੂਰ ਪਹੁੰਚ ਜਾਏਗਾ।"

"ਚੰਗਾ ਇਥੇ ਇਹ ਨਹੀਂ ਕਹਿਣਾ ਕਿ ਉਹ ਕਿਉਂ ਨਹੀਂ ਆਇਆ। ਸਿਰਫ਼ ਇਹੋ ਕਿਹਾ ਜੇ ਕਿ ਉਹਦੀ ਤਬੀਅਤ ਖ਼ਰਾਬ ਸੀ ਇਸ ਲਈ ਕਲ੍ਹ ਆ ਜਾਏਗਾ।" ਕਰਤਾਰ ਸਿੰਘ ਦਾ ਸਹੁਰਾ ਕਹਿ ਕੇ ਚਲਾ ਗਿਆ।

ਦੂਜੇ ਦਿਨ ਸਵੇਰੇ ਹੀ ਉਹ ਫਿਰ ਆ ਗਿਆ ਤੇ ਕਰਤਾਰ ਬਾਰੇ ਪੁੱਛਿਆ। ਤਾਰਾ ਚੰਦ ਨੂੰ ਸਾਰੀ ਰਾਤ ਨੀਂਦਰ ਨਾ ਪਈ ਤੇ ਉਹ ਇਹੀ ਸੋਚਦਾ ਰਿਹਾ ਕਿ ਜੇ ਕਰਤਾਰ ਨਾ ਆਇਆ ਤਾਂ ਕੀ ਬਣੇਗਾ। ਇਹਨਾਂ ਸਾਨੂੰ ਧੱਕੇ ਮਾਰ ਕੇ ਕੱਢ ਦੇਣਾ ਏ ਤੇ ਪਿੰਡ ਵਾਲਿਆਂ ਨੇ ਟਿਚਕਰਾਂ ਕਰਨੀਆਂ ਨੇ ਕਿ ਲਓ ਜੀ ਮੁੰਡਾ ਸਿਖ ਹੋ ਗਿਆ ਤੇ ਉਹਦੀਆਂ ਕਰਤੂਤਾਂ ਦੇਖ ਲਓ। ਪਿਓ ਦੀ ਮੱਤ ਵੀ ਮਾਰੀ ਗਈ ਜੋ ਬਿਨਾਂ ਮੁੰਡੇ ਦੇ ਜੰਞ ਚਾੜ੍ਹ ਕੇ ਟੁਰ ਪਿਆ ਜੇ।

ਇਕ ਬੰਦਾ ਫਿਰ ਪਿੰਡ ਭੇਜਿਆ ਗਿਆ ਤਾਕਿ ਸ਼ਾਇਦ ਕਰਤਾਰ ਆ ਗਿਆ ਹੋਵੇ। ਇਸ ਤਰ੍ਹਾਂ ਬੇਚੈਨੀ ਤੇ ਚਿੰਤਾ ਨੇ ਵਿਆਹ ਦਾ ਸਾਰਾ ਸੁਆਦ ਕਿਰਕਰਾ ਕਰ ਦਿੱਤਾ।

ਦੁਪਹਿਰ ਨੂੰ ਉਹ ਸਿੰਘ ਆ ਗਏ, ਜੋ ਕਰਤਾਰ ਸਿੰਘ ਨੂੰ ਲੱਭਣ ਲਈ ਗਏ ਸਨ। ਉਹਨਾਂ ਦੱਸਿਆ ਕਿ ਉਹ ਕਾਹਨੂੰਆਣੇ ਦੇ ਛੰਭ ਤਕ ਹੋ ਆਏ ਹਨ ਪਰ ਕਰਤਾਰ ਸਿੰਘ ਕਿਧਰੇ ਨਹੀਂ ਮਿਲਿਆ। ਜਥੇਦਾਰ ਹੋਰੀਂ ਵੀ ਬੜੇ ਹੈਰਾਨ ਸਨ ਕਿ ਉਹ ਕਿਧਰ ਚਲਾ ਗਿਆ ਏ। ਉਹਨਾਂ ਉਸੇ ਵੇਲੇ ਆਪਣੇ ਸੂਹੀਏ ਭੇਜ ਦਿੱਤੇ ਨੇ, ਜੋ ਉਹਦਾ ਪਤਾ ਕਰਨਗੇ ਕਿ ਉਹ ਕਿਧਰ ਗਿਆ ਏ।

ਚੰਨੋ ਨੂੰ ਵੀ ਕੁੜੀਆਂ ਨੇ ਦੱਸ ਦਿੱਤਾ ਸੀ ਕਿ ਜੰਞ ਬਿਨਾਂ ਲਾੜੇ ਦੇ ਆਈ ਏ। ਉਹ ਵੀ ਬੜੀ ਹੈਰਾਨ ਸੀ ਕਿ ਜੰਞ ਬਿਨਾਂ ਲਾੜੇ ਦੇ ਕਿਉਂ ਆ ਗਈ ਏ। ਇਸੇ ਕਾਰਨ ਉਹਦਾ ਚਿਹਰਾ ਉਤਰ ਗਿਆ ਤੇ ਉਹ ਸੋਚਾਂ ਵਿਚ ਡੁਬ ਗਈ। ਮਾਂ ਉਹਦੀ ਬੜੀ ਸਿਆਣੀ ਸੀ, ਉਸ ਧੀ ਦੀ ਅਵਸਥਾ ਭਾਂਪ ਲਈ ਤੇ ਤਸੱਲੀ ਦੇਣ ਲਈ ਉਸ ਕਿਹਾ, “ਕੀ ਗੱਲ, ਮੇਰੀ ਧੀ ਚੰਨੋ ਹੈਰਾਨ ਕਿਉਂ ਏ ?”

ਚੰਨੋ ਨੇ ਬਿਨਾਂ ਉੱਤਰ ਦਿਤੇ, ਆਪਣਾ ਸਿਰ ਗੋਡਿਆਂ ਵਿਚ ਦੇ ਲਿਆ। ਮਾਂ ਨੇ ਪਿਆਰ ਨਾਲ ਸਿਰ ਉਪਰ ਕਰ ਕੇ ਠੋਡੀ ਤੋਂ ਫੜ ਕੇ ਫਿਰ ਪੁੱਛਿਆ ਪਰ ਚੰਨੋ ਨੇ ਅੱਖਾਂ ਨੀਵੀਆਂ ਪਾਈ ਰੱਖੀਆਂ ਤੇ ਕੋਈ ਉੱਤਰ ਨਾ ਦਿੱਤਾ।

ਦੋ ਦਿਨ ਲੰਘ ਗਏ ਪਰ ਕਰਤਾਰ ਸਿੰਘ ਨਾ ਆਇਆ। ਬਿਨਾਂ ਲਾੜੇ ਦੇ ਆਈ ਜੰਞ ਨੂੰ ਹਫ਼ਤਾ ਕੌਣ ਰਖਦਾ ਏ। ਜੇ ਕਰਤਾਰ ਨਾਲ ਹੁੰਦਾ ਤਾਂ ਸ਼ਾਇਦ ਉਹਦਾ ਸਹੁਰਾ ਜੰਞ ਬਹੁਤ ਦਿਨ ਰਖ ਕੇ ਉਹਦੀ ਰਜਵੀਂ ਸੇਵਾ ਕਰਦਾ ਪਰ ਹੁਣ ਉਹਨੂੰ ਸੇਵਾ ਵੀ ਚੁਭ ਰਹੀ ਸੀ। ਕਦੇ ਤਾਂ ਉਹਦੇ ਮਨ ਵਿਚ ਖ਼ਿਆਲ ਆਉਂਦਾ ਕਿ ਕਿਉਂ ਨਾ ਜੰਞ ਮੋੜ ਦਿਆਂ, ਪਰ ਫਿਰ ਸ਼ਰੀਕੇ ਵਿਚ ਨੱਕ ਵਢੀਂਦਾ ਦੇਖ ਕੇ ਚੁਪ ਹੋ ਜਾਂਦਾ। ਜਾਂਞੀਆਂ ਲਈ ਵੀ ਖਾਣਾ ਪੀਣਾ ਬੇ-ਸੁਆਦਾ ਹੋ ਗਿਆ। ਕਈ ਸ਼ਰੀਕ ਤਾਂ ਅਪਮਾਨ ਤੋਂ ਡਰਦੇ ਮਾਰੇ ਵਿੱਚੋ ਛੱਡ ਕੇ ਖਿਸਕ ਗਏ।

ਸ਼ਾਮ ਵੇਲੇ ਤਾਰਾ ਚੰਦ ਨੇ ਕੁੜਮ ਨੂੰ ਸੱਦਿਆ ਤੇ ਕਿਹਾ, “ਪਤਾ ਨਹੀਂ ਕਰਤਾਰ ਸਿੰਘ ਕਿਉਂ ਨਹੀਂ ਹੁਣ ਤਕ ਪੁੱਜਾ, ਹੁਣ ਕੀ ਕੀਤਾ ਜਾਏ ? ਜੇ ਕਹੋ ਤਾਂ ਜੰਞ ਵਾਪਸ ਚਲੀ ਜਾਂਦੀ ਏ।”

ਜੰਞ ਦੇ ਵਾਪਸ ਮੁੜਨ ਦੀ ਗੱਲ ਸੁਣ ਕੇ ਇਕ ਵਾਰ ਤਾਂ ਚੰਨੋ ਦੇ ਪਿਓ ਦੇ ਕਲੇਜੇ ਵਿਚ ਤੀਰ ਵੱਜਾ। ਉਸ ਬੜੀ ਘਬਰਾਹਟ ਵਿਚ ਕਿਹਾ, “ਦੱਸੋ, ਮੈਂ ਕੀ ਕਰਾਂ। ਮੈਂ ਤਾਂ ਦੋਵੇਂ ਪਾਸੇ ਮਰਦਾ ਹਾਂ। ਜੇ ਤੁਹਾਨੂੰ ਨਾਂਹ ਕਰਾਂ ਤਾਂ ਨੱਕ ਨਹੀਂ ਰਹਿੰਦਾ ਤੇ ਜੇ ਨਾਂਹ ਨਾ ਕਰਾਂ ਤਾਂ ਕਦ ਤਕ ਕਰਤਾਰ ਨੂੰ ਉਡੀਕਦੇ ਰਹੋਗੇ।”

ਹਵੇਲੀ ਦਾ ਬਾਹਰਲਾ ਦਰਵਾਜ਼ਾ ਤਾੜ ਕਰ ਕੇ ਖੁਲ੍ਹਿਆ ਤੇ ਫ਼ੌਜਦਾਰ ਕੁਝ ਆਦਮੀਆਂ ਸਮੇਤ ਅੰਦਰ ਆ ਗਿਆ ਤੇ ਉਸ ਆਉਂਦਿਆਂ ਹੀ ਹੱਥ ਫੜੀ ਬੰਦੂਕ

ਨਾਲ ਇਸ਼ਾਰਾ ਕਰ ਕੇ ਆਪਣੇ ਆਦਮੀਆਂ ਨੂੰ ਸਾਰੇ ਦਰਵਾਜ਼ਿਆਂ ਤੇ ਪੌੜੀ ਅਗੇ ਪੁਜ ਜਾਣ ਲਈ ਕਿਹਾ।

ਇਸ ਤਰ੍ਹਾਂ ਪ੍ਰਬੰਧ ਕਰ ਕੇ ਉਹ ਸਾਹਮਣੇ ਮੰਜੇ 'ਤੇ ਬੈਠੇ ਤਾਰਾ ਚੰਦ ਤੇ ਉਹਦੇ ਕੁੜਮ ਕੋਲ ਚਲਾ ਗਿਆ। ਉਹ ਦੋਵੇਂ ਅੱਗੇ ਹੀ ਬੜੇ ਪਰੇਸ਼ਾਨ ਬੈਠੇ ਸਨ। ਉਤੋਂ ਫ਼ੌਜਦਾਰ ਦੇ ਇਸ ਤਰ੍ਹਾਂ ਪੁਜ ਜਾਣ ਨਾਲ ਹੋਰ ਵੀ ਚਿੰਤਾਤੁਰ ਹੋ ਗਏ।

"ਕੀ ਗੱਲ ਏ ਹਜ਼ੂਰ ?" ਤਾਰਾ ਚੰਦ ਨੇ ਪੁੱਛਿਆ।

"ਇਥੇ ਸਿਖ ਆਏ ਨੇ, ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਏ," ਫ਼ੌਜਦਾਰ ਬੜੇ ਰੋਹਬ ਨਾਲ ਬੋਲਿਆ।

"ਇਥੇ ਤਾਂ ਕੋਈ ਸਿਖ ਨਹੀਂ," ਤਾਰਾ ਚੰਦ ਨੇ ਦਸਿਆ।

"ਕਿਉਂ, ਇਹ ਸਿਖ ਦੀ ਜੰਞ ਨਹੀਂ ?" ਫ਼ੌਜਦਾਰ ਨੇ ਹੈਰਾਨੀ ਨਾਲ ਪੁੱਛਿਆ।

"ਵਿਆਹ ਤਾਂ ਸਿਖ ਦਾ ਈ ਏ, ਪਰ ਉਹ ਆਪ ਨਹੀਂ ਆਇਆ," ਚੰਨੋ ਦੇ ਪਿਤਾ ਨੇ ਤਰਲੇ ਨਾਲ ਕਿਹਾ।

"ਹੂੰ, ਵਿਆਹ ਸਿਖ ਦਾ ਏ, ਪਰ ਉਹ ਆਪ ਨਹੀਂ ਆਇਆ। ਇਹ ਬਹਾਨੇ ਕਿਸੇ ਹੋਰ ਨਾਲ ਬਣਾਇਆ ਜੇ। ਜਿਸਦਾ ਵਿਆਹ ਏ ਉਹ ਆਇਆ ਨਹੀਂ ਤੇ ਬਾਕੀ ਕੀ ਕਰਨ ਆਏ ਨੇ ?" ਉਸ ਬੜੇ ਗੁੱਸੇ ਵਿਚ ਕਿਹਾ ਤੇ ਇਧਰ ਉਧਰ ਨਜ਼ਰ ਮਾਰੀ। ਕਮਰਿਆਂ ਵਿਚ ਜਿਤਨੇ ਬੰਦੇ ਆਰਾਮ ਕਰ ਰਹੇ ਸਨ, ਉਹਨਾਂ ਸਾਰਿਆਂ ਨੂੰ ਬੁਲਾ ਲਿਆ ਤੇ ਸਿੱਖਾਂ ਦੀ ਪਛਾਣ ਕਰਨ ਦਾ ਯਤਨ ਕੀਤਾ ਪਰ ਸਾਰੀ ਜੰਞ ਵਿਚ ਕੋਈ ਵੀ ਸਿਖ ਨਹੀਂ ਸੀ। ਜਿਹੜੇ ਸਿਖ ਅੱਜ ਹੀ ਪਹੁੰਚੇ ਸਨ, ਉਹ ਸ਼ਾਮ ਵੇਲਾ ਹੋਣ ਕਾਰਨ ਬਾਹਰ ਖੇਤਾਂ ਨੂੰ ਸੈਰ ਕਰਨ ਗਏ ਹੋਏ ਸਨ ਤੇ ਉਥੇ ਹੀ ਉਹਨਾਂ ਪਿੰਡ ਨੂੰ ਫ਼ੌਜੀਆਂ ਦੇ ਘੋੜੇ ਜਾਂਦੇ ਦੇਖ ਕੇ ਅਨੁਮਾਨ ਲਾ ਲਿਆ ਸੀ ਕਿ ਇਹਨਾਂ ਦੇ ਪਿੱਛੇ ਜਾ ਰਹੇ ਹਨ। ਇਸ ਲਈ ਉਹ ਇਕ ਖੂਹ 'ਤੇ ਬੈਠੇ ਰਹੇ ਤੇ ਜਦੋਂ ਕਾਫ਼ੀ ਰਾਤ ਗਈ ਨੂੰ ਘੋੜੇ ਭਜਾਂਦੇ ਫ਼ੌਜੀ ਉਹਨਾਂ ਦੇ ਨੇੜਿਉਂ ਲੰਘ ਗਏ ਤਾਂ ਉਹ ਪਿੰਡ ਆ ਗਏ।

ਉਸੇ ਵੇਲੇ ਤਾਰਾ ਚੰਦ ਨੇ ਕੁਝ ਬੰਦਿਆਂ ਨਾਲ ਸਲਾਹ ਕੀਤੀ ਤੇ ਸਵੇਰ ਹੋਣ ਤੋਂ ਪਹਿਲਾਂ ਪਰਤ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕੁੜਮ ਨੂੰ ਸੱਦ ਕੇ ਆਪਣੇ ਫ਼ੈਸਲੇ ਤੋਂ ਜਾਣੂ ਕਰਾ ਦਿੱਤਾ।

ਚੰਨੋ ਦਾ ਪਿਉ ਘਬਰਾਇਆ ਹੋਇਆ ਘਰ ਗਿਆ ਤੇ ਜਾਂਦਿਆਂ ਹੀ ਮੰਜੇ 'ਤੇ ਜਾ ਪਿਆ। ਪਿਉ ਨੂੰ ਬੜੀ ਘਬਰਾਹਟ ਵਿਚ ਦੇਖ ਕੇ ਚੰਨੋ ਕੋਲ ਆ ਗਈ ਤੇ ਬੜੇ ਪਿਆਰ ਨਾਲ ਪਰ ਬੜੀ ਹੌਲੀ ਤੇ ਸੰਗਦਿਆਂ ਪੁੱਛਿਆ, "ਕੀ ਗੱਲ ਏ ਪਿਤਾ ਜੀ, ਤੁਸੀਂ ਘਬਰਾਏ ਹੋਏ ਕਿਉਂ ਹੋ ?"

"ਕੁਝ ਨਹੀਂ, ਪੁੱਤਰ!"

"ਨਹੀਂ ਕੁਝ ਤਾਂ ਹੈ!" ਚੰਨੋ ਨੇ ਪਹਿਲਾਂ ਨਾਲੋਂ ਹੁਣ ਵਧੇਰੇ ਜ਼ੋਰ ਨਾਲ ਕਿਹਾ।

"ਕੀ ਦੱਸਾਂ ਤੈਨੂੰ, ਬੜੀ ਕੜਿੱਕੀ ਵਿਚ ਫਸ ਗਏ ਹਾਂ। ਜੇ ਪਤਾ ਹੁੰਦਾ ਮੁੰਡੇ ਨੇ ਸਿਖ ਹੋ ਜਾਣਾ ਏ ਤਾਂ ਤੇਰੀ ਕੁੜਮਾਈ ਹੀ ਨਾ ਕਰਦੇ ਪਰ ਸਾਨੂੰ ਉਦੋਂ ਕੀ ਪਤਾ ਸੀ ਕਿ ਇਹ ਸਿਖ ਬਣ ਜਾਏਗਾ।"

"ਫਿਰ ਹੁਣ ਕੀ ਹੋਇਆ ਏ?" ਚੰਨੋ ਨੇ ਬੜੇ ਤੌਖਲੇ ਨਾਲ ਪੁੱਛਿਆ।

"ਹੋਣਾ ਕੀ ਏ, ਇਹ ਤਾਂ ਸੁਣ ਬੈਠੀ ਏਂ ਕਿ ਮੁੰਡਾ ਆਇਆ ਨਹੀਂ ਤੇ ਹੁਣ ਜੰਞ ਪਰਤਣ ਲੱਗੀ ਏ," ਇਹ ਕਹਿ ਕੇ ਚੰਨੋ ਦਾ ਪਿਤਾ ਉਠਿਆ ਤੇ ਘਬਰਾਹਟ ਵਿਚ ਬਾਹਰ ਨਿਕਲ ਗਿਆ।

ਚੰਨੋ ਮਹਿੰਦੀ ਰੰਗੇ ਹੱਥ ਮਲਦੀ ਰਹਿ ਗਈ। ਉਹਦੀਆਂ ਆਸਾਂ ਦਾ ਮਹੱਲ ਢਿਗ ਪਿਆ। ਉਹਦਾ ਜੀਅ ਕੀਤਾ ਕਿ ਚੂੜੀਆਂ ਲਾਹ ਕੇ ਸੁਟ ਦੇਵੇ। ਉਹਨੂੰ ਸਾਰਾ ਸੰਸਾਰ ਉਜੜਦਾ ਦਿਸਿਆ ਤੇ ਉਹ ਬਹੁਤ ਘਬਰਾ ਗਈ।

ਰੋਟੀ ਟੁਕਰ ਤੋਂ ਵਿਹਲੇ ਹੋ ਕੇ ਉਹਦੀਆਂ ਸਹੇਲੀਆਂ ਆ ਗਈਆਂ। ਸੱਤੋ, ਕੁਸ਼ੱਲਿਆ ਤੇ ਦੀਪੀ ਉਹਦੀਆਂ ਬਹੁਤ ਹੀ ਨਿਕਟਵਰਤੀ ਸਹੇਲੀਆਂ ਸਨ, ਜਿਹਨਾਂ ਨਾਲ ਚੰਨੋ ਬੜੀ ਖੁਲ੍ਹ ਕੇ ਗੱਲਾਂ ਕਰ ਲਿਆ ਕਰਦੀ ਸੀ। ਇਕ ਦੂਜੀ ਦੇ ਦੁਖਾਂ, ਅਰਮਾਨਾਂ ਤੇ ਜਜ਼ਬਿਆਂ ਤੋਂ ਚੰਗੀ ਤਰ੍ਹਾਂ ਜਾਣੂ ਸਨ।

"ਸੋਚਾਂ ਵਿਚ ਪਈ ਹੋਈ ਏਂ ਚੰਨੀ!" ਸੱਤੀ ਨੇ ਆਉਂਦਿਆਂ ਹੀ ਵਿਅੰਗ ਨਾਲ ਕਿਹਾ।

"ਹੁਣੇ ਸੋਚਾਂ ਪੈ ਗਈਆਂ ਨੇ ਟੱਬਰਦਾਰੀ ਦੀਆਂ, ਅਜੇ ਲਾਵਾਂ ਤਾਂ ਲੈ ਲੈ, ਫਿਰ ਸੋਚੀਂ।" ਕੁਸ਼ੱਲਿਆ ਨੇ ਇਕ ਨਿੱਕੀ ਜਿਹੀ ਚੂੰਢੀ ਵਢਦਿਆਂ ਕਿਹਾ।

"ਹੁਣ ਤਾਂ ਖ਼ੁਸ਼ੀ ਦਾ ਵੇਲਾ ਏ ਤੂੰ ਮੁਰਝਾਂਦੀ ਜਾਂਦੀ ਏਂ। ਕੀ ਹੋਇਆ ਏ ਚੰਨੋ ਤੈਨੂੰ?" ਦੀਪੀ ਨੇ ਕਿਹਾ।

ਚੰਨੋ ਨੇ ਇਹਨਾਂ ਦੀਆਂ ਗੱਲਾਂ ਦਾ ਕੋਈ ਉੱਤਰ ਨਾ ਦਿੱਤਾ ਤੇ ਸਿਰ ਗੋਡਿਆਂ ਵਿਚ ਦੇ ਕੇ ਰੋਣ ਲੱਗ ਪਈ। ਪਹਿਲਾਂ ਉਹਦੇ ਰੋਣ ਦਾ ਕੁੜੀਆਂ ਨੂੰ ਪਤਾ ਹੀ ਨਾ ਲੱਗਾ ਤੇ ਉਹਨਾਂ ਸਮਝਿਆ ਕਿ ਸ਼ਾਇਦ ਸਾਡੀਆਂ ਗੱਲਾਂ ਤੋਂ ਸ਼ਰਮ ਆ ਗਈ ਸੂ, ਪਰ ਫਿਰ ਜਦੋਂ ਉਹਦੇ ਡੁਸਕਣ ਦੀ ਆਵਾਜ਼ ਆਈ ਤਾਂ ਉਹਨਾਂ ਨੂੰ ਫ਼ਿਕਰ ਪੈ ਗਿਆ। ਕੁਸ਼ੱਲਿਆ ਨੇ ਉਹਦਾ ਸਿਰ ਉਪਰ ਕੀਤਾ ਤੇ ਕਿਹਾ, "ਹੈਂ ਝੱਲੀ ਨਾ ਹੋਵੇ, ਰੋਈਦਾ ਏ ਇਹਨਾਂ ਮਖੌਲਾਂ ਤੋਂ। ਚੰਗਾ ਬਈ ਜੇ ਬੁਰੀਆਂ ਲੱਗੀਆਂ ਨੇ ਮੇਰੀਆਂ ਗੱਲਾਂ, ਤਾਂ ਮੈਂ ਮਾਫ਼ੀ ਮੰਗ ਲੈਂਦੀ ਹਾਂ।"

"ਨਹੀਂ ਤੁਹਾਡੀਆਂ ਗੱਲਾਂ ਕਾਹਨੂੰ ਬੁਰੀਆਂ ਲੱਗਣੀਆਂ ਨੇ," ਚੰਨੋ ਨੇ ਕਿਹਾ।

"ਫਿਰ ਹੋਇਆ ਕੀ ਏ ?" ਦੀਪੀ ਨੇ ਪੁੱਛਿਆ ਤੇ ਨਾਲ ਹੀ ਟਿਚਕਰ ਕਰ ਦਿੱਤੀ, "ਤਾਂ ਕੀ ਰੋਣ ਦੀ ਜਾਚ ਸਿਖ ਰਹੀ ਏਂ ? ਡੋਲੀ ਵੇਲੇ ਕਿਵੇਂ ਰੋਣਾ ਈ ?"

"ਤੁਹਾਨੂੰ ਮਖੌਲ ਸੁਝਦੇ ਪਏ ਨੇ," ਚੰਨੋ ਨੇ ਖਿੱਝ ਕੇ ਕਿਹਾ, "ਮੇਰਾ ਜੀਵਨ ਬਰਬਾਦ ਹੋ ਰਿਹਾ ਏ।"

"ਕਿਉਂ ?" ਸਾਰੀਆਂ ਕੁੜੀਆਂ ਇਕੱਠਿਆਂ ਹੀ ਪੁੱਛਿਆ।

"ਜੰਞ ਵਾਪਸ ਪਰਤ ਚੱਲੀ ਏ," ਉਸ ਦੱਸਿਆ, "ਕਿਉਂਕਿ ਉਹ ਨਹੀਂ ਆਏ।"

"ਹੈਂ, ਜੰਞ ਵਾਪਸ ਪਰਤ ਚਲੀ ਏ," ਸੱਤੋ ਨੇ ਕਿਹਾ।

"ਨਹੀਂ, ਜੰਞ ਵਾਪਸ ਜਾਣ ਨਹੀਂ ਦੇਣੀ ਚਾਹੀਦੀ। ਮੇਰੀ ਵੱਡੀ ਭੈਣ ਕਰਤਾਰ ਹੋਰਾਂ ਦੇ ਪਿੰਡ ਵਿਆਹੀ ਹੋਈ ਏ। ਉਹ ਦੱਸਦੀ ਸੀ ਕਿ ਕਰਤਾਰ ਬੜਾ ਚੰਗਾ ਮੁੰਡਾ ਏ, ਇਸ ਲਈ ਜੰਞ ਵਾਪਸ ਜਾਣ ਤੋਂ ਰੋਕਣੀ ਚਾਹੀਦੀ ਏ।"

"ਕੀ ਕੀਤਾ ਜਾਏ ?" ਕੁਸ਼ੱਲਿਆ ਨੇ ਪ੍ਰਸ਼ਨ ਕੀਤਾ।

"ਕਿਉਂ ਨਾ ਤੇਰਾ ਵਿਆਹ ਉਹਦੀ ਕਿਸੇ ਨਿਸ਼ਾਨੀ ਨਾਲ ਕਰ ਦੇਈਏ ?" ਸੱਤੋ ਨੇ ਕਿਹਾ।

"ਉਹ ਤਾਂ ਕਹਿੰਦੇ ਨੇ ਕਿ ਲਾਵਾਂ ਗੁਰੂ ਗ੍ਰੰਥ ਸਾਹਿਬ ਦੁਆਲੇ ਲੈਣੀਆਂ ਨੇ," ਚੰਨੋ ਨੇ ਦੱਸਿਆ।

"ਫਿਰ ਤਾਂ ਹੋਰ ਵੀ ਸੌਖੀ ਗੱਲ ਏ," ਸੱਤੋ ਨੇ ਕਿਹਾ, "ਚਲੋ ਇਹਦਾ ਮੈਂ ਪ੍ਰਬੰਧ ਕਰਦੀ ਹਾਂ।"

ਉਹ ਉਠ ਕੇ ਬਾਹਰ ਚਲੀ ਗਈ ਤੇ ਚੰਨੋ ਦੀ ਮਾਂ ਨੂੰ ਜਾ ਕੇ ਕਿਹਾ, "ਜੰਞ ਵਾਪਸ ਮੋੜਨੀ ਚੰਗੀ ਨਹੀਂ। ਤੁਸੀਂ ਸਧਾਰਨ ਜਿਹੀ ਰਸਮ ਅੱਜ ਕਰ ਲਓ ਤੇ ਕੁੜੀ ਸਹੁਰੇ ਟੋਰ ਦਿਓ, ਪੂਰੀ ਰਸਮ ਫਿਰ ਕਰ ਲਈ ਜਾਵੇਗੀ।"

"ਇਹ ਨਹੀਂ ਹੋ ਸਕਦਾ," ਚੰਨੋ ਦੀ ਮਾਂ ਨੇ ਕਿਹਾ।

"ਫਿਰ ਬਿਠਾਈ ਰੱਖੋ ਇਹਨੂੰ ਘਰ," ਸੱਤੋ ਨੇ ਇਸ ਤਰ੍ਹਾਂ ਕਿਹਾ ਕਿ ਚੰਨੋ ਦੀ ਮਾਂ 'ਤੇ ਬੜਾ ਅਸਰ ਹੋਇਆ। ਸੱਤੋ ਨੇ ਹੋਰ ਕਿਹਾ, "ਚੰਨੋ ਕਹਿੰਦੀ ਏ ਕਿ ਜੇ ਮੇਰਾ ਵਿਆਹ ਅੱਜ ਨਾ ਹੋਇਆ ਤਾਂ ਮੈਂ ਕੁਝ ਖਾ ਕੇ ਮਰ ਜਾਣਾ ਏ। ਕਿਹੜੇ ਮੂੰਹ ਨਾਲ ਬਾਹਰ ਨਿਕਲਾਂਗੀ ਚੂੜਾ ਪਾ ਕੇ ਤੇ ਮਹਿੰਦੀ ਲਾ ਕੇ ?"

ਚੰਨੋ ਦਾ ਪਿਤਾ ਵੀ ਆ ਗਿਆ ਅਤੇ ਉਹਨੂੰ ਚੰਨੋ ਦੀ ਮਾਂ ਨੇ ਸਾਰੀ ਗੱਲ ਦੱਸੀ। ਦੋਹਾਂ ਸਲਾਹ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆ ਕੇ ਉਹਦੀ ਹਜ਼ੂਰੀ ਵਿਚ ਲਾਵਾਂ ਦੀ ਰਸਮ ਕਰਕੇ ਡੋਲੀ ਸਵੇਰੇ ਟੋਰ ਦੇਂਦੇ ਹਾਂ ਤੇ ਬਾਹਰ ਇਹ ਧੁਮਾਂ ਦਿਆਂਗੇ

ਕਿ ਕਰਤਾਰ ਸਿੰਘ ਪਿੱਛੇ ਫ਼ੌਜ ਲੱਗੀ ਹੋਈ ਸੀ, ਇਸ ਲਈ ਉਹ ਰਾਤ ਨੂੰ ਆਇਆ ਤੇ ਵਿਆਹ ਕਰ ਕੇ ਟੁਰ ਗਿਆ ਏ।

ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗਵਾ ਕੇ ਉਹਦੀ ਹਜ਼ੂਰੀ ਵਿਚ ਤਾਰਾ ਚੰਦ ਨੂੰ ਸੱਦ ਲਿਆ। ਕੁੜੀ ਵੀ ਆ ਗਈ ਤੇ ਉਸ ਮੱਥਾ ਟੇਕਿਆ। ਇਕ ਸਿੰਘ ਨੇ ਅਰਦਾਸਾ ਕੀਤਾ ਤੇ ਪੁੱਛਿਆ, "ਦੱਸ ਬੀਬੀ, ਜੇ ਤੂੰ ਤਾਰਾ ਚੰਦ ਦੇ ਸਪੁੱਤਰ ਕਰਤਾਰ ਸਿੰਘ ਨੂੰ ਆਪਣਾ ਪਤੀ ਸਵੀਕਾਰ ਕਰਦੀ ਹੈਂ ਤਾਂ ਮੱਥਾ ਟੇਕ।"

ਚੰਨੋ ਨੇ ਮੱਥਾ ਟੇਕ ਦਿੱਤਾ। ਸਿੰਘ ਨੇ ਅਰਦਾਸਾ ਕਰ ਦਿੱਤਾ ਤੇ ਫ਼ੈਸਲਾ ਹੋਇਆ ਕਿ ਕਰਤਾਰ ਸਿੰਘ ਦੇ ਘਰ ਆਉਂਦਿਆਂ ਹੀ ਲਾਵਾਂ ਕਰਾ ਦਿੱਤੀਆਂ ਜਾਣਗੀਆਂ। ਇਹ ਵੀ ਫ਼ੈਸਲਾ ਹੋ ਗਿਆ ਕਿ ਡੋਲੀ ਕਲ੍ਹ ਸਵੇਰੇ ਲਿਜਾ ਕੇ ਛੇਤੀ ਹੀ ਵਾਪਸ ਭੇਜ ਦਿੱਤੀ ਜਾਏ ਤੇ ਫਿਰ ਕਰਤਾਰ ਸਿੰਘ ਦੇ ਆਉਣ 'ਤੇ ਮੁਕਲਾਵਾ ਲਿਜਾਣ ਸਮੇਂ ਪੂਰੀ ਰਸਮ ਕਰ ਲਈ ਜਾਏ।

ਦੂਜੇ ਦਿਨ ਸਵੇਰੇ ਹੀ ਜੰਞ ਡੋਲੀ ਸਮੇਤ ਵਾਪਸ ਪਿੰਡ ਨੂੰ ਚੱਲ ਪਈ।

੪

"ਹੈਂ, ਤੁਸੀਂ ਹੁਣੇ ਵਾਪਸ ਆ ਗਏ ਹੋ," ਹਮੀਦਾਂ ਨੇ ਆਪਣੇ ਪਤੀ ਨੂੰ ਦਰਵਾਜ਼ੇ ਵੜਦਿਆਂ ਦੇਖ ਕੇ ਕਿਹਾ।

ਹਮੀਦਾਂ ਦਾ ਇੱਕੋ ਇਕ ਪੁੱਤਰ ਸੀ ਜੋ ਕੁਝ ਸਾਲ ਪਹਿਲਾਂ ਪਿੰਡ ਦੇ ਚੌਧਰੀ ਦੇ ਮੁੰਡੇ ਨਾਲ ਲੜਦਿਆਂ ਮਾਰਿਆ ਗਿਆ ਸੀ। ਉਹਦੀ ਮੌਤ 'ਤੇ ਹਮੀਦਾਂ ਕਈ ਮਹੀਨੇ ਲਗਾਤਾਰ ਰੋਂਦੀ ਰਹੀ ਤੇ ਇਹ ਦੁਖ ਉਹਦੇ ਲਈ ਅਸਹਿ ਸਾਬਤ ਹੋਇਆ। ਰੋ ਰੋ ਕੇ ਉਹਦੀਆਂ ਅੱਖਾਂ ਵਿਚ ਦੇਖਣ ਸ਼ਕਤੀ ਬੜੀ ਘਟ ਗਈ ਤੇ ਭਾਵੇਂ ਉਹਦੀ ਉਮਰ ਅਜੇ ਪੈਂਤੀ ਸਾਲਾਂ ਤੋਂ ਵੱਧ ਨਹੀਂ ਸੀ ਪਰ ਵਾਲ ਬਹੁਤ ਚਿੱਟੇ ਹੋ ਗਏ ਸਨ। ਸਰੀਰ 'ਤੇ ਝੁਰੜੀਆਂ ਪੈਣ ਨਾਲ ਉਹ ਪੰਜਾਹ ਸਾਲ ਤੋਂ ਵੱਧ ਉਮਰ ਦੀ ਬੁੱਢੀ ਜਾਪਦੀ ਸੀ। ਘਰ ਦਾ ਕੰਮ-ਕਾਜ ਵੀ ਉਸ ਤੋਂ ਚੰਗੀ ਤਰ੍ਹਾਂ ਨਹੀਂ ਸੀ ਹੁੰਦਾ। ਇਸੇ ਲਈ ਉਹਨੇ ਆਪਣੀ ਜਵਾਨ ਕੁੜੀ ਨੂਰਾਂ ਨੂੰ ਆਪਣੇ ਕੋਲ ਰੱਖਿਆ ਹੋਇਆ ਸੀ ਜੋ ਵੇਲੇ ਕੁਵੇਲੇ ਡੰਗਰਾਂ ਦੀ ਧਾਰ ਕਢਦੀ, ਗੁਤਾਵਾ ਆਦਿ ਕਰ ਦੇਂਦੀ ਤੇ ਸਵੇਰੇ ਦੁੱਧ ਰਿੜਕ ਛਡਦੀ। ਬਾਕੀ

ਘਰ ਦਾ ਮਾਮੂਲੀ ਕੰਮ ਰੋਟੀ ਪਕਾਉਣ ਤੇ ਸਫ਼ਾਈ ਕਰਨ ਦਾ ਹਮੀਦਾਂ ਹੀ ਕਰ ਲੈਂਦੀ।

ਅੱਜ ਸਵੇਰੇ ਹੀ ਉਸਦਾ ਪਤੀ ਮੁਹੰਮਦ ਗ਼ਫ਼ੂਰ ਖ਼ਾਂ ਘਰੋਂ ਤਿਆਰ ਹੋ ਕੇ ਗੱਡਾ ਲੈ ਕੇ ਸ਼ਹਿਰ ਗਿਆ ਸੀ ਤਾਕਿ ਮੰਡੀ ਵਿੱਚੋਂ ਕੁਝ ਚੰਗਾ ਮਾਲ ਲੈ ਆਵੇ। ਉਹਦਾ ਖ਼ਿਆਲ ਸੀ ਕਿ ਨਾਲ ਦੇ ਪਿੰਡ ਤੋਂ ਉਹ ਬਾਣੀਏ ਦੀ ਕਪਾਹ ਭਰ ਕੇ ਸ਼ਹਿਰ ਲੈ ਜਾਏਗਾ ਤੇ ਆਉਂਦੀ ਵਾਰ ਕੁਝ ਘਰ ਦਾ ਸਾਮਾਨ ਤੇ ਕੁਝ ਹੋਰ ਹਟਵਾਣੀਆਂ ਦਾ ਮਾਲ ਲੱਦ ਲਿਆਏਗਾ। ਸਵੇਰੇ ਉਸ ਘਰੋਂ ਟੁਰਨ ਲੱਗਿਆਂ ਬੜੀ ਕਾਹਲੀ ਪਾਈ ਤੇ ਰੋਟੀ ਨੂੰ ਝਟ ਦੇਰ ਹੋ ਜਾਣ 'ਤੇ ਉਹ ਕਾਫੀ ਗੁੱਸੇ ਹੋਇਆ।

ਝਟ ਪਿਛੋਂ ਹੀ ਉਹਦੇ ਘਰ ਮੁੜ ਆਉਣ 'ਤੇ ਹਮੀਦਾਂ ਬੜੀ ਹੈਰਾਨ ਹੋ ਗਈ। ਉਸ ਫਿਰ ਕਿਹਾ, "ਸਵੇਰੇ ਤਾਂ ਬੜੀ ਹਫੜਾ ਦਫੜੀ ਪਾਈ ਸਾ ਜੇ, ਪਰ ਆਪ ਅਜੇ ਤਕ ਇਥੇ ਹੀ ਫਿਰਦੇ ਹੋ।"

ਗ਼ਫ਼ੂਰ ਉਹਦੀ ਗੱਲ ਵੱਲ ਧਿਆਨ ਦਿੱਤੇ ਬਿਨਾਂ ਝਟ-ਪਟ ਅੰਦਰ ਲੰਘ ਗਿਆ ਤੇ ਪਸਾਰ ਦੇ ਦਰਵਾਜ਼ੇ ਵਿਚ ਜਾ ਕੇ ਅੰਦਰ ਝਾਤੀ ਮਾਰੀ ਤੇ ਫਿਰ ਵਿਹੜੇ ਵਿਚ ਆ ਕੇ ਇਕ ਮੰਜੀ ਚੁਕ ਕੇ ਪਸਾਰ ਵੱਲ ਟੁਰ ਪਿਆ। ਹਮੀਦਾਂ ਨੇ ਬੜੇ ਧਿਆਨ ਨਾਲ ਉਹਦੇ ਵੱਲ ਵੇਖਿਆ। ਨਜ਼ਰ ਕਮਜ਼ੋਰ ਹੋਣ ਕਰਕੇ ਉਹਨੂੰ ਭਰਵੱਟੇ ਸੁੰਗੇੜ ਕੇ ਵੇਖਣਾ ਪਿਆ। ਗਫ਼ੂਰ ਬੜਾ ਪ੍ਰੇਸ਼ਾਨ ਦਿਸਿਆ। ਹਮੀਦਾਂ ਹੈਰਾਨ ਸੀ ਕਿ ਗ਼ਫ਼ੂਰ ਸ਼ਹਿਰ ਕਿਉਂ ਨਹੀਂ ਗਿਆ ? ਘਰ ਵਾਪਸ ਆਉਣ ਦਾ ਕੀ ਕਾਰਨ ਹੈ ? ਫਿਰ ਇਹ ਬੋਲਦਾ ਵੀ ਕੁਝ ਨਹੀਂ ਤੇ ਬੜੀ ਹੈਰਾਨੀ ਨਾਲ ਮੰਜਾ ਕਿਉਂ ਅੰਦਰ ਡਾਹੁਣ ਲਈ ਲਿਜਾ ਰਿਹਾ ਹੈ।

ਹਮੀਦਾਂ ਉਹਦੇ ਪਿਛੇ ਹੀ ਅੰਦਰ ਪਸਾਰ ਵਿਚ ਲੰਘ ਗਈ। ਗ਼ਫ਼ੂਰ ਨੇ ਆਸੇ ਪਾਸੇ ਨਜ਼ਰ ਮਾਰੀ ਤੇ ਫਿਰ ਉਤਾਵਲੇ ਹੋ ਕੇ ਪੁੱਛਿਆ, "ਵਛਾਉਣਾ ਕਿਥੇ ਜੇ ?"

"ਕਿਉਂ ਕੀ ਲੋੜ ਪੈ ਗਈ ਏ ਇਸ ਵੇਲੇ ਵਛਾਉਣੇ ਦੀ ?" ਹਮੀਦਾਂ ਨੇ ਹੋਰ ਉਤਾਵਲੇ ਹੋ ਕੇ ਉਤਸੁਕਤਾ ਨਾਲ ਪੁੱਛਿਆ।

"ਪਹਿਲਾਂ ਇਹ ਤਾਂ ਦੱਸੋ ਹੈਣ ਕਿਥੇ, ਫਿਰ ਲੋੜ ਵੀ ਦੱਸ ਦਿਆਂਗਾ," ਗ਼ਫ਼ੂਰ ਨੇ ਕੁਝ ਖਿੱਝ ਕੇ ਕਿਹਾ।

ਹਮੀਦਾਂ ਨੇ ਪਸਾਰ ਦੇ ਇਕ ਪਾਸੇ ਮਿੱਟੀ ਦੀ ਵੱਡੀ ਸਾਰੀ ਬਣੀ ਭੜੋਲੀ ਦੀ ਤਾਕੀ ਖੋਲ੍ਹ ਕੇ ਉਸ ਵਿਚੋਂ ਖੇਸ, ਚਾਦਰ ਤੇ ਸਰ੍ਹਾਣਾ ਕੱਢਿਆ। ਡੱਬੀਆਂ ਵਾਲਾ ਰੰਗ ਬਰੰਗਾ ਖੇਸ ਮੰਜੇ 'ਤੇ ਵਿਛਾ ਦਿੱਤਾ ਤੇ ਗ਼ਫ਼ੂਰ ਝਟ ਕਾਹਲੀ ਕਾਹਲੀ ਕਦਮ ਪੁੱਟਦਾ ਬਾਹਰ ਚਲਾ ਗਿਆ। ਹਮੀਦਾਂ ਨੂੰ ਅਜੇ ਤਕ ਸਮਝ ਨਹੀਂ ਸੀ ਆ ਰਹੀ ਕਿ ਮਾਮਲਾ ਕੀ ਏ ? ਜਦ ਉਸ ਬਾਹਰ ਵੱਲ ਨਜ਼ਰ ਮਾਰੀ ਤਾਂ ਬੂਹੇ ਅੱਗੇ ਖਲੋਤੇ ਗੱਡੇ ਤੋਂ ਗ਼ਫ਼ੂਰ ਕਿਸੇ ਮਰਦ ਨੂੰ ਮੋਢਿਆਂ 'ਤੇ ਚੁੱਕ ਰਿਹਾ ਸੀ। ਦੂਰੋਂ ਹਮੀਦਾਂ ਨੂੰ ਐਵੇਂ ਝਾਂਵਲਾ ਜਿਹਾ

ਹੀ ਪਿਆ ਤੇ ਉਹ ਘਬਰਾ ਗਈ।

ਹਮੀਦਾਂ ਦੀ ਘਬਰਾਹਟ ਦਾ ਇਕ ਕਾਰਨ ਇਹ ਵੀ ਸੀ ਕਿ ਉਸਦੀਆਂ ਅੱਖਾਂ ਸਾਹਮਣੇ ਆਪਣੇ ਪੁੱਤਰ ਮੁਹੰਮਦ ਅਕਬਰ ਦੀ ਮੌਤ ਸਮੇਂ ਦਾ ਦ੍ਰਿਸ਼ ਆ ਗਿਆ। ਉਹਦੀ ਲਾਸ਼ ਨੂੰ ਵੀ ਗੱਡੇ 'ਤੇ ਪਾ ਕੇ ਗ਼ਫ਼ੂਰ ਇਸੇ ਤਰ੍ਹਾਂ ਲਿਆਇਆ ਸੀ ਤੇ ਮੋਢਿਆਂ 'ਤੇ ਜਵਾਨ ਪੁੱਤਰ ਦੀ ਲਾਸ਼ ਨੂੰ ਰੱਖ ਕੇ ਉਹ ਘਰ ਵੜਿਆ ਸੀ।

ਹਮੀਦਾਂ ਤੇਜ਼ ਕਦਮ ਪੁਟਦੀ ਬਾਹਰਲੇ ਦਰਵਾਜ਼ੇ 'ਤੇ ਆ ਗਈ। ਇਤਨੇ ਵਿਚ ਗ਼ਫ਼ੂਰ ਨੇ ਜਵਾਨ ਨੂੰ ਮੋਢੇ 'ਤੇ ਚੁਕ ਲਿਆ ਤੇ ਦਰਵਾਜ਼ੇ ਵਿਚ ਆ ਗਿਆ।

"ਹਾਏ! ਕੌਣ ਜੇ?" ਹਮੀਦਾਂ ਨੇ ਬੜੀ ਘਬਰਾਹਟ ਵਿਚ ਪੁੱਛਿਆ।

"ਅਗੋਂ ਤੇ ਹਟ," ਗ਼ਫ਼ੂਰ ਨੇ ਕਿਹਾ, "ਜ਼ਰਾ ਸਾਹ ਵੀ ਲੈ, ਦੱਸ ਦੇਂਦਾ ਹਾਂ ਤੈਨੂੰ, ਇਹਦਾ ਤਾਂ ਕੁਝ ਕਰ ਲਵਾਂ।"

"ਹੈਂ, ਇਹ ਤਾਂ ਸਿਖ ਏ!" ਹਮੀਦਾਂ ਨੇ ਨੇੜੇ ਹੋ ਕੇ ਪਛਾਣ ਕੇ ਪੁੱਛਿਆ, ਪਰ ਗ਼ਫ਼ੂਰ ਦੇ ਗੁੱਸੇ ਵਿਚ ਬੋਲਣ ਕਾਰਨ ਇਕ ਪਾਸੇ ਹੱਟ ਗਈ।

ਗ਼ਫ਼ੂਰ ਨੇ ਅੰਦਰ ਮੰਜੇ 'ਤੇ ਉਹਨੂੰ ਪਾ ਦਿੱਤਾ ਤੇ ਉਹਦੀ ਵੀਣੀ ਕੋਲੋਂ ਫੜ ਕੇ ਨਬਜ਼ ਦੇਖਣ ਲੱਗ ਪਿਆ। ਫਿਰ ਉਹਦੀ ਛਾਤੀ 'ਤੇ ਹੱਥ ਰੱਖ ਕੇ ਦੇਖਿਆ। ਨਬਜ਼ ਅਜੇ ਠੀਕ ਚੱਲ ਰਹੀ ਸੀ। ਉਸ ਸਿਰ ਦੇ ਕੇਸਾਂ ਵਿਚ ਦੇਖਿਆ ਤਾਂ ਸਿਰਫ਼ ਇਕ ਥਾਂ 'ਤੇ ਸੱਟ ਵੱਜੀ ਹੋਈ ਸੀ, ਜਿਥੋਂ ਬਹੁਤ ਸਾਰਾ ਲਹੂ ਵਗਣ ਕਾਰਨ ਕੇਸ ਲਹੂ ਨਾਲ ਭਰੇ ਪਏ ਸਨ।

"ਇਸ ਵਿਚਾਰੇ ਨੂੰ ਕੀ ਹੋਇਆ ਏ?" ਹਮੀਦਾਂ ਨੇ ਪੁੱਛਿਆ।

"ਪਤਾ ਨਹੀਂ ਕੀ ਹੋਇਆ ਏ। ਮੈਂ ਤਾਂ ਘਰੋਂ ਸਵੇਰੇ ਸ਼ਹਿਰ ਜਾਣ ਲੱਗਿਆਂ ਪਹਿਲਾਂ ਗੱਡਾ ਖੇਤਾਂ ਨੂੰ ਲੈ ਗਿਆ ਸਾਂ, ਤਾਕਿ ਕੁਝ ਪੱਠੇ ਨਾਲ ਲੈ ਚੱਲਾਂ, ਸਾਰਾ ਦਿਨ ਡੰਗਰ ਭੁੱਖੇ ਨਾ ਰਹਿਣ। ਖੇਤਾਂ ਵਿੱਚੋਂ ਹੋ ਕੇ ਮੈਂ ਵੱਡੇ ਰਾਹ 'ਤੇ ਗੱਡਾ ਪਾਇਆ ਹੀ ਸੀ ਕਿ ਰਾਹ ਦੇ ਇਕ ਪਾਸੇ ਜਿਹੇ ਮੇਰੀ ਨਜ਼ਰ ਜਾ ਪਈ ਤੇ ਮੈਂ ਇਕ ਘੋੜਾ ਡਿੱਗਾ ਪਿਆ ਦੇਖਿਆ। ਜਦ ਜਾ ਕੇ ਉਸ ਘੋੜੇ ਨੂੰ ਦੇਖਿਆ ਤਾਂ ਉਹਦੇ 'ਤੇ ਕਾਠੀ ਪਈ ਸੀ ਤੇ ਉਂਜ ਵੀ ਸ਼ਿੰਗਾਰਿਆ ਹੋਇਆ ਪਾਲਤੂ ਘੋੜਾ ਸੀ। ਨਾਲ ਹੀ ਉਹਦੇ ਇਹ ਪਿਆ ਸੀ। ਮੈਂ ਇਹਨੂੰ ਦੇਖਿਆ ਤਾਂ ਨਬਜ਼ ਚੱਲ ਰਹੀ ਸੀ, ਇਸ ਲਈ ਮੈਂ ਸੋਚਿਆ ਕਿ ਇਤਨਾ ਸੋਹਣਾ ਜਵਾਨ ਇਥੇ ਪਿਆ ਮਰ ਜਾਏਗਾ, ਇਹਨੂੰ ਘਰ ਲੈ ਚੱਲਾਂ।" ਗ਼ਫ਼ੂਰ ਨੇ ਇਸ ਤਰ੍ਹਾਂ ਹਮੀਦਾਂ ਨੂੰ ਸਾਰੀ ਗੱਲ ਸਮਝਾ ਦਿੱਤੀ।

ਹਮੀਦਾਂ ਨੇ ਇਕ ਵਾਰ ਫਿਰ ਉਹਦੇ ਚਿਹਰੇ ਵੱਲ ਨਜ਼ਰ ਮਾਰੀ ਤੇ ਕਿਹਾ, "ਦਿਸਣ ਵਿਚ ਕਿੱਡਾ ਸੋਹਣਾ ਜਵਾਨ ਏ। ਕੀ ਖ਼ਿਆਲ ਏ ਤੁਹਾਡਾ ਇਹਨੂੰ ਕੀ ਹੋਇਆ ਏ?"

"ਮੈਨੂੰ ਖੇਤ ਵਿਚ ਪੱਠੇ ਵੱਢਦਿਆਂ ਠਾਹ ਦੀ ਆਵਾਜ਼ ਆਈ ਸੀ। ਜਾਪਦਾ ਇਹ ਹੈ ਕਿ ਇਹਨੂੰ ਗੋਲੀ ਮਾਰੀ ਗਈ ਏ ਪਰ ਉਹ ਇਹਨੂੰ ਨਹੀਂ, ਘੋੜੇ ਨੂੰ ਵੱਜੀ ਏ।"

"ਫਿਰ ਇਹ ਜ਼ਖਮੀ ਕਿਵੇਂ ਹੋ ਗਿਆ ?"

"ਘੋੜਾ ਡਿਗਣ ਨਾਲ। ਇਹ ਇਕ ਸਿੱਲ 'ਤੇ ਪਿਆ ਸੀ, ਉਸੇ ਨਾਲ ਸਿਰ ਪਾਟਾ ਲੱਗਦਾ ਏ।" ਗ਼ਫ਼ੂਰ ਨੇ ਕਿਹਾ।

"ਗੋਲੀ ਮਾਰੀ ਕਿਸ ਏ ?" ਹਮੀਦਾਂ ਨੇ ਹੈਰਾਨ ਹੋ ਕੇ ਪੁੱਛਿਆ।

"ਸ਼ਾਹੀ ਫ਼ੌਜਾਂ ਅੱਜ ਕਲ੍ਹ ਹਰਲ ਹਰਲ ਕਰਦੀਆ ਫਿਰਦੀਆਂ ਨੇ ਸਿੱਖਾਂ ਪਿੱਛੇ। ਟੱਕਰ ਗਈਆਂ ਹੋਣਗੀਆਂ ਇਸ ਵਿਚਾਰੇ ਨੂੰ ਰਾਹ ਜਾਂਦਿਆਂ।" ਗ਼ਫ਼ੂਰ ਨੇ ਕਿਹਾ ਤੇ ਫਿਰ ਇਸ਼ਾਰਾ ਕੀਤਾ ਤੇ ਕਿਹਾ ਕਿ ਪਾਣੀ ਦਾ ਛੰਨਾ ਤੇ ਰੂੰਈ ਲਿਆ, ਤਾਕਿ ਇਹਦਾ ਖ਼ੂਨ ਸਾਫ਼ ਕਰ ਕੇ ਪਹਿਲਾਂ ਪੱਟੀ ਬੰਨ੍ਹੀਏ। ਹਮੀਦਾਂ ਝੱਟ ਪਟ ਸਭ ਕੁਝ ਲੈ ਆਈ ਤੇ ਗ਼ਫ਼ੂਰ ਨੇ ਆਪ ਉਹਦੇ ਸਿਰ ਦੇ ਕੇਸ ਇਕ ਪਾਸੇ ਹਟਾ ਕੇ ਜ਼ਖ਼ਮ ਸਾਫ਼ ਕੀਤਾ ਤੇ ਫਿਰ ਤੇਲ ਦਾ ਫੰਬਾ ਬਣਾ ਕੇ ਉਤੇ ਬੰਨ੍ਹ ਦਿਤਾ।

ਹੁਣ ਸਵਾਲ ਇਹਨੂੰ ਹੋਸ਼ ਵਿਚ ਲਿਆਉਣ ਦਾ ਸੀ। ਮੂੰਹ ਖੋਲ੍ਹਣ ਦਾ ਯਤਨ ਕੀਤਾ ਤਾਂ ਦੰਦਣ ਪਈ ਹੋਈ ਸੀ। ਹਮੀਦਾਂ ਝਟ-ਪਟ ਵਿਹੜੇ ਵਿਚ ਗਈ ਤੇ ਆਲੇ ਵਿਚ ਗੋਹਿਆਂ ਦੀ ਅੱਗ 'ਤੇ ਰੱਖੀ ਦੁੱਧ ਦੀ ਕਾਹੜਨੀ ਵਿਚੋਂ ਛੰਨਾ ਦੁੱਧ ਦਾ ਭਰ ਲਿਆਈ। ਚਿਮਚੇ ਨਾਲ ਉਹਦੀ ਦੰਦਣ ਖੋਲ੍ਹੀ ਗਈ ਤੇ ਕੁਝ ਚਿਮਚੇ ਦੁੱਧ ਦੇ ਅੰਦਰ ਸੁੱਟੇ ਗਏ। ਪਹਿਲਾਂ ਤਾਂ ਦੋ ਚਿਮਚੇ ਦੁੱਧ ਪਾਉਣ ਨਾਲ ਅੰਦਰ ਨਾ ਲੰਘਿਆ, ਸਗੋਂ ਬਾਹਰ ਵਗ ਗਿਆ ਪਰ ਫਿਰ ਕੁਝ ਅੰਦਰ ਚਲਾ ਗਿਆ।

ਹਮੀਦਾਂ ਨੇ ਤੇਲ ਲਿਆ ਕੇ ਉਹਦੀਆਂ ਪੈਰਾਂ ਦੀਆਂ ਤਲੀਆਂ ਝਸਣੀਆਂ ਸ਼ੁਰੂ ਕਰ ਦਿੱਤੀਆਂ। ਗ਼ਫ਼ੂਰ ਨੇ ਉਹਦੇ ਹੱਥਾਂ ਦੀਆਂ ਤਲੀਆਂ ਝਸਣੀਆਂ ਸ਼ੁਰੂ ਕਰ ਦਿੱਤੀਆਂ।

"ਮੇਰਾ ਖ਼ਿਆਲ ਏ ਇਹਨੂੰ ਟਕੋਰ ਕਰੀਏ। ਇਸ ਨਾਲ ਲਹੂ ਗਰਮ ਹੋ ਜਾਏਗਾ ਤੇ ਇਹ ਠੀਕ ਹੋ ਜਾਏਗਾ।" ਗ਼ਫ਼ੂਰ ਨੇ ਕਿਹਾ।

"ਇਸ ਤਰ੍ਹਾਂ ਵੀ ਕਰ ਕੇ ਦੇਖ ਲੈਂਦੇ ਹਾਂ। ਮੈਨੂੰ ਤਾਂ ਰਹਿ ਰਹਿ ਕੇ ਇਹੀ ਖ਼ਿਆਲ ਆਉਂਦਾ ਏ ਕਿ ਕਿੱਡੇ ਜ਼ਾਲਮ ਨੇ ਸਾਡੇ ਚੌਧਰੀ। ਅੱਜ ਇਹਨੂੰ ਦੇਖ ਕੇ ਮੈਨੂੰ ਆਪਣਾ ਮੁਹੰਮਦ ਅਕਬਰ ਯਾਦ ਆ ਗਿਆ ਏ। ਕੋਈ ਨਹੀਂ ਦੇਸ਼ ਵਿਚ ਅਜਿਹਾ ਜਿਹੜਾ ਇਹਨਾਂ ਦੇ ਜ਼ੁਲਮ ਨੂੰ ਠੱਲ੍ਹ ਪਾਏ।" ਹਮੀਦਾਂ ਨੇ ਕਿਹਾ।

"ਇਹਨਾਂ ਕੋਲ ਫ਼ੌਜ ਏ, ਤਾਕਤ ਏ ਤੇ ਹੋਰ ਸਭ ਕੁਝ ਏ, ਕਿਹੜਾ ਹੌਸਲਾ ਕਰਦਾ ਏ ਇਹਨਾਂ ਦਾ ਟਾਕਰਾ ਕਰਨ ਦਾ। ਇਸ ਲਈ ਅੰਨ੍ਹੀ ਪਾਈ ਹੋਈ ਏ। ਇਹੀ ਸਿਖ

ਨੇ ਜੋ ਮੁਕਾਬਲੇ 'ਤੇ ਨਿਕਲੇ ਨੇ ਪਰ ਸਰਕਾਰ ਇਹਨਾਂ ਦੇ ਕਿਧਰੇ ਪੈਰ ਨਹੀਂ ਲੱਗਣ ਦੇਂਦੀ। ਫ਼ੌਜਾਂ ਤੁਰਦੀਆਂ ਫਿਰਦੀਆਂ ਹਨ ਇਹਨਾਂ ਦੀ ਭਾਲ ਵਿਚ ਜਿਥੇ ਕਿਧਰੇ ਸਿਖ ਨਜ਼ਰ ਆ ਜਾਏ ਜਾਂ ਪਤਾ ਲੱਗ ਜਾਏ ਤਾਂ ਇੰਜ ਪਿੱਛਾ ਕਰਦੇ ਨੇ ਜਿਵੇਂ ਸ਼ਿਕਾਰੀ ਸ਼ਿਕਾਰ ਪਿਛੇ ਭੱਜਦਾ ਏ।" ਗ਼ਫ਼ੂਰ ਨੇ ਦੱਸਿਆ।

"ਫਿਰ ਤਾਂ ਕੋਈ ਗੱਲ ਨਾ ਹੋਈ। ਜੇ ਸਿੱਖਾਂ ਇਸ ਤਰ੍ਹਾਂ ਫ਼ੌਜ ਦੇ ਅੱਗੇ ਲਗ ਕੇ ਭੱਜੇ ਫਿਰਨਾ ਏ ਤਾਂ ਕਦੋਂ ਇਨ੍ਹਾਂ ਨੂੰ ਮੁਕਾਣਗੇ?" ਹਮੀਦਾਂ ਨੇ ਕਿਹਾ।

"ਨਹੀਂ, ਇਹ ਗੱਲ ਨਹੀਂ, ਮੈਂ ਤਾਂ ਇਕੱਲੇ ਦੁਕੱਲੇ ਦੀ ਗੱਲ ਦੱਸੀ ਏ। ਜਦੋਂ ਕਿਧਰੇ ਇਹਨਾਂ ਦੇ ਤਕੜੇ ਸਾਰੇ ਜਥੇ ਨਾਲ ਟੱਕਰ ਹੋ ਜਾਏ ਤਾਂ ਫ਼ੌਜ ਨੂੰ ਭਜਾਂਦੇ ਵੀ ਬੜੀ ਬੁਰੀ ਤਰ੍ਹਾਂ ਨੇ। ਸੁਣਿਆ ਨਹੀਂ ਅਜੇ ਕਲ੍ਹ ਦੀ ਗੱਲ ਏ, ਕਾਹਨੂੰਆਣੇ ਦੇ ਛੰਭ ਵਿਚ ਇਹਨਾਂ ਦਾ ਕੋਈ ਇਕੱਠ ਸੀ। ਫ਼ੌਜ ਨੂੰ ਪਤਾ ਲੱਗ ਗਿਆ ਤੇ ਉਸ ਹਮਲਾ ਕਰ ਦਿੱਤਾ, ਪਰ ਇਹਨਾਂ ਅਜਿਹੀ ਮਾਰ ਮਾਰੀ ਕਿ ਫ਼ੌਜ ਨੂੰ ਨੱਸਦਿਆਂ ਰਾਹ ਨਹੀਂ ਲੱਭਾ।" ਗ਼ਫ਼ੂਰ ਨੇ ਕਿਹਾ।

"ਕਦੇ ਇਹ ਸਾਡੇ ਪਿੰਡ ਦੇ ਚੌਧਰੀ ਵੱਲ ਨਹੀਂ ਆਉਂਦੇ। ਇਹਦਾ ਬੇੜਾ ਗ਼ਰਕ ਹੋਵੇ ਜਿਸ ਮੇਰੇ ਲਾਲ ਨੂੰ ਬਿਨਾਂ ਕਸੂਰ ਦੇ ਹੀ ਮਾਰ ਦਿੱਤਾ ਏ।" ਹਮੀਦਾਂ ਨੇ ਬੜੇ ਕ੍ਰੋਧ ਵਿਚ ਆ ਕੇ ਇਹ ਸ਼ਬਦ ਕਹੇ।

"ਜਦੋਂ ਤੌੜੀ ਬਦਲੀ ਤਾਂ ਇਹ ਕੜਛੀਆਂ ਆਪੇ ਨਾਲ ਹੀ ਬਦਲੀਆਂ ਜਾਣਗੀਆਂ," ਗ਼ਫ਼ੂਰ ਨੇ ਕਿਹਾ, "ਇਹਨੂੰ ਅਜੇ ਤਕ ਹੋਸ਼ ਨਹੀਂ ਆਈ। ਫ਼ਿਕਰ ਵਾਲੀ ਗੱਲ ਜਾਪਦੀ ਏ। ਸੱਟ ਬੜੀ ਡੂੰਘੀ ਏ ਤੇ ਲਹੂ ਵੀ ਕਾਫ਼ੀ ਨੁਚੜ ਗਿਆ ਪ੍ਰਤੀਤ ਹੁੰਦਾ ਏ, ਇਸ ਲਈ ਮੈਂ ਸਿਆਣੇ ਨੂੰ ਬੁਲਾ ਲਿਆਵਾਂ।"

"ਕਿਹੜੇ ਸਿਆਣੇ ਨੂੰ ਸੱਦੋਗੇ?" ਹਮੀਦਾਂ ਨੇ ਪੁੱਛਿਆ।

"ਮੌਲਵੀ ਨੂੰ ਸੱਦ ਲਿਆਉਂਦਾ ਹਾਂ।"

"ਕਿਸ ਤਰ੍ਹਾਂ ਦੀਆਂ ਗੱਲਾਂ ਪਏ ਕਰਦੇ ਹੋ?" ਹਮੀਦਾਂ ਨੇ ਕਿਹਾ।

"ਕਿਉਂ?"

"ਇਹ ਸਿਖ ਏ ਤੇ ਸਾਡਾ ਮੌਲਵੀ ਤਾਂ ਸਿੱਖਾਂ ਦਾ ਕਟੜ ਵੈਰੀ ਏ; ਇਸ ਲਈ ਜੇ ਉਹਨੂੰ ਪਤਾ ਲੱਗ ਗਿਆ ਕਿ ਸਾਡੇ ਘਰ ਕੋਈ ਸਿਖ ਆ ਗਿਆ ਏ, ਤਾਂ ਮਰਵਾ ਦਏਗਾ।" ਹਮੀਦਾਂ ਨੇ ਕਿਹਾ।

"ਚਲੋ ਫਿਰ ਜੀਤੂ ਨੂੰ ਸੱਦ ਲਈਏ, ਉਹ ਤਾਂ ਚੰਗਾ ਆਦਮੀ ਏ। ਆਖ਼ਰ ਕੋਈ ਤਾਂ ਸਿਆਣਾ ਬੁਲਾਣਾ ਹੀ ਪਵੇਗਾ।"

"ਹਾਂ, ਉਹਨੂੰ ਬੁਲਾ ਲਓ। ਉਹ ਸਿੱਧਾ ਜਿਹਾ ਆਦਮੀ ਏ ਤੇ ਉਹਨੂੰ ਸਿੱਖਾਂ ਨਾਲ

ਕੋਈ ਵੈਰ ਨਹੀਂ ਹੋ ਸਕਦਾ।" ਹਮੀਦਾਂ ਨੇ ਕਿਹਾ ਤੇ ਗ਼ਫ਼ੂਰ ਜੀਤੂ ਨੂੰ ਲੈਣ ਲਈ ਉਸੇ ਵੇਲੇ ਤੁਰ ਪਿਆ। ਉਹਨੂੰ ਫ਼ਿਕਰ ਸੀ ਕਿ ਜੇ ਸਮੇਂ ਸਿਰ ਇਹਦੇ ਫੱਟ ਨਾ ਬੰਨ੍ਹੇ ਗਏ ਤਾਂ ਸਿਰ ਦੀ ਸੱਟ ਕਿਧਰੇ ਮਾਰੂ ਹੀ ਨਾ ਸਿਧ ਹੋਏ।

ਨੂਰਾਂ ਨਾਲ ਦੇ ਘਰ ਗਈ ਹੋਈ ਸੀ, ਕਿਉਂਕਿ ਉਹਨਾਂ ਦੀ ਕੁੜੀ ਦਾ ਕੁਝ ਦਿਨਾਂ ਤਕ ਵਿਆਹ ਸੀ ਤੇ ਅੱਜ ਕਲ੍ਹ ਉਹ ਬੜੀਆਂ ਨਵੀਆਂ ਨਵੀਆਂ ਚੀਜ਼ਾਂ ਬਣਵਾ ਰਹੇ ਸਨ। ਕੁੜੀ ਇਹਦੀ ਸਹੇਲੀ ਸੀ ਤੇ ਉਹਦਾ ਭਰਾ ਅੱਜ ਗਹਿਣੇ ਬਣਵਾ ਕੇ ਲਿਆਇਆ ਸੀ। ਨੂਰਾਂ ਨੂੰ ਉਥੇ ਚੰਗਾ ਝਟ ਲੱਗ ਗਿਆ। ਇਸ ਲਈ ਜਦ ਉਹ ਵੇਹਲੀ ਹੋਈ ਤਾਂ ਬਾਹਰ ਨਿਕਲ ਕੇ ਦੇਖਿਆ ਕਿ ਸੂਰਜ ਕਾਫ਼ੀ ਉੱਚਾ ਚੜ੍ਹ ਆਇਆ ਸੀ, ਇਸ ਲਈ ਤੇਜ਼ ਤੇਜ਼ ਕਦਮ ਪੁਟਦੀ ਨੂਰਾਂ ਘਰ ਵੱਲ ਆਈ।

ਨੂਰਾਂ ਕਾਫ਼ੀ ਚੰਚਲ ਸੁਭਾਅ ਦੀ ਸੀ। ਭਾਵੇਂ ਉਹ ਹੁਣ ਜਵਾਨੀ ਵਿਚ ਪੈਰ ਰੱਖਣ ਲੱਗ ਪਈ ਸੀ, ਪਰ ਬੱਚਿਆਂ ਵਾਲਾ ਨੱਚਣਾ ਟੱਪਣਾ ਅਜੇ ਤਕ ਨਹੀਂ ਸੀ ਗਿਆ। ਕੁਝ ਗੁਣ-ਗੁਣਾਂਦੀ ਉਹ ਵਿਹੜੇ ਵਿਚ ਆਈ ਤੇ ਪਸਾਰ ਵਿਚ ਮਾਂ ਨੂੰ ਦੇਖ ਕੇ ਇਧਰ ਨੂੰ ਵਧੀ। ਅੰਦਰ ਮੰਜੇ 'ਤੇ ਕੋਈ ਮਰਦ ਲੰਮਾ ਪਿਆ ਦੇਖ ਕੇ ਉਹਦੇ ਕਦਮ ਰੁਕ ਗਏ। ਉਹਦਾ ਇਕ ਪੈਰ ਮੁਹਾਠ ਦੇ ਅੰਦਰ ਆਇਆ ਪਰ ਉਥੋਂ ਹੀ ਮੁੜ ਗਿਆ ਤੇ ਉਹ ਝੱਕ ਗਈ। ਉਹ ਬੜੀ ਹੈਰਾਨ ਸੀ ਕਿ ਇਹ ਮਰਦ ਕੌਣ ਏ, ਜਿਹੜਾ ਇਸ ਤਰ੍ਹਾਂ ਲੇਟਿਆ ਹੋਇਆ ਏ ਤੇ ਮਾਂ ਉਹਦੇ ਸਰ੍ਹਾਣੇ ਬੈਠੀ ਹੋਈ ਏ।

"ਮਾਂ!" ਨੂਰਾਂ ਨੇ ਵਿਹੜੇ ਵਿਚੋਂ ਆਵਾਜ਼ ਦਿੱਤੀ।

"ਲੰਘ ਆ ਨੂਰਾਂ ਅੰਦਰ," ਹਮੀਦਾਂ ਨੇ ਅੰਦਰੋਂ ਹੀ ਆਵਾਜ਼ ਦਿੱਤੀ।

"ਨਹੀਂ ਜ਼ਰਾ ਉਰੇ ਆਏਂ ਨਾ!" ਨੂਰਾਂ ਨੇ ਹੌਲੀ ਜਿਹੀ ਪਰ ਬੜੇ ਝਕਦਿਆਂ ਝਕਦਿਆਂ ਕਿਹਾ।

"ਆਈ!" ਕਹਿ ਕੇ ਹਮੀਦਾਂ ਨੇ ਚਾਦਰ ਬੇਹੋਸ਼ ਪਏ ਸਿਖ 'ਤੇ ਦਿੱਤੀ ਤੇ ਬਾਹਰ ਆ ਗਈ।

"ਹਾਂ, ਦੱਸ ਕੀ ਗੱਲ ਏ?" ਹਮੀਦਾਂ ਨੇ ਪੁੱਛਿਆ।

"ਅੰਦਰ ਕੌਣ ਏ?" ਨੂਰਾਂ ਨੇ ਬੜੇ ਹੈਰਾਨ ਹੋ ਕੇ ਪੁੱਛਿਆ।

"ਰੱਬ ਦਾ ਬੰਦਾ!" ਹਮੀਦਾਂ ਬੋਲੀ।

"ਬੰਦੇ ਤਾਂ ਸਾਰੇ ਹੀ ਰੱਬ ਦੇ ਨੇ ਪਰ ਇਹ ਕੌਣ ਏ?" ਨੂਰਾਂ ਨੇ ਫਿਰ ਪ੍ਰਸ਼ਨ ਕੀਤਾ।

"ਕੋਈ ਸਿਖ ਏ!" ਹਮੀਦਾਂ ਨੇ ਕਿਹਾ।

"ਹੈਂ, ਸਿਖ! ਉਹ ਕਿਵੇਂ ਆ ਗਿਆ? ਮੈਂ ਤਾਂ ਸੁਣਿਆ ਏ ਕਿ ਸਿਖ ਜੰਗਲਾਂ ਵਿਚ ਹੀ ਰਹਿੰਦੇ ਨੇ। ਨਾਲੇ ਇਹ ਤਾਂ ਲੁਟੇਰੇ ਹੁੰਦੇ ਨੇ, ਇਹਨਾਂ ਨੂੰ ਘਰ ਰੱਖਣਾ ਠੀਕ

ਨਹੀਂ। ਅੱਬਾ ਜੀ ਗੁੱਸੇ ਹੋਣਗੇ।" ਨੂਰਾਂ ਨੇ ਕਿਹਾ।

"ਤੇਰਾ ਅੱਬਾ ਤਾਂ ਲਿਆਇਆ ਏ ਇਹਨੂੰ," ਹਮੀਦਾਂ ਨੇ ਦੱਸਿਆ, "ਇਹ ਲੁਟੇਰੇ ਨਹੀਂ, ਇਹ ਤਾਂ ਜ਼ੁਲਮ ਵਿਰੁੱਧ ਲੜਦੇ ਨੇ। ਕਦੀ ਸੁਣਿਆ ਈ ਕਿ ਇਹਨਾਂ ਕਿਸੇ ਪਿੰਡ ਵਿਚ ਡਾਕਾ ਮਾਰਿਆ ਹੋਵੇ, ਇਹ ਤਾਂ ਸਿਰਫ਼ ਸਰਕਾਰੀ ਖ਼ਜ਼ਾਨਾ ਲੁਟਦੇ ਨੇ ਤੇ ਸਰਕਾਰ ਨੂੰ ਖ਼ਤਮ ਕਰਨਾ ਚਾਹੁੰਦੇ ਨੇ। ਇਹ ਵੀ ਉਹਨਾਂ ਚੌਧਰੀਆਂ ਦੇ ਵਿਰੁੱਧ ਨੇ, ਜਿਨ੍ਹਾਂ ਤੇਰਾ ਵੀਰਾ ਮਾਰਿਆ ਸੀ।"

ਹਮੀਦਾਂ ਦਾ ਗਲਾ ਭਰ ਗਿਆ ਤੇ ਮੁਹੰਮਦ ਅਕਬਰ ਦੀ ਯਾਦ ਵਿਚ ਅੱਖਾਂ ਵਿਚੋਂ ਹੰਝੂ ਵਗਣ ਲੱਗ ਪਏ।

"ਮਾਂ ਤੂੰ ਤਾਂ ਰੋਣ ਲੱਗ ਪਈ ਏਂ!" ਨੂਰਾਂ ਦਾ ਧਿਆਨ ਅੰਦਰ ਚਲਾ ਗਿਆ। ਉਸ ਮੰਜੇ ਦੇ ਸਰ੍ਹਾਣੇ ਲਹੂ ਡੁਲ੍ਹਿਆ ਵੇਖਿਆ ਤਾਂ ਘਬਰਾ ਗਈ। ਉਸ ਪੁੱਛਿਆ, "ਮਾਂ ਇਹ ਤਾਂ ਲਹੂ ਡੁਲ੍ਹਿਆ ਪਿਆ ਏ।"

"ਆਹੋ, ਇਹਨੂੰ ਵੀ ਕਿਸੇ ਚੌਧਰੀ ਨੇ ਗੋਲੀ ਮਾਰੀ ਏ ਪਰ ਬਚ ਗਿਆ ਏ। ਸਿਰਫ਼ ਘੋੜੇ ਤੋਂ ਡਿਗਣ ਕਾਰਨ ਫੱਟੜ ਹੋ ਗਿਆ ਏ।" ਹਮੀਦਾਂ ਨੇ ਦੱਸਿਆ।

"ਅੱਛਾ ਤਾਂ ਹੁਣ ਇਹ ਬੇਹੋਸ਼ ਪਿਆ ਏ?"

"ਆਹੋ!" ਹਮੀਦਾਂ ਨੇ ਦੱਸਿਆ, "ਬੜਾ ਸੋਹਣਾ ਬਾਂਕਾ ਜਵਾਨ ਏ। ਉਡੀਕਦੀ ਹੋਣੀ ਏ ਵਿਚਾਰੇ ਦੀ ਮਾਂ ਘਰ ਵਿਚ। ਵਿਆਹ ਵੀ ਪਤਾ ਨਹੀਂ ਅਜੇ ਹੋਇਆ ਸੂ ਕਿ ਨਹੀਂ। ਬਿਲਕੁਲ ਹੀ ਅਲੂਆਂ ਛੋਕਰਾ ਏ।"

"ਅੱਬਾ ਜੀ ਕਿਥੇ ਨੇ?" ਨੂਰਾਂ ਨੇ ਪੁੱਛਿਆ।

"ਉਹ ਜੀਤੂ ਸਿਆਣੇ ਨੂੰ ਸੱਦਣ ਗਏ ਨੇ," ਹਮੀਦਾਂ ਨੇ ਕਿਹਾ, "ਤੂੰ ਘਰ ਹੀ ਬੈਠ ਨੂਰਾਂ, ਮੈਂ ਪਤਾ ਕਰਾਂ ਜੇ ਫ਼ਜ਼ਲ ਦੀ ਮਾਂ ਘਰ ਹੋਵੇ ਤਾਂ ਉਹਦੇ ਕੋਲ ਵੀ ਕਈ ਦਵਾਵਾਂ ਹੁੰਦੀਆਂ ਨੇ, ਕੋਈ ਲੈ ਆਵਾਂ।"

ਹਮੀਦਾਂ ਨੇ ਜਦ ਘਰੋਂ ਬਾਹਰ ਪੈਰ ਰੱਖਿਆ ਹੀ ਸੀ ਤਾਂ ਨੂਰਾਂ ਝਟ ਪਸਾਰ ਵਿਚ ਚਲੀ ਗਈ ਤੇ ਮੰਜੇ ਦੇ ਸਰ੍ਹਾਣੇ ਜਾ ਖਲੋਤੀ। ਉਸਦਾ ਜੀਅ ਕੀਤਾ ਕਿ ਚਾਦਰ ਚੁਕ ਕੇ ਦੇਖੇ ਤਾਂ ਸਹੀ ਕਿ ਕੌਣ ਏ ਤੇ ਕਿਸ ਤਰ੍ਹਾਂ ਦਾ ਏ ਪਰ ਉਹ ਝਕ ਗਈ। ਕੁਝ ਚਿਰ ਉਹ ਸਰ੍ਹਾਣੇ ਖਲੋਤੀ ਮਨ ਦੀਆਂ ਉਲਝਣਾਂ ਵਿਚ ਹੀ ਪਈ ਰਹੀ। ਅਖ਼ੀਰ ਉਸ ਦਿਲ ਪੱਕਾ ਕਰ ਕੇ ਚਾਦਰ ਚੁਕੀ ਤੇ ਵਿਹੜੇ ਵਿਚ ਖੜਾਕ ਹੋਣ ਕਾਰਨ ਝਟ ਚਾਦਰ ਉਸੇ ਤਰ੍ਹਾਂ ਛੱਡ ਕੇ ਇਕ ਪਾਸੇ ਹੋ ਗਈ। ਬਾਹਰ ਆ ਕੇ ਦੇਖਿਆ ਤਾਂ ਬਿੱਲੀ ਉਨ੍ਹਾਂ ਭਾਂਡਿਆਂ ਦੇ ਦੁਆਲੇ ਹੋਈ ਪਈ ਸੀ, ਜਿਨ੍ਹਾਂ ਵਿਚ ਦੁੱਧ ਰੱਖਿਆ ਹੋਇਆ ਸੀ।

ਨੂਰਾਂ ਫਿਰ ਅੰਦਰ ਚਲੀ ਗਈ ਤੇ ਹੁਣ ਜਾਂਦਿਆਂ ਹੀ ਉਸ ਚਾਦਰ ਹੌਲੀ ਜਿਹੀ

ਚੁੱਕੀ ਜਿਵੇਂ ਕੋਈ ਸੁੱਤਾ ਹੋਇਆ ਜਾਗ ਨਾ ਪਵੇ। ਭਾਵੇਂ ਰੱਤ ਨੁਚੜ ਜਾਣ ਕਾਰਨ ਰੰਗ ਪੀਲਾ ਵਸਾਰ ਵਰਗਾ ਹੋਇਆ ਪਿਆ ਸੀ ਪਰ ਫਿਰ ਵੀ ਚਿਹਰਾ ਭਰਵਾਂ ਤੇ ਪ੍ਰਭਾਵਸ਼ਾਲੀ ਸੀ। ਕਿਤਨਾ ਚਿਰ ਨੂਰਾਂ ਟੱਕ ਬੰਨ੍ਹੀ ਉਹਦੇ ਵੱਲ ਦੇਖਦੀ ਰਹੀ। ਉਸ ਉਦੋਂ ਹੀ ਉਹਦੇ ਮੂੰਹ 'ਤੇ ਫਿਰ ਕਪੜਾ ਪਾ ਦਿੱਤਾ ਜਦੋਂ ਉਸਨੂੰ ਬਾਹਰ ਦਰਵਾਜ਼ੇ 'ਤੇ ਗ਼ਫ਼ੂਰ ਤੇ ਜੀਤੂ ਦੀ ਆਵਾਜ਼ ਆਈ।

ਜੀਤੂ ਨੇ ਆ ਕੇ ਦੇਖਿਆ। ਅਜੇ ਤਕ ਲਹੂ ਸਿੰਮ ਰਿਹਾ ਸੀ। ਉਸ ਤੇਲ ਦਾ ਫੰਬਾ ਲਾਹਿਆ ਤੇ ਦੇਖਿਆ। ਸਿਰ ਵਿਚ ਪੱਥਰ ਲੱਗਣ ਕਾਰਨ ਇਕ ਇੰਚ ਤੋਂ ਵੱਧ ਡੂੰਘਾ ਜ਼ਖ਼ਮ ਹੋ ਗਿਆ ਸੀ। ਉਸ ਇਕ ਮਰ੍ਹਮ ਕੱਢੀ ਤੇ ਉਪਰ ਲਾ ਦਿੱਤੀ ਤੇ ਦੱਸਿਆ ਕਿ ਹੁਣ ਲਹੂ ਨਹੀਂ ਵਗੇਗਾ ਅਤੇ ਕੁਝ ਦਿਨਾਂ ਵਿਚ ਇਹ ਠੀਕ ਹੋ ਜਾਏਗਾ।

"ਵੇਖ ਲਓ ਕਿਧਰੇ ਹੋਰ ਸੱਟ ਤਾਂ ਨਹੀਂ ਲੱਗੀ," ਗ਼ਫ਼ੂਰ ਨੇ ਕਿਹਾ। ਜੀਤੂ ਨੇ ਸਾਰਾ ਸਰੀਰ ਦੇਖਿਆ ਤੇ ਟੋਹਿਆ, ਪਰ ਕਿਧਰੇ ਉਹਨੂੰ ਜ਼ਖ਼ਮ ਨਾ ਦਿਸਿਆ। ਉਸ ਕਿਹਾ, "ਅਜੇ ਨਹੀਂ ਪਤਾ ਲੱਗ ਸਕਦਾ। ਇਹਨੂੰ ਹੋਸ਼ ਵਿਚ ਆਉਣ 'ਤੇ ਪਤਾ ਲਗੇਗਾ ਕਿ ਕਿਧਰੇ ਹੋਰ ਵੀ ਦਰਦ ਮਹਿਸੂਸ ਹੁੰਦਾ ਏ ਕਿ ਨਹੀਂ। ਇਸ ਤਰ੍ਹਾਂ ਪਤਾ ਨਹੀਂ ਲੱਗ ਸਕਦਾ। ਸ਼ਾਇਦ ਕਿਧਰੇ ਮਾਸ ਦੇ ਅੰਦਰ ਠੇਸ ਨਾ ਆਈ ਹੋਵੇ।"

ਜੀਤੂ ਨੇ ਇਕ ਪੁੜੀ ਦਵਾਈ ਦੀ ਚਿਮਚਾ ਭਰ ਕੇ ਪਾਣੀ ਵਿਚ ਘੋਲੀ ਤੇ ਦੂਜੇ ਚਿਮਚੇ ਨਾਲ ਦੰਦ ਖੋਲ੍ਹ ਕੇ ਅੰਦਰ ਸੁਟ ਦਿੱਤੀ। ਇਕ ਸ਼ੀਸ਼ੀ ਵਿਚ ਕੁਝ ਚਿੱਟਾ ਜਿਹਾ ਮਸਾਲਾ ਪਾਇਆ ਹੋਇਆ ਸੀ, ਉਸ ਨੂੰ ਹਿਲਾ ਕੇ ਨੱਕ ਦੇ ਨੇੜੇ ਲਿਜਾ ਕੇ ਢੱਕਣ ਖੋਲ੍ਹ ਦਿਤਾ ਤੇ ਉਹਦੀ ਹਵਾੜ ਦਿੱਤੀ। ਉਸ ਨਾਲ ਜਵਾਨ ਨੇ ਨੱਕ ਵੱਟਿਆ ਤੇ ਇਕ ਲੰਮਾ ਸਾਹ ਲਿਆ, ਜਿਸ ਨਾਲ ਦੰਦਣ ਖੁਲ੍ਹ ਗਈ ਪਰ ਅੱਖਾਂ ਨਾ ਖੁਲ੍ਹੀਆਂ। ਜੀਤੂ ਨੇ ਕਿਹਾ, "ਹੁਣ ਫ਼ਿਕਰ ਵਾਲੀ ਕੋਈ ਗੱਲ ਨਹੀਂ। ਇਹਦੀਆਂ ਤਲੀਆਂ ਝੱਸੋ ਪਰ ਤੇਲ ਨਾ ਲਾਓ। ਝਟ ਕੁ ਤਕ ਆਪੇ ਹੋਸ਼ ਆ ਜਾਏਗੀ।"

ਜੀਤੂ ਦਵਾਈ ਦੇ ਕੇ ਬਾਹਰ ਨਿਕਲਿਆ ਤੇ ਅਜੇ ਗਲੀ ਦੇ ਮੋੜ 'ਤੇ ਹੀ ਸੀ ਕਿ ਅਗੋਂ ਉਹਨੂੰ ਪਿੰਡ ਦਾ ਮੌਲਵੀ ਮਿਲ ਗਿਆ। ਉਸ ਪੁੱਛਿਆ, "ਕਿਧਰ ਗਿਆ ਸੀ ਰੁਲੀਏ ਇਸ ਵੇਲੇ, ਤੂੰ ਤਾਂ ਮੇਰੇ ਵੱਲ ਆਉਣਾ ਸੀ। ਮੈਂ ਤੈਨੂੰ ਉਡੀਕ ਉਡੀਕ ਕੇ ਤੇਰੇ ਘਰ ਬੰਦਾ ਭੀ ਭੇਜਿਆ ਪਰ ਪਤਾ ਲੱਗਾ ਕਿ ਤੂੰ ਘਰ ਨਹੀਂ।"

"ਮੈਂ ਗ਼ਫ਼ੂਰ ਦੇ ਘਰ ਗਿਆ ਸਾਂ," ਜੀਤੂ ਨੇ ਦੱਸਿਆ।

"ਕਿਉਂ ? ਉਹਦੇ ਘਰ ਕੀ ਸੀ ?" ਮੌਲਵੀ ਨੇ ਜ਼ਰਾ ਗੁੱਸੇ ਵਿਚ ਮੱਥੇ 'ਤੇ ਵੱਟ ਪਾਂਦਿਆਂ ਪੁੱਛਿਆ।

"ਕੋਈ ਸਿਖ ਫੱਟੜ ਆਇਆ ਪਿਆ ਸੀ, ਉਹਨੂੰ ਮਰ੍ਹਮ ਪੱਟੀ ਕਰਨ ਗਿਆ

ਸਾਂ, ਇਸ ਲਈ ਤੁਹਾਡੇ ਵੱਲ ਜਾਂਦਿਆਂ ਦੇਰ ਹੋ ਗਈ। ਮੈਂ ਤਿਆਰ ਤਾਂ ਤੁਹਾਡੇ ਵੱਲ ਆਉਣ ਲਈ ਹੋਇਆ ਸਾਂ ਪਰ ਦਰਵਾਜ਼ੇ ਵਿਚ ਹੀ ਗ਼ਫ਼ੂਰ ਮਿਲ ਪਿਆ ਤੇ ਉਹ ਪਹਿਲਾਂ ਆਪਣੇ ਘਰ ਲੈ ਗਿਆ।"

"ਹੈਂ, ਉਹਦੇ ਘਰ ਸਿਖ ਫਟੜ ਪਿਆ!" ਮੌਲਵੀ ਨੇ ਆਪਣੇ ਸਿਰ ਦੀ ਲਾਲ ਟੋਪੀ ਨੂੰ ਹਿਲਾ ਕੇ ਅੱਗੇ ਕਰਦਿਆਂ ਕਿਹਾ, "ਉਹਦੀ ਇਹ ਮਜਾਲ ਕਿ ਸਰਕਾਰ ਦੇ ਬਾਗ਼ੀਆਂ ਨੂੰ ਘਰ ਰਖੇ। ਮੈਂ ਹੁਣੇ ਚਲ ਕੇ ਪੁਛਦਾ ਹਾਂ ਉਹਨੂੰ।"

"ਉਸ ਕੋਈ ਜਾਣ ਕੇ ਨਹੀਂ ਰੱਖਿਆ। ਵਿਚਾਰਾ ਜ਼ਖ਼ਮੀ ਹੋ ਕੇ ਬੇਹੋਸ਼ ਪਿਆ ਸੀ, ਉਸ ਚੁਕ ਕੇ ਘਰ ਲੈ ਆਂਦਾ ਏ।" ਜੀਤੂ ਨੇ ਬੜੀ ਸਫ਼ਾਈ ਪੇਸ਼ ਕਰਨ ਦੇ ਵਿਚਾਰ ਨਾਲ ਸਾਰੀ ਗੱਲ ਕਹੀ, ਪਰ ਉਹਦਾ ਮੌਲਵੀ 'ਤੇ ਕੋਈ ਅਸਰ ਨਾ ਹੋਇਆ। ਉਹ ਸਿਖ ਦਾ ਨਾਂ ਸੁਣਦਿਆਂ ਹੀ ਆਪੇ ਤੋਂ ਬਾਹਰ ਹੋ ਗਿਆ। ਉਸ ਕਿਹਾ, "ਹੂੰ, ਸਿਖ ਅਤੇ ਵਿਚਾਰਾ, ਇਹ ਲੁਟੇਰੇ ਵੀ ਵਿਚਾਰੇ ਬਣਨ ਲਗੇ ਤਾਂ ਪੈ ਗਈਆਂ ਪੂਰੀਆਂ। ਮੈਂ ਕਹਿੰਦਾ ਹਾਂ ਕਿ ਸਿਖ ਨੂੰ ਹੌਸਲਾ ਕਿਵੇਂ ਪਿਆ ਕਿ ਉਹ ਕਿਸੇ ਮੁਸਲਮਾਨ ਦੇ ਘਰ ਆ ਜਾਏ।"

"ਕਿਉਂ ਸਿੱਖਾਂ ਨੂੰ ਮੁਸਲਮਾਨਾਂ ਦੇ ਘਰ ਆਉਣ 'ਤੇ ਕੋਈ ਪਾਬੰਦੀ ਏ ?" ਜੀਤੂ ਨੇ ਕਿਹਾ।

"ਆਹੋ, ਪਾਬੰਦੀ ਏ, ਇਹ ਕਾਫ਼ਰ ਮੁਸਲਮਾਨਾਂ ਦੇ ਘਰ ਪਾਕ ਵਿਚ ਆ ਕੇ ਪਲੀਤ ਨਹੀਂ ਕਰ ਸਕਦੇ," ਮੌਲਵੀ ਨੇ ਕਿਹਾ।

"ਕਿੱਦਾਂ ਦੀਆਂ ਗੱਲਾਂ ਕਰਦੇ ਹੋ ਮੌਲਵੀ ਜੀ, ਇਸ ਤਰ੍ਹਾਂ ਮਨੁੱਖਾਂ ਦੇ ਘਰ ਮਨੁੱਖ ਆਉਣ ਨਾਲ ਘਰ ਪਲੀਤ ਨਹੀਂ ਹੋ ਜਾਂਦੇ।"

"ਤੈਨੂੰ ਕੀ ਪਤੈ, ਜਾਹ ਜਾ ਕੇ ਘਾਹ ਖੋਤਰ ਜਿਸ ਦੇ ਤੂੰ ਲਾਇਕ ਏਂ," ਇਹ ਕਹਿ ਕੇ ਮੌਲਵੀ ਗੁੱਸੇ ਵਿਚ ਤੇਜ਼ ਤੇਜ਼ ਕਦਮ ਪੁੱਟਦਾ, ਗ਼ਫ਼ੂਰ ਦੇ ਘਰ ਵੱਲ ਚਲ ਪਿਆ।

ਦਰਵਾਜ਼ੇ 'ਤੇ ਜਾ ਕੇ ਪਹਿਲਾਂ ਕੁੰਡਾ ਖੜਕਾਇਆ, ਪਰ ਅੰਦਰੋਂ ਕੋਈ ਨਾ ਬੋਲਿਆ, ਕਿਉਂਕਿ ਸਾਰਾ ਟੱਬਰ ਸਿਖ ਦੇ ਹੱਥਾਂ ਪੈਰਾਂ ਦੀਆਂ ਤਲੀਆਂ ਝੱਸਣ 'ਤੇ ਲੱਗਾ ਹੋਇਆ ਸੀ। ਜਦ ਕੋਈ ਬਾਹਰ ਨਾ ਆਇਆ ਤਾਂ ਮੌਲਵੀ ਨੇ ਆਵਾਜ਼ ਦਿੱਤੀ।

ਗ਼ਫ਼ੂਰ ਨੇ ਆਵਾਜ਼ ਪਛਾਣ ਲਈ ਤੇ ਹੌਲੀ ਜਿਹੀ ਕਿਹਾ, "ਲਓ ਬਣੀ ਪਿਆ ਜੇ ਵਖ਼ਤ, ਹੁਣ ਮੌਲਵੀ ਵੀ ਆ ਗਿਆ ਜੇ।"

"ਤੁਸੀਂ ਝਟ-ਪਟ ਬਾਹਰ ਹੀ ਚਲੇ ਜਾਓ, ਕਿਧਰੇ ਉਹ ਅੰਦਰ ਹੀ ਨਾ ਲੰਘ ਆਏ," ਹਮੀਦਾਂ ਨੇ ਕਿਹਾ। ਗ਼ਫ਼ੂਰ ਝਟ-ਪਟ ਉਠ ਕੇ ਬਾਹਰ ਆ ਗਿਆ।

"ਮੈਂ 'ਵਾਜਾਂ ਮਾਰਦਾ ਥੱਕ ਗਿਆ ਹਾਂ ਤੇ ਤੂੰ ਬੋਲਦਾ ਈ ਨਹੀਂ," ਮੌਲਵੀ ਨੇ ਕਿਹਾ।

"ਮੇਰਾ ਧਿਆਨ ਕਿਧਰੇ ਹੋਰ ਸੀ, ਇਸ ਲਈ ਪਤਾ ਨਹੀਂ ਲੱਗਾ ਹੋਣਾ। ਅੱਛਾ ਦੱਸੋ ਕੀ ਹੁਕਮ ਏ?" ਗ਼ਫ਼ੂਰ ਨੇ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਕਿਹਾ।

"ਹੂੰ, ਤੈਨੂੰ ਕਾਹਨੂੰ ਪਤਾ ਲਗਣਾ ਏ। ਸਿਖ ਦੀ ਸੇਵਾ ਜੁ ਕਰ ਰਿਹਾ ਸੈਂ।" ਮੌਲਵੀ ਨੇ ਮੂੰਹ ਹੋਰ ਹੀ ਤਰ੍ਹਾਂ ਬਣਾ ਕੇ ਕਿਹਾ।

ਗ਼ਫ਼ੂਰ ਸਮਝ ਗਿਆ ਕਿ ਮੌਲਵੀ ਨੂੰ ਪਤਾ ਲੱਗ ਗਿਆ ਏ। ਇਕ ਵਾਰ ਤਾਂ ਉਹਦਾ ਰੰਗ ਉਡ ਗਿਆ ਪਰ ਝਟ ਹੀ ਉਹ ਸੰਭਲ ਗਿਆ ਤੇ ਉਸ ਕਿਹਾ, "ਕੋਈ ਗੁਨਾਹ ਤਾਂ ਨਹੀਂ ਸਾਂ ਕਰ ਰਿਹਾ।"

"ਇਸ ਤੋਂ ਵੱਧ ਹੋਰ ਗੁਨਾਹ ਕੀ ਹੋ ਸਕਦਾ ਏ, ਹੁਣੇ ਉਹਨੂੰ ਕੱਢ ਬਾਹਰ ਤੇ ਲੈ ਚਲ ਚੌਧਰੀ ਹੋਰਾਂ ਦੇ ਸਾਹਮਣੇ," ਮੌਲਵੀ ਨੇ ਕਿਹਾ।

"ਕਿਉਂ?" ਗ਼ਫ਼ੂਰ ਨੇ ਜ਼ਰਾ ਗੁੱਸੇ ਵਿਚ ਪੁੱਛਿਆ।

"ਹਰ ਮੁਸਲਮਾਨ ਦਾ ਕੰਮ ਏ ਕਿ ਉਹ ਸਿੱਖਾਂ ਨੂੰ ਖ਼ਤਮ ਕਰਨ ਲਈ ਸਰਕਾਰ ਦੀ ਮਦਦ ਕਰੇ," ਮੌਲਵੀ ਨੇ ਕਿਹਾ।

"ਮੈਂ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ," ਗ਼ਫ਼ੂਰ ਨੇ ਕਿਹਾ, "ਮੇਰਾ ਤਾਂ ਖ਼ਿਆਲ ਇਹ ਹੈ ਕਿ ਹਰ ਮੁਸਲਮਾਨ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੀ ਮਦਦ ਕਰੇ।"

"ਤੂੰ ਵੀ ਇਸਲਾਮੀ ਰਾਜ ਦੇ ਵਿਰੁੱਧ ਏਂ," ਮੌਲਵੀ ਨੇ ਅੱਖਾਂ ਲਾਲ ਕਰਦਿਆਂ ਕਿਹਾ।

"ਮੈਂ ਇਸਲਾਮੀ ਰਾਜ ਵਿਰੁੱਧ ਨਹੀਂ, ਪਰ ਜ਼ੁਲਮੀ ਰਾਜ ਦੇ ਵਿਰੁੱਧ ਜ਼ਰੂਰ ਹਾਂ। ਜਿਸ ਰਾਜ ਵਿਚ ਨਿਹੱਕ ਪੁਤਰ ਮਾਰੇ ਜਾ ਸਕਦੇ ਹਨ, ਉਹ ਰਾਜ ਨਹੀਂ ਰਹਿਣਾ ਚਾਹੀਦਾ ਭਾਵੇਂ ਉਹ ਮੁਸਲਮਾਨਾਂ ਦਾ ਹੀ ਕਿਉਂ ਨਾ ਹੋਵੇ। ਇਸਲਾਮ ਤਾਂ ਇਹ ਨਹੀਂ ਕਹਿੰਦਾ ਕਿ ਹਰ ਤਕੜਾ ਆਦਮੀ ਮਾੜਿਆਂ ਨੂੰ ਖਾ ਜਾਏ।"

"ਮੈਂ ਤੇਰੀ ਤਕਰੀਰ ਸੁਣਨ ਨਹੀਂ ਆਇਆ। ਦੋ ਟੂਕ ਗੱਲ ਮੁਕਾ ਕਿ ਸਿਖ ਸਾਡੇ ਹਵਾਲੇ ਕਰਨਾ ਈ ਕਿ ਨਹੀਂ?" ਮੌਲਵੀ ਨੇ ਕਿਹਾ।

"ਨਹੀਂ!" ਗ਼ਫ਼ੂਰ ਨੇ ਉੱਤਰ ਦਿੱਤਾ।

"ਇਹ ਸੌਦਾ ਮਹਿੰਗਾ ਰਹੇਗਾ ਤੈਨੂੰ," ਮੌਲਵੀ ਨੇ ਉਹਨੂੰ ਅਖ਼ੀਰੀ ਚਿਤਾਵਨੀ ਦਿੱਤੀ।

"ਕੋਈ ਗੱਲ ਨਹੀਂ, ਵੇਖੀ ਜਾਏਗੀ," ਗ਼ਫ਼ੂਰ ਨੇ ਕਿਹਾ, "ਅਗੇ ਜਵਾਨ ਪੁੱਤਰ ਮਾਰ ਦਿੱਤਾ ਏ, ਹੁਣ ਮੈਨੂੰ ਵੀ ਮਾਰ ਲੈਣ; ਪਰ ਇਸ ਸਿਖ ਨੂੰ ਬੁੱਚੜਾਂ ਦੇ ਹਵਾਲੇ

ਨਹੀਂ ਕਰ ਸਕਦਾ।"

"ਪਿਉ ਦਾ ਪੁੱਤਰ ਏਂ ਤਾਂ ਰਹੀਂ ਫਿਰ ਆਪਣੀ ਗੱਲ 'ਤੇ ਅੜਿਆ। ਵੇਖਾਂਗਾ ਤੂੰ ਕਿਵੇਂ ਸਿਖ ਨੂੰ ਆਪਣੇ ਘਰ ਰੱਖਦਾ ਏਂ ?" ਮੌਲਵੀ ਨੇ ਗੁੱਸੇ ਵਿਚ ਇਹ ਸ਼ਬਦ ਕਹੇ ਤੇ ਆਪਣੀ ਟੋਪੀ ਨੂੰ ਹੋਰ ਥੋੜ੍ਹਾ ਜਿਹਾ ਮੱਥੇ ਵੱਲ ਖਿਸਕਾ ਕੇ ਟੁਰ ਗਿਆ।

੫

ਚੌਧਰੀ ਆਪਣੇ ਮਕਾਨ ਦੀ ਡਿਉਢੀ ਵਿਚ ਮੰਜਾ ਡਾਹ ਕੇ ਬੈਠਾ ਹੋਇਆ ਸੀ। ਆਲੇ-ਦੁਆਲੇ ਕਈ ਆਦਮੀ ਬੈਠੇ ਗੱਲਾਂ ਕਰ ਰਹੇ ਸਨ। ਇਕ ਬੁੱਢਾ ਆਦਮੀ ਫਟੇ ਪੁਰਾਣੇ ਕੱਪੜੇ ਪਾਈ ਅੰਦਰ ਆ ਗਿਆ ਤੇ ਉਸ ਆਉਂਦਿਆਂ ਚੌਧਰੀ ਦੇ ਪੈਰ ਫੜ ਲਏ।

"ਕੀ ਗੱਲ ਏ ਬਈ ?" ਚੌਧਰੀ ਨੇ ਪੈਰ ਥੋੜ੍ਹਾ ਜਿਹਾ ਪਿੱਛੇ ਖਿਸਕਾਂਦਿਆਂ ਕਿਹਾ।

"ਜਨਾਬ ਮੈਂ ਗ਼ਰੀਬ ਹਾਂ ਤੇ ਤੁਸੀਂ ਜੋ ਜੁਰਮਾਨਾ ਕੀਤਾ ਏ ਉਹ ਮੈਂ ਭਰ ਨਹੀਂ ਸਕਦਾ," ਉਸ ਤਰਲੇ ਨਾਲ ਕਿਹਾ।

"ਭਰ ਕਿਉਂ ਨਹੀਂ ਸਕਦਾ ?" ਹੈਂਕੜ ਨਾਲ ਚੌਧਰੀ ਬੋਲਿਆ, "ਤੇਰੇ ਮੁੰਡੇ ਨੇ ਸਾਡਾ ਅਪਮਾਨ ਕੀਤਾ ਏ, ਉਦੋਂ ਉਹਨੂੰ ਨਹੀਂ ਸੀ ਅਕਲ ਜਦ ਉਸ ਸਾਡੇ ਕੁੱਤੇ ਨਾਲ ਆਪਣਾ ਕੁੱਤਾ ਲੜਾਇਆ ਸੀ। ਸਾਡਾ ਕੁੱਤਾ ਜ਼ਖ਼ਮੀ ਹੋ ਗਿਆ ਹੈ ਇਸ ਲਈ ਜੁਰਮਾਨਾ ਭਰਨਾ ਪਵੇਗਾ।"

"ਜੀ ਮੁੰਡੇ ਤੋਂ ਭੁੱਲ ਹੋ ਗਈ ਏ। ਉਹ ਤਾਂ ਕਹਿੰਦਾ ਏ ਮੈਂ ਕੁੱਤਾ ਲੜਾਇਆ ਨਹੀਂ, ਸਗੋਂ ਤੁਹਾਡਾ ਕੁੱਤਾ ਹੀ ਪਹਿਲਾਂ ਉਹਦੇ ਗਲ ਜਾ ਪਿਆ ਸੀ।" ਬੁੱਢੇ ਨੇ ਤਰਲੇ ਨਾਲ ਕਿਹਾ।

"ਅੱਛਾ, ਉਲਟਾ ਚੋਰ ਕੁਤਵਾਲ ਨੂੰ ਡਾਂਟੇ," ਅੱਖਾਂ ਲਾਲ ਕਰ ਕੇ ਚੌਧਰੀ ਨੇ ਕਿਹਾ, "ਤੁਹਾਡੀ ਇਹ ਮਜਾਲ ਕਿ ਤੁਸੀਂ ਜਾਤ ਦੀ ਕੋਹੜ ਕਿਰਲੀ ਤੇ ਛਤੀਰਾਂ ਨੂੰ ਜੱਫਾ ਮਾਰੋ। ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਇਸ ਲਈ ਤੁਹਾਨੂੰ ਜੁਰਮਾਨਾ ਦੇਣਾ ਪਵੇਗਾ। ਮੈਂ ਇਸਮਾਈਲ ਖ਼ਾਨ ਨੂੰ ਕਹਿ ਦਿੱਤਾ ਏ ਕਿ ਜੇ ਇਹ ਜੁਰਮਾਨਾ ਸਮੇਂ ਸਿਰ ਨਾ ਦੇਵੇ ਤਾਂ ਇਸ ਦੇ ਡੰਗਰ ਖੋਲ੍ਹ ਲਏ ਜਾਣ ਤੇ ਉਹ ਨੀਲਾਮ ਕਰ ਕੇ ਰਕਮ ਪ੍ਰਾਪਤ ਕਰ ਲਈ ਜਾਏ।"

"ਇਹ ਜ਼ੁਲਮ ਨਾ ਕਰੋ," ਬੁੱਢੇ ਨੇ ਫਿਰ ਤਰਲੇ ਨਾਲ ਕਿਹਾ, "ਮੇਰੇ ਘਰ ਇੱਕੋ ਮੱਝ ਲਵੇਰੀ ਏ ਤੇ ਉਹ ਵੀ ਅੰਞਾਣਿਆਂ ਨੇ ਬੜੇ ਚਾਅ ਨਾਲ ਪਾਲੀ ਏ। ਉਹ ਖੋਹੀ ਗਈ ਤਾਂ ਗ਼ਰੀਬ ਮਾਸੂਮਾਂ ਦੇ ਦਿਲਾਂ ਨੂੰ ਬੜੀ ਸੱਟ ਵੱਜੇਗੀ।"

"ਅਜੇ ਗ਼ਰੀਬ ਮਾਸੂਮ ਨੇ। ਅਜ ਕੁੱਤੇ ਨੇ ਕੁੱਤੇ ਦਾ ਮੁਕਾਬਲਾ ਕੀਤਾ ਏ ਤੇ ਕਲ੍ਹ ਤੁਸੀਂ ਸਾਡਾ ਕਰੋਗੇ।" ਚੌਧਰੀ ਦਾ ਪਾਰਾ ਹੋਰ ਤੇਜ਼ ਹੁੰਦਾ ਗਿਆ।

"ਇਹ ਕਿਵੇਂ ਹੋ ਸਕਦਾ ਏ, ਤੁਹਾਡੇ ਟੁਕੜਿਆਂ 'ਤੇ ਪਲਣ ਵਾਲੇ ਅਸੀਂ ਮੁਕਾਬਲਾ ਕਰ ਸਕਦੇ ਹਾਂ। ਹਜ਼ੂਰ ਮੁੰਡੇ ਨੂੰ ਸੱਦ ਕੇ ਤੁਹਾਡੇ ਸਾਹਮਣੇ ਦੋ ਚਾਰ ਜੁੱਤੀਆਂ ਮਾਰ ਦਿੰਦਾ ਹਾਂ। ਅਗੋਂ ਅਜਿਹੀ ਗ਼ਲਤੀ ਨਹੀਂ ਹੋਵੇਗੀ, ਇਸ ਲਈ ਹੁਣ ਮਾਫ਼ੀ ਦੇ ਦਿਓ।"

"ਮੈਂ ਇਕ ਵਾਰ ਕਹਿ ਦਿੱਤਾ ਏ ਅਤੇ ਹੁਣ ਇਹ ਹੁਕਮ ਵਾਪਸ ਨਹੀਂ ਲਿਆ ਜਾ ਸਕਦਾ। ਤੂੰ ਕਿਸੇ ਵੇਲੇ ਸਾਡੇ ਡੰਗਰ ਚਾਰਦਾ ਰਿਹਾ ਏਂ, ਇਸ ਲਈ ਮੈਨੂੰ ਤੇਰੇ 'ਤੇ ਤਰਸ ਆ ਗਿਆ ਏ, ਨਹੀਂ ਤਾਂ ਮੁੰਡੇ ਤੇਰੇ ਨੇ ਜਿਹੜੀਆਂ ਕਰਤੂਤਾਂ ਸ਼ੁਰੂ ਕੀਤੀਆਂ ਹੋਈਆਂ ਹਨ, ਉਹਨਾਂ ਦੀ ਸਜ਼ਾ ਤਾਂ ਇਹ ਜੁਰਮਾਨਾ ਥੋੜ੍ਹਾ ਏ।" ਚੌਧਰੀ ਨੇ ਇਹ ਸ਼ਬਦ ਕਹੇ ਅਤੇ ਮੰਜੇ ਤੋਂ ਉਠ ਕੇ ਕਿਧਰੇ ਜਾਣ ਲੱਗਾ। ਮੰਜੇ ਹੇਠਾਂ ਉਸ ਜੁੱਤੀ ਲਈ ਪੈਰ ਮਾਰਿਆ ਪਰ ਜੁੱਤੀ ਨਾ ਲੱਭੀ। ਬੁੱਢੇ ਨੇ ਅੱਗੇ ਹੋ ਕੇ ਫਿਰ ਪੈਰ ਫੜ ਲਏ ਅਤੇ ਤਰਲੇ ਨਾਲ ਕਿਹਾ, "ਹਜ਼ੂਰ ਹੀ ਤਾਂ ਮਾਈ ਬਾਪ ਹੋ। ਮੈਂ ਹੁਣ ਭਰੋਸਾ ਦਿਵਾਂਦਾ ਹਾਂ ਕਿ ਮੁੰਡਾ ਅੱਗੋਂ ਕੋਈ ਗੁਸਤਾਖ਼ੀ ਨਹੀਂ ਕਰੇਗਾ। ਉਹ ਤੁਹਾਡੇ ਸਾਹਮਣੇ ਆ ਕੇ ਮਾਫ਼ੀ ਮੰਗ ਲਵੇਗਾ, ਇਸ ਲਈ ਕਿਰਪਾ ਕਰੋ ਅਤੇ ਜੁਰਮਾਨਾ ਨਾ ਕਰੋ।"

ਚੌਧਰੀ ਨੇ ਜ਼ੋਰ ਦੀ ਲੱਤ ਮਾਰੀ ਜੋ ਬੁੱਢੇ ਦੇ ਢਿਡ ਵਿਚ ਲੱਗੀ ਤੇ ਉਹ ਪਿੱਛੇ ਦਰਵਾਜ਼ੇ ਵਿਚ ਡਿੱਗ ਪਿਆ। ਬੁੱਢੇ ਦਾ ਪੁੱਤਰ ਬਾਹਰ ਦਰਵਾਜ਼ੇ ਨਾਲ ਖਲੋਤਾ ਲੁਕ ਕੇ ਸਾਰੀਆਂ ਗੱਲਾਂ ਸੁਣ ਰਿਹਾ ਸੀ, ਉਸ ਤੋਂ ਰਿਹਾ ਨਾ ਗਿਆ ਅਤੇ ਆ ਕੇ ਪਿਓ ਨੂੰ ਉਠਾਇਆ। ਭਾਵੇਂ ਬੁੱਢਾ ਡਿੱਗਾ ਤਾਂ ਜ਼ੋਰ ਨਾਲ ਸੀ ਪਰ ਗ਼ਰੀਬ ਦੀ ਕਰੜੀ ਜਾਨ ਹੋਣ ਕਾਰਨ ਸੱਟ ਘੱਟ ਹੀ ਲੱਗੀ ਅਤੇ ਉਹ ਉਠ ਖਲੋਤਾ। ਮੁੰਡੇ ਨੇ ਗੁੱਸੇ ਨਾਲ ਅੱਖਾਂ ਲਾਲ ਕਰ ਕੇ ਚੌਧਰੀ ਵੱਲ ਦੇਖਿਆ।

"ਹੂੰ! ਤੂੰ ਇਥੇ ਹੀ ਖਲੋਤਾ ਸੈਂ। ਹੁਣ ਉਹੀ ਗੱਲ ਹੋਈ ਨਾ। ਤੂੰ ਡਰਾਉਣ ਲੱਗਾ ਏਂ ਮੈਨੂੰ ਅੱਖਾਂ ਲਾਲ ਕਰ ਕੇ।" ਚੌਧਰੀ ਨੇ ਹੇਠਲੇ ਹੋਠ ਨੂੰ ਦੰਦਾਂ ਵਿਚ ਦੇਂਦਿਆਂ ਇਕ ਕਚੀਚੀ ਜਿਹੀ ਵਟਦਿਆਂ ਕਿਹਾ।

"ਅਸਾਂ ਗ਼ਰੀਬਾਂ ਕੀ ਡਰਾਣਾ ਏ, ਡਰਾਂਦੇ ਤੁਸੀਂ ਹੋ ਜਿਨ੍ਹਾਂ ਨੂੰ ਹਕੂਮਤ ਦਾ ਨਸ਼ਾ ਏ, ਜਿਨ੍ਹਾਂ ਨੂੰ ਚੌਧਰਾਂ ਦਾ ਨਸ਼ਾ ਏ ਅਤੇ ਜਿਨ੍ਹਾਂ ਨੂੰ ਆਪਣੀ ਦੌਲਤ ਦਾ ਨਸ਼ਾ ਏ।"

ਮੁੰਡੇ ਨੇ ਬੜੀ ਨਿਡਰਤਾ ਨਾਲ ਕਿਹਾ। ਪਿਉ ਨੇ ਝੱਟ ਉਹਦੇ ਮੂੰਹ ਅੱਗੇ ਹੱਥ ਰੱਖਣ ਦਾ ਯਤਨ ਕੀਤਾ ਪਰ ਮੁੰਡੇ ਨੇ, ਜਿਸ ਦੀ ਜਵਾਨੀ ਦੀ ਮੱਸ ਫੁਟ ਰਹੀ ਸੀ, ਪਿਓ ਦਾ ਹੱਥ ਪਰਾਂ ਹਟਾ ਦਿੱਤਾ ਤੇ ਕਿਹਾ, "ਮੈਂ ਕੋਈ ਗੁਨਾਹ ਕੀਤਾ ਏ ਜਿਸ ਦੀ ਸਜ਼ਾ ਭੁਗਤੀਏ। ਬਿਨਾਂ ਕਸੂਰ ਵੀ ਜੇ ਇਤਨੇ ਤਰਲਿਆਂ ਦਾ ਉੱਤਰ ਅਪਮਾਨ ਵਿਚ ਮਿਲਣਾ ਏ, ਤਾਂ ਮੈਂ ਇਹ ਅਪਮਾਨ ਸਹਿਣ ਲਈ ਤਿਆਰ ਨਹੀਂ।"

"ਬਕਵਾਸ ਨਾ ਕਰ," ਚੌਧਰੀ ਨੇ ਕਿਹਾ, "ਜੀਭ ਖਿੱਚ ਕੇ ਰੱਖ ਦਿਆਂਗਾ।"

"ਤੁਸੀਂ ਵੀ ਜ਼ਬਾਨ ਸੰਭਾਲ ਕੇ ਬੋਲੋ। ਬੇਇਜ਼ਤੀ ਕਰਾਉਣ ਨਹੀਂ ਆਇਆ।" ਮੁੰਡੇ ਨੇ ਦਲੇਰੀ ਨਾਲ ਉੱਤਰ ਦਿੱਤਾ।

"ਫੜੋ ਉਏ ਇਹਨੂੰ ਕੰਜਰ ਨੂੰ, ਲੱਚਰ ਲੱਚਰ ਬੋਲੀ ਜਾਂਦਾ ਏ।" ਚੌਧਰੀ ਨੇ ਆਪਣੇ ਆਲੇ-ਦੁਆਲੇ ਬੈਠੇ ਆਦਮੀਆਂ ਨੂੰ ਕਿਹਾ ਜੋ ਬਿਟ ਬਿਟ ਕਦੇ ਚੌਧਰੀ ਵੱਲ ਤੇ ਕਦੇ ਮੁੰਡੇ ਵੱਲ ਦੇਖ ਰਹੇ ਸਨ। ਦੋ ਬੰਦੇ ਝਟ-ਪਟ ਉਠ ਬੈਠੇ ਪਰ ਉਹਨਾਂ ਦੇ ਅੱਗੇ ਵਧਣ ਤੋਂ ਪਹਿਲਾਂ ਮੁੰਡਾ ਛਾਲ ਮਾਰ ਕੇ ਬਾਹਰ ਹੋ ਗਿਆ ਤੇ ਦੌੜ ਕੇ ਗਲੀ ਟੱਪ ਗਿਆ।

ਮੌਲਵੀ ਸਾਹਿਬ ਨੂੰ ਮੁੰਡਾ ਭੱਜਾ ਜਾਂਦਾ ਗਲੀ ਵਿਚ ਮਿਲਿਆ ਤੇ ਉਹਨਾਂ ਉਹਨੂੰ ਬੜੇ ਧਿਆਨ ਨਾਲ ਦੇਖਿਆ ਪਰ ਕੋਈ ਖ਼ਿਆਲ ਸੋਚੇ ਬਿਨਾਂ ਇਹ ਚੌਧਰੀ ਦੇ ਘਰ ਆ ਗਏ।

"ਸਲਾਮਾ ਲੈਕਮ," ਮੌਲਵੀ ਨੇ ਕਿਹਾ।

"ਵਾਹ ਲੈਕਮ ਸਲਾਮ।" ਸਾਰਿਆਂ ਨੇ ਉੱਤਰ ਦਿੱਤਾ ਪਰ ਚੌਧਰੀ ਗੁੱਸੇ ਵਿਚ ਭਰਿਆ ਪੀਤਾ ਬੈਠਾ ਸੀ, ਇਸ ਲਈ ਉਸ ਨੇ ਕੋਈ ਉੱਤਰ ਨਾ ਦਿੱਤਾ। ਮੌਲਵੀ ਹੈਰਾਨ ਹੋ ਕੇ ਨਾਲ ਦੇ ਮੰਜੇ 'ਤੇ ਬੈਠ ਗਿਆ। ਦੋ ਮਿੰਟ ਤਕ ਸਾਰੇ ਚੁੱਪ ਰਹੇ। ਚੌਧਰੀ ਦੇ ਸਾਹਮਣੇ ਬੁੱਢਾ ਹੱਥ ਜੋੜੀ ਅਜੇ ਤਕ ਖਲੋਤਾ ਸੀ।

ਮੌਲਵੀ ਨੇ ਹੀ ਚੁੱਪ ਨੂੰ ਤੋੜਿਆ ਤੇ ਕਿਹਾ, "ਸੁਣਿਆ ਜੇ, ਜੋ ਹਨੇਰ ਹੋ ਰਿਹਾ ਏ ਸਾਡੇ ਪਿੰਡ ਵਿਚ।"

"ਵੇਖ ਲਿਆ ਏ। ਹੁਣੇ ਉਹ ਕੰਜਰ ਏਥੇ ਬਕਦਾ ਗਿਆ ਏ ਪਰ ਮੈਂ ਵੀ ਪਿਉ ਦਾ ਪੁੱਤਰ ਨਹੀਂ ਜੇ ਇਹਨਾਂ ਦੇ ਡੰਗਰ ਤਾਂ ਕੀ, ਕੌਠਾ ਵੀ ਨੀਲਾਮ ਨਾ ਕਰ ਦਿਆਂ। ਕਮੀਨੇ ਦੀ ਜੀਭ ਗਿਠ ਲੰਮੀ ਹੋ ਗਈ ਏ। ਅਜੇ ਜੰਮ ਮੁਕਿਆ ਨਹੀਂ ਤੇ ਸਾਡਾ ਮੁਕਾਬਲਾ ਪਹਿਲਾਂ ਹੀ ਕਰਨ ਲੱਗ ਪਿਆ ਏ।" ਚੌਧਰੀ ਨੇ ਬੜੇ ਗੁੱਸੇ ਵਿਚ ਕਿਹਾ।

ਮੌਲਵੀ ਹੈਰਾਨ ਹੋ ਗਿਆ ਕਿ ਚੌਧਰੀ ਕਿਸ ਬਾਰੇ ਗੱਲਾਂ ਕਰ ਰਿਹਾ ਹੈ ਪਰ ਸਾਹਮਣੇ ਹੱਥ ਜੋੜੀ ਖਲੋਤੇ ਬੁੱਢੇ ਵੱਲ ਦੇਖ ਕੇ ਉਹਨੂੰ ਯਾਦ ਆ ਗਿਆ ਕਿ ਇਹ ਇਸ ਬੁੱਢੇ ਦੇ ਮੁੰਡੇ ਦੀ ਗੱਲ ਕਰ ਰਹੇ ਹਨ। ਮੌਲਵੀ ਨੂੰ ਪਤਾ ਸੀ ਕਿ ਇਸ ਮੁੰਡੇ

ਦੇ ਕੁੱਤੇ ਨੇ ਕਲ੍ਹ ਚੌਧਰੀ ਦੇ ਕੁੱਤੇ ਨੂੰ ਮੁਕਾਬਲੇ ਵਿਚ ਨਿਰਾ ਭਜਾਇਆ ਹੀ ਨਹੀਂ ਸੀ ਸਗੋਂ ਜ਼ਖ਼ਮੀ ਵੀ ਕਰ ਦਿੱਤਾ ਸੀ। ਇਸ ਲਈ ਮੌਲਵੀ ਨੇ ਗੱਲ ਸਪੱਸ਼ਟ ਕੀਤੀ ਤੇ ਕਿਹਾ, "ਮੈਂ ਕੁਝ ਹੋਰ ਕਹਿਣ ਲੱਗਾ ਸਾਂ।"

"ਕੀ ਕਹਿਣ ਲੱਗੇ ਸੀ?" ਚੌਧਰੀ ਨੇ ਹੁਣ ਚੰਗੀ ਤਰ੍ਹਾਂ ਧਿਆਨ ਇਧਰ ਕਰ ਕੇ ਪੁੱਛਿਆ।

"ਮੈਂ ਤਾਂ ਤੁਹਾਨੂੰ ਕੁਝ ਨਵੀਂ ਵਾਕਫ਼ੀ ਦੇਣ ਆਇਆ ਸਾਂ," ਮੌਲਵੀ ਨੇ ਕਿਹਾ।

"ਕੀ ?"

"ਉਹ ਜਿਹੜਾ ਹੈ ਨਾ ਬਾਹਰਲੀ ਪੱਤੀ ਵਾਲਾ, ਕੀ ਕਹਿੰਦੇ ਨੇ ਉਹਨੂੰ.....ਗਫ਼ੂਰ, ਉਸ ਸਿਖ ਘਰ ਰੱਖੇ ਹੋਏ ਹਨ।" ਮੌਲਵੀ ਨੇ ਕਿਹਾ।

"ਹੈਂ, ਸਿਖ ਘਰ ਰੱਖੇ ਹੋਏ ਸੂ, ਇਹ ਕਿਸ ਤਰ੍ਹਾਂ ਹੋ ਸਕਦਾ ਏ।" ਚੌਧਰੀ ਨੇ ਹੈਰਾਨੀ ਨਾਲ ਪੁੱਛਿਆ।

"ਨਿਰੇ ਘਰ ਹੀ ਨਹੀਂ ਰੱਖੇ, ਉਹਨਾਂ ਦੀਆਂ ਬਿਮਾਰੀਆਂ ਦਾ ਇਲਾਜ ਵੀ ਕਰਦਾ ਏ।" ਚੌਧਰੀ ਨੂੰ ਭੜਕਾਣ ਲਈ ਮੌਲਵੀ ਨੇ ਖ਼ਾਸ ਅੰਦਾਜ਼ ਵਿਚ ਕਿਹਾ, "ਮੈਂ ਉਹਨੂੰ ਸਮਝਾਇਆ ਸੀ ਕਿ ਸੱਪਾਂ ਨੂੰ ਦੁੱਧ ਨਾ ਪਿਆ, ਇਹ ਤੈਨੂੰ ਵੀ ਡੰਗ ਮਾਰਨਗੇ ਤੇ ਸਰਕਾਰ ਨੂੰ ਵੀ, ਪਰ ਉਹ ਨਹੀਂ ਮੰਨਿਆ।"

"ਉਹਨੂੰ ਜਾ ਕੇ ਮੇਰੇ ਵੱਲੋਂ ਕਹੋ ਕਿ ਸਾਰੇ ਸਿੱਖਾਂ ਨੂੰ ਹੁਣੇ ਪੇਸ਼ ਕਰ ਨਹੀਂ ਤਾਂ ਤੇਰੀ ਖ਼ੈਰ ਨਹੀਂ," ਚੌਧਰੀ ਨੇ ਕਿਹਾ।

"ਮੈਂ ਤੁਹਾਡੇ ਬਾਰੇ ਵੀ ਉਹਨੂੰ ਕਿਹਾ ਸੀ, ਪਰ ਉਹ ਕਹਿੰਦਾ ਸੀ ਕਿ ਮੈਂ ਨਹੀਂ ਕਿਸੇ ਚੌਧਰੀ ਦੀ ਪ੍ਰਵਾਹ ਕਰਦਾ।" ਮੌਲਵੀ ਨੇ ਆਪਣੀ ਲੰਬੀ ਦਾਹੜੀ 'ਤੇ ਹੱਥ ਫੇਰਦਿਆਂ ਕਿਹਾ।

"ਹੈਂ, ਹੋ ਕੀ ਗਿਆ ਏ ? ਅੱਜ ਹਰ ਪਾਸੇ ਬਗ਼ਾਵਤਾਂ ਹੀ ਹੋ ਰਹੀਆਂ ਨੇ।" ਹੈਰਾਨ ਹੋ ਕੇ ਇਕ ਹੋਰ ਆਦਮੀ ਨੇ ਕਿਹਾ।

"ਮੈਂ ਕੁਚਲ ਕੇ ਰੱਖ ਦਿਆਂਗਾ ਇਹ ਸਾਰੀਆਂ ਬਗ਼ਾਵਤਾਂ। ਇਸਮਾਈਲ, ਚਲ ਕੇ ਤਿਆਰ ਹੋ ਜਾਓ। ਸਾਰੇ ਚੱਲੀਏ ਆਪ ਹੀ ਗ਼ਫ਼ੂਰ ਵੱਲ ਤੇ ਵੇਖੀਏ ਉਹ ਕਿਵੇਂ ਪ੍ਰਵਾਹ ਨਹੀਂ ਕਰਦਾ।" ਚੌਧਰੀ ਨੇ ਕਿਹਾ ਤੇ ਆਪ ਮੰਜੇ ਤੋਂ ਉਠ ਖਲੋਤਾ ਤੇ ਗੁੱਸੇ ਵਿਚ ਹੀ ਡਿਉਢੀ ਵਿਚ ਟਹਿਲਣ ਲੱਗ ਪਿਆ।

"ਹਜ਼ੂਰ, ਜੇ ਉਹਦੇ ਕੋਲ ਸਿਖ ਆਏ ਨੇ ਤਾਂ ਸਾਨੂੰ ਹਥਿਆਰ ਲੈ ਕੇ ਜਾਣਾ ਚਾਹੀਦਾ ਹੈ। ਸਿੱਖਾਂ ਕੋਲ ਤਾਂ ਹਰ ਵੇਲੇ ਹਥਿਆਰ ਹੁੰਦੇ ਨੇ।" ਇਸਮਾਈਲ ਨੇ ਸਲਾਹ ਦਿੱਤੀ। ਚੌਧਰੀ ਨੇ ਸਿਰ ਹਿਲਾ ਕੇ ਹੀ ਉਹਦੀ ਤਜਵੀਜ਼ ਦੀ ਪ੍ਰਵਾਨਗੀ ਦੇ ਦਿੱਤੀ।

"ਜਾਹ ਹੁਣ ਤੂੰ ਕਲ੍ਹ ਸਵੇਰੇ ਆਈਂ, ਫਿਰ ਤੇਰੇ ਨਾਲ ਗੱਲ ਕਰਾਂਗੇ। ਤੇਰੇ ਮੁੰਡੇ ਦਾ ਦਿਮਾਗ਼ ਕਾਫ਼ੀ ਖ਼ਰਾਬ ਏ ਤੇ ਉਹ ਸਾਨੂੰ ਠੀਕ ਕਰਨਾ ਪਵੇਂਗਾ।" ਬੁੱਢੇ ਵੱਲ ਵੇਖ ਕੇ ਚੌਧਰੀ ਨੇ ਕਿਹਾ। ਬੁੱਢਾ ਚਲਾ ਗਿਆ।

ਝੱਟ ਤਿਆਰੀ ਕਰ ਕੇ ਚੌਧਰੀ ਦਰਜਨ ਕੁ ਬੰਦਿਆਂ ਸਮੇਤ ਗ਼ਫ਼ੂਰ ਦੇ ਘਰ ਵੱਲ ਚਲ ਪਿਆ। ਸਾਰਿਆਂ ਦੇ ਹਥਿਆਰਬੰਦ ਹੋ ਕੇ ਟੁਰਨ ਨਾਲ ਪਿੰਡ ਵਿਚ ਰੌਲਾ ਪੈ ਗਿਆ। ਦੋ ਚਾਰ ਜਿਹੜੇ ਬੰਦੇ ਉਥੇ ਬੈਠੇ ਸਨ, ਉਹਨਾਂ ਵੀ ਹਰ ਪੁੱਛਣ ਵਾਲੇ ਨੂੰ ਦੱਸ ਦਿੱਤਾ ਕਿ ਗ਼ਫ਼ੂਰ ਦੇ ਘਰ ਸਿਖ ਠਹਿਰੇ ਹੋਏ ਹਨ, ਜਿਨ੍ਹਾਂ ਨੂੰ ਫੜਨ ਚੱਲੇ ਹਾਂ। ਮੌਲਵੀ ਨੇ ਬਿਲਕੁਲ ਚੁਪ ਧਾਰ ਲਈ ਤੇ ਉਸ ਇਕ ਵਾਰੀ ਵੀ ਇਹ ਨਾ ਕਿਹਾ ਕਿ ਸਿਖ ਤਾਂ ਉਥੇ ਇਕ ਹੈ। ਉਹ ਚਾਹੁੰਦਾ ਸੀ ਕਿ ਪੂਰੀ ਚੜ੍ਹਾਈ ਹੋਵੇ ਗ਼ਫ਼ੂਰ ਦੇ ਘਰ, ਤਾਂ ਉਹਦੇ ਦਿਲ ਠੰਢ ਪੈਂਦੀ ਹੈ।

ਗ਼ਫ਼ੂਰ ਦੇ ਘਰ ਜਾ ਕੇ ਕੁੰਡਾ ਖੜਕਾਇਆ ਗਿਆ। ਐਨ ਇਸੇ ਵੇਲੇ ਕਰਤਾਰ ਸਿੰਘ ਨੂੰ ਹੋਸ਼ ਆਈ ਤੇ ਉਸ ਪਾਸਾ ਪਰਤਿਆ ਪਰ ਅਜਿਹਾ ਦਰਦ ਹੋਇਆ ਕਿ ਉਹ ਫਿਰ ਬੇਹੋਸ਼ ਹੋ ਗਿਆ। ਗ਼ਫ਼ੂਰ ਉਹਦੇ ਮੂੰਹ ਵਿਚ ਪਾਣੀ ਪਾ ਰਿਹਾ ਸੀ, ਜਦੋਂ ਬਾਹਰਲਾ ਦਰਵਾਜ਼ਾ ਖੜਕਿਆ। ਉਹਨੂੰ ਪਤਾ ਲਗ ਗਿਆ ਕਿ ਪਿੰਡ ਦਾ ਚੌਧਰੀ ਆਇਆ ਹੈ। ਉਸ ਆਪਣਾ ਖੂੰਡਾ ਚੁਕਿਆ ਤੇ ਦਰਵਾਜ਼ਾ ਆ ਕੇ ਖੋਲ੍ਹਿਆ।

"ਆਓ ਚੌਧਰੀ ਜੀ, ਕਿਧਰ ਆਏ ਹੋ?" ਉਸ ਸਾਰੀ ਗੱਲ ਸਮਝ ਜਾਣ ਦੇ ਬਾਵਜੂਦ ਪੁੱਛਿਆ।

"ਤੇਰੇ ਵੱਲ ਹੀ ਆਏ ਹਾਂ," ਚੌਧਰੀ ਨੇ ਕਿਹਾ, "ਸਾਨੂੰ ਪਤਾ ਲੱਗਾ ਏ ਕਿ ਤੇਰੇ ਘਰ ਕੁਝ ਕਾਫ਼ਰ ਠਹਿਰੇ ਹੋਏ ਨੇ, ਉਹਨਾਂ ਨੂੰ ਪਕੜਨਾ ਹੈ।"

"ਮੇਰੇ ਘਰ ਕੋਈ ਕਾਫ਼ਰ ਨਹੀਂ," ਗ਼ਫ਼ੂਰ ਨੇ ਕਿਹਾ।

"ਝੂਠ ਬੋਲਦਾ ਏ ਇਹ! ਅਜੇ ਝੱਟ ਹੋਇਆ ਏ ਇਸ ਆਪ ਮੰਨਿਆ ਸੀ ਕਿ ਇਕ ਫੱਟੜ ਸਿਖ ਮੇਰੇ ਅੰਦਰ ਏ," ਮੌਲਵੀ ਨੇ ਕਿਹਾ।

"ਉਹ ਕਾਫ਼ਰ ਨਹੀਂ, ਉਹ ਤਾਂ ਰੱਬ ਦਾ ਇਕ ਸਾਧਾਰਨ ਬੰਦਾ ਏ," ਗ਼ਫ਼ੂਰ ਨੇ ਕਿਹਾ।

"ਸਿਖ ਤੇ ਸਾਧਾਰਨ," ਚੌਧਰੀ ਨੇ ਕਿਹਾ, "ਕਿਥੇ ਏ ਉਹ ਸਿਖ?"

"ਮੇਰੇ ਅੰਦਰ ਏ," ਗ਼ਫ਼ੂਰ ਨੇ ਕਿਹਾ, "ਪਰ ਮੈਂ ਉਹਨੂੰ ਤੁਹਾਡੇ ਹਵਾਲੇ ਨਹੀਂ ਕਰ ਸਕਦਾ।"

"ਇਹਦਾ ਮਤਲਬ ਏ ਕਿ ਤੂੰ ਸਿੱਖਾਂ ਨੂੰ ਪਨਾਹ ਦੇਂਦਾ ਏਂ," ਚੌਧਰੀ ਨੇ ਕਿਹਾ।

"ਨਹੀਂ, ਮੈਂ ਮਨੁੱਖਾਂ ਨੂੰ ਪਨਾਹ ਦੇਂਦਾ ਹਾਂ। ਇਹਦੇ ਵਿਚ ਕੋਈ ਸਿਖ ਦਾ ਸਵਾਲ

ਨਹੀਂ, ਜਿਸ ਹਾਲਤ ਵਿਚ ਉਹ ਪਿਆ ਸੀ ਕੋਈ ਪੱਥਰ ਦਿਲ ਇਨਸਾਨ ਭਾਵੇਂ ਚੁਪ ਕਰ ਕੇ ਲੰਘ ਜਾਂਦਾ, ਪਰ ਮੇਰੇ ਵਰਗੇ ਦਿਲ ਵਾਲਾ ਤਾਂ ਨਹੀਂ ਸੀ ਛੱਡ ਸਕਦਾ।" ਗ਼ਫ਼ੂਰ ਨੇ ਕਿਹਾ।

"ਤੈਨੂੰ ਪਤਾ ਨਹੀਂ, ਸਰਕਾਰ ਦਾ ਹੁਕਮ ਏ ਕਿ ਸਿਖ ਬਾਗ਼ੀ ਹਨ ਤੇ ਜਿਹੜਾ ਉਹਨਾਂ ਦੀ ਮਦਦ ਕਰੇ, ਉਹਨਾਂ ਨੂੰ ਰੋਟੀ ਪਾਣੀ ਪੁਛੇ ਜਾਂ ਘਰ ਰਖੇ, ਉਹ ਵੀ ਬਾਗ਼ੀ ਸਮਝਿਆ ਜਾਏਗਾ।" ਚੌਧਰੀ ਨੇ ਕਿਹਾ।

"ਮੈਂ ਫਿਰ ਉਹੀ ਗੱਲ ਕਹਿੰਦਾ ਹਾਂ ਕਿ ਮੈਂ ਕਿਸੇ ਬਾਗ਼ੀ ਨੂੰ ਥਾਂ ਨਹੀਂ ਦਿੱਤੀ। ਇਕ ਜ਼ਖ਼ਮੀ, ਬੀਮਾਰ ਤੇ ਮਰ ਰਹੇ ਮਨੁੱਖ ਦੀ ਮਦਦ ਕੀਤੀ ਏ। ਉਹ ਵਿਚਾਰਾ ਅਜੇ ਤਕ ਹੋਸ਼ ਵਿਚ ਨਹੀਂ ਆਇਆ। ਸਿਰ ਉਸਦਾ ਸਾਰਾ ਪਾਟਾ ਪਿਆ ਏ, ਪਤਾ ਨਹੀਂ ਬਚਦਾ ਵੀ ਏ ਕਿ ਨਹੀਂ।"

"ਅੱਛਾ, ਹਣ ਅੱਗੋਂ ਤੇ ਅਸੀਂ ਉਹਨੂੰ ਜ਼ਰੂਰ ਲੈ ਕੇ ਜਾਣਾ ਏ," ਚੌਧਰੀ ਨੇ ਅਖ਼ੀਰ ਬਹਿਸ ਨੂੰ ਖ਼ਤਮ ਕਰਦਿਆਂ ਕਿਹਾ।

ਗ਼ਫ਼ੂਰ ਇਕ ਦਮ ਪਿਛੇ ਹਟਿਆ ਤੇ ਜ਼ੋਰ ਨਾਲ ਦਰਵਾਜ਼ਾ ਬੰਦ ਕਰ ਲਿਆ। ਬਾਕੀ ਆਦਮੀ ਕੁਝ ਪਿਛੇ ਹਟਵੇਂ ਖਲੋਤੇ ਸਨ ਤੇ ਚੌਧਰੀ ਨੇ ਭਾਵੇਂ ਧੱਕਾ ਵੀ ਮਾਰਿਆ, ਪਰ ਉਹਦੇ ਜ਼ੋਰ ਨਾਲ ਦਰਵਾਜ਼ਾ ਖੁਲ੍ਹ ਨਾ ਸਕਿਆ ਤੇ ਗ਼ਫ਼ੂਰ ਨੇ ਅੰਦਰੋਂ ਕੁੰਡਾ ਮਾਰ ਲਿਆ।

"ਗ਼ਫ਼ੂਰ ਦਰਵਾਜ਼ਾ ਖੋਲ੍ਹ ਦੇ, ਨਹੀਂ ਤਾਂ ਤੇਰੇ ਨਾਲ ਬੁਰੀ ਕਰਾਂਗਾ। ਅਜੇ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਗਿਆ। ਦਰਵਾਜ਼ਾ ਖੋਲ੍ਹ ਦੇ, ਅਸੀਂ ਸਿਖ ਨੂੰ ਲਏ ਬਿਨਾਂ ਬਿਲਕੁਲ ਨਹੀਂ ਜਾਣਾ।" ਚੌਧਰੀ ਨੇ ਬਾਹਰੋਂ ਆਵਾਜ਼ ਦਿੱਤੀ।

ਹਮੀਦਾਂ ਤੇ ਨੂਰਾਂ ਦੌੜ ਕੇ ਅੰਦਰੋਂ ਆ ਗਈਆਂ ਤੇ ਘਾਬਰੀਆਂ ਹੋਈਆਂ ਇਹ ਸਾਰਾ ਕੁਝ ਦੇਖਣ ਲੱਗ ਪਈਆਂ। ਹਮੀਦਾਂ ਨੇ ਇਕ ਵਾਰ ਕਿਹਾ, "ਦਰਵਾਜ਼ਾ ਖੋਲ੍ਹ ਦਿਓ ਤੇ ਇਸ ਤਰ੍ਹਾਂ ਚੌਧਰੀ ਅੱਗੇ ਨਾ ਆਕੜੋ। ਇਹਨਾਂ ਅੱਗੇ ਸਾਡਾ ਪੁੱਤਰ ਨਹੀਂ ਛੱਡਿਆਂ ਤੇ ਹੁਣ ਇਹ ਚੰਦਰੇ ਕੁਝ ਹੋਰ ਕਾਰਾ ਨਾ ਕਰ ਦੇਣ।" ਇਹ ਕਹਿ ਕੇ ਹਮੀਦਾਂ ਰੋਣ ਲੱਗ ਪਈ।

"ਭਾਵੇਂ ਕੁਝ ਹੋ ਜਾਏ, ਮੈਂ ਆਪਣੇ ਜਿਉਂਦੇ ਜੀਅ ਇਹਨੂੰ ਚੌਧਰੀ ਦੇ ਹਵਾਲੇ ਨਹੀਂ ਕਰ ਸਕਦਾ। ਮੈਂ ਇਹਨੂੰ ਆਪਣਾ ਪੁੱਤਰ ਸਮਝਦਾ ਹਾਂ ਤੇ ਇਹ ਮੇਰੇ ਅਕਬਰ ਦੀ ਥਾਂ ਏ।"

ਦਰਵਾਜ਼ਾ ਜ਼ੋਰ ਨਾਲ ਖੜਕਣ ਲੱਗ ਪਿਆ ਤੇ ਇਉਂ ਜਾਪਿਆ ਜਿਵੇਂ ਹੁਣ ਇਹ ਦਰਵਾਜ਼ਾ ਤੋੜ ਦੇਣਗੇ। ਦਸ-ਪੰਦਰਾਂ ਮਿੰਟ ਤਕ ਅੰਦਰੋਂ ਬਾਹਰੋਂ ਸਵਾਲ ਜਵਾਬ

ਹੁੰਦੇ ਰਹੇ। ਅਖ਼ੀਰ ਉਹਨਾਂ ਪੂਰਾ ਜ਼ੋਰ ਲਾਇਆ ਪਰ ਦਰਵਾਜ਼ਾ ਕਾਲੀ ਟਾਹਲੀ ਦੀ ਲੱਕੜੀ ਦਾ ਬਣਿਆ ਹੋਇਆ ਸੀ, ਜੋ ਟੁਟਣਾ ਕਾਫ਼ੀ ਔਖਾ ਸੀ।

"ਤੇਲ ਪਾ ਕੇ ਅੱਗ ਲਾ ਦਿਓ ਦਰਵਾਜ਼ੇ ਨੂੰ ਜੇ ਨਹੀਂ ਖੋਲ੍ਹਦਾ," ਚੌਧਰੀ ਨੇ ਇਸਮਾਈਲ ਨੂੰ ਹੁਕਮ ਦੇ ਦਿੱਤਾ ਤੇ ਉਹ ਝਟ ਜਾ ਕੇ ਨਾਲ ਦੇ ਘਰੋਂ ਤੇਲ ਲੈ ਆਇਆ।

ਤੇਲ ਦਰਵਾਜ਼ੇ 'ਤੇ ਸੁਟ ਦਿੱਤਾ ਗਿਆ। ਵਿੱਥਾਂ ਵਿੱਚੋਂ ਤੇਲ ਵਗ ਕੇ ਅੰਦਰਲੇ ਪਾਸੇ ਵੀ ਚਲਾ ਗਿਆ। ਗ਼ਫ਼ੂਰ ਨੂੰ ਹੁਣ ਨਿਸਚਾ ਹੋ ਗਿਆ ਕਿ ਇਹ ਅੱਗ ਲਾ ਕੇ ਮਕਾਨ ਨੂੰ ਸਾੜ ਦੇਣਗੇ, ਇਸ ਲਈ ਉਹਨੇ ਅੰਦਰ ਸੜ ਕੇ ਮਰਨ ਦੀ ਥਾਂ ਮੁਕਾਬਲਾ ਕਰ ਕੇ ਮਰਨ ਨੂੰ ਚੰਗਾ ਸਮਝਿਆ। ਇਸ ਲਈ ਲਲਕਾਰ ਕੇ ਕਿਹਾ, "ਲਓ ਬਈ ਮੈਂ ਦਰਵਾਜ਼ਾ ਖੋਲ੍ਹਣ ਲੱਗਾ ਜੇ ਜਿਸਦੀ ਹਿੰਮਤ ਹੈ ਉਹ ਦਰਵਾਜ਼ਾ ਟੱਪ ਕੇ ਦੇਖੇ।" ਗ਼ਫ਼ੂਰ ਦੇ ਘਰ ਇਸ ਸਮੇਂ ਕੋਈ ਹੋਰ ਹਥਿਆਰ ਨਹੀਂ ਸੀ। ਉਸ ਆਪਣੇ ਖੂੰਡੇ ਨੂੰ ਹੀ ਠੀਕ ਕਰਕੇ ਫੜ ਲਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ। ਹਮੀਦਾਂ ਤੇ ਨੂਰਾਂ ਦੌੜ ਕੇ ਵਿਹੜੇ ਵਿਚ ਚਲੀਆਂ ਗਈਆਂ। ਫਿਰ ਡਰੀਆਂ ਤੇ ਸਹਿਮੀਆਂ ਦੋਵੇਂ ਮਾਵਾਂ ਧੀਆਂ ਦੌੜ ਕੇ ਕੋਠੇ 'ਤੇ ਚੜ੍ਹ ਗਈਆਂ।

ਇਸਮਾਈਲ ਜੋਸ਼ ਵਿਚ ਆਇਆ ਦਰਵਾਜ਼ਾ ਲੰਘਿਆ ਹੀ ਸੀ ਕਿ ਇਕ ਪਾਸੇ ਖਲੋਤੇ ਗ਼ਫ਼ੂਰ ਨੇ ਜ਼ੋਰ ਦਾ ਸੋਟਾ ਮਾਰਿਆ ਤੇ ਨਾਲ ਹੀ ਇਸਮਾਈਲ ਨੂੰ ਲੰਮਾ ਪਾ ਲਿਆ।

ਬਾਕੀ ਸਾਰੇ ਪਿਛੇ ਹਟ ਗਏ। ਚੌਧਰੀ ਨੇ ਗੁੱਸੇ ਵਿਚ ਕਿਹਾ, "ਲਿਆ ਓਏ ਮੇਰੀ ਬੰਦੂਕ, ਮੈਂ ਇਹਨੂੰ ਠੰਢਾ ਕਰਾਂ।"

ਬੰਦੂਕ ਚੌਧਰੀ ਦੀ ਖ਼ਰਾਬ ਹੋਈ ਪਈ ਸੀ ਪਰ ਉਹਨਾਂ ਨੂੰ ਇਸ ਸਮੇਂ ਚੇਤਾ ਨਹੀਂ ਸੀ। ਝਟ ਹੀ ਯਾਦ ਆ ਗਿਆ ਕਿ ਉਹ ਤਾਂ ਠੀਕ ਹੀ ਨਹੀਂ। ਇਸ ਲਈ ਚੌਧਰੀ ਨੇ ਸਾਰੇ ਬੰਦਿਆਂ ਨੂੰ ਇਕੋ ਵਾਰ ਲੰਘਣ ਲਈ ਕਿਹਾ। ਸਾਰੇ ਛਾਲਾਂ ਮਾਰ ਕੇ ਇਕੋ ਵਾਰ ਡਿਉਢੀ ਵਿਚ ਜਾ ਵੜੇ। ਗ਼ਫ਼ੂਰ ਨੇ ਇਕ ਹੋਰ ਡਾਂਗ ਮਾਰੀ ਪਰ ਦੂਜੀ ਚੁਕਣ ਤੋਂ ਪਹਿਲਾਂ ਉਹਨੂੰ ਤਿੰਨ ਚਾਰ ਡਾਂਗਾਂ ਅਜਿਹੀਆਂ ਪਈਆਂ ਕਿ ਉਹ ਪਿਛਲੇ ਪਾਸੇ ਜਾ ਡਿੱਗਾ। ਇਕ ਆਦਮੀ ਨੇ ਹੋਰ ਡਾਂਗ ਮਾਰਨ ਲਈ ਉਘਰੀ ਪਰ ਚੌਧਰੀ ਨੇ ਰੋਕ ਦਿੱਤਾ ਤੇ ਕਿਹਾ, "ਇਹਨੂੰ ਅਜੇ ਨਾ ਮਾਰੋ, ਪਹਿਲਾਂ ਸਿਖ ਦਾ ਪ੍ਰਬੰਧ ਕਰ ਲਉ।"

ਸਾਰੇ ਹਥਿਆਰ ਸਾਂਭ ਕੇ ਵਿਹੜੇ ਵਿਚ ਲੰਘ ਗਏ ਤੇ ਉਥੇ ਚਾਰ ਚੁਫ਼ੇਰੇ ਵੇਖ ਕੇ ਫਿਰ ਪਸਾਰ ਵਿਚ ਚਲੇ ਗਏ। ਉਥੇ ਇਕ ਮੰਜਾ ਵਿਛਿਆ ਹੋਇਆ ਸੀ ਜਿਸਦੇ ਸਰ੍ਹਾਣੇ ਖ਼ੂਨ ਡੁਲ੍ਹਾ ਹੋਇਆ ਸੀ ਪਰ ਮੰਜਾ ਖ਼ਾਲੀ ਸੀ।

"ਇਹੀ ਮੰਜਾ ਜਾਪਦਾ ਏ ਸਿਖ ਦਾ," ਮੌਲਵੀ ਨੇ ਕਿਹਾ।

"ਪਰ ਸਿਖ ਕਿਧਰ ਗਿਆ?" ਹੈਰਾਨ ਹੋ ਕੇ ਚੌਧਰੀ ਨੇ ਕਿਹਾ।

"ਪਤਾ ਨਹੀਂ, ਕਿਧਰੇ ਸਾਡਾ ਝਗੜਾ ਬਾਹਰ ਹੁੰਦਾ ਸੁਣ ਕੇ ਨੱਸ ਤਾਂ ਨਹੀਂ ਗਿਆ ਕਿਸੇ ਹੋਰ ਰਾਹੋਂ," ਮੌਲਵੀ ਨੇ ਕਿਹਾ।

"ਪਰ ਗ਼ਫ਼ੂਰ ਤਾਂ ਕਹਿੰਦਾ ਸੀ ਕਿ ਉਹਨੂੰ ਅਜੇ ਤਕ ਹੋਸ਼ ਨਹੀਂ ਆਈ," ਚੌਧਰੀ ਨੇ ਕਿਹਾ।

"ਕਿਧਰੇ ਪਿਛਲੀ ਕੋਠੜੀ ਵਿਚ ਤਾਂ ਨਹੀਂ," ਮੌਲਵੀ ਨੇ ਕਿਹਾ। ਬੱਤੀ ਲੈ ਕੇ ਉਥੇ ਵੀ ਦੇਖਿਆ ਗਿਆ ਪਰ ਕੋਈ ਨਾ ਲੱਭਾ।

ਦੋ ਆਦਮੀ ਕੋਠੇ 'ਤੇ ਚਲੇ ਗਏ ਤੇ ਉਹਨਾਂ ਆ ਕੇ ਦੱਸਿਆ ਕਿ ਉਪਰ ਤਾਂ ਦੋ ਜ਼ਨਾਨੀਆਂ ਬੈਠੀਆਂ ਹਨ ਹੋਰ ਕੋਈ ਨਹੀਂ।

"ਉਹਨਾਂ ਨੂੰ ਥੱਲੇ ਸੱਦੋ," ਚੌਧਰੀ ਨੇ ਕਿਹਾ ਤੇ ਦੋਹਾਂ ਨੂੰ ਥੱਲੇ ਲੈ ਆਂਦਾ ਗਿਆ, ਚੌਧਰੀ ਦੀ ਨਜ਼ਰ ਨੂਰਾਂ 'ਤੇ ਪਈ ਤੇ ਮਨ ਵਿਚ ਮੈਲ ਆ ਗਈ। ਉਸ ਫ਼ੈਸਲਾ ਕੀਤਾ ਹੋਇਆ ਸੀ ਕਿ ਸਿਖ ਦੇ ਨਾਲ ਹੀ ਗ਼ਫ਼ੂਰ ਦਾ ਟੱਬਰ ਗ੍ਰਿਫ਼ਤਾਰ ਕਰ ਲਏਗਾ। ਪਰ ਹੁਣ ਨੂਰਾਂ ਨੂੰ ਦੇਖ ਕੇ ਉਹਦਾ ਵਤੀਰਾ ਬਦਲ ਗਿਆ। ਸਿਖ ਦਾ ਗੁਆਚਣਾ ਵੀ ਉਹਨੂੰ ਭੁੱਲ ਗਿਆ।

"ਦੇਖੋ ਸਲੀਮ, ਇਸਮਾਈਲ ਤੇ ਗ਼ਫ਼ੂਰ ਦੋਹਾਂ ਫੱਟੜਾਂ ਦੀ ਮਰ੍ਹਮ ਪੱਟੀ ਦਾ ਪ੍ਰਬੰਧ ਕਰੋ।" ਫਿਰ ਹਮੀਦਾਂ ਤੇ ਨੂਰਾਂ ਨੂੰ ਸੰਬੋਧਨ ਕਰ ਕੇ ਕਿਹਾ, "ਤੁਸੀਂ ਦੱਸੋ ਸਿਖ ਕਿਥੇ ਏ?"

"ਅੰਦਰ ਹੀ ਸੀ," ਹਮੀਦਾਂ ਨੇ ਕਿਹਾ।

"ਅੰਦਰ ਨਹੀਂ।"

"ਹੈਂ ਅੰਦਰ ਨਹੀਂ!" ਹਮੀਦਾਂ ਨੇ ਹੈਰਾਨ ਹੋ ਕੇ ਕਿਹਾ ਤੇ ਦੌੜ ਕੇ ਪਸਾਰ ਵਿਚ ਲੰਘ ਗਈ। ਫਿਰ ਉਸ ਮੁੜ ਕੇ ਕਿਹਾ, "ਹੱਦ ਹੋ ਗਈ, ਸੀ ਤਾਂ ਇਥੇ ਹੀ ਪਰ ਪਤਾ ਨਹੀਂ ਕਿਧਰ ਚਲਾ ਗਿਆ ਏ।"

"ਮੈਂ ਸਮਝਦਾ ਹਾਂ ਤੁਹਾਡੀ ਚਾਲ ਨੂੰ, ਤੁਸੀਂ ਲੁਕਾਇਆ ਏ, ਹੋਰ ਕਿਸੇ ਨੇ ਨਹੀਂ। ਗ਼ਫ਼ੂਰ ਨੂੰ ਮੈਂ ਲੈ ਚੱਲਿਆ ਹਾਂ ਤੇ ਜਦ ਤਕ ਸਿਖ ਨਹੀਂ ਆਉਂਦਾ, ਉਦੋਂ ਤਕ ਉਹਨੂੰ ਨਹੀਂ ਛਡਾਂਗੇ।" ਇਹ ਕਹਿ ਕੇ ਚੌਧਰੀ ਉਹਨਾਂ ਦੇ ਮਕਾਨ ਤੋਂ ਬਾਹਰ ਨਿਕਲ ਆਇਆ।

੬

"ਕਰਤਾਰ ਦਾ ਕੁਝ ਪਤਾ ਲੱਗਾ ਜੇ ?" ਪਿੰਡ ਦੇ ਕਈ ਹਮਦਰਦ ਆ ਕੇ ਪੁਛਦੇ ਤਾਂ ਤਾਰਾ ਚੰਦ ਸਿਰ ਮਾਰ ਕੇ ਨਾਂਹ ਵਿਚ ਉੱਤਰ ਦੇ ਦਿੰਦਾ। ਸਾਰਾ ਸਾਰਾ ਦਿਨ ਤਾਰਾ ਚੰਦ ਨੂੰ ਕੁਝ ਵੀ ਨਾ ਸੁਝਦਾ। ਉਹਨੂੰ ਵੱਡਾ ਦੁਖ ਇਹ ਸੀ ਕਿ ਕਰਤਾਰ ਪਿਛੇ ਇਕ ਹੋਰ ਮਾਸੂਮ ਦਾ ਜੀਵਨ ਵੀ ਤਬਾਹ ਕਰ ਦਿੱਤਾ ਹੈ। ਇਸ ਵਿਚਾਰੀ ਨੇ ਜੀਵਨ ਦਾ ਕੁਝ ਵੀ ਦੇਖਿਆ ਨਹੀਂ। ਇਕ ਹੋਰ ਦੁਖ ਉਹਨੂੰ ਇਹ ਸੀ ਕਿ ਕਰਤਾਰ ਚਲਾ ਕਿਧਰ ਗਿਆ। ਕਦੀ ਤਾਂ ਉਹਦੇ ਮਨ ਵਿਚ ਖ਼ਿਆਲ ਆਉਂਦਾ ਕਿ ਦੁਸ਼ਮਣਾਂ ਦੇ ਹੱਥ ਆ ਗਿਆ ਹੋਵੇਗਾ ਤੇ ਉਹਨਾਂ ਬੜੀ ਬੇਤਰਸੀ ਨਾਲ ਮਾਰ ਦਿੱਤਾ ਹੋਵੇਗਾ। ਫਿਰ ਉਹਦੀਆਂ ਅੱਖਾਂ ਸਾਹਮਣੇ ਮਾਰਨ ਦੇ ਵੱਖ ਵੱਖ ਤਰੀਕੇ ਆਉਣ ਲੱਗ ਪੈਂਦੇ। ਕਦੀ ਉਹਦਾ ਮਨ ਕਹਿੰਦਾ ਕਿ ਗੋਲੀ ਮਾਰ ਦਿੱਤੀ ਹੋਵੇਗੀ। ਕਦੇ ਤਲਵਾਰ ਨਾਲ ਕਤਲ ਹੋਣ ਦਾ ਖ਼ਿਆਲ ਆਉਂਦਾ, ਪਰ ਫਿਰ ਉਹਦੀ ਆਤਮਾ ਨਾ ਮੰਨਦੀ। ਕਰਤਾਰ ਦੀ ਮਾਂ ਤਾਂ ਨਿਸਚੇ ਨਾਲ ਕਹਿੰਦੀ ਕਿ ਮੇਰਾ ਪੁੱਤਰ ਜ਼ਰੂਰ ਆਏਗਾ ਉਹ ਕਹਿੰਦੀ ਕਿ ਮੇਰਾ ਅੰਦਰ ਕਹਿੰਦਾ ਏ ਕਿ ਕਰਤਾਰ ਜਿਊਂਦਾ ਏ। ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ। ਮੇਰਾ ਦਿਲ ਨਹੀਂ ਮੰਨਦਾ ਕਿ ਕਰਤਾਰ ਨੂੰ ਕੁਝ ਹੋ ਗਿਆ ਏ।

ਜਦੋਂ ਕਰਤਾਰ ਦੀ ਮਾਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਾਂਦੀ ਤਾਂ ਤਾਰਾ ਚੰਦ ਨੂੰ ਵੀ ਆਸ ਬੱਝ ਜਾਂਦੀ ਕਿ ਕਰਤਾਰ ਜ਼ਰੂਰ ਜਿੰਦਾ ਹੈ। ਅਜਿਹੇ ਵੇਲੇ ਉਹਦਾ ਮਨ ਹੋਰ ਤਰ੍ਹਾਂ ਸੋਚਣ ਲੱਗ ਪੈਂਦਾ। ਉਹ ਸੋਚਦਾ ਕਿ ਕਰਤਾਰ ਨੂੰ ਦੁਸ਼ਮਣਾਂ ਨੇ ਕੈਦ ਕਰ ਲਿਆ ਹੋਣਾ ਏ। ਉਹਦਾ ਮਨ ਫਿਰ ਇਸੇ ਪਾਸੇ ਤੁਰ ਪੈਂਦਾ ਕਿ ਪਤਾ ਨਹੀਂ ਉਹਨੂੰ ਵਕਤ ਸਿਰ ਰੋਟੀ ਵੀ ਮਿਲਦੀ ਏ ਕਿ ਨਹੀਂ।

ਸਵੇਰੇ ਸਵੇਰੇ ਤਾਰਾ ਚੰਦ ਉਠਿਆ ਤੇ ਨਿੱਕੀ ਕੁਹਾੜੀ ਹੱਥ ਵਿਚ ਲੈ ਕੇ ਬਾਹਰ ਦਾਤਣ ਲੈਣ ਲਈ ਤੁਰ ਪਿਆ। ਪਿੰਡ ਦੇ ਬਾਹਰ ਵਾਰ ਹੀ ਇਕ ਖੂਹ 'ਤੇ ਉਹ ਨਹਾ ਧੋ ਕੇ ਘਰ ਆਇਆ ਕਰਦਾ ਸੀ। ਖੇਤਾਂ ਵਿਚ ਝਟ ਇਧਰ ਉਧਰ ਫਿਰਨ ਪਿਛੋਂ ਜਦ ਉਹ ਖੂਹ 'ਤੇ ਨਹਾਉਣ ਲਈ ਚਲਿਆ ਤਾਂ ਦੂਰੋਂ ਉਹਨੂੰ ਘੋੜ ਸਵਾਰ ਆਉਂਦਾ ਦਿਸਿਆ। ਆਸ ਫਿਰ ਜਾਗ ਪਈ ਤੇ ਉਹਨੂੰ ਇਕ ਵਾਰ ਇਹੀ ਜਾਪਿਆ ਕਿ ਕਰਤਾਰ ਸਿੰਘ ਆ ਰਿਹਾ ਹੈ ਕਿਉਂਕਿ ਕਰਤਾਰ ਸਿੰਘ ਵੀ ਇਸੇ ਤਰ੍ਹਾਂ ਸਰਪਟ ਘੋੜਾ ਭਜਾਂਦਾ ਆਇਆ ਕਰਦਾ ਸੀ। ਤਾਰਾ ਚੰਦ ਦਾ ਜਿਥੇ ਕਦਮ ਸੀ ਉਥੇ ਹੀ ਰਹਿ ਗਿਆ। ਅੱਖਾਂ ਨੇ ਦੂਰੋਂ ਹੀ ਪਛਾਣਨ ਦਾ ਯਤਨ ਕੀਤਾ। ਕਰਤਾਰ ਸਿੰਘ ਦੀ ਸ਼ਕਲ ਦੇਖਣ ਦੀਆਂ ਭੁਖੀਆਂ ਅੱਖਾਂ ਨੇ ਉਡਦੇ ਘੱਟੇ ਵਿਚ ਹੀ ਪਛਾਣ ਲਿਆ ਕਿ ਇਹ ਕਰਤਾਰ ਨਹੀਂ

ਸਗੋਂ ਕੋਈ ਪਠਾਣ ਏ। ਫਿਰ ਵੀ ਉਸ ਆਸ ਦਾ ਪੱਲਾ ਨਾ ਛੱਡਿਆ ਤੇ ਖੜਾ ਦੇਖਦਾ ਰਿਹਾ।

ਨੇੜੇ ਆ ਕੇ ਘੋੜਾ ਇਕਦਮ ਰੁਕ ਗਿਆ। ਤਾਰਾ ਚੰਦ ਨੇ ਉਸ ਵੱਲ ਹੈਰਾਨੀ ਨਾਲ ਦੇਖਿਆ ਪਰ ਕੋਈ ਨਵਾਂ ਆਦਮੀ ਸੀ, ਜਿਸ ਨੂੰ ਤਾਰਾ ਚੰਦ ਨੇ ਅੱਗੇ ਕਦੇ ਨਹੀਂ ਸੀ ਦੇਖਿਆ। ਘੋੜ-ਸਵਾਰ ਘੋੜੇ ਤੋਂ ਉਤਰ ਆਇਆ ਤੇ ਨੇੜੇ ਆ ਕੇ ਤਾਰਾ ਚੰਦ ਦੇ ਘਬਰਾਏ ਹੋਏ ਚਿਹਰੇ ਵੱਲ ਦੇਖ ਕੇ ਕਿਹਾ, "ਇਉਂ ਜਾਪਦਾ ਏ ਕਿ ਤੁਸੀਂ ਮੈਨੂੰ ਪਛਾਣਿਆ ਨਹੀਂ।"

"ਨਹੀਂ, ਮੈਂ ਯਤਨ ਕਰਨ 'ਤੇ ਵੀ ਪਛਾਣ ਨਹੀਂ ਸਕਿਆ। ਉਂਜ ਤੁਹਾਡੀ ਆਵਾਜ਼ ਤੋਂ ਅਨੁਮਾਨ ਲਾਣ ਦਾ ਯਤਨ ਕਰ ਰਿਹਾ ਹਾਂ, ਕਿਉਂਕਿ ਆਵਾਜ਼ ਜਾਣੀ ਪਛਾਣੀ ਲਗਦੀ ਏ।" ਤਾਰਾ ਚੰਦ ਨੇ ਕਿਹਾ। ਘੋੜ-ਸਵਾਰ ਨੇ ਨੇੜੇ ਹੋ ਕੇ ਦੱਸਿਆ, "ਮੈਂ ਅਜੀਤ ਸਿੰਘ ਹਾਂ।"

"ਹੈਂ, ਤੂੰ ਅਜੀਤ ਸਿੰਘ ਏਂ।" ਤਾਰਾ ਚੰਦ ਨੇ ਹੈਰਾਨੀ ਨਾਲ ਕਿਹਾ ਤੇ ਉਹਦੇ ਮੂੰਹ ਵਲ ਨੀਝ ਲਾ ਕੇ ਤੱਕਿਆ। ਹੁਣ ਉਹਦੀਆਂ ਅੱਖਾਂ ਤੇ ਚਿਹਰੇ ਦੀ ਬਣਤਰ ਤੋਂ ਤਾਰਾ ਚੰਦ ਨੂੰ ਪਤਾ ਲੱਗ ਗਿਆ ਕਿ ਇਹ ਅਜੀਤ ਸਿੰਘ ਹੀ ਹੈ। ਤਾਰਾ ਚੰਦ ਨੇ ਉਹਨੂੰ ਆਪਣੀ ਗਲਵਕੜੀ ਵਿਚ ਲੈ ਲਿਆ।

ਅਜੀਤ ਸਿੰਘ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਪਏ। ਜਦ ਤਾਰਾ ਚੰਦ ਨੇ ਗਲਵਕੜੀ ਖੋਲ੍ਹੀ ਤਾਂ ਉਹ ਸਿਸਕੀਆਂ ਲੈ ਰਿਹਾ ਸੀ।

"ਹੈਂ, ਤੂੰ ਰੋ ਰਿਹਾ ਏਂ?" ਤਾਰਾ ਚੰਦ ਨੇ ਹੈਰਾਨ ਹੋ ਕੇ ਪੁੱਛਿਆ, ਪਰ ਉਹਦੇ ਮਨ ਨੂੰ ਵੀ ਸ਼ੱਕ ਪੈ ਗਿਆ ਕਿ ਜ਼ਰੂਰ ਕੋਈ ਭਾਣਾ ਵਰਤ ਗਿਆ ਹੈ। ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਜਾਪੀ। ਉਸ ਫਿਰ ਪੁੱਛਿਆ, "ਗੱਲ ਤਾਂ ਦੱਸ, ਲੱਗਾ ਕੁਝ ਕਰਤਾਰ ਦਾ ਪਤਾ।"

"ਨਹੀਂ, ਕਰਤਾਰ ਸਿੰਘ ਦਾ ਕੋਈ ਪਤਾ ਨਹੀਂ ਲੱਗਾ ਪਰ ਉਹਦੇ ਘੋੜੇ ਦਾ ਪਤਾ ਲੱਗ ਗਿਆ ਏ," ਅਜੀਤ ਸਿੰਘ ਨੇ ਦੱਸਿਆ।

"ਕਿਥੇ ਏ ਘੋੜਾ ਉਹਦਾ?" ਤਾਰਾ ਚੰਦ ਨੇ ਰੋਣਹਾਕਾ ਹੋ ਕੇ ਪੁੱਛਿਆ।

"ਕਾਹਨੂੰਆਣੇ ਦੇ ਛੰਭ ਦੇ ਨੇੜੇ ਹੀ ਇਕ ਖੇਤ ਵਿਚ ਮਰਿਆ ਪਿਆ ਏ ਉਹਦਾ ਘੋੜਾ, ਪਰ ਕਰਤਾਰ ਸਿੰਘ ਦਾ ਕੁਝ ਪਤਾ ਨਹੀਂ ਲੱਗਾ। ਮੈਂ ਵੇਸ ਬਦਲ ਕੇ ਆਲੇ-ਦੁਆਲੇ ਦੇ ਖੂਹਾਂ ਤੇ ਪਿੰਡ ਵੀ ਗਿਆ ਹਾਂ, ਪਰ ਕਿਧਰੇ ਪਤਾ ਨਹੀਂ ਲੱਗਾ।" ਅਜੀਤ ਸਿੰਘ ਨੇ ਦੱਸਿਆ।

"ਚਲ ਖਾਂ ਦੱਸ ਮੈਂ ਆਪ ਜਾ ਕੇ ਪਤਾ ਕਰਦਾ ਹਾਂ," ਤਾਰਾ ਚੰਦ ਨੇ ਕਿਹਾ।

"ਭਾਈਆ ਜੀ ਤੁਸੀਂ ਕੀ ਕਰੋਗੇ ਉਥੇ, ਮੈਨੂੰ ਤਾਂ ਇਉਂ ਜਾਪਦਾ ਏ ਕਿ ਕਰਤਾਰ ਸਿੰਘ ਹੁਣ ਦੁਨੀਆਂ ਵਿਚ ਨਹੀਂ।" ਅਜੀਤ ਸਿੰਘ ਦਾ ਗਲਾ ਭਰਿਆ ਗਿਆ ਤੇ ਉਹ ਅਗੇ ਨਾ ਬੋਲ ਸਕਿਆ।

"ਸੱਚੀਂ, ਤੈਨੂੰ ਨਿਸਚਾ ਹੋ ਗਿਆ ਏ ਕਿ ਕਰਤਾਰ ਜਿੰਦਾ ਨਹੀਂ ?" ਤਾਰਾ ਚੰਦ ਨੇ ਫਿਰ ਪੁੱਛਿਆ ਤੇ ਅਜੀਤ ਸਿੰਘ ਨੇ ਸਿਰ ਹਿਲਾ ਕੇ ਉੱਤਰ ਦਿੱਤਾ।

ਤਾਰਾ ਚੰਦ ਉਥੇ ਹੀ ਸਿਰ ਫੜ ਕੇ ਬੈਠ ਗਿਆ। ਭਾਵੇਂ ਉਹ ਆਪਣੇ ਆਪ ਨੂੰ ਬੜਾ ਦਿਲ ਵਾਲਾ ਕਹਿੰਦਾ ਸੀ, ਪਰ ਅੱਜ ਪੁੱਤਰ ਦੀ ਮੌਤ ਦੀ ਖ਼ਬਰ ਨੇ ਉਹਦਾ ਮਨ ਡੁਲਾ ਦਿੱਤਾ। ਉਹਦੀਆਂ ਅੱਖਾਂ ਬੰਦ ਹੋ ਗਈਆਂ ਤੇ ਸਿਰ ਨੂੰ ਉਸ ਗੋਡਿਆਂ ਵਿਚ ਦੇ ਲਿਆ। ਅਜੀਤ ਸਿੰਘ ਨੇ ਉਹਨੂੰ ਫੜਿਆ ਤੇ ਕਿਹਾ, "ਕੁਦਰਤ ਦੀ ਖੇਡ ਏ ਭਾਈਆ ਜੀ, ਹੁਣ ਸਬਰ ਕਰਨ ਤੋਂ ਬਿਨਾਂ ਹੋਰ ਕੀ ਚਾਰਾ ਏ। ਭਾਣਾ ਅਕਾਲ ਪੁਰਖ ਦਾ ਮੰਨਣਾ ਹੀ ਪੈਂਦਾ ਏ।"

ਤਾਰਾ ਚੰਦ ਉਠ ਕੇ ਟੁਰ ਪਿਆ। ਅਜੀਤ ਸਿੰਘ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਤਾਰਾ ਚੰਦ ਦੀਆਂ ਅੱਖਾਂ ਵਿਚ ਕੋਈ ਅੱਥਰੂ ਨਹੀਂ ਸੀ। ਚਿਹਰੇ ਦੀ ਗ਼ਮਗੀਨੀ ਤੋਂ ਬਿਨਾਂ ਹੋਰ ਕੋਈ ਚਿੰਨ੍ਹ ਦੁਖ ਪ੍ਰਗਟ ਨਹੀਂ ਸੀ ਕਰ ਰਿਹਾ।

ਘਰ ਆਉਂਦਿਆਂ ਤਾਰਾ ਚੰਦ ਨੇ ਢਾਹ ਮਾਰੀ, "ਮੈਂ ਉਜੜ ਗਿਆ ਓਏ ਲੋਕੋ, ਕਰਤਾਰ ਮੈਨੂੰ ਛੱਡ ਗਿਆ ਜੇ।"

ਬੱਸ, ਇਸ ਪਿਛੋਂ ਉਹ ਚੁਪ ਹੋ ਗਿਆ ਤੇ ਡਿਉਢੀ ਵਿਚ ਹੀ ਭੁੰਜੇ ਜ਼ਮੀਨ 'ਤੇ ਬੈਠ ਗਿਆ। ਇਕ ਦਮ ਸਾਰੇ ਘਰ ਵਿਚ ਮਾਤਮ ਛਾ ਗਿਆ। ਕੇਸਰੋ ਚੁਲ੍ਹੇ ਅਗੇ ਬੈਠੀ ਰੋਟੀ ਪਕਾ ਰਹੀ ਸੀ, ਉਹਦਾ ਹੱਥ ਵਾਲਾ ਪੇੜਾ ਹੱਥੋਂ ਡਿਗ ਪਿਆ ਤੇ ਉਸ ਉਥੇ ਹੀ ਰੋਣਾ ਸ਼ੁਰੂ ਕਰ ਦਿੱਤਾ। ਤਵੇ 'ਤੇ ਪਈ ਰੋਟੀ ਭੀ ਬਦਲਣੀ ਭੁਲ ਗਈ ਤੇ ਉਸ ਦੀਆਂ ਚੀਕਾਂ ਨਿਕਲ ਗਈਆਂ। ਵਿਹੜੇ ਵਿਚ ਇਕ ਦੋ ਬੋਰੀਆਂ ਵਿਛੀਆਂ ਪਈਆਂ ਸਨ, ਉਹ ਉਹਨਾਂ 'ਤੇ ਬੈਠ ਗਈ।

ਪਿੰਡ ਵਿਚ ਝਟ ਰੌਲਾ ਪੈ ਗਿਆ। ਗਲੀ-ਗੁਆਂਢ ਦੀਆਂ ਜ਼ਨਾਨੀਆਂ ਤੇ ਮਰਦ ਭੱਜੇ ਆਏ ਤੇ ਕੇਸਰੋ ਦੇ ਵੈਣਾਂ ਤੇ ਰੋਣ ਤੋਂ ਅਨੁਮਾਨ ਲਾਇਆ ਕਿ ਕਰਤਾਰ ਮਰ ਗਿਆ ਏ। ਫਿਰ ਇਕ ਨੇ ਪੁੱਛਿਆ, "ਹਾਏ! ਕੀ ਹੋਇਆ ਏ ਭਾਈਆ ਜੀ ?"

"ਮੈਂ ਉਜੜ ਗਈ ਜੇ ਲੋਕੋ, ਮੇਰਾ ਪੁੱਤਰ ਮੈਨੂੰ ਤੱਤੀ ਨੂੰ ਛੱਡ ਕੇ ਇਕੱਲਾ ਟੁਰ ਗਿਆ। ਅਜੇ ਕਲ੍ਹ ਪਏ ਡੋਲੀ ਲਿਆਂਦੇ ਹਾਂ ਤੇਰੀ ਵੇ ਪੁੱਤਰ ਤੇ ਅੱਜ ਤੂੰ ਟੁਰ ਗਿਓਂ ਪੁੱਤਰਾ।"

ਹੌਲੀ ਹੌਲੀ ਤਾਰਾ ਚੰਦ ਦਾ ਵਿਹੜਾ ਜ਼ਨਾਨੀਆਂ ਨਾਲ ਤੇ ਡਿਉਢੀ ਮਰਦਾਂ

ਨਾਲ ਭਰ ਗਈ। ਵੱਡੇ ਤਰਪਾਲ ਗੁਆਂਢੀਆਂ ਨੇ ਵਿਛਾ ਦਿਤੇ ਤੇ ਹਰ ਆਉਂਦਾ ਉਹਨਾਂ 'ਤੇ ਬੈਠਦਾ ਗਿਆ।

ਜਿਹੜਾ ਵੀ ਆਉਂਦਾ ਅਫ਼ਸੋਸ ਪ੍ਰਗਟ ਕਰਦਾ ਤੇ ਕਰਤਾਰ ਸਿੰਘ ਦੀ ਮੌਤ ਦਾ ਕਾਰਨ ਪੁੱਛਦਾ ਪਰ ਤਾਰਾ ਚੰਦ ਚੁਪ ਕਰ ਕੇ ਬੈਠਾ ਰਿਹਾ। ਉਸ ਕਿਸੇ ਦੀ ਗੱਲ ਵੱਲ ਧਿਆਨ ਨਾ ਦਿੱਤਾ ਤੇ ਨਾ ਹੀ ਕਿਸੇ ਕੀਤੇ ਸੁਆਲ ਦਾ ਉੱਤਰ ਦਿੱਤਾ। ਸਿਰ ਨੀਵਾਂ ਪਾਈ ਉਹ ਬੈਠਾ ਰਿਹਾ ਤੇ ਪੈਰ ਦੀਆਂ ਉਂਗਲੀਆਂ ਨੂੰ ਮਲਦਾ ਰਿਹਾ। ਅਜੀਤ ਸਿੰਘ ਵਧਦੀ ਭੀੜ ਦੇਖ ਕੇ ਚਲਿਆ ਗਿਆ ਤਾਕਿ ਕਿਧਰੇ ਉਹ ਪਛਾਣਿਆ ਨਾ ਜਾਏ।

ਫੂਹੜੀ 'ਤੇ ਬੈਠਿਆਂ ਹੀ ਗੱਲਾਂ ਚਲ ਪਈਆਂ। ਇਕ ਨੇ ਕਿਹਾ, "ਮੁੰਡਾ ਤੇ ਬੜਾ ਬੀਬਾ ਸੀ।"

"ਉਹਦੇ ਵਰਗਾ ਮੁੰਡਾ ਹੋਰ ਕਿਹੜਾ ਏ, ਨਿਰਾ ਹੀਰਾ ਸੀ," ਦੂਜੇ ਨੇ ਕਿਹਾ।

"ਸਿਆਣੇ ਕਹਿੰਦੇ ਨੇ ਚੰਗੀ ਚੀਜ਼ ਬਹੁਤੀ ਦੇਰ ਨਹੀਂ ਰਹਿੰਦੀ। ਕਿਸਮਤ ਦੀਆਂ ਗੱਲਾਂ ਨੇ, ਨਹੀਂ ਸੀ ਤਾਰਾ ਚੰਦ ਹੋਰਾਂ ਦੇ ਭਾਗਾਂ ਵਿਚ ਪੁੱਤਰ ਤੋਂ ਸੇਵਾ ਕਰਾਉਣੀ।" ਤੀਜੇ ਨੇ ਕਿਹਾ।

"ਸਾਰੀ ਮਾਰ ਹੀ ਸਿੱਖਾਂ ਦੀ ਏ, ਉਹ ਹੀ ਮੁੰਡਿਆਂ ਨੂੰ ਵਗਾੜ ਰਹੇ ਨੇ," ਚੌਥੇ ਨੇ ਕਿਹਾ।

"ਸੱਚੀ ਪਤਾ ਨਹੀਂ ਕੀ ਹੋ ਗਿਆ ਏ, ਇਤਨੀਆਂ ਸਖ਼ਤੀਆਂ ਹੋ ਗਈਆਂ ਨੇ ਸਿੱਖਾਂ 'ਤੇ ਫਿਰ ਵੀ ਦਬਾ ਦਬ ਲੋਕ ਸਿਖ ਬਣਦੇ ਜਾਂਦੇ ਨੇ। ਆਪਣੇ ਪਿੰਡ ਦਾਂ ਜਿਹੜਾ ਵੀ ਮੁੰਡਾ ਜ਼ਰਾ ਸਿਰ ਕੱਢਦਾ ਏ ਉਹੀ ਤੁਰ ਪੈਂਦਾ ਏ ਸਿਖ ਬਣਨ।" ਇਕ ਹੋਰ ਨੇ ਕਿਹਾ।

ਸਾਰੀਆਂ ਜ਼ਨਾਨੀਆਂ ਨੇ ਪੱਲੇ ਪਾ ਲਏ ਤੇ ਘੁੰਡ ਕੱਢ ਕੇ ਰੋਣਾ ਤੇ ਵੈਣ ਪਾਣੇ ਸ਼ੁਰੂ ਕਰ ਦਿਤੇ। ਝਟ ਰੋ ਕੇ ਫਿਰ ਪਿਟਣਾ ਸ਼ੁਰੂ ਕਰ ਦਿੱਤਾ।

ਕਰਤਾਰ ਦੀ ਵਹੁਟੀ ਅੰਦਰ ਸੀ ਤੇ ਜਦੋਂ ਉਹਦੀ ਸੱਸ ਨੇ ਬਾਹਰ ਵੈਣ ਪਾਣੇ ਸ਼ੁਰੂ ਕਰ ਦਿੱਤੇ, ਤਾਂ ਉਹ ਇਕਦਮ ਘਬਰਾ ਗਈ। ਉਹਦੇ ਕੋਲੋਂ ਇਹ ਬਰਦਾਸ਼ਤ ਕਰਨਾ ਔਖਾ ਹੋ ਗਿਆ। ਭਾਵੇਂ ਪਹਿਲੇ ਦਿਨ ਅਜੇ ਉਸ ਪਲੰਘ ਤੋਂ ਪੈਰ ਵੀ ਥੱਲੇ ਨਹੀਂ ਸੀ ਰੱਖਿਆ ਪਰ ਜਦੋਂ ਬਾਹਰ ਰੋਣ ਦੀ ਆਵਾਜ਼ ਆਈ ਤਾਂ ਉਹ ਬਾਹਰ ਨੂੰ ਭੱਜੀ ਅਤੇ ਰਾਹ ਵਿਚ ਗਸ਼ ਖਾ ਕੇ ਡਿੱਗ ਪਈ।

ਇਕ ਦੋ ਛੋਟੀਆਂ ਬੱਚੀਆਂ ਮਾਵਾਂ ਨਾਲ ਹੀ ਆ ਗਈਆਂ ਸਨ। ਉਹਨਾਂ ਦਾ ਧਿਆਨ ਅੰਦਰ ਜਾ ਪਿਆ ਅਤੇ ਪਸਾਰ ਵਿਚ ਚੁਫਾਲ ਡਿੱਗੀ ਪਈ ਵਹੁਟੀ ਵੇਖ ਕੇ ਉਹਨਾਂ ਵਿਚੋਂ ਇਕ ਨੇ ਮਾਂ ਨੂੰ ਦੱਸਿਆ......"ਭਾਬੀ, ਵਹੁਟੀ ਡਿੱਗ ਪਈ ਆ।"

ਇਕ ਦੋ ਜ਼ਨਾਨੀਆਂ ਅੰਦਰ ਆਈਆਂ ਤੇ ਵਹੁਟੀ ਨੂੰ ਚੁਕ ਕੇ ਪਲੰਘ 'ਤੇ ਪਾਇਆ, ਉਹਨਾਂ ਪਾਣੀ ਦੇ ਛੱਟੇ ਮਾਰੇ ਅਤੇ ਉਹਨੂੰ ਹੋਸ਼ ਵਿਚ ਲਿਆਂਦਾ। ਵਹੁਟੀ ਹੋਸ਼ ਵਿਚ ਆ ਗਈ ਪਰ ਉਹ ਗੁੰਮ ਜਿਹੀ ਹੋ ਕੇ ਪਲੰਘ ਦੀ ਢੋ ਨਾਲ ਬੈਠੀ ਰਹੀ। ਝਟ ਸਿਆਪਾ ਕਰ ਕੇ ਜ਼ਨਾਨੀਆਂ ਬੈਠ ਗਈਆਂ ਤੇ ਹੌਲੀ ਹੌਲੀ ਅੱਖਾਂ ਪੂੰਝ ਕੇ ਗੱਲਾਂ ਕਰਨ ਲੱਗ ਪਈਆਂ। ਹਰ ਜ਼ਨਾਨੀ ਨੇ ਕਰਤਾਰ ਦੀ ਸ਼ਲਾਘਾ ਕੀਤੀ ਪਰ ਹਰ ਇਕ ਨੂੰ ਇਹੀ ਦੁਖ ਸੀ ਕਿ ਇਹ ਸਿਖ ਕਿਉਂ ਬਣ ਗਿਆ। ਜੇ ਉਹ ਸਿਖ ਨਾ ਬਣਦਾ ਤਾਂ ਉਹਦਾ ਅਜਿਹਾ ਅੰਤ ਨਾ ਹੁੰਦਾ।

ਹੌਲੀ ਹੌਲੀ ਜ਼ਨਾਨੀਆਂ ਉਠਣੀਆਂ ਸ਼ੁਰੂ ਹੋ ਗਈਆਂ ਤੇ ਝਟ ਵਿਚ ਹੀ ਸਾਰੀਆਂ ਉਠ ਕੇ ਚਲੀਆਂ ਗਈਆਂ। ਰਾਤ ਨੂੰ ਤਾਰਾ ਚੰਦ ਦੇ ਘਰ ਕੁਝ ਵੀ ਨਾ ਪਕਾਇਆ ਗਿਆ। ਇਕ ਦੋ ਗੁਆਂਢਣਾਂ ਘਰੋਂ ਰੋਟੀ ਲੈ ਆਈਆਂ। ਉਹਨਾਂ ਤਾਰਾ ਚੰਦ ਤੇ ਕੇਸਰੋ ਦੇ ਬੜੇ ਤਰਲੇ ਕੀਤੇ ਪਰ ਇਹਨਾਂ ਕੁਝ ਨਾ ਖਾਧਾ। 'ਭੁਖ ਨਹੀਂ' ਕਹਿ ਕੇ ਉਹਨਾਂ ਨੂੰ ਟਾਲ ਦਿੱਤਾ। ਮੱਝ ਦੀ ਧਾਰ ਵੀ ਨਾ ਕੱਢੀ ਤੇ ਨਾ ਹੀ ਵਿਚਾਰੇ ਡੰਗਰਾਂ ਨੂੰ ਕਿਸੇ ਕੁਝ ਪਾਇਆ।

ਡਿਉਢੀ ਵਿਚ ਹੀ ਵਿਛੇ ਤਰਪਾਲ 'ਤੇ ਤਾਰਾ ਚੰਦ ਤੇ ਕੇਸਰੋ ਲੇਟ ਗਏ। ਕਰਤਾਰ ਸਿੰਘ ਦੀ ਵਹੁਟੀ ਪਲੰਘ 'ਤੇ ਹੀ ਸੁੰਨ ਪਈ ਰਹੀ। ਉਹਨੂੰ ਵੀ ਬਥੇਰਾ ਸਮਝਾਇਆ ਗਿਆ ਪਰ ਉਸ ਵੀ ਕੁਝ ਨਾ ਖਾਧਾ।

"ਕਰਤਾਰ ਆ ਗਿਆ ਏ, ਪੁੱਤਰ ਆ ਗਿਆ ਏ ?" ਇਹ ਕਹਿੰਦਾ ਤਾਰਾ ਚੰਦ ਸੁੱਤਾ ਪਿਆ ਉਠ ਬੈਠਾ। ਕੇਸਰੋ ਨੇ ਝਟ-ਪਟ ਉਠ ਕੇ ਦੀਵੇ ਦੀ ਬੱਤੀ ਉੱਚੀ ਕੀਤੀ ਤੇ ਹੈਰਾਨੀ ਨਾਲ ਪੁੱਛਿਆ, "ਕੀ ਹੋਇਆ ਜੇ, ਸੁਪਨਾ ਪਏ ਦੇਖਦੇ ਸੀ ?"

"ਕਰਤਾਰ ਆ ਗਿਆ ਏ, ਹੈਂ ! ਚਲਾ ਚਲਿਆ ਏ, ਠਹਿਰ ਤਾਂ ਸਹੀ।" ਇਹ ਕਹਿੰਦਾ ਤਾਰਾ ਚੰਦ ਦਰਵਾਜ਼ੇ ਵੱਲ ਭੱਜਾ। ਡਿਉਢੀ ਦਾ ਸ਼ਤੀਰ ਕੁਝ ਕਮਜ਼ੋਰ ਸੀ ਜਿਸ ਕਾਰਨ ਉਸ ਥੱਲੇ ਥੰਮ੍ਹੀ ਦਿੱਤੀ ਹੋਈ ਸੀ। ਤਾਰਾ ਚੰਦ ਨੇ ਥੰਮ੍ਹੀ ਨੂੰ ਜੱਫਾ ਪਾ ਲਿਆ ਤੇ ਇਹੀ ਕਹੀ ਗਿਆ ਕਿ ਕਰਤਾਰ ਤੈਨੂੰ ਜਾਣ ਨਹੀਂ ਦੇਣਾ, ਹੁਣ ਤੂੰ ਜਾ ਨਹੀਂ ਸਕਦਾ।

ਪਹਿਲਾਂ ਤਾਂ ਕੇਸਰੋ ਨੂੰ ਇਹੀ ਭੁਲੇਖਾ ਰਿਹਾ ਕਿ ਤਾਰਾ ਚੰਦ ਨੇ ਸੁਪਨਾ ਦੇਖਿਆ ਹੈ ਤੇ ਉਸ ਕਾਰਨ ਘਬਰਾ ਉਠੇ ਹਨ ਪਰ ਥੰਮ੍ਹੀ ਨੂੰ ਜੱਫਾ ਪਾਈ ਤਾਰਾ ਚੰਦ ਲਗਾਤਾਰ ਕਹੀ ਗਿਆ ਤੇ ਕੇਸਰੋ ਦੀ ਕਿਸੇ ਗੱਲ ਦਾ ਉੱਤਰ ਨਾ ਦਿੱਤਾ ਤਾਂ ਉਹਨੂੰ ਸ਼ੱਕ ਪੈ ਗਿਆ ਕਿ ਇਸਦੇ ਦਿਮਾਗ 'ਤੇ ਅਸਰ ਹੋ ਗਿਆ ਹੈ ਤੇ ਹੁਣ ਇਹ ਪਾਗਲ ਹੋ ਗਿਆ ਹੈ।

ਕੇਸਰੋ ਘਬਰਾ ਗਈ। ਉਸ ਝਟ ਦਰਵਾਜ਼ਾ ਖੋਲ੍ਹਿਆ ਤੇ ਗੁਆਂਢੀਆਂ ਦੇ ਘਰ ਜਾ ਆਵਾਜ਼ ਮਾਰੀ। ਉਹ ਜਾਗੇ ਤਾਂ ਕੇਸਰੋ ਉਹਨਾਂ ਦੇ ਅੰਦਰ ਲੰਘ ਗਈ। ਉਸ ਉਹਨਾਂ

ਨੂੰ ਕਿਹਾ, "ਮੈਨੂੰ ਇਉਂ ਜਾਪਦਾ ਏ ਕਿ ਕਰਤਾਰ ਦੇ ਭਾਈਏ ਨੂੰ ਕੁਝ ਹੋ ਗਿਆ ਏ।" ਇਹ ਕਹਿੰਦਿਆਂ ਉਹਦਾ ਗਲਾ ਭਰ ਆਇਆ ਤੇ ਉਹ ਅੱਗੇ ਨਾ ਬੋਲ ਸਕੀ।

"ਕੀ ਹੋ ਗਿਆ ਏ ?" ਗੁਆਂਢੀ ਨਿਹਾਲ ਸ਼ਾਹ ਨੇ ਪੁੱਛਿਆ।

"ਪਤਾ ਨਹੀਂ, ਐਵੇਂ ਥੰਮ੍ਹੀ ਨੂੰ ਜੱਫਾ ਮਾਰ ਕੇ ਉੱਚੀ ਉੱਚੀ ਕੁਝ ਕਹੀ ਜਾ ਰਹੇ ਹਨ," ਕੇਸਰੋ ਨੇ ਦੱਸਿਆ।

"ਚੰਗਾ ਮੈਂ ਸਿਆਣੇ ਨੂੰ ਬੁਲਾ ਕੇ ਲਿਆਉਂਦਾ ਹਾਂ, ਤੁਸੀਂ ਘਰ ਚੱਲੋ।" ਇਹ ਕਹਿ ਕੇ ਨਿਹਾਲ ਸ਼ਾਹ ਨੇ ਕਪੜੇ ਪਾਏ ਤੇ ਪਿੰਡ ਦੇ ਹਕੀਮ ਨੂੰ ਸੱਦਣ ਲਈ ਚਲਾ ਗਿਆ।

ਕੇਸਰੋ ਘਰ ਆ ਗਈ ਪਰ ਉਹਦਾ ਰੰਗ ਉੱਡ ਗਿਆ ਜਦ ਡਿਉਢੀ ਖ਼ਾਲੀ ਵੇਖੀ। ਤਾਰਾ ਚੰਦ ਉਥੇ ਨਹੀਂ ਸੀ। ਹਵਾ ਦਾ ਤੇਜ਼ ਬੁੱਲਾ ਆਇਆ ਜਿਸ ਨਾਲ ਦੀਵਾ ਵੀ ਬੁਝ ਗਿਆ।

ਚਾਰ ਚੁਫੇਰੇ ਹਨੇਰਾ ਛਾ ਗਿਆ। ਬਾਹਰ ਵੀ ਹਨੇਰੀ ਰਾਤ ਹੋਣ ਕਾਰਨ ਇਤਨਾ ਡੂੰਘਾ ਹਨੇਰਾ ਸੀ ਕਿ ਹੱਥ 'ਤੇ ਹੱਥ ਮਾਰਿਆਂ ਨਜ਼ਰ ਨਹੀਂ ਸੀ ਆਉਂਦਾ।

ਕੇਸਰੋ ਫਿਰ ਨਿਹਾਲ ਸ਼ਾਹ ਦੇ ਘਰ ਦੌੜੀ ਗਈ ਤੇ ਉਹਦੀ ਪਤਨੀ ਨੂੰ ਜਗਾ ਕੇ ਬੱਤੀ ਲਈ ਤੇ ਉਹਨੂੰ ਦੱਸਿਆ ਕਿ ਤਾਰਾ ਚੰਦ ਕਿਧਰੇ ਚਲਾ ਗਿਆ ਹੈ। ਇਤਨੇ ਨੂੰ ਹਕੀਮ ਨੂੰ ਨਾਲ ਲੈ ਕੇ ਨਿਹਾਲ ਸ਼ਾਹ ਵੀ ਆ ਗਿਆ। ਉਹਨੂੰ ਜਦ ਪਤਾ ਲੱਗਾ ਕਿ ਤਾਰਾ ਚੰਦ ਘਰੋਂ ਨਿਕਲ ਗਿਆ ਹੈ ਤਾਂ ਉਹ ਘਬਰਾ ਗਿਆ। ਹਕੀਮ ਨੇ ਕਿਹਾ, "ਪਿੰਡ ਦੇ ਹੋਰ ਬੰਦਿਆਂ ਨੂੰ ਜਗਾ ਲਉ ਤੇ ਛੇਤੀ ਤਾਰਾ ਚੰਦ ਦਾ ਪਤਾ ਕਰ ਲਓ। ਨਹੀਂ ਤਾਂ ਕਿਧਰੇ ਉਹ ਜਾਨ ਨਾ ਗੁਆ ਲਏ। ਪਾਗਲ ਆਦਮੀ ਦਾ ਕੋਈ ਪਤਾ ਨਹੀਂ ਹੁੰਦਾ ਉਹ ਖੂਹ ਵਿਚ ਛਾਲ ਮਾਰ ਦੇਵੇ ਜਾਂ ਛੱਪੜ ਵਿਚ ਹੀ ਡੁਬ ਮਰੇ। ਜੇ ਉਹਨੂੰ ਛੇਤੀ ਨਾ ਲੱਭਿਆ ਤਾਂ ਉਹ ਟੁਰਦਾ ਟੁਰਦਾ ਸਵੇਰ ਤਕ ਬਹੁਤ ਦੂਰ ਵੀ ਜਾ ਸਕਦਾ ਹੈ। ਇਸ ਲਈ ਝਟ-ਪਟ ਬੰਦੇ ਭੇਜ ਕੇ ਉਹਨੂੰ ਲੱਭੋ।"

"ਮਿੰਟਾਂ ਵਿਚ ਹੀ ਪਿੰਡ ਵਿਚ ਰੌਲਾ ਪੈ ਗਿਆ ਤੇ ਲੋਕ ਬੱਤੀਆਂ ਲੈ ਕੇ ਨਿਕਲ ਆਏ। ਬਦਕਿਸਮਤੀ ਨਾਲ ਹਵਾ ਹੋਰ ਤੇਜ਼ ਹੋ ਗਈ ਤੇ ਹਨੇਰੀ ਚੱਲਣ ਲਗ ਪਈ। ਇਸ ਨਾਲ ਬੱਤੀਆਂ ਦਾ ਬਲਣਾ ਬੜਾ ਔਖਾ ਹੋ ਗਿਆ। ਝਟ-ਪਟ ਬੱਤੀਆਂ ਜਗਾ ਕੇ ਪਿੰਡ ਵਾਲਿਆਂ ਨੇ ਚਾਰ ਚੁਫੇਰੇ ਉਹਨੂੰ ਟੋਲਣ ਦਾ ਯਤਨ ਕੀਤਾ ਪਰ ਤਾਰਾ ਚੰਦ ਨਾ ਲੱਭਾ।

"ਤਾਰਾ ਚੰਦ ਦਿਨ ਨੂੰ ਰੋਂਦਾ ਰਿਹਾ ਏ ਕਿ ਨਹੀਂ?"ਹਕੀਮ ਨੇ ਕੇਸਰੋ ਨੂੰ ਪੁੱਛਿਆ।

"ਮੈਂ ਤਾਂ ਰੋਂਦੇ ਨਹੀਂ ਦੇਖੇ। ਜਦੋਂ ਦੀ ਕਰਤਾਰ ਦੀ ਖ਼ਬਰ ਮਿਲੀ ਏ, ਬਸ ਚੁਪ ਕਰ ਕੇ ਹੀ ਬੈਠੇ ਰਹੇ ਨੇ। ਸਾਨੂੰ ਤਾਂ ਕਰਤਾਰ ਦੀ ਸਾਰੀ ਗੱਲ ਵੀ ਨਹੀਂ ਦੱਸੀ।" ਕੇਸਰੋ ਨੇ ਦੱਸਿਆ।

"ਤਾਹੀਉਂ ਪਾਗਲ ਹੋ ਗਿਆ ਏ। ਜੇ ਰੋ ਲੈਂਦਾ ਤਾਂ ਦੁਖ ਹੌਲਾ ਹੋ ਜਾਂਦਾ। ਉਸ ਗ਼ਮ ਨੂੰ ਦਬਾਈ ਰੱਖਿਆ ਏ ਤੇ ਉਹ ਸਿਰ 'ਤੇ ਸਵਾਰ ਹੋ ਗਿਆ ਏ।" ਹਕੀਮ ਨੇ ਕਿਹਾ।

"ਹੁਣ ਕੀ ਬਣੇਗਾ, ਠੀਕ ਹੋ ਜਾਣਗੇ ਕਿ ਨਹੀਂ?" ਬੜੀ ਘਬਰਾਹਟ ਵਿਚ ਉਤਾਵਲੇ ਹੋ ਕੇ ਕੇਸਰੋ ਨੇ ਪੁੱਛਿਆ।

"ਕੁਝ ਕਿਹਾ ਨਹੀਂ ਜਾ ਸਕਦਾ। ਅਜਿਹੀ ਹਾਲਤ ਵਿਚ ਜੇਕਰ ਮਰੀਜ਼ ਦਾ ਠੀਕ ਸਮੇਂ ਸਿਰ ਇਲਾਜ ਨਾ ਕੀਤਾ ਜਾਏ ਤਾਂ ਠੀਕ ਨਹੀਂ ਹੁੰਦਾ। ਉਂਜ ਪਾਗਲ ਸਦਾ ਪਾਗਲ ਨਹੀਂ ਹੁੰਦੇ। ਕੁਝ ਘੜੀਆਂ ਉਹਨਾਂ ਦਾ ਦਿਮਾਗ਼ ਠੀਕ ਹੁੰਦਾ ਹੈ ਤੇ ਉਸ ਸਮੇਂ ਜੇ ਪਹਿਲਾ ਅਸਰ ਕੱਢਣ ਵਾਲੀ ਜਾਂ ਦੁਖ ਭੁਲਾਣ ਵਾਲੀ ਗੱਲ ਹੋ ਜਾਏ ਤਾਂ ਉਹ ਠੀਕ ਵੀ ਹੋ ਸਕਦਾ ਏ। ਤਾਰਾ ਚੰਦ ਮਿਲ ਜਾਏ ਤਾਂ ਉਹਦੀ ਹਾਲਤ ਦੇਖ ਕੇ ਹੀ ਦੱਸਿਆ ਜਾ ਸਕਦਾ ਹੈ ਕਿ ਉਹ ਠੀਕ ਹੋ ਜਾਏਗਾ ਕਿ ਨਹੀਂ। ਮੇਰਾ ਖ਼ਿਆਲ ਏ ਕਿ ਉਹਨੂੰ ਹੁਣੇ ਅਸਰ ਹੋਇਆ ਏ, ਇਸ ਲਈ ਬੀਮਾਰੀ 'ਤੇ ਕਾਬੂ ਪੈ ਸਕਦਾ ਏ।" ਹਕੀਮ ਨੇ ਦੱਸਿਆ।

ਹਕੀਮ ਨੇ ਕੇਸਰੋ ਨੂੰ ਕੁਝ ਤਸੱਲੀ ਦਿੱਤੀ ਤੇ ਕੁਝ ਦੇਰ ਉਡੀਕਿਆ ਪਰ ਤਾਰਾ ਚੰਦ ਨਾ ਲੱਭਾ। ਇਸ ਲਈ ਉਹ ਇਹ ਕਹਿ ਕੇ ਚਲਾ ਗਿਆ ਕਿ ਚੰਗਾ ਜਦੋਂ ਤਾਰਾ ਚੰਦ ਮਿਲ ਗਿਆ ਤਾਂ ਮੈਨੂੰ ਫਿਰ ਬੁਲਾ ਲਿਆ ਜੇ।

ਪਿੰਡ ਦੇ ਲੋਕੀਂ ਤਾਰਾ ਚੰਦ ਨੂੰ ਲਭ ਰਹੇ ਸਨ ਤੇ ਡਿਉਢੀ ਵਿਚ ਕੇਸਰੋ ਇਕੱਲੀ ਬੈਠੀ ਸੀ। ਉਹਦਾ ਸਿਰ ਬੜਾ ਸਖ਼ਤ ਚਕਰਾ ਰਿਹਾ ਸੀ ਤੇ ਇਉਂ ਜਾਪ ਰਿਹਾ ਸੀ ਜਿਵੇਂ ਉਹਦੇ ਲਈ ਪਰਲੋ ਆ ਗਈ ਹੋਵੇ। ਜਵਾਨ ਪੁੱਤਰ ਮਾਰਿਆ ਗਿਆ ਤੇ ਪਤੀ ਪਾਗਲ ਹੋ ਗਿਆ।

ਪਾਗਲ ਕੀ ਕੁਝ ਕਰ ਸਕਦਾ ਏ? ਜਦੋਂ ਹਕੀਮ ਦੀਆਂ ਗੱਲਾਂ ਉਹਦੇ ਕੰਨਾਂ ਵਿਚ ਫਿਰ ਗੂੰਜੀਆਂ ਤਾਂ ਉਹਦਾ ਸਾਰਾ ਸਰੀਰ ਕੰਬ ਗਿਆ।

"ਚਾਚੀ ਵਧਾਈਆਂ ਹੋਣ, ਵਧਾਈਆਂ ਹੋਣ!" ਨਿਹਾਲ ਸ਼ਾਹ ਦੇ ਪੁੱਤਰ ਨੇ ਦਰਵਾਜ਼ਾ ਖੋਲ੍ਹਦਿਆਂ ਕਿਹਾ, "ਚਾਚੀ ਕੁਝ ਵੰਡ!"

"ਕੀ ਹੋ ਗਿਆ ਏ?" ਕੇਸਰੋ ਨੇ ਕਾਹਲੀ ਨਾਲ ਉਠਦਿਆਂ ਕਿਹਾ।

"ਚਾਚਾ ਲੱਭ ਲਿਆਂਦਾ ਈ?" ਕੇਸਰੋ ਨੇ ਪੁੱਛਿਆ।

"ਨਹੀਂ ਚਾਚੀ ਕਰਤਾਰ ਆ ਗਿਆ ਈ," ਉਸ ਟਪਦਿਆਂ ਕਿਹਾ, "ਲਿਆ ਮੂੰਹ ਮਿੱਠਾ ਕਰਾ।"

"ਤੈਨੂੰ ਕਿਸ ਦੱਸਿਆ ਏ!" ਖ਼ੁਸ਼ੀ ਨਾਲ ਕੇਸਰੋ ਦੀਆਂ ਵਾਛਾਂ ਖੁੱਲ੍ਹ ਗਈਆਂ।

ਉਹਨੂੰ ਇਕ ਵਾਰ ਤਾਂ ਪਤੀ ਦਾ ਪਾਗਲ ਹੋ ਜਾਣਾ ਤੇ ਘਰੋਂ ਨਿਕਲ ਜਾਣਾ ਵੀ ਭੁੱਲ ਗਿਆ। ਦੋ ਗੁਆਚੀਆਂ ਚੀਜ਼ਾਂ ਵਿਚੋਂ ਇਕ ਮਿਲ ਗਈ ਤੇ ਮਿਲੀ ਵੀ ਫਿਰ ਉਹ ਜਿਸ ਦੇ ਵਾਪਸ ਆਉਣ ਦੀ ਉਕੀ ਕੋਈ ਆਸ ਨਹੀਂ ਸੀ।

"ਮੈਂ ਆਪ ਵੇਖਿਆ ਏ ਚਾਚੀ, ਗੱਡੇ 'ਤੇ ਆਉਂਦਾ ਪਿਆ ਏ," ਮੁੰਡੇ ਨੇ ਦੱਸਿਆ।

ਕੇਸਰੋ ਝਟ ਬਾਹਰ ਨਿਕਲ ਆਈ। ਕਰਤਾਰ ਸਿੰਘ ਦੀ ਵਹੁਟੀ ਵੀ ਨੀਮ ਬੇਹੋਸ਼ ਪਈ ਸੀ। 'ਵਧਾਈ ਹੋਵੇ ਚਾਚੀ' ਦੀ ਅਵਾਜ਼ ਸੁਣ ਕੇ ਉਹਦੇ ਵੀ ਕੰਨ ਖੜੇ ਹੋ ਗਏ ਤੇ ਜਦੋਂ ਉਹਨੂੰ ਇਹ ਸੁਣਾਈ ਦਿੱਤਾ ਕਿ ਕਰਤਾਰ ਸਿੰਘ ਗੱਡੇ 'ਤੇ ਆ ਰਿਹਾ ਏ ਤੇ ਉਹਦੇ ਨਿਤਾਣੇ ਸਰੀਰ ਵਿਚ ਵੀ ਜਾਨ ਪੈ ਗਈ। ਝਟ ਉਹ ਉਠ ਕੇ ਮੰਜੇ 'ਤੇ ਬਹਿ ਗਈ ਤੇ ਜਦ ਉਸ ਬਾਹਰ ਵੱਲ ਝਾਕਿਆ ਤਾਂ ਕੇਸਰੋ ਨੂੰ ਬਾਹਰ ਜਾਂਦਿਆਂ ਦੇਖ ਲਿਆ।

ਗੱਡਾ ਬੂਹੇ ਅੱਗੇ ਆ ਖਲੋਤਾ। ਕੇਸਰੋ ਨੇ ਦੌੜ ਕੇ ਕਰਤਾਰ ਨੂੰ ਜੱਫਾ ਪਾ ਲਿਆ। ਹਨੇਰੇ ਵਿਚ ਹੀ ਕੇਸਰੋ ਨੇ ਪੁੱਤਰ ਦਾ ਮੂੰਹ ਚੁੰਮਿਆ ਤੇ ਕਲੇਜੇ ਨਾਲ ਲਾ ਲਿਆ। ਕਿੰਨੀ ਦੇਰ ਉਹਨੇ ਘੁੱਟੀ ਰੱਖਿਆ। ਸਿਰ 'ਤੇ ਹੱਥ ਫੇਰਨ ਲੱਗੀ ਤਾਂ ਕਰਤਾਰ ਸਿੰਘ ਦਰਦ ਨਾਲ ਕੰਬ ਗਿਆ।

"ਕੀ ਹੋ ਗਿਆ ਏ ਮੇਰੇ ਪੁੱਤਰ ਨੂੰ?"

"ਕੁਝ ਨਹੀਂ ਮਾਂ, ਸ਼ੁਕਰ ਕਰ ਬਚ ਕੇ ਆ ਗਿਆ ਹਾਂ," ਕਰਤਾਰ ਸਿੰਘ ਨੇ ਕਿਹਾ। ਕਰਤਾਰ ਸਿੰਘ ਕਾਫ਼ੀ ਕਮਜ਼ੋਰ ਹੋ ਗਿਆ ਸੀ ਇਸ ਲਈ ਗੱਡੇ ਵਾਲੇ ਨੌਜਵਾਨ ਨੇ ਉਹਨੂੰ ਸਹਾਰਾ ਦੇ ਕੇ ਥੱਲੇ ਲਾਹਿਆ ਤੇ ਫੜ ਕੇ ਅੰਦਰ ਲੈ ਆਇਆ।

ਉਸੇ ਤਰਪਾਲ 'ਤੇ ਕਰਤਾਰ ਨੂੰ ਬਿਠਾ ਦਿੱਤਾ ਗਿਆ ਜਿਸ 'ਤੇ ਕਿ ਉਹਦੀ ਫੂਹੜੀ ਪਾਈ ਗਈ ਸੀ।

"ਕੀ ਗੱਲ ਏ ਅੱਜ ਡਿਉਢੀ ਵਿਚ ਤਰਪਾਲ ਕਿਉਂ ਵਛਾਇਆ ਜੇ?" ਕਰਤਾਰ ਨੇ ਪੁੱਛਿਆ। ਕੇਸਰੋ ਪਹਿਲਾਂ ਤਾਂ ਉਹਨੂੰ ਦੱਸਣ ਲੱਗੀ ਪਰ ਫਿਰ ਰੁਕ ਗਈ ਤੇ ਟਾਲਣ ਲਈ ਕਿਹਾ, "ਐਵੇਂ ਵਛਾਇਆ ਸੀ।"

ਕਰਤਾਰ ਸਿੰਘ ਦੀ ਵਹੁਟੀ ਵੀ ਹਨੇਰੇ ਦੀ ਆੜ ਲੈ ਕੇ ਡਿਉਢੀ ਦੇ ਅੰਦਰਲੇ ਦਰਵਾਜ਼ੇ ਨਾਲ ਆ ਲੱਗੀ। ਭਾਵੇਂ ਉਹ ਸ਼ਰਮ ਦੇ ਮਾਰੇ ਅੰਦਰ ਨਹੀਂ ਸੀ ਆ ਸਕਦੀ ਪਰ ਉਹਦੇ ਦਿਲ ਵਿਚ ਕਰਤਾਰ ਸਿੰਘ ਨੂੰ ਛੇਤੀ ਤੋਂ ਛੇਤੀ ਦੇਖਣ ਦਾ ਜਜ਼ਬਾ ਉਹਨੂੰ ਜ਼ਬਰਦਸਤੀ ਕਮਰੇ ਤੋਂ ਬਾਹਰ ਲੈ ਆਇਆ।

"ਪੁੱਤਰ ਕੀ ਪੀਏਂਗਾ, ਦੁੱਧ ਲਿਆਵਾਂ?" ਕੇਸਰੋ ਨੇ ਕਿਹਾ ਤੇ ਉਠੀ। ਕਰਤਾਰ ਸਿੰਘ ਦੀ ਵਹੁਟੀ ਕਾਹਲੇ ਕਾਹਲੇ ਕਦਮ ਪੁਟਦੀ ਕਮਰੇ ਵਿਚ ਲੰਘ ਗਈ।

ਕੇਸਰੋ ਡਿਉਢੀ ਦੇ ਦਰਵਾਜ਼ੇ ਤਕ ਗਈ ਤੇ ਫਿਰ ਰੁਕ ਗਈ। ਉਹਨੂੰ ਯਾਦ ਆ ਗਿਆ ਕਿ ਦੁਧ ਤਾਂ ਰਾਤ ਨੂੰ ਚੋਇਆ ਹੀ ਨਹੀਂ। ਗੁਆਂਢੀਆਂ ਦੇ ਘਰ ਵੀ ਨਹੀਂ ਹੋਣਾ। ਸਭ ਨੇ ਜਾਗ ਲਾ ਦਿੱਤੀ ਹੋਣੀ ਏ।

ਨਿਹਾਲ ਸ਼ਾਹ ਦੀ ਵਹੁਟੀ ਸਮਝ ਗਈ। ਉਹਦੇ ਘਰ ਕੁਝ ਦੁੱਧ ਰੱਖਿਆ ਹੋਇਆ ਸੀ, ਉਸ ਕਿਹਾ, "ਭੈਣ ਮੈਂ ਲਿਆ ਦੇਂਦੀ ਹਾਂ।" ਉਹ ਦੁੱਧ ਲੈਣ ਚਲੀ ਗਈ।

"ਪੁੱਤਰ ਤੂੰ ਰਿਹਾ ਕਿਥੇ ਏਂ? ਤੇਰਾ ਘੋੜਾ ਕਿਥੇ ਏ?" ਕੇਸਰੋ ਨੇ ਪੁੱਛਿਆ।

"ਮੈਂ ਇਕਰਾਰ ਕੀਤਾ ਸੀ ਵਿਆਹ ਸਮੇਂ ਆਵਾਂਗਾ। ਵਿਆਹ ਵਾਲੇ ਦਿਨ ਹੀ ਵਾਪਸ ਆਉਂਦਿਆਂ ਦੁਸ਼ਮਣ ਮਿਲ ਪਏ ਤੇ ਉਹਨਾਂ ਗੋਲੀ ਮਾਰੀ। ਮੈਂ ਤਾਂ ਬਚ ਗਿਆ ਪਰ ਘੋੜਾ ਮਰ ਗਿਆ। ਮੈਂ ਡਿਗ ਪਿਆ ਤੇ ਸਿਰ ਪਾਟ ਗਿਆ। ਇਕ ਭਲਾ ਲੋਕ ਮੁਸਲਮਾਨ ਮੈਨੂੰ ਘਰ ਲੈ ਗਿਆ ਤੇ ਉਸ ਮੇਰੀ ਸੰਭਾਲ ਕੀਤੀ। ਦੁਸ਼ਮਣਾਂ ਨੂੰ ਪਤਾ ਲੱਗ ਗਿਆ ਤੇ ਉਹਨਾਂ ਉਹਦੇ ਘਰ ਵੀ ਹਮਲਾ ਕਰ ਦਿੱਤਾ ਪਰ ਇਸ ਵਿਚਾਰੇ ਦੀ ਹਿੰਮਤ ਏ, ਜੋ ਉਥੋਂ ਬਚਾ ਲਿਆਇਆ ਏ।" ਗੱਡੇ ਵਾਲੇ ਵੱਲ ਇਸ਼ਾਰਾ ਕਰਦਿਆਂ ਕਰਤਾਰ ਸਿੰਘ ਨੇ ਕਿਹਾ, "ਉਹ ਤਾਂ ਲੈਣ ਆ ਗਏ ਸਨ ਪਰ ਇਸਨੇ ਪਿਛਲੇ ਪਾਸਿਓਂ ਕੰਧ ਟੱਪ ਕੇ ਮੈਨੂੰ ਬੇਹੋਸ਼ੀ ਦੀ ਹਾਲਤ ਵਿਚ ਚੁਕ ਲਿਆ ਤੇ ਆਪਣੇ ਦੋ ਸਾਥੀਆਂ ਦੀ ਮਦਦ ਨਾਲ ਝਟ-ਪਟ ਬਾਹਰ ਲੈ ਗਿਆ। ਇਹਦੀ ਸਹਾਇਤਾ ਨਾਲ ਹੀ ਅੱਜ ਘਰ ਆਇਆ ਹਾਂ।"

"ਸ਼ਾਬਾਸ਼!" ਸਾਰਿਆਂ ਨੇ ਕਿਹਾ ਤੇ ਨੌਜਵਾਨ ਦਾ ਧੰਨਵਾਦ ਕੀਤਾ ਜਿਸ ਨੇ ਇਹ ਪਰਉਪਕਾਰ ਕੀਤਾ ਏ। ਨੌਜਵਾਨ ਕੋਲੋਂ ਰਿਹਾ ਨਾ ਗਿਆ ਤੇ ਉਹ ਬੋਲ ਪਿਆ, "ਮੈਂ ਕੋਈ ਅਹਿਸਾਨ ਨਹੀਂ ਕੀਤਾ। ਇਹ ਮੇਰਾ ਫ਼ਰਜ਼ ਸੀ, ਮੈਂ ਤਾਂ ਆਪਣੇ ਪਿੰਡ ਦੇ ਚੌਧਰੀ ਕੋਲੋਂ ਬਦਲਾ ਲਿਆ ਏ। ਚੰਗਾ ਮੈਂ ਹੁਣ ਚਲਦਾ ਹਾਂ।"

"ਨਹੀਂ, ਰਾਤ ਆਰਾਮ ਕਰੋ, ਸਵੇਰੇ ਚਲੇ ਜਾਣਾ," ਕਰਤਾਰ ਸਿੰਘ ਨੇ ਕਿਹਾ, "ਮੈਂ ਹੁਣੇ ਨਹੀਂ ਜਾਣ ਦੇਣਾ। ਮਾਂ ਇਹਨਾਂ ਨੂੰ ਵਛਾਈ ਕਰ ਦਿਓ ਤਾਕਿ ਅਰਾਮ ਕਰਨ।"

ਕਰਤਾਰ ਨੂੰ ਝਟ ਹੀ ਯਾਦ ਆ ਗਿਆ ਤੇ ਉਸ ਪੁੱਛਿਆ, "ਮਾਂ! ਪਿਤਾ ਜੀ ਕਿਥੇ ਨੇ, ਉਹ ਨਹੀਂ ਦੇਖੇ?"

"ਹੁਣੇ ਆ ਜਾਂਦੇ ਨੇ, ਉਹਨਾਂ ਦਾ ਦਿਲ ਘਬਰਾਂਦਾ ਸੀ ਕਿਧਰੇ ਬਾਹਰ ਗਏ ਨੇ।" ਕੇਸਰੋ ਨੇ ਉਹਨੂੰ ਕਹਿ ਤਾਂ ਦਿੱਤਾ ਪਰ ਉਹਦੇ ਦਿਲ ਨੂੰ ਡੋਬੂ ਪੈਣ ਲੱਗ ਪਿਆ। ਉਸ ਨਿਹਾਲ ਸ਼ਾਹ ਨੂੰ ਇਕ ਪਾਸੇ ਬੁਲਾ ਕੇ ਕਿਹਾ, "ਸਾਰਿਆਂ ਨੂੰ ਸਮਝਾ ਦਿਓ, ਇਹਦੇ ਨਾਲ ਅਜੇ ਗੱਲ ਨਾ ਕਰਨ, ਨਹੀਂ ਤਾਂ ਇਸ ਹੁਣੇ ਉਠ ਕੇ ਲੱਭਣ ਭੱਜ ਪੈਣਾ ਏ।

ਤੁਸੀਂ ਜਾਓ ਤੇ ਜਾ ਕੇ ਉਹਨਾਂ ਦਾ ਪਤਾ ਕਰੋ।"

ਨਿਹਾਲ ਸ਼ਾਹ ਨੇ ਹੌਲੀ ਹੌਲੀ ਸਾਰਿਆਂ ਨੂੰ ਇਹ ਕਹਿ ਕੇ ਉਠਾ ਦਿਤਾ ਕਿ ਕਰਤਾਰ ਸਿੰਘ ਥੱਕਾ ਆਇਆ ਏ, ਆਰਾਮ ਕਰਨ ਦਿਓ।

ਪਿੰਡ ਦੇ ਬੰਦੇ ਡਿਉਢੀ ਤੋਂ ਉਠ ਕੇ ਤਾਰਾ ਚੰਦ ਨੂੰ ਲੱਭਣ ਲਈ ਫਿਰ ਇਧਰ ਉਧਰ ਖਿੰਡਰ ਗਏ।

੭

ਅਜੇ ਕਰਤਾਰ ਸਿੰਘ ਲੇਟਿਆ ਹੀ ਸੀ ਕਿ ਬਾਹਰਲੇ ਦਰਵਾਜ਼ੇ 'ਤੇ ਆ ਕੇ ਪਿੰਡ ਦੇ ਇਕ ਆਦਮੀ ਨੇ ਆਵਾਜ਼ ਦਿੱਤੀ, "ਚਾਚੀ, ਪਤਾ ਲੱਗਾ ਏ ਕਿ ਨਹੀਂ ਚਾਚੇ ਦਾ ?"

ਕੇਸਰੋ ਝਟ-ਪਟ ਉਠ ਕੇ ਬਾਹਰ ਆ ਗਈ ਤਾਕਿ ਕਰਤਾਰ ਸਿੰਘ ਨੂੰ ਪਤਾ ਨਾ ਲੱਗੇ ਪਰ ਕਰਤਾਰ ਸਿੰਘ ਤ੍ਰਬਕ ਕੇ ਉਠ ਬੈਠਾ ਤੇ ਹੈਰਾਨੀ ਨਾਲ ਇਧਰ ਉਧਰ ਦੇਖਣ ਲੱਗ ਪਿਆ। ਉਸਨੂੰ ਸ਼ੱਕ ਪੈ ਗਿਆ ਕਿ ਪਿਤਾ ਜੀ ਨਾਲ ਜ਼ਰੂਰ ਕੋਈ ਭਾਣਾ ਵਰਤ ਗਿਆ ਹੈ ਜਿਸ ਕਾਰਨ ਉਹ ਘਰ ਨਹੀਂ ਤੇ ਮਾਂ ਜਾਣ ਬੁੱਝ ਕੇ ਮੇਰੇ ਤੋਂ ਗੱਲ ਛੁਪਾ ਰਹੀ ਹੈ।

ਕੇਸਰੋ ਬਾਹਰੋਂ ਹੀ ਆਦਮੀ ਨੂੰ ਵਾਪਸ ਭੇਜ ਕੇ ਅੰਦਰ ਆਈ ਤਾਂ ਆਉਂਦਿਆਂ ਕਰਤਾਰ ਨੂੰ ਉਠਿਆ ਦੇਖ ਕੇ ਉਹ ਵੀ ਸਮਝ ਗਈ ਕਿ ਕਰਤਾਰ ਨੂੰ ਵੀ ਪਤਾ ਲੱਗ ਗਿਆ ਹੈ ਪਰ ਫਿਰ ਵੀ ਉਸ ਨੇ ਪੁੱਛਿਆ, "ਕੀ ਗੱਲ ਏ ਪੁੱਤਰ, ਨੀਂਦ ਨਹੀਂ ਆਈ ?"

"ਪਿਤਾ ਜੀ ਕਿੱਥੇ ਨੇ ?"

"ਆ ਜਾਂਦੇ ਨੇ," ਕੇਸਰੋ ਨੇ ਕਿਹਾ।

"ਮੈਂ ਪੁੱਛਦਾ ਹਾਂ ਕਿ ਉਹ ਹੈਨ ਕਿੱਥੇ ?" ਕਰਤਾਰ ਨੇ ਉਤਾਵਲੇ ਹੋ ਕੇ ਪੁੱਛਿਆ।

"ਬਾਹਰ ਗਏ ਨੇ, ਹੁਣੇ ਆ ਜਾਣਗੇ।" ਕੇਸਰੋ ਨੇ ਇਸ ਆਸ ਨਾਲ ਕਿਹਾ ਕਿ ਪਿੰਡ ਦੇ ਆਦਮੀ ਉਹਨੂੰ ਲੱਭ ਹੀ ਲਿਆਉਣਗੇ। ਉਂਜ ਉਹਦੇ ਮਨ ਨੂੰ ਵੀ ਡੋਬੂ ਪੈ ਰਹੇ ਸਨ ਅਤੇ ਸਖ਼ਤ ਚਿੰਤਾ ਲੱਗੀ ਹੋਈ ਸੀ।

"ਇਸ ਵੇਲੇ ਤਕ ਬਾਹਰ ਰਹਿਣ ਦਾ ਕੀ ਮਤਲਬ ? ਮਾਂ, ਤੂੰ ਮੈਨੂੰ ਸੱਚੀ ਸੱਚੀ ਗੱਲ ਕਿਉਂ ਨਹੀਂ ਦੱਸਦੀ ?" ਕਰਤਾਰ ਸਿੰਘ ਨੇ ਇਹ ਕਹਿੰਦਿਆਂ ਮਾਂ ਨੂੰ ਗਲਵੱਕੜੀ

ਪਾ ਲਈ। ਮਾਂ ਦਾ ਕੋਮਲ ਹਿਰਦਾ ਵੀ ਹੁਣ ਪੰਘਰ ਗਿਆ ਤੇ ਕੇਸਰੋ ਲਈ ਹੁਣ ਗੱਲ ਛੁਪਾਣੀ ਔਖੀ ਹੋ ਗਈ। ਇਸ ਲਈ ਉਸ ਦੱਸਿਆ, "ਪੁੱਤਰ, ਤੇਰੇ ਵਿਯੋਗ ਵਿਚ ਦਿਮਾਗ 'ਤੇ ਅਸਰ ਹੋ ਗਿਆ ਏ ਤੇ ਪਤਾ ਨਹੀਂ ਕਿੱਧਰ ਚਲੇ ਗਏ ਨੇ।"

"ਮੇਰੇ ਬਾਰੇ ਉਨ੍ਹਾਂ ਨੂੰ ਅੱਗੇ ਨਹੀਂ ਪਤਾ ਕਿ ਮੈਂ ਕਈ ਕਈ ਮਹੀਨੇ ਘਰ ਨਹੀਂ ਰਹਿੰਦਾ। ਹੁਣ ਘਬਰਾਣ ਵਾਲੀ ਕਿਹੜੀ ਗੱਲ ਸੀ ?" ਕਰਤਾਰ ਸਿੰਘ ਨੇ ਕਿਹਾ।

"ਤੂੰ ਤਾਂ ਕਹਿ ਗਿਆ ਸੀ ਕਿ ਮੈਂ ਬੰਦਿਆਂ ਨੂੰ ਭੇਜ ਕੇ ਹੁਣੇ ਆਉਂਦਾ ਹਾਂ ਪਰ ਆਪ ਹੀ ਨਾ ਆਇਆ। ਫਿਰ ਸਾਨੂੰ ਪਤਾ ਲੱਗਾ ਕਿ ਕਾਹਨੂੰਆਣੇ ਦੇ ਛੰਭ ਵਿਚੋਂ ਆ ਗਿਆ ਏਂ, ਪਰ ਪਿੰਡ ਵਿਚ ਨਾ ਪਹੁੰਚਿਓਂ। ਇਸ 'ਤੇ ਸਾਨੂੰ ਘਬਰਾਹਟ ਨਾ ਹੁੰਦੀ ਤਾਂ ਹੋਰ ਕੀ ਹੁੰਦਾ?" ਕੇਸਰੋ ਨੇ ਕਿਹਾ।

"ਮੈਂ ਸਮਝਦਾ ਹਾਂ ਕਿ ਇਸ ਵਿਚ ਤੌਖਲੇ ਵਾਲੀ ਕਿਹੜੀ ਗੱਲ ਸੀ," ਕਰਤਾਰ ਸਿੰਘ ਨੇ ਕਿਹਾ।

"ਹੱਦ ਹੋ ਗਈ, ਇਸ ਤੋਂ ਵੱਧ ਤੌਖਲੇ ਵਾਲੀ ਕਿਹੜੀ ਗੱਲ ਹੋ ਸਕਦੀ ਏ। ਅਸੀਂ ਤਾਂ ਉਨ੍ਹਾਂ ਦਾ ਸਾਰੀ ਉਮਰ ਅਹਿਸਾਨ ਨਹੀਂ ਲਾਹ ਸਕਦੇ ਜਿਨ੍ਹਾਂ ਤੇਰੇ ਨਾਲ ਨਾ ਹੁੰਦਿਆਂ ਵੀ ਧੀ ਦਾ ਡੋਲਾ ਤੋਰ ਦਿੱਤਾ।" ਕੇਸਰੋ ਨੇ ਕਿਹਾ।

"ਹੈਂ, ਤੁਸੀਂ ਡੋਲੀ ਘਰ ਵੀ ਲੈ ਆਂਦੀ ਏ ?" ਕਰਤਾਰ ਸਿੰਘ ਨੇ ਪੁੱਛਿਆ।

"ਹੋਰ ਕੀ, ਤੇਰੇ ਪਿਓ ਨੂੰ ਤਾਂ ਇਹੀ ਚਿੰਤਾ ਲੱਗੀ ਹੋਈ ਸੀ ਕਿ ਡੋਲੀ ਘਰ ਲੈ ਆਂਦੀ ਏ ਤੇ ਮੁੰਡਾ ਮੁੜਿਆ ਨਹੀਂ। ਸ਼ਾਮ ਨੂੰ ਹੀ ਬੰਦੇ ਆਏ ਸਨ ਤੇ ਉਨ੍ਹਾਂ ਦੱਸਿਆ ਸੀ ਕਿ ਕਰਤਾਰ ਸਿੰਘ ਦਾ ਕੁਝ ਨਹੀਂ ਪਤਾ ਪਰ ਉਸਦਾ ਘੋੜਾ ਮਰਿਆ ਦੇਖ ਆਏ ਹਾਂ। ਬੱਸ, ਇਸ ਖ਼ਬਰ ਨਾਲ ਸਾਡੇ ਘਰ ਮਾਤਮ ਛਾ ਗਿਆ ਸੀ ਤੇ ਤੇਰੇ ਪਿਓ ਦੇ ਦਿਲ ਨੂੰ ਬੜੀ ਸੱਟ ਵੱਜੀ। ਉਹ ਰਾਤੀਂ ਸੁੱਤਾ ਹੋਇਆ ਹੀ 'ਕਰਤਾਰ ਆ ਗਿਆ, ਕਰਤਾਰ ਆ ਗਿਆ, ਮੈਂ ਤੈਨੂੰ ਹੁਣ ਨਹੀਂ ਜਾਣ ਦੇਣਾ' ਕਰਨ ਲੱਗ ਪਿਆ। ਮੈਂ ਘਬਰਾ ਗਈ ਤੇ ਗੁਆਂਢੀ ਨਿਹਾਲ ਸ਼ਾਹ ਨੂੰ ਸੱਦਣ ਚਲੀ ਗਈ ਤੇ ਉਹ ਪਿੱਛੋਂ ਹੀ ਪਤਾ ਨਹੀਂ ਕਿੱਧਰ ਚਲੇ ਗਏ ਨੇ।" ਕੇਸਰੋ ਨੇ ਦੱਸਿਆ। ਉਹਦਾ ਗਲਾ ਭਰ ਗਿਆ ਤੇ ਉਹ ਅੱਗੋਂ ਨਾ ਬੋਲ ਸਕੀ।

"ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ ?" ਕਰਤਾਰ ਸਿੰਘ ਨੇ ਕਿਹਾ ਤੇ ਕੰਧ ਦਾ ਸਹਾਰਾ ਲੈ ਕੇ ਉੱਠਣ ਲੱਗਾ ਪਰ ਕੇਸਰੋ ਨੇ ਬਾਂਹ ਤੋਂ ਫੜਿਆ ਤੇ ਕਿਹਾ, "ਇਸ ਲਈ ਤੈਨੂੰ ਨਹੀਂ ਸੀ ਦੱਸਿਆ ਕਿ ਤੂੰ ਫਿਰ ਟਿਕਣਾ ਨਹੀਂ।"

"ਮੈਂ ਕਿਵੇਂ ਟਿਕ ਸਕਦਾ ਹਾਂ, ਪਿਓ ਦੀ ਹਾਲਤ ਖ਼ਤਰਨਾਕ ਹੋ ਜਾਏ, ਜ਼ਿੰਦਗੀ ਸੰਕਟ ਵਿਚ ਹੋਵੇ, ਉਸ ਵੇਲੇ ਪੁੱਤਰ ਦਾ ਆਰਾਮ ਕਰਨਾ ਲਾਹਨਤ ਹੈ। ਮੈਂ ਪਿਤਾ

ਜੀ ਦਾ ਹੁਣੇ ਪਤਾ ਕਰਦਾ ਹਾਂ।" ਕਰਤਾਰ ਸਿੰਘ ਨੇ ਕੁਝ ਜੋਸ਼ ਨਾਲ ਕਿਹਾ ਤੇ ਹੰਭਲਾ ਮਾਰ ਕੇ ਕੇਸਰੋ ਤੋਂ ਬਾਂਹ ਛੁਡਾ ਲਈ।

"ਤੇਰੀ ਹਾਲਤ ਠੀਕ ਨਹੀਂ, ਤੂੰ ਕੰਧ ਦਾ ਸਹਾਰਾ ਲੈ ਕੇ ਉਠਿਆ ਏਂ, ਇਸ ਲਈ ਨਾ ਜਾ ਕਿਧਰੇ, ਮੇਰੇ ਭਾ ਦਾ ਹੋਰ ਪੁਆੜਾ ਨਾ ਪੈ ਜਾਏ। ਸਾਰਾ ਪਿੰਡ ਉਹਨੂੰ ਲੱਭਣ ਗਿਆ ਹੋਇਆ ਏ।" ਕੇਸਰੋ ਨੇ ਕਿਹਾ।

"ਫਿਰ ਤਾਂ ਹੋਰ ਵੀ ਜ਼ਰੂਰੀ ਏ ਮੇਰਾ ਜਾਣਾ, ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਟਿਚਕਰਾਂ ਕਰਨਗੇ ਕਿ ਪਿਓ ਗੁੰਮ ਹੋ ਗਿਆ ਏ ਤੇ ਪੁੱਤਰ ਚਾਦਰ ਤਾਣ ਕੇ ਸੁੱਤਾ ਪਿਆ ਏ।" ਕਰਤਾਰ ਨੇ ਡਿਉਢੀ ਦੀ ਇਕ ਨੁਕਰੇ ਪਈ ਇਕ ਡਾਂਗ ਚੁੱਕ ਲਈ ਤੇ ਉਹਦੇ ਸਹਾਰੇ ਨਾਲ ਬਾਹਰ ਨੂੰ ਟੁਰਨ ਲੱਗਾ। ਕੇਸਰੋ ਨੇ ਉਹਨੂੰ ਜੱਫਾ ਪਾ ਲਿਆ ਤੇ ਪਿੱਛੇ ਕਰ ਕੇ ਦਰਵਾਜ਼ਾ ਬੰਦ ਕਰ ਦਿੱਤਾ। "ਮਾਂ, ਮੈਨੂੰ ਜਾਣ ਦੇ," ਕਰਤਾਰ ਸਿੰਘ ਨੇ ਤਰਲੇ ਨਾਲ ਕਿਹਾ।

"ਨਹੀਂ, ਮੈਂ ਤੈਨੂੰ ਇਸ ਵੇਲੇ ਨਹੀਂ ਜਾਣ ਦਿਆਂਗੀ। ਤੂੰ ਝੱਲਾ ਏਂ, ਭਲਾ ਪਿੰਡ ਵਾਲਿਆਂ 'ਤੇ ਸਾਨੂੰ ਇਤਬਾਰ ਨਹੀਂ, ਉਹ ਜ਼ਰੂਰ ਲੱਭ ਲਿਆਉਣਗੇ। ਜਾਣਾ ਕਿੱਥੇ ਸੂ, ਹੁਣੇ ਆ ਜਾਂਦਾ ਏ।" ਕੇਸਰੋ ਨੇ ਅਜਿਹੇ ਤਰਲੇ ਨਾਲ ਕਰਤਾਰ ਨੂੰ ਕਿਹਾ ਕਿ ਉਹ ਪਿੱਛੇ ਹਟ ਗਿਆ ਤੇ ਬਿਸਤਰੇ 'ਤੇ ਜਾ ਬੈਠਾ।

ਗਲੀ ਵਿਚ ਕੁਝ ਆਦਮੀਆਂ ਦੇ ਆਉਣ ਦਾ ਰੌਲਾ ਸੁਣਾਈ ਦਿੱਤਾ। ਕੇਸਰੋ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਕੁਝ ਆਦਮੀ ਤਾਰਾ ਚੰਦ ਨੂੰ ਫੜੀ ਟੁਰੇ ਆਉਂਦੇ ਦਿਸੇ। ਉਹਨੂੰ ਕੁਝ ਹੌਸਲਾ ਹੋ ਗਿਆ। ਹਕੀਮ ਦੀਆਂ ਇਨ੍ਹਾਂ ਗੱਲਾਂ ਦਾ ਕਿ ਖੂਹ ਵਿਚ ਡਿਗ ਸਕਦਾ ਏ, ਕਿਧਰੇ ਜਾ ਸਕਦਾ ਏ, ਉਹਦੇ ਮਨ 'ਤੇ ਪਿਆ ਭਾਰ ਕੁਝ ਘਟਿਆ। ਉਸ ਕਿਹਾ, "ਕਰਤਾਰ ਤੇਰਾ ਪਿਓ ਆ ਗਿਆ ਈ।"

"ਸੱਚ," ਕਰਤਾਰ ਸਿੰਘ ਨੂੰ ਬੜੀ ਖ਼ੁਸ਼ੀ ਹੋਈ ਤੇ ਉਹ ਡਾਂਗ ਦੇ ਸਹਾਰੇ ਮੰਜੇ ਤੋਂ ਉਠਿਆ।

ਬੰਦੇ ਦਰਵਾਜ਼ੇ 'ਤੇ ਆ ਕੇ ਰੁਕ ਗਏ। ਸਭ ਨੂੰ ਆਸ ਸੀ ਕਿ ਪੁੱਤਰ ਨੂੰ ਸਾਹਮਣੇ ਦੇਖ ਕੇ ਤਾਰਾ ਚੰਦ ਦੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਰਹੇਗੀ। ਪਰ ਸਭ ਹੈਰਾਨ ਹੋ ਗਏ ਜਦੋਂ ਤਾਰਾ ਚੰਦ ਨੇ ਦਰਵਾਜ਼ੇ 'ਤੇ ਅੱਖ ਪੁੱਟ ਕੇ ਡਿਉਢੀ ਵੱਲ ਵੀ ਝਾਤ ਨਾ ਮਾਰੀ।

"ਪਿਤਾ ਜੀ," ਕਰਤਾਰ ਸਿੰਘ ਨੇ ਜ਼ੋਰ ਨਾਲ ਜਜ਼ਬਾਤੀ ਵਹਿਣ ਵਿਚ ਕਿਹਾ ਪਰ ਪਿਤਾ ਵਲੋਂ ਕੋਈ ਉੱਤਰ ਨਾ ਮਿਲਿਆ। ਤਾਰਾ ਚੰਦ ਨੇ ਉਹਦੇ ਵੱਲ ਫਿਰ ਵੀ ਨਾ ਦੇਖਿਆ।

ਕੇਸਰੋ ਨੇ ਇਸ਼ਾਰਾ ਕੀਤਾ ਤੇ ਆਦਮੀ ਤਾਰਾ ਚੰਦ ਨੂੰ ਅੰਦਰ ਲੈ ਗਏ।

ਕਰਤਾਰ ਸਿੰਘ ਨੇ ਅੱਗੇ ਵਧ ਕੇ ਤਾਰਾ ਚੰਦ ਨੂੰ ਦੋਹਾਂ ਮੋਢਿਆਂ ਤੋਂ ਫੜ ਲਿਆ ਤੇ ਹੌਲੀ ਹੌਲੀ ਨੇੜੇ ਲਿਆ ਕੇ ਗਲਵੱਕੜੀ ਪਾ ਲਈ। ਅੱਗੇ ਜਦੋਂ ਕਦੇ ਵੀ ਤਾਰਾ ਚੰਦ ਨੂੰ ਕਰਤਾਰ ਸਿੰਘ ਮਿਲਦਾ ਤਾਂ ਪਿਤਾ ਪਿਆਰ ਨਾਲ ਘੁੱਟ ਕੇ ਜੱਫੀ ਪਾ ਲੈਂਦਾ ਤੇ ਕਿੰਨਾ ਕਿੰਨਾ ਚਿਰ ਉਹਨੂੰ ਘੁੱਟ ਕੇ ਪਿਆਰ ਕਰਦਾ ਪਰ ਅੱਜ ਉਹੀ ਤਾਰਾ ਚੰਦ ਬਿਲਕੁਲ ਚੁੱਪ ਖੜਾ ਸੀ। ਉਹਨੂੰ ਆਪੇ ਦੀ ਉੱਕੀ ਸੋਝੀ ਨਹੀਂ ਸੀ।

ਕਰਤਾਰ ਸਿੰਘ ਨੇ ਤਾਰਾ ਚੰਦ ਨੂੰ ਮੰਜੇ 'ਤੇ ਬਿਠਾ ਦਿਤਾ ਤੇ ਕੋਲ ਹੀ ਆਪ ਵੀ ਬੈਠ ਗਿਆ। ਉਸ ਤਾਰਾ ਚੰਦ ਦਾ ਮੂੰਹ ਉੱਚਾ ਕਰ ਕੇ ਆਪਣੇ ਸਾਹਮਣੇ ਕਰਨ ਦਾ ਯਤਨ ਕੀਤਾ ਪਰ ਤਾਰਾ ਚੰਦ ਗੁੰਮ ਸੀ।

ਹਕੀਮ ਆ ਗਿਆ ਤੇ ਉਸ ਬੱਤੀ ਨੇੜੇ ਕਰ ਕੇ ਤਾਰਾ ਚੰਦ ਦੇ ਚਿਹਰੇ ਨੂੰ ਧਿਆਨ ਨਾਲ ਦੇਖਿਆ, ਫਿਰ ਉਹਦੀ ਨਬਜ਼ ਦੇਖੀ, ਦਿਲ 'ਤੇ ਹੱਥ ਰੱਖਿਆ ਤੇ ਹਿਲਾਇਆ ਜੁਲਾਇਆ। ਦੋ ਤਿੰਨ ਆਵਾਜ਼ਾਂ ਵੀ ਦਿੱਤੀਆਂ ਪਰ ਤਾਰਾ ਚੰਦ ਚੁਪ ਸੀ।

"ਹੂੰ" ਕਹਿ ਕੇ ਹਕੀਮ ਨਾਲ ਦੇ ਮੰਜੇ 'ਤੇ ਜਾ ਬੈਠਾ ਤੇ ਤਾਰਾ ਚੰਦ ਵਲ ਦੇਖਦਿਆਂ ਸੋਚਣ ਲੱਗ ਪਿਆ।

"ਕੀ ਹੋ ਗਿਆ ਏ ਪਿਤਾ ਜੀ ਨੂੰ ?" ਕਰਤਾਰ ਸਿੰਘ ਨੇ ਉਤਾਵਲੇ ਹੋ ਕੇ ਪੁੱਛਿਆ।

"ਸਦਮੇ ਦਾ ਬੜਾ ਅਸਰ ਪਿਆ ਏ।"

"ਦਿਮਾਗ 'ਤੇ ?" ਕਰਤਾਰ ਸਿੰਘ ਨੇ ਪੁੱਛਿਆ।

"ਜਾਪਦਾ ਤਾਂ ਇਸੇ ਤਰ੍ਹਾਂ ਏ," ਹਕੀਮ ਨੇ ਕਿਹਾ ਤੇ ਇਕ ਨੁਸਖ਼ਿਆਂ ਵਾਲੀ ਕਿਤਾਬ ਕੱਢ ਕੇ ਬੱਤੀ ਦੇ ਚਾਨਣੇ ਵਿਚ ਪੜ੍ਹਨ ਲਗ ਪਿਆ। ਕਿਤਾਬ ਦੇ ਵਰਕੇ ਪਾਟੇ ਤੇ ਉਖੜੇ ਹੋਏ ਸਨ। ਹੱਥ ਨਾਲ ਬੜਾ ਸੋਹਣਾ ਤੇ ਰੰਗ ਬਿਰੰਗਾ ਲਿਖਿਆ ਹੋਇਆ ਸੀ। ਉਸ ਵਿੱਚੋਂ ਪੜ੍ਹਦਿਆਂ ਉਸ ਦੋ ਵਾਰ ਤਾਰਾ ਚੰਦ ਵੱਲ ਦੇਖਿਆ ਤੇ ਫਿਰ ਕਿਤਾਬ ਦੇ ਵਰਕੇ ਪਰਤਣ ਲਗ ਪਿਆ।

ਕਿਤਾਬ ਉਸ ਬੰਦ ਕਰ ਦਿੱਤੀ ਤੇ ਇਕ ਮੈਲੇ ਜਿਹੇ ਕਪੜੇ ਵਿਚ ਲਪੇਟ ਕੇ ਉਸ ਕਿਹਾ, "ਮੈਂ ਸਮਝਦਾ ਹਾਂ ਕਿ ਤਾਰਾ ਚੰਦ ਦੇ ਮਨ ਨੂੰ ਇਸ ਸਮੇਂ ਇਤਨਾ ਸਦਮਾ ਪੁਜਾ ਏ ਕਿ ਇਹ ਸਹਿ ਨਹੀਂ ਸਕੇ ਅਤੇ ਇਸੇ ਲਈ ਆਪਣੀ ਹੋਸ਼ ਗੁਆ ਬੈਠੇ ਹਨ। ਪਹਿਲਾਂ ਇਹਨਾਂ ਨੂੰ ਅਜਿਹੀ ਦਵਾਈ ਦੇਣੀ ਚਾਹੀਦੀ ਹੈ ਜਿਸ ਨਾਲ ਨੀਂਦਰ ਆ ਜਾਏ। ਫਿਰ ਕੁਝ ਹੋਰ ਕੀਤਾ ਜਾਏਗਾ।" ਉਸ ਇਕ ਵਾਰ ਫਿਰ ਆਵਾਜ਼ ਦਿੱਤੀ, "ਤਾਰਾ ਚੰਦ ਜੀ, ਕਰਤਾਰ ਆ ਗਿਆ ਜੇ!"

ਤਾਰਾ ਚੰਦ ਨੇ ਫਿਰ ਵੀ ਸਿਰ ਨਾ ਚੁਕਿਆ।

"ਪਾਗਲ ਇਸ ਤਰ੍ਹਾਂ ਤਾਂ ਨਹੀਂ ਹੁੰਦੇ," ਇਕ ਆਦਮੀ ਨੇ ਕਿਹਾ।

"ਤੁਹਾਨੂੰ ਪਤਾ ਨਹੀਂ," ਹਕੀਮ ਨੇ ਕਿਹਾ, "ਪਾਗਲਾਂ ਦੀਆਂ ਅਨੇਕਾਂ ਕਿਸਮਾਂ ਹਨ। ਕਈ ਕਪੜੇ ਪਾੜਦੇ ਹਨ ਤੇ ਕਈ ਬੋਲਦੇ ਹਨ ਪਰ ਕਈ ਗੁੰਮ ਹੋ ਜਾਂਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਦੀ ਸੋਝੀ ਨਹੀਂ ਰਹਿੰਦੀ। ਨਾਲੇ ਇਹ ਤਾਂ ਅਜੇ ਹੁਣੇ ਅਸਰ ਹੋਇਆ ਹੈ, ਇਸ ਨੂੰ ਠੀਕ ਕੀਤਾ ਜਾ ਸਕਦਾ ਹੈ।"

ਹਕੀਮ ਨੇ ਆਪਣੇ ਥੈਲੇ ਵਿਚੋਂ ਇਕ ਸ਼ੀਸ਼ੀ ਕੱਢੀ ਤੇ ਉਸ ਵਿੱਚੋਂ ਦੋ ਬੂੰਦਾਂ ਕੱਢ ਕੇ ਪਾਣੀ ਮਿਲਾ ਕੇ ਤਾਰਾ ਚੰਦ ਦੇ ਮੂੰਹ ਨੂੰ ਲਾ ਦਿੱਤਾ ਤੇ ਜ਼ਰਾ ਕੁ ਉਲਟਾਇਆ ਜਿਸ ਨਾਲ ਦਵਾਈ ਅੰਦਰ ਲੰਘ ਗਈ। ਝਟ ਹੀ ਤਾਰਾ ਚੰਦ ਨੂੰ ਨੀਂਦਰ ਆ ਗਈ ਤੇ ਉਹਨੂੰ ਲਿਟਾ ਦਿੱਤਾ ਗਿਆ। ਹਕੀਮ ਨੇ ਕਿਹਾ, "ਜਦ ਤਕ ਇਹ ਆਪ ਨਾ ਜਾਗ ਪੈਣ, ਉਸ ਸਮੇਂ ਤਕ ਇਹਨਾਂ ਨੂੰ ਬੁਲਾਣ ਜਾਂ ਜਗਾਣ ਦਾ ਯਤਨ ਨਾ ਕਰਨਾ ਤੇ ਜਦੋਂ ਇਹ ਜਾਗਣ ਸਿਰਫ਼ ਕਰਤਾਰ ਸਿੰਘ ਸਾਹਮਣੇ ਰਹੇ ਤੇ ਮੈਨੂੰ ਬੁਲਾ ਲੈਣਾ। ਹੋ ਸਕਦਾ ਹੈ ਕਿ ਤਬੀਅਤ ਠੀਕ ਹੋ ਜਾਏ।"

ਹਕੀਮ ਚਲਾ ਗਿਆ ਤੇ ਤਾਰਾ ਚੰਦ 'ਤੇ ਭਾਰਾ ਕਪੜਾ ਪਾ ਦਿੱਤਾ ਗਿਆ। ਪਿੰਡ ਦੇ ਕੁਝ ਬੰਦੇ ਜਿਹੜੇ ਹੁਣ ਤਕ ਬੈਠੇ ਤਾਰਾ ਚੰਦ ਦੀ ਹਾਲਤ ਦੇਖ ਰਹੇ ਸਨ, ਉਹ ਵੀ ਉਠ ਕੇ ਚਲੇ ਗਏ।

ਕਰਤਾਰ ਸਿੰਘ ਤੇ ਕੇਸਰੋ ਬਾਕੀ ਰਾਤ ਤਾਰਾ ਚੰਦ ਦੇ ਸਰ੍ਹਾਣੇ ਹੀ ਬੈਠੇ ਰਹੇ। ਦੋ ਤਿੰਨ ਵਾਰ ਕੇਸਰੋ ਨੇ ਕਰਤਾਰ ਸਿੰਘ ਨੂੰ ਕਿਹਾ ਕਿ ਉਹ ਸੌਂ ਜਾਏ ਪਰ ਕਰਤਾਰ ਸਿੰਘ ਨੇ ਇਕ ਨਾ ਸੁਣੀ।

ਦਿਨ ਚੜ੍ਹ ਪਿਆ। ਕੇਸਰੋ ਨੇ ਬੜੇ ਨਿਰਾਸ਼ ਜਿਹੇ ਹੋ ਕੇ ਮੱਝ ਦੀ ਧਾਰ ਕੱਢੀ ਤੇ ਘਰ ਦਾ ਕੰਮ ਕਾਜ ਸ਼ੁਰੂ ਕੀਤਾ। ਕਰਤਾਰ ਸਿੰਘ ਡਿਉਢੀ ਵਿਚ ਹੀ ਤਾਰਾ ਚੰਦ ਦੇ ਸਰ੍ਹਾਣੇ ਬੈਠਾ ਰਿਹਾ। ਉਹਦੇ ਮਨ ਵਿਚ ਕਈ ਵਾਰ ਵਿਚਾਰ ਆਇਆ ਕਿ ਅੱਜ ਦੇ ਯੁਗ ਵਿਚ ਸਿਖ ਬਣਨਾ ਵੀ ਕਿਤਨਾ ਔਖਾ ਏ। ਸਿਖ ਸੱਚਾਈ ਤੇ ਇਨਸਾਫ਼ ਚਾਹੁੰਦੇ ਨੇ ਤੇ ਜ਼ੁਲਮ ਵਿਰੁਧ ਲੜਦੇ ਨੇ, ਇਸੇ ਕਰਕੇ ਇਹਨਾਂ ਨੂੰ ਕਸ਼ਟ ਸਹਿਣੇ ਪੈ ਰਹੇ ਨੇ। ਪਰ ਫਿਰ ਉਹਦਾ ਮਨ ਕਹਿੰਦਾ ਕਿ ਸੋਨਾ ਕੁਠਾਲੀ ਵਿਚ ਪੈ ਕੇ ਕੁੰਦਨ ਹੋ ਜਾਂਦਾ ਏ। ਇਹ ਔਕੜਾਂ ਮਨੁੱਖ ਨੂੰ ਹੋਰ ਮਜ਼ਬੂਤ ਕਰਦੀਆਂ ਹਨ ਤੇ ਵੱਡੇ ਅੰਦੋਲਨ ਲਈ ਤਿਆਰ ਕਰਦੀਆਂ ਹਨ। ਇਹਨਾਂ ਸੋਚਾਂ ਵਿਚ ਹੀ ਸੀ ਕਿ ਕੇਸਰੋ ਨੇ ਆ ਕੇ ਕਿਹਾ, "ਪੁੱਤਰ ਉਠ ਕੇ ਮੂੰਹ ਹੱਥ ਧੋ ਲੈ ਤੇ ਦੁੱਧ ਗਰਮ ਹੋ ਰਿਹਾ ਏ, ਉਹ ਪੀ ਲੈ।"

"ਪੀਂਦਾ ਹਾਂ," ਕਰਤਾਰ ਸਿੰਘ ਨੇ ਕਿਹਾ ਤੇ ਫਿਰ ਸਿਰ 'ਤੇ ਬੱਨ੍ਹੀ ਪੱਟੀ 'ਤੇ ਜ਼ਰਾ ਹੱਥ ਫੇਰਿਆ।

"ਪੀੜ ਹੁੰਦੀ ਏ ਅਜੇ ?" ਕੇਸਰੋ ਨੇ ਪੁੱਛਿਆ।

"ਹਾਂ, ਪੀੜ ਤਾਂ ਅਜੇ ਹੈ, ਪਰ ਉਂਜ ਹੁਣ ਤਾਕਤ ਆ ਗਈ ਏ। ਕਲ੍ਹ ਤਾਂ ਮੈਂ ਇਤਨਾ ਨਿਢਾਲ ਸਾਂ ਕਿ ਉਠਿਆ ਵੀ ਨਹੀਂ ਸੀ ਜਾਂਦਾ।" ਕਰਤਾਰ ਸਿੰਘ ਨੇ ਕਿਹਾ।

"ਉਠ ਕੇ ਮੂੰਹ ਹੱਥ ਧੋ ਲੈ ਤੇ ਮੈਂ ਤੇਰੇ ਕਪੜੇ ਲਿਆਵਾਂ, ਉਹ ਬਦਲ ਲੈ," ਫਿਰ ਥੋੜ੍ਹਾ ਜਿਹਾ ਮੁਸਕਰਾਂਦਿਆਂ ਕੇਸਰੋ ਨੇ ਕਿਹਾ, "ਤੇਰੀ ਵਹੁਟੀ ਪਈ ਉਡੀਕਦੀ ਏ ਅੰਦਰ, ਝਟ-ਪਟ ਤਿਆਰ ਹੋ ਜਾ।" ਇਹ ਕਹਿ ਕੇ ਕੇਸਰੋ ਦੁੱਧ ਦੀ ਤਿਆਰੀ ਵੱਲ ਚਲੀ ਗਈ।

ਕਰਤਾਰ ਸਿੰਘ ਨੂੰ ਇਕਦਮ ਫਿਰ ਚੇਤੇ ਆ ਗਿਆ ਕਿ ਉਹਦਾ ਤਾਂ ਵਿਆਹ ਵੀ ਹੋ ਗਿਆ ਏ। ਉਹ ਸੋਚੀਂ ਪੈ ਗਿਆ ਕਿ ਵਿਆਹ ਵੀ ਅਜੀਬ ਏ। ਮੈਂ ਨਾ ਘੋੜੀ ਚੜ੍ਹਿਆ, ਨਾ ਸਹੁਰੇ ਗਿਆ ਤੇ ਵਿਆਹ ਹੋ ਗਿਆ। ਕੁੜੀ ਵੀ ਕੀ ਸੋਚਦੀ ਹੋਵੇਗੀ ਕਿ ਕਿਸ ਤਰ੍ਹਾਂ ਦੇ ਬੰਦੇ ਨਾਲ ਵਾਹ ਪੈ ਗਿਆ ਏ। ਵਿਆਹ ਵੇਲੇ ਵੀ ਜਿਹੜੇ ਘਰ ਨਹੀਂ ਆਉਂਦੇ ਉਹਨਾਂ ਅੱਗੋ ਪਿਛੋ ਕਦੋਂ ਆਉਣਾ ਏ।

ਕੇਸਰੋ ਦੁਧ ਗਰਮ ਕਰ ਕੇ ਫਿਰ ਆ ਗਈ। ਉਸ ਆਉਂਦਿਆਂ ਕੁਝ ਗੁੱਸੇ ਜਿਹੇ ਵਾਲਾ ਮੂੰਹ ਬਣਾ ਕੇ ਥੋੜ੍ਹੀ ਜਿਹੀ ਉੱਚੀ ਆਵਾਜ਼ ਵਿਚ ਕਿਹਾ, "ਅਜੇ ਤਕ ਤਿਆਰ ਨਹੀਂ ਹੋਇਆ ?"

"ਮੈਂ ਹੁਣੇ ਤਿਆਰ ਹੋ ਜਾਂਦਾ ਹਾਂ।" ਕਰਤਾਰ ਸਿੰਘ ਨੇ ਉਠ ਕੇ ਮੂੰਹ ਹੱਥ ਧੋਤਾ, ਕਿਉਂਕਿ ਨਹਾਣ ਜੋਗੀ ਉਹਦੀ ਹਾਲਤ ਨਹੀਂ ਸੀ। ਫਿਰ ਉਸ ਕੁਝ ਮਿੰਟ ਪਾਠ ਕੀਤਾ ਤੇ ਤਿਆਰ ਹੋ ਗਿਆ।

"ਲਿਆ ਮਾਂ ਦੁੱਧ," ਕਰਤਾਰ ਸਿੰਘ ਨੇ ਆਵਾਜ਼ ਦਿੱਤੀ।

ਕੇਸਰੋ ਡਿਉਢੀ ਵਿਚ ਆ ਗਈ। ਉਸ ਕਿਹਾ, "ਦੁੱਧ ਅੰਦਰ ਪਾ ਕੇ ਰੱਖਿਆ ਏ ਜਾ ਕੇ ਪੀ ਲੈ।"

ਕਰਤਾਰ ਸਿੰਘ ਸਮਝ ਗਿਆ ਕਿ ਦੁੱਧ ਅੰਦਰ ਕਿਉਂ ਰੱਖਿਆ ਗਿਆ ਏ। ਬੜੀ ਵੱਡੀ ਸਮੱਸਿਆ ਉਹਦੇ ਸਾਹਮਣੇ ਖੜੀ ਹੋ ਗਈ ਕਿ ਉਹ ਅੰਦਰ ਕਿਵੇਂ ਜਾਏ। ਉਸ ਸੋਚਿਆ ਕਿ ਅੰਦਰ ਉਹ ਬੈਠੀ ਹੋਵੇਗੀ, ਉਸਨੂੰ ਕਿਵੇਂ ਬੁਲਾਵਾਂਗਾ ? ਉਹ ਪਹਿਲਾਂ ਬੁਲਾਏਗੀ ਕਿ ਮੈਂ ? ਮੇਰਾ ਤਾਂ ਅਜੇ ਉਸ ਨਾਲ ਬਾਕਾਇਦਾ ਵਿਆਹ ਵੀ ਨਹੀਂ ਹੋਇਆ।

ਕੇਸਰੋ ਫਿਰ ਅੰਦਰ ਆ ਗਈ ਤੇ ਕਿਹਾ, "ਅਜੇ ਤਕ ਗਿਆ ਨਹੀਂ, ਦੁੱਧ ਠੰਢਾ ਹੋ ਜਾਏਗਾ, ਉਸ ਵਿਚਾਰੀ ਨੇ ਵੀ ਰਾਤ ਦਾ ਕੁਝ ਨਹੀਂ ਖਾਧਾ, ਛੇਤੀ ਜਾਂਦਾ ਕਿਉਂ ਨਹੀਂ ?"

"ਮਾਂ ਉਸ ਨਾਲ ਮੇਰਾ ਅਜੇ ਵਿਆਹ ਵੀ ਨਹੀਂ ਹੋਇਆ ਇਸ ਲਈ.....।"

ਕੇਸਰੋ ਨੇ ਉਹਦੀ ਗੱਲ ਵਿੱਚੇ ਟੋਕ ਦਿੱਤੀ ਤੇ ਕਿਹਾ, "ਹੋਇਆ ਕਿਉਂ ਨਹੀਂ ? ਉਹਨੇ ਸੌਂਹ ਚੁੱਕ ਲਈ ਸੀ ਤੇ ਤੈਨੂੰ ਪਤੀ ਚੁਣ ਲਿਆ ਸੀ। ਬਾਕੀ ਰਸਮਾਂ ਫਿਰ ਹੋ ਜਾਣਗੀਆਂ। ਉਠ ਜਾ ਕੇ ਦੁੱਧ ਪੀ ਲੈ।"

ਕਰਤਾਰ ਸਿੰਘ ਉਠਿਆ ਤੇ ਕਮਰੇ ਵੱਲ ਟੁਰ ਪਿਆ। ਸਿਰ 'ਤੇ ਜ਼ਖ਼ਮ ਬੱਧਾ ਹੋਣ ਕਰਕੇ ਪਗੜੀ ਵੀ ਚੰਗੀ ਤਰ੍ਹਾਂ ਨਹੀਂ ਸੀ ਬੰਨ੍ਹੀ ਹੋਈ ਸਗੋਂ ਐਵੇਂ ਪੋਲੀ ਜਿਹੀ ਰੱਖ ਕੇ ਵਲੀ ਹੋਈ ਸੀ। ਚਿਹਰਾ ਵੀ ਕਾਫ਼ੀ ਉਤਰਿਆ ਹੋਇਆ ਸੀ। ਕਰਤਾਰ ਸਿੰਘ ਨੂੰ ਫਿਰ ਖ਼ਿਆਲ ਆਇਆ ਕਿ ਉਹ ਕੀ ਸੋਚੇਗੀ ਕਿ ਕਿਸ ਤਰ੍ਹਾਂ ਦਾ ਬੰਦਾ ਟੱਕਰ ਗਿਆ ਏ।

ਕਰਤਾਰ ਸਿੰਘ ਕਮਰੇ ਦੀ ਮੁਹਾਠ ਟਪਿਆ ਹੀ ਸੀ ਕਿ ਕੁੜੀ ਪਲੰਘ ਤੋਂ ਉਠੀ ਤੇ ਕਰਤਾਰ ਸਿੰਘ ਦੇ ਪੈਰਾਂ ਨੂੰ ਹੱਥ ਲਾਣ ਲਈ ਝੁਕੀ ਪਰ ਕਰਤਾਰ ਸਿੰਘ ਪਿਛੇ ਹੱਟ ਗਿਆ ਤੇ ਫ਼ਤਹ ਬੁਲਾਈ। ਕੁੜੀ ਅੱਗੇ ਹੋ ਕੇ ਫਿਰ ਪੈਰਾਂ ਨੂੰ ਹੱਥ ਲਾਣ ਲੱਗੀ ਪਰ ਕਰਤਾਰ ਸਿੰਘ ਨੇ ਰਾਹ ਵਿਚ ਹੀ ਫੜ ਲਿਆ ਤੇ ਦੋਹਾਂ ਮੋਢਿਆਂ ਤੋਂ ਪਕੜ ਕੇ ਮੰਜੇ 'ਤੇ ਬਿਠਾਂਦਿਆਂ ਕਿਹਾ, "ਸਿੰਘਾਂ ਵਿਚ ਇਸ ਤਰ੍ਹਾਂ ਮੱਥਾ ਟੇਕਣ ਦਾ ਰਿਵਾਜ ਨਹੀਂ। ਅਸੀਂ ਫ਼ਤਹ ਹੀ ਬੁਲਾਂਦੇ ਹਾਂ।"

ਕਰਤਾਰ ਸਿੰਘ ਨੇ ਸਟੂਲ 'ਤੇ ਪਏ ਦੁੱਧ ਦੇ ਵੱਡੇ ਚੂੜੀਆਂ ਵਾਲੇ ਦੋਵੇਂ ਗਲਾਸ ਚੁੱਕੇ, ਇਕ ਕੁੜੀ ਵੱਲ ਵਧਾਇਆ ਤੇ ਕਿਹਾ, "ਲਓ ਜੀ, ਦੁੱਧ ਪੀ ਲਓ।"

ਕੁੜੀ ਝਕ ਗਈ ਤੇ ਉਸ ਹੱਥ ਅੱਗੇ ਨਾ ਵਧਾਇਆ। ਕਰਤਾਰ ਸਿੰਘ ਨੇ ਇਕ ਵਾਰ ਫਿਰ ਕਿਹਾ, "ਲਓ ਵੀ।" ਕੁੜੀ ਨੇ ਦੁੱਧ ਦਾ ਗਲਾਸ ਫੜ ਲਿਆ। ਕਰਤਾਰ ਸਿੰਘ ਦੁੱਧ ਪੀਣ ਲੱਗ ਪਿਆ ਤੇ ਕੁੜੀ ਘੁੰਡ ਵਿਚੋਂ ਤਿਰਛੀ ਨਜ਼ਰ ਨਾਲ ਕਰਤਾਰ ਸਿੰਘ ਵੱਲ ਦੇਖ ਰਹੀ ਸੀ। ਉਹਦੇ ਚਿਹਰੇ 'ਤੇ ਆਇਆ ਖੇੜਾ ਦਸਦਾ ਸੀ ਕਿ ਉਹਨੂੰ ਅਜਿਹਾ ਵਰ ਪਾ ਕੇ ਬੜੀ ਖ਼ੁਸ਼ੀ ਹੋ ਰਹੀ ਏ। ਭਾਵੇਂ ਕਰਤਾਰ ਸਿੰਘ ਸੱਟ ਲੱਗਣ ਨਾਲ ਕਾਫ਼ੀ ਮੁਰਝਾ ਗਿਆ ਸੀ ਪਰ ਫਿਰ ਵੀ ਉਹਦੇ ਚਿਹਰੇ ਦਾ ਪ੍ਰਭਾਵ ਅਜੇ ਵੀ ਬੜਾ ਸੀ।

ਕਰਤਾਰ ਸਿੰਘ ਦੀ ਇਕ ਧਰਮ ਦੀ ਭੈਣ ਬਲਵੰਤ ਸੀ ਜਿਨ੍ਹਾਂ ਦਾ ਘਰ ਦੂਜੀ ਗਲੀ ਵਿਚ ਸੀ। ਉਹਨੂੰ ਜਦੋਂ ਪਤਾ ਲੱਗਾ ਕਿ ਕਰਤਾਰ ਸਿੰਘ ਆ ਗਿਆ ਏ ਤਾਂ ਉਹ ਮਿਲਣ ਲਈ ਆ ਗਈ ਤੇ ਸਿੱਧੀ ਕਮਰੇ ਵਿਚ ਲੰਘ ਗਈ। ਸਾਹਮਣੇ ਕਰਤਾਰ ਸਿੰਘ ਤੇ ਉਹਦੀ ਵਹੁਟੀ ਨੂੰ ਬੈਠਿਆਂ ਵੇਖ ਕੇ ਉਹ ਮੁੜ ਪਈ, ਪਰ ਕਰਤਾਰ ਸਿੰਘ ਨੇ ਆਵਾਜ਼ ਦੇ ਕੇ ਬੁਲਾ ਲਿਆ ਤੇ ਉਹਨੂੰ ਬੜੇ ਪਿਆਰ ਨਾਲ ਮਿਲਿਆ।

"ਕੀ ਹਾਲ ਰਿਹਾ ਏ ਤੁਹਾਡਾ ?" ਉਸ ਕਰਤਾਰ ਸਿੰਘ ਦੇ ਚਿਹਰੇ ਵੱਲ ਦੇਖਦਿਆਂ ਪੁੱਛਿਆ।

"ਚੰਗਾ ਹੀ ਰਿਹਾ ਏ," ਕਰਤਾਰ ਸਿੰਘ ਨੇ ਕਿਹਾ, "ਦੁੱਧ ਪੀਏਂਗੀ ਬਲਵੰਤ ?"

"ਨਹੀਂ, ਮੈਂ ਤਾਂ ਲੱਸੀ ਪੀ ਕੇ ਆਈ ਹਾਂ," ਬਲਵੰਤ ਨੇ ਕਿਹਾ ਤੇ ਫਿਰ ਭਰਜਾਈ ਵੱਲ ਦੇਖ ਕੇ ਬੋਲੀ, "ਤੇ ਭਰਜਾਈ ਹੋਰੀਂ ਅਜੇ ਤਕ ਘੁੰਡ ਕਢਿਆ ਹੋਇਆ ਏ।" ਬਲਵੰਤ ਨੇ ਇਹ ਕਹਿੰਦੇ ਚੁੰਨੀ ਜ਼ੋਰ ਨਾਲ ਖਿੱਚੀ ਤੇ ਘੁੰਡ ਲਾਹ ਦਿੱਤਾ। ਕੁੜੀ ਨੇ ਸਿਰ ਨੀਵਾਂ ਕਰ ਕੇ ਗੋਡਿਆਂ ਵਿਚ ਦੇ ਲਿਆ। ਬਲਵੰਤ ਨੇ ਕਰਤਾਰ ਸਿੰਘ ਨੂੰ ਕਿਹਾ, "ਤੁਸੀਂ ਤਾਂ ਕਹਿੰਦੇ ਸੀ ਕਿ ਸਿੰਘਾਂ ਵਿਚ ਘੁੰਡ ਦਾ ਰਿਵਾਜ ਨਹੀਂ ਹੁੰਦਾ।"

"ਮੈਂ ਥੋੜ੍ਹਾ ਕਿਹਾ ਏ ਇਹਨੂੰ ਘੁੰਡ ਕੱਢਣ ਲਈ," ਕਰਤਾਰ ਸਿੰਘ ਨੇ ਕਿਹਾ, "ਨਾਲੇ ਅਜੇ ਇਹਨੂੰ ਸਿੰਘਾਂ ਵਾਲੀਆਂ ਗੱਲਾਂ ਹੌਲੀ ਹੌਲੀ ਪਤਾ ਲੱਗਣਗੀਆਂ।"

"ਲੈ, ਮੈਂ ਵਧਾਈ ਦੇਣੀ ਤਾਂ ਭੁੱਲ ਹੀ ਗਈ ਵਿਆਹ ਦੀ," ਬਲਵੰਤ ਨੇ ਹੱਸਦਿਆਂ ਕਿਹਾ, "ਨਾਲੇ ਪਹਿਲੀ ਮੁਲਾਕਾਤ ਦੀ।"

"ਅਜੇ ਵਿਆਹ ਦੀ ਰਸਮ ਪੂਰੀ ਤਾਂ ਹੋ ਲਵੇ," ਕਰਤਾਰ ਸਿੰਘ ਨੇ ਕਿਹਾ।

"ਬਾਕੀ ਕੀ ਰਹਿੰਦਾ ਏ ?" ਬਲਵੰਤ ਨੇ ਪੁੱਛਿਆ।

"ਅੰਮ੍ਰਿਤ ਛਕਾ ਕੇ ਬਾਕਾਇਦਾ ਅਨੰਦ ਕਾਰਜ ਕਰਾਂਗੇ," ਕਰਤਾਰ ਸਿੰਘ ਨੇ ਦੱਸਿਆ।

"ਉਹ ਕਦੋਂ ?"

"ਬੱਸ ਅੱਜ ਹੀ ਪ੍ਰੋਗਰਾਮ ਬਣਾ ਲੈਂਦੇ, ਪਰ ਪਿਤਾ ਜੀ ਦੀ ਸਿਹਤ ਠੀਕ ਨਹੀਂ। ਉਹ ਚੰਗੇ ਹੋ ਲੈਣ ਫਿਰ ਕਰਾਂਗੇ।" ਕਰਤਾਰ ਸਿੰਘ ਨੇ ਦੱਸਿਆ।

"ਇਥੇ ਹੀ ਕਿ ਸਹੁਰੇ ਜਾ ਕੇ?" ਬਲਵੰਤ ਨੇ ਫਿਰ ਪੁੱਛਿਆ।

"ਨਹੀਂ, ਮੇਰਾ ਵਿਚਾਰ ਤਾਂ ਸ੍ਰੀ ਅੰਮ੍ਰਿਤਸਰ ਜਾ ਕੇ ਅਨੰਦ ਕਾਰਜ ਕਰਨ ਦਾ ਏ," ਕਰਤਾਰ ਸਿੰਘ ਨੇ ਕਿਹਾ। "ਮੈਨੂੰ ਲੈ ਚਲੋਗੇ ?" ਬਲਵੰਤ ਨੇ ਹੱਸਦਿਆਂ ਕਿਹਾ।

"ਕਿਉਂ ਨਹੀਂ," ਕਰਤਾਰ ਸਿੰਘ ਨੇ ਕਿਹਾ।

"ਕੌਣ ਲਿਜਾਂਦਾ ਏ ਸਾਨੂੰ। ਚੰਗਾ ਤੁਸੀਂ ਹੁਣ ਗੱਲਾਂ ਕਰੋ ਤੇ ਮੈਂ ਚਲਦੀ ਆਂ," ਇਹ ਕਹਿ ਕੇ ਬਲਵੰਤ ਉਠ ਕੇ ਚਲੀ ਗਈ।

੮

"ਕਿਉਂ ਕੁਝ ਪਤਾ ਲੱਗਾ ਜੇ ?" ਚੌਧਰੀ ਨੇ ਹੁਸੈਨ ਤੇ ਦੁੱਲੇ ਨੂੰ ਹਵੇਲੀ ਦੇ ਦਰਵਾਜ਼ੇ ਵਿਚੋਂ ਲੰਘਦਿਆਂ ਦੇਖ ਕੇ ਪੁੱਛਿਆ।

ਹੁਸੈਨ ਨੇ ਸਿਰ ਫੇਰਦਿਆਂ ਕਿਹਾ, "ਕੁਝ ਪਤਾ ਨਹੀਂ ਲੱਗਾ।"

"ਅਕਾਸ਼ 'ਤੇ ਤਾਂ ਨਹੀਂ ਉਡ ਗਿਆ," ਗੁੱਸੇ ਵਿਚ ਚੌਧਰੀ ਨੇ ਕਿਹਾ, "ਹੋਣਾ ਤਾਂ ਇਧਰ ਹੀ ਕਿਧਰੇ ਵੇ। ਸਖ਼ਤ ਜ਼ਖ਼ਮੀ ਹਾਲਤ ਵਿਚ ਉਹ ਜਾ ਕਿਧਰ ਸਕਦਾ ਏ। ਗ਼ਫ਼ੂਰ ਕੋਲੋਂ ਪੁਛਿਆ ਜੇ ?"

"ਉਹਨੂੰ ਅਸਾਂ ਸਾਰੀ ਰਾਤ ਸੌਣ ਨਹੀਂ ਦਿੱਤਾ। ਦੋ ਵਾਰ ਮਾਰਿਆ ਵੀ ਬੜਾ ਜੇ, ਪਰ ਉਸ ਕੁਝ ਨਹੀਂ ਦੱਸਿਆ।" ਹੁਸੈਨ ਨੇ ਚੌਧਰੀ ਦੇ ਸਾਹਮਣੇ ਪਈ ਮੰਜੀ 'ਤੇ ਬੈਠਦਿਆਂ ਕਿਹਾ।

"ਕੁਝ ਤਾਂ ਦਸਦਾ ਹੋਵੇਗਾ," ਚੌਧਰੀ ਨੇ ਪੁੱਛਿਆ।

"ਉਹ ਇਹ ਤਾਂ ਮੰਨਦਾ ਏ ਕਿ ਉਹਦੇ ਘਰ ਇਕ ਸਿਖ ਸੀ, ਪਰ ਪਤਾ ਨਹੀਂ ਕਿਧਰ ਚਲਾ ਗਿਆ, ਇਸ ਬਾਰੇ ਗ਼ਫ਼ੂਰ ਨੂੰ ਕੁਝ ਪਤਾ ਨਹੀਂ।" ਦੁੱਲੇ ਨੇ ਦੱਸਿਆ।

"ਤੁਸੀਂ ਨਹੀਂ ਜਾਣਦੇ ਉਹਨੂੰ," ਚੌਧਰੀ ਨੇ ਕਿਹਾ, "ਉਹ ਇਤਨੀ ਛੇਤੀ ਨਹੀਂ ਦੱਸਣ ਵਾਲਾ।"

"ਅਸੀਂ ਤਾਂ ਬੜਾ ਮਾਰਿਆ ਏ ਤੇ ਇਸ ਵੇਲੇ ਵੀ ਅਧਮੋਇਆ ਪਿਆ ਏ, ਹੋਰ ਦੱਸੋ ਉਸ ਨੂੰ ਕੀ ਕਹੀਏ। ਉਹ ਇੱਕੋ ਰਟ ਲਾਈ ਜਾਂਦਾ ਏ ਕਿ ਉਹਨੂੰ ਨਹੀਂ ਪਤਾ ਕਿ ਸਿਖ ਕਿਵੇਂ ਨੱਸ ਗਿਆ ਏ।"

ਤਿੰਨ ਆਦਮੀ ਹੋਰ ਆ ਗਏ, ਜੋ ਚੌਧਰੀ ਨੂੰ ਸਲਾਮ ਬੁਲਾ ਕੇ ਬੈਠ ਗਏ। ਚੌਧਰੀ ਦੇ ਚਿਹਰੇ 'ਤੇ ਬੜਾ ਗੁੱਸਾ ਦੇਖ ਕੇ ਇਕ ਨੇ ਬੜੇ ਡਰਦਿਆਂ ਹੌਲੀ ਜਿਹੀ ਪੁੱਛਿਆ, "ਅੱਜ ਕੀ ਗੱਲ ਏ, ਤੁਸੀਂ ਕੁਝ ਹੈਰਾਨ ਜਾਪਦੇ ਹੋ!"

"ਹੈਰਾਨ ਨਾ ਹੋਵਾਂ," ਚੌਧਰੀ ਝਟ ਹੀ ਬੋਲ ਪਿਆ, "ਕਲ੍ਹ ਸਿਖ ਗ਼ਫ਼ੂਰ ਦੇ ਘਰ ਸਖ਼ਤ ਜ਼ਖ਼ਮੀ ਹਾਲਤ ਵਿਚ ਪਿਆ ਸੀ ਪਰ ਜਦੋਂ ਅਸੀਂ ਉਹਦੇ ਘਰ ਗਏ ਤਾਂ ਪਤਾ ਨਹੀਂ ਕਿਵੇਂ ਉਹ ਨੱਸ ਗਿਆ ਏ।"

"ਮੈਨੂੰ ਪਤਾ ਏ ਉਹ ਕਿਵੇਂ ਨੱਸਿਆ ਏ," ਇਕ ਆਦਮੀ ਬੋਲ ਪਿਆ।

"ਕਿਸ ਤਰ੍ਹਾਂ ?" ਚੌਧਰੀ ਨੇ ਬੜੇ ਉਤਾਵਲੇ ਹੋ ਕੇ ਪੁੱਛਿਆ।

"ਨੱਸਿਆ ਨਹੀਂ ਨਸਾਇਆ ਗਿਆ ਏ," ਉਸ ਆਦਮੀ ਨੇ ਕਿਹਾ।

"ਮੈਂ ਤਾਂ ਅੱਗੇ ਹੀ ਕਹਿੰਦਾ ਹਾਂ ਕਿ ਗ਼ਫ਼ੂਰ ਦੇ ਕਹਿਣ ਅਨੁਸਾਰ ਉਹ ਸਖ਼ਤ

ਜ਼ਖ਼ਮੀ ਬੇਹੋਸ਼ ਪਿਆ ਸੀ, ਨੱਸ ਕਿਵੇਂ ਸਕਦਾ ਏ। ਇਹ ਜ਼ਰੂਰ ਕੋਈ ਸਾਜ਼ਸ਼ ਹੋਈ ਏ। ਹਾਂ, ਦੱਸ ਤੈਨੂੰ ਕੀ ਪਤਾ ਏ।" ਚੌਧਰੀ ਨੇ ਉਹਦੇ ਵੱਲ ਇਸ਼ਾਰਾ ਕਰ ਕੇ ਕਿਹਾ।

"ਰੁਲੀਏ ਦਾ ਪੁੱਤਰ ਏ ਨਾ ਮੱਖਣ। ਉਹਨੂੰ ਮੈਂ ਵੇਖਿਆ ਸੀ, ਉਹ ਗੱਡੇ 'ਤੇ ਪਾਈ ਲਿਜਾ ਰਿਹਾ ਸੀ। ਉਹਨੂੰ ਮੈਂ ਪੁੱਛਿਆ ਸੀ ਪਰ ਉਸ ਐਵੇਂ ਟਾਲ ਦਿੱਤਾ ਕਿ ਪਿੰਡ ਦਾ ਹੀ ਕੋਈ ਆਦਮੀ ਏ। ਹੁਣ ਤੁਹਾਡੀਆਂ ਗੱਲਾਂ ਤੋਂ ਮੈਨੂੰ ਪੂਰਾ ਸ਼ੱਕ ਹੋ ਗਿਆ ਏ ਕਿ ਉਹ ਜ਼ਰੂਰ ਸਿਖ ਹੀ ਹੋਵੇਗਾ ਕਿਉਂਕਿ ਮੈਨੂੰ ਵੇਖ ਕੇ ਉਸ ਉਹਦੇ ਉਤੇ ਚਾਦਰ ਪਾ ਦਿੱਤੀ ਸੀ।" ਉਸ ਦੱਸਿਆ।

"ਠੀਕ, ਤੂੰ ਠੀਕ ਸਮਝ ਗਿਆ ਏਂ, ਇਹ ਜ਼ਰੂਰ ਮੱਖਣ ਕੰਜਰ ਦੀ ਹੀ ਸ਼ਰਾਰਤ ਹੋਣੀ ਏ," ਚੌਧਰੀ ਨੇ ਕਿਹਾ।

"ਉਹੀ ਮੱਖਣ ਜਿਸ ਤੁਹਾਡੇ ਕੁੱਤੇ ਨਾਲ ਆਪਣਾ ਕੁੱਤਾ ਲੜਾਇਆ ਸੀ ?" ਹੁਸੈਨ ਨੇ ਪੁੱਛਿਆ।

"ਆਹੋ ਉਹੀ ਮੱਖਣ ਏ," ਚੌਧਰੀ ਨੇ ਕਿਹਾ, "ਹੋ ਸਕਦਾ ਏ ਕਿ ਸਾਡੇ ਕੋਲੋਂ ਜਾ ਕੇ ਉਸ ਨੇ ਸ਼ਰਾਰਤ ਕੀਤੀ ਹੋਵੇ।" ਜ਼ਰਾ ਕੁ ਸੋਚ ਕੇ ਚੌਧਰੀ ਨੇ ਫਿਰ ਕਿਹਾ, "ਇਸ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। ਜਦੋਂ ਅਸੀਂ ਗ਼ਫ਼ੂਰ ਦੇ ਘਰ ਜਾਣ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਉਸ ਵੇਲੇ ਜੀਤੂ ਇਥੇ ਖੜਾ ਸੀ, ਉਸੇ ਜਾ ਕੇ ਮੱਖਣ ਨੂੰ ਦੱਸਿਆ ਹੋਏਗਾ। ਪਰ ਸਵਾਲ ਇਹ ਹੈ ਕਿ ਉਹ ਲੈ ਕਿਹੜੇ ਪਾਸਿਉਂ ਗਿਆ?"

"ਘਰ ਵਿਚੋਂ ਬੰਦਾ ਕਢਣਾ ਕੋਈ ਔਖਾ ਏ। ਉਹਨਾਂ ਦੇ ਕੋਠੇ 'ਤੇ ਚੜ੍ਹ ਜਾਉ ਤਾਂ ਪਿਛਲੇ ਪਾਸੇ ਨਿਰੇ ਘੇਲੇ ਨੇ, ਉਸ ਪਾਸੇ ਉਤਰ ਜਾਉ ਫਿਰ ਜਿਧਰ ਜੀ ਕਰੇ ਉਧਰ ਟੁਰ ਜਾਓ।" ਇਕ ਹੋਰ ਆਦਮੀ ਨੇ ਕਿਹਾ।

"ਚੰਗਾ ਸੱਦੋ ਖਾਂ ਮੱਖਣ ਨੂੰ, ਉਸ ਤੋਂ ਪੁੱਛੀਏ ਤਾਂ ਸਹੀ," ਚੌਧਰੀ ਨੇ ਕਿਹਾ। ਫਿਰ ਹੁਸੈਨ ਤੇ ਦੁੱਲੇ ਵੱਲ ਉਸ ਇਸ਼ਾਰਾ ਕਰਦਿਆਂ ਕਿਹਾ, "ਤੁਸੀਂ ਦੋਵੇਂ ਜਾਓ ਤੇ ਉਹਨੂੰ ਹੁਣੇ ਫੜ ਕੇ ਮੇਰੇ ਸਾਹਮਣੇ ਲਿਆਓ। ਉਸ ਮੁੰਡੇ ਦਾ ਵੀ ਦਿਮਾਗ਼ ਠੀਕ ਕਰਨ ਵਾਲਾ ਏ।"

ਹੁਸੈਨ ਨੇ ਦੂਜਿਆਂ ਵੱਲ ਇਸ਼ਾਰਾ ਕੀਤਾ ਤੇ ਉਹਨਾਂ ਨੂੰ ਵੀ ਨਾਲ ਲੈ ਕੇ ਚਲਾ ਗਿਆ।

ਚੌਧਰੀ ਹਵੇਲੀ ਵਿਚ ਰੁੱਖ ਥੱਲੇ ਮੰਜਾ ਡਾਹ ਕੇ ਉਸ 'ਤੇ ਇਕੱਲਾ ਬੈਠਾ ਇਹੀ ਸੋਚਣ ਲੱਗ ਪਿਆ ਕਿ ਜੀਤੂ ਦੇ ਮੁੰਡੇ ਨੂੰ ਕਿਵੇਂ ਠੀਕ ਕੀਤਾ ਜਾਏ। ਉਸ ਸੋਚਿਆ ਕਿ ਜੇ ਇਹਨੂੰ ਮਾਰਿਆ ਤਾਂ ਸਾਰਾ ਪਿੰਡ ਮਹਿਸੂਸ ਕਰੇਗਾ। ਮੁੰਡਾ ਲੋਕਾਂ ਦੇ ਕੰਮ ਬੜੇ ਕਰਦਾ ਏ। ਪਿੰਡ ਵਿਚ ਕਿਸੇ ਦੇ ਵੀ ਕੋਈ ਵਿਆਹ ਹੋਵੇ ਜਾਂ ਮਰਨੇ 'ਤੇ ਇਕੱਠੇ ਹੋਣ,

ਇਹ ਸਾਰਾ ਕੰਮ ਸੰਭਾਲ ਲੈਂਦਾ ਏ ਅਤੇ ਫਿਰ ਸਾਰਿਆਂ ਦਾ ਵੇਲਾ ਇਉਂ ਭੁਗਤਾਂਦਾ ਏ ਜਿਵੇਂ ਆਪਣਾ ਕੰਮ ਹੋਵੇ। ਇਸ ਲਈ ਸਾਰੇ ਪਿੰਡ ਨੂੰ ਵੀ ਨਾਰਾਜ਼ ਨਹੀਂ ਹੋਣ ਦੇਣਾ ਚਾਹੀਦਾ। ਉਂਜ ਜੇ ਪਿੰਡ ਵਿਚ ਇਹਨੂੰ ਰੋਕਿਆ ਨਾ ਗਿਆ ਤਾਂ ਕਲ੍ਹ ਨੂੰ ਇਹ ਸਿੱਧਾ ਸਾਡੇ ਗਲ ਪਵੇਗਾ।

ਹਵੇਲੀ ਦਾ ਦਰਵਾਜ਼ਾ ਖੁਲ੍ਹਿਆ। ਹਮੀਦਾਂ ਤੇ ਨੂਰਾਂ ਦੋਵੇਂ ਮਾਵਾਂ ਧੀਆਂ ਅੰਦਰ ਆ ਗਈਆਂ। ਹਮੀਦਾਂ ਅਗੇ ਅਗੇ ਸੀ ਅਤੇ ਨੂਰਾਂ ਪਿਛੇ। ਦਰਵਾਜ਼ਾ ਲੰਘਦਿਆਂ ਉਹਨਾਂ ਬੁਰਕੇ ਠੀਕ ਕਰ ਲਏ। ਚੌਧਰੀ ਉਹਨਾਂ ਨੂੰ ਪਹਿਲਾਂ ਤਾਂ ਪਛਾਣ ਹੀ ਨਾ ਸਕਿਆ ਅਤੇ ਹੈਰਾਨੀ ਨਾਲ ਉਹਨਾਂ ਵੱਲ ਵੇਖਣ ਲਗ ਪਿਆ। ਦੋਵੇਂ ਉਸ ਤੋਂ ਕਾਫ਼ੀ ਹਟਵੀਆਂ ਖੜੀਆਂ ਹੋ ਗਈਆਂ।

"ਅੱਗੇ ਆ ਜਾਓ, ਕੀ ਗੱਲ ਏ?" ਚੌਧਰੀ ਨੇ ਆਪਣੀ ਆਦਤ ਦੇ ਉਲਟ ਬੜੀ ਨਰਮੀ ਨਾਲ ਕਿਹਾ।

ਦੋਵੇਂ ਦੋ ਕਦਮ ਹੋਰ ਪੁਟ ਕੇ ਫਿਰ ਖੜੀਆਂ ਹੋ ਗਈਆਂ। ਹਮੀਦਾਂ ਨੇ ਕਿਹਾ, "ਅਸੀਂ ਪਤਾ ਕਰਨ ਆਏ ਹਾਂ, ਨੂਰਾ ਦੇ ਅੱਬਾ ਕਲ੍ਹ ਦੇ ਘਰ ਨਹੀਂ ਆਏ।"

ਹਮੀਦਾਂ ਦੀ ਅਵਾਜ਼ ਤੋਂ ਚੌਧਰੀ ਸਮਝ ਗਿਆ ਅਤੇ ਫਿਰ ਜਦ ਉਸ 'ਨੂਰਾਂ ਦਾ ਅੱਬਾ' ਕਿਹਾ ਤਾਂ ਉਹਨੂੰ ਨਿਸਚਾ ਹੋ ਗਿਆ ਕਿ ਇਹ ਗ਼ਫ਼ੂਰ ਦੀ ਵਹੁਟੀ ਏ ਪਰ ਫਿਰ ਵੀ ਉਸ ਪੁੱਛਿਆ, "ਗ਼ਫ਼ੂਰ ਦਾ ਪਤਾ ਕਰਨ ਆਏ ਜੇ?"

"ਜੀ ਹਾਂ," ਹਮੀਦਾਂ ਨੇ ਕਿਹਾ।

"ਉਹ ਕਲ੍ਹ ਦਾ ਕੈਦ ਏ," ਚੌਧਰੀ ਨੇ ਕੁਝ ਆਕੜ ਨਾਲ ਕਿਹਾ।

"ਉਹਨਾਂ ਦਾ ਕੋਈ ਕਸੂਰ ਨਹੀਂ, ਕੈਦ ਕਿਉਂ ਕੀਤਾ ਏ?" ਨੂਰਾਂ ਨੇ ਕਿਹਾ।

"ਅਜੇ ਕਸੂਰ ਕੋਈ ਨਹੀਂ," ਚੌਧਰੀ ਨੇ ਕਿਹਾ, "ਇਕ ਸਿਖ ਨੂੰ ਘਰ ਰੱਖਿਆ ਤੇ ਫਿਰ ਸਾਡੇ ਕਬਜ਼ੇ ਵਿਚ ਦੇਣ ਦੀ ਥਾਂ ਭਜਾ ਦਿੱਤਾ ਏ, ਇਸ ਤੋਂ ਵੱਧ ਹੋਰ ਕਸੂਰ ਕੀ ਹੋ ਸਕਦਾ ਏ।"

"ਅਸਾਂ ਥੋੜ੍ਹਾ ਭਜਾਇਆ ਏ, ਸਾਨੂੰ ਤਾਂ ਆਪ ਨਹੀਂ ਪਤਾ ਕਿ ਉਹ ਕਿਧਰ ਚਲਿਆ ਗਿਆ ਏ," ਨੂਰਾਂ ਨੇ ਕਿਹਾ।

"ਤੈਨੂੰ ਨਹੀਂ ਪਤਾ ਤੇ ਹੋਰ ਕਿਸ ਨੂੰ ਪਤਾ ਏ?" ਚੌਧਰੀ ਨੇ ਗੁੱਸੇ ਨਾਲ ਕਿਹਾ।

"ਚੰਗਾ ਹੁਣ ਮਾਫ਼ ਕਰ ਦਿਓ, ਅਗੋਂ ਅਸੀਂ ਕਿਸੇ ਸਿਖ ਨੂੰ ਘਰ ਨਹੀਂ ਵੜਣ ਦੇਂਦੇ।" ਹਮੀਦਾਂ ਨੇ ਦੋਵੇਂ ਹੱਥ ਜੋੜ ਕੇ ਗੱਲ ਮੁਕਾਣ ਲਈ ਕਿਹਾ।

"ਅਜੇ ਤਾਂ ਗ਼ਫ਼ੂਰ ਨੂੰ ਮੈਂ ਲਾਹੌਰ ਨਹੀਂ ਭੇਜਿਆ, ਨਹੀਂ ਤੇ ਸੂਬੇ ਨੇ ਤਾਂ ਇਹਦੇ ਟੋਟੇ ਕਰਾ ਦੇਣੇ ਸਨ।" ਚੌਧਰੀ ਨੇ ਰੋਹਬ ਪਾਣ ਲਈ ਕਿਹਾ।

ਨੂਰਾਂ ਤੇ ਹਮੀਦਾਂ ਤੋਂ ਇਹ ਸ਼ਬਦ ਸਹਾਰੇ ਨਾ ਗਏ ਤੇ ਨੂਰਾਂ ਕੁਝ ਬੋਲਣ ਹੀ ਲੱਗੀ ਸੀ ਕਿ ਹਮੀਦਾਂ ਨੇ ਉਹਦੇ ਮੂੰਹ ਅੱਗੇ ਹੱਥ ਰੱਖ ਦਿੱਤਾ। ਨੂਰਾਂ ਨੇ ਹੱਥ ਨਾਲ ਉਹਦਾ ਹੱਥ ਪਰੇ ਕਰ ਦਿੱਤਾ ਤੇ ਕਿਹਾ, "ਕਿਸ ਦੀ ਮਜਾਲ ਏ ਅੱਬਾ ਦੀ 'ਵਾ ਵੱਲ ਵੀ ਵੇਖ ਸਕੇ।"

ਨੂਰਾਂ ਦੇ ਹੱਥ ਹਟਾਣ ਤੇ ਝਟਕਾ ਦੇਣ ਨਾਲ ਬੁਰਕੇ ਦੀ ਕੰਨੀ ਚੁਕੀ ਗਈ। ਗੋਰਾ ਰੰਗ ਤੇ ਭਰਵੀਂ ਜਵਾਨੀ ਦੇਖ ਕੇ ਚੌਧਰੀ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਸਾਰੇ ਪਿੰਡ ਵਿਚ ਇਹਦੇ ਨਾਲ ਦੀ ਸੋਹਣੀ ਕੁੜੀ ਕੋਈ ਨਹੀਂ ਸੀ।

ਚੌਧਰੀ ਨੇ ਗੱਲਬਾਤ ਦਾ ਰੁਖ਼ ਬਦਲ ਲਿਆ। ਪਹਿਲੇ ਵਾਲੀ ਆਕੜ ਝੜ ਗਈ ਤੇ ਪਿਆਰ ਭਰੇ ਢੰਗ ਨਾਲ ਬੋਲਿਆ, "ਬੜੀ ਦਲੇਰ ਏ ਕੁੜੀ ?"

ਹੁਸੈਨਾ ਤੇ ਉਹਦੇ ਨਾਲ ਦੇ ਆਦਮੀ ਜੀਤੂ ਨੂੰ ਲੈ ਕੇ ਆ ਗਏ। ਉਹਨਾਂ ਨੂੰ ਵੇਖਦਿਆਂ ਹੀ ਚੌਧਰੀ ਹਮੀਦਾਂ ਨੂੰ ਦੂਜੇ ਮੰਜੇ 'ਤੇ ਬੈਠਣ ਲਈ ਕਹਿ ਕੇ ਆਪ ਉਠ ਖਲੋਤਾ। ਨੇੜੇ ਆਉਂਦਿਆਂ ਹੀ ਜੀਤੂ ਦੇ ਮੋਢੇ 'ਤੇ ਜ਼ੋਰ ਦੀ ਹੱਥ ਮਾਰ ਕੇ ਬੋਲਿਆ, "ਲੈ ਬਈ ਉਸ ਦਿਨ ਕਹਿੰਦਾ ਸੈਂ ਕਿ ਅੱਗੋਂ ਤੇਰਾ ਪੁੱਤਰ ਵਧੀਕੀ ਨਹੀਂ ਕਰੇਗਾ। ਹੁਣ ਫਿਰ ਉਸ ਸਾਡੇ 'ਤੇ ਵਾਰ ਕੀਤਾ ਏ।"

"ਕੀ ਹੋ ਗਿਆ ਏ ਹਜ਼ੂਰ ?" ਜੀਤੂ ਨੇ ਤਰਲੇ ਨਾਲ ਪੁੱਛਿਆ।

"ਇਸ ਤੋਂ ਵੱਧ ਹੋਰ ਕੀ ਹੋਣਾ ਏ ?" ਚੌਧਰੀ ਨੇ ਗੁੱਸੇ ਨਾਲ ਕਿਹਾ।

"ਕੁਝ ਦੱਸੋ ਤਾਂ ਸਹੀ ਕਿ ਕੀ ਹੋ ਗਿਆ ਏ ?" ਜੀਤੂ ਨੇ ਫਿਰ ਉਤਾਵਲੇ ਹੋ ਕੇ ਪੁੱਛਿਆ।

"ਕਿਥੇ ਈ ਪੁੱਤਰ ?" ਚੌਧਰੀ ਨੇ ਕਿਹਾ।

"ਪਤਾ ਨਹੀਂ ਸਵੇਰ ਦਾ ਘਰੋਂ ਕਿਧਰੇ ਗਿਆ ਹੋਇਆ ਏ," ਜੀਤੂ ਨੇ ਦੱਸਿਆ।

"ਉਸ ਦਿਨ ਉਹਨੇ ਕੀਤੀ ਸੀ ਵਧੀਕੀ ਪਰ ਮਾਫ਼ ਕਰ ਦਿੱਤਾ ਪਰ ਹੁਣ ਜਿਹੜਾ ਕੰਮ ਉਸ ਕੀਤਾ ਏ ਉਸ 'ਤੇ ਛੱਡਣਾ ਨਹੀਂ ਉਸਨੂੰ।" ਚੌਧਰੀ ਨੇ ਗੁੱਸੇ ਨਾਲ ਕਿਹਾ ਤੇ ਮੰਜੇ 'ਤੇ ਬੈਠ ਗਿਆ।

"ਕਸੂਰ ਤਾਂ ਦੱਸੋ ?" ਜੀਤੂ ਨੇ ਕਿਹਾ।

"ਗ਼ਫ਼ੂਰ ਦੇ ਘਰੋਂ ਮੱਖਣ ਨੇ ਸਿਖ ਨੂੰ ਭਜਾ ਦਿੱਤਾ ਏ," ਚੌਧਰੀ ਨੇ ਹਮੀਦਾਂ ਵੱਲ ਦੇਖਦਿਆਂ ਕਿਹਾ।

"ਗ਼ਫ਼ੂਰ ਦੇ ਘਰੋਂ ਮੱਖਣ ਨੇ ਸਿਖ ਨੂੰ ਭਜਾ ਦਿੱਤਾ ਏ, ਇਹ ਕਿਵੇਂ ਹੋ ਸਕਦਾ ਏ ? ਮੈਨੂੰ ਇਸ ਬਾਰੇ ਕੁਝ ਪਤਾ ਨਹੀਂ।" ਜੀਤੂ ਨੇ ਬੜੇ ਚਿੰਤਾਤੁਰ ਹੋ ਕੇ ਕਿਹਾ।

"ਉਸ ਦਿਨ ਤੇਰੇ ਸਾਹਮਣੇ ਅਸੀਂ ਗੱਲਾਂ ਪਏ ਕਰਦੇ ਸਾਂ, ਗ਼ਫ਼ੂਰ ਦੇ ਘਰ ਸਿਖ

ਨੂੰ ਫੜਨ ਜਾਣ ਦੀਆਂ। ਤੂੰ ਜਾ ਕੇ ਸਾਰਾ ਕੁਝ ਪੁੱਤਰ ਨੂੰ ਦੱਸ ਦਿੱਤਾ ਤੇ ਉਹ ਸਿਖ ਨੂੰ ਕੱਢ ਕੇ ਲੈ ਗਿਆ ਏ।" ਚੌਧਰੀ ਨੇ ਕਿਹਾ।

"ਗ਼ਫ਼ੂਰ ਦੇ ਘਰੋਂ ਉਹ ਕਿਵੇਂ ਲਿਜਾ ਸਕਦਾ ਏ ? ਤੁਸੀਂ ਤਾਂ ਉਸੇ ਵੇਲੇ ਚਲੇ ਗਏ ਸੀ।" ਜੀਤੂ ਨੇ ਕਿਹਾ।

"ਅਸੀਂ ਦਰਵਾਜ਼ੇ ਵਿਚ ਖਲੋਤੇ ਗੱਲਾਂ ਕਰਦੇ ਰਹੇ ਤੇ ਉਹ ਪਿੱਛੋਂ ਦੀ ਕੋਠਾ ਟਪ ਕੇ ਲੈ ਗਿਆ ਏ," ਚੌਧਰੀ ਨੇ ਕਿਹਾ।

"ਉਹ ਤਾਂ ਉਸੇ ਵੇਲੇ ਗੱਡਾ ਜੋੜ ਕੇ ਨਾਲ ਦੇ ਪਿੰਡ ਮੰਡੀ 'ਚ ਮਾਲ ਲੈ ਕੇ ਚਲਾ ਗਿਆ ਸੀ," ਜੀਤੂ ਬੋਲਿਆ।

"ਮਾਲ ਸ਼ਾਲ ਨਹੀਂ ਲੈ ਗਿਆ, ਸਾਨੂੰ ਪਤਾ ਏ, ਉਹ ਫੱਟੜ ਸਿਖ ਨੂੰ ਹੀ ਗੱਡੇ 'ਤੇ ਲੈ ਕੇ ਗਿਆ ਸੀ। ਸਾਨੂੰ ਆਪ ਉਹਨਾਂ ਦੱਸਿਆ ਏ ਜਿਨ੍ਹਾਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ।" ਹੁਸੈਨੇ ਨੇ ਵਿਚੋਂ ਹੀ ਟੋਕ ਕੇ ਕਿਹਾ।

ਹਮੀਦਾਂ ਤੇ ਨੂਰਾਂ ਨੂੰ ਵੀ ਪਤਾ ਲਗ ਗਿਆ ਕਿ ਸਿਖ ਨੂੰ ਬਚਾ ਕੇ ਲੈ ਜਾਣ ਵਾਲਾ ਮੱਖਣ ਏ ਜੋ ਇਸ ਬੁੱਢੇ ਰੁਲੀਏ ਦਾ ਪੁੱਤਰ ਏ। ਉਹਨਾਂ ਲਈ ਵੀ ਇਹ ਬੜੀ ਗੁੰਝਲ ਸੀ ਕਿ ਮਕਾਨ ਦੇ ਅੰਦਰੋਂ ਕੌਣ ਸਿਖ ਨੂੰ ਲੈ ਗਿਆ ਜਦ ਕਿ ਉਹ ਡਿਉਢੀ ਵਿਚ ਖਲੋਤੀਆਂ ਗਲੀ ਵਿਚ ਗ਼ਫ਼ੂਰ ਨਾਲ ਚੌਧਰੀ ਦੀਆਂ ਗੱਲਾਂ ਸੁਣ ਰਹੀਆਂ ਸਨ।

ਮੱਖਣ ਘਰ ਆਇਆ ਤਾਂ ਉਹਨੂੰ ਮਾਂ ਨੇ ਕਿਹਾ, "ਹੁਣੇ ਚੌਧਰੀ ਦੇ ਬੰਦੇ ਆਏ ਸਨ ਤੇ ਉਹ ਤੇਰੇ ਪਿਉ ਨੂੰ ਚੌਧਰੀ ਕੋਲ ਲੈ ਗਏ ਹਨ। ਉਹ ਰੋਟੀ ਖਾ ਰਿਹਾ ਸੀ ਤੇ ਉਹਨਾਂ ਦੁਸ਼ਟਾਂ ਨੇ ਪੰਜ ਮਿੰਟ ਵੀ ਉਡੀਕ ਨਹੀਂ ਕੀਤੀ। ਉਹ ਵੇਖ ਅਜੇ ਉਸੇ ਤਰ੍ਹਾਂ ਰੋਟੀ ਪਈ ਏ।"

ਮੱਖਣ ਨੂੰ ਬੜਾ ਗੁੱਸਾ ਲੱਗਾ। ਉਸਦਾ ਦਿਲ ਕੀਤਾ ਕਿ ਜੇ ਉਹਦੇ ਕੋਲ ਤੋਪ ਹੋਏ ਤਾਂ ਹੁਣੇ ਚੌਧਰੀ ਨੂੰ ਸਣੇ ਉਹਦੀ ਹਵੇਲੀ ਦੇ ਉਡਾ ਦਏ। ਗੁੱਸੇ ਵਿਚ ਭਰਿਆ ਪੀਤਾ ਮੱਖਣ ਚੌਧਰੀ ਦੀ ਹਵੇਲੀ ਵੱਲ ਟੁਰ ਪਿਆ। ਰਾਹ ਵਿਚ ਹੀ ਉਹਨੂੰ ਆਪਣੇ ਦੋ ਤਿੰਨ ਜੋਟੀਦਾਰ ਮਿਲ ਗਏ। ਉਹਨਾਂ ਨੂੰ ਵੀ ਨਾਲ ਲੈ ਕੇ ਚੌਧਰੀ ਦੀ ਹਵੇਲੀ ਵਲ ਆ ਗਿਆ। ਅੱਗੇ ਚੌਧਰੀ ਮੰਜੇ 'ਤੇ ਬੈਠਾ ਉਹਦੇ ਪਿਓ ਨੂੰ ਡਾਂਟ ਰਿਹਾ ਸੀ ਤੇ ਜੀਤੂ ਮੰਜੇ ਦੇ ਨੇੜੇ ਹੀ ਜ਼ਮੀਨ 'ਤੇ ਬੈਠਾ ਤਰਲੇ ਕਰ ਰਿਹਾ ਸੀ। ਮੱਖਣ ਨੂੰ ਇਹੀ ਗੱਲ ਚੁਭਦੀ ਸੀ ਕਿ ਚੌਧਰੀ ਆਪ ਤਾਂ ਮੰਜੇ 'ਤੇ ਚੜ੍ਹ ਕੇ ਬੈਠ ਜਾਂਦਾ ਏ ਤੇ ਉਹਦੇ ਪਿਓ ਨੂੰ, ਜੋ ਚੌਧਰੀ ਦੇ ਪਿਓ ਦੀ ਉਮਰ ਦਾ ਹੋਏਗਾ, ਥੱਲੇ ਬਿਠਾ ਛੱਡਦਾ ਏ।

"ਲਓ ਮੱਖਣ ਵੀ ਆ ਗਿਆ ਜੇ," ਮੱਖਣ ਨੂੰ ਆਉਂਦਿਆਂ ਦੇਖ ਕੇ ਹੁਸੈਨੇ ਨੇ ਕਿਹਾ।

"ਕੀ ਗੱਲ ਏ ਚੌਧਰੀ ਜੀ, ਅੱਬਾ ਨੂੰ ਕਿਉਂ ਸੱਦਿਆ ਜੇ?" ਮੱਖਣ ਨੇ ਆਉਂਦਿਆਂ ਸਿੱਧਾ ਚੌਧਰੀ 'ਤੇ ਸਵਾਲ ਕੀਤਾ।

"ਵੇਖ ਲਓ ਇਹਦੀ ਆਕੜ," ਚੌਧਰੀ ਨੇ ਗੁੱਸੇ ਨਾਲ ਕਿਹਾ, "ਇਹ ਨਵਾਬ ਦਾ ਪੁੱਤਰ ਸਲਾਮ ਵੀ ਨਹੀਂ ਕਰ ਸਕਦਾ ਤੇ ਆਉਂਦਿਆਂ ਇਉਂ ਪੁੱਛਦਾ ਏ ਜਿਵੇਂ ਮੈਂ ਇਹਦੇ ਅਧੀਨ ਹਾਂ।"

"ਇਹਦੇ ਵਿਚ ਆਕੜ ਵਾਲੀ ਕਿਹੜੀ ਗੱਲ ਏ। ਮੈਂ ਤਾਂ ਇਹ ਪੁਛਦਾ ਹਾਂ ਕਿ ਮੇਰੇ ਅੱਬਾ ਨੂੰ ਕਿਉਂ ਸੱਦਿਆ ਜੇ? ਇਹ ਪੁੱਛਣਾ ਵੀ ਗੁਨਾਹ ਏ।" ਮੱਖਣ ਨੇ ਬਿਨਾਂ ਕਿਸੇ ਝਿਜਕ ਦੇ ਸਾਫ਼ ਕਿਹਾ।

"ਤੇਰੇ ਪਿਓ ਨੂੰ ਸੱਦਿਆ ਏ ਤੇਰੀਆਂ ਕਰਤੂਤਾਂ ਕਰਕੇ," ਚੌਧਰੀ ਨੇ ਕਿਹਾ।

"ਸਦਾ ਮੇਰੀਆਂ ਕਰਤੂਤਾਂ ਕਰਕੇ ਹੀ ਯਾਦ ਕਰਦੇ ਹੋ," ਮੱਖਣ ਨੇ ਮੁਸਕਰਾਂਦਿਆਂ ਕਿਹਾ। ਉਹ ਸਾਰੀ ਗੱਲ ਸਮਝ ਤਾਂ ਗਿਆ, ਪਰ ਗੱਲ ਟਾਲਣ ਲਈ ਉਸ ਬਨਾਉਟੀ ਜਿਹੀ ਮੁਸਕਰਾਹਟ ਚਿਹਰੇ 'ਤੇ ਲਿਆ ਕੇ ਕਿਹਾ, "ਮੇਰੀਆਂ ਕਰਤੂਤਾਂ ਦੀ ਸਜ਼ਾ ਮੈਨੂੰ ਦਿਆ ਕਰੋ, ਇਹਨਾਂ ਨੂੰ ਕਿਉਂ ਤੰਗ ਕਰਦੇ ਹੋ।"

"ਤੂੰ ਸਿੱਖਾਂ ਦੀ ਮਦਦ ਕਰਦਾ ਏਂ," ਚੌਧਰੀ ਨੇ ਹੁਣ ਸਿੱਧਾ ਸਵਾਲ ਕੀਤਾ।

"ਤੁਹਾਨੂੰ ਕਿਸ ਕਿਹਾ ਏ?" ਮੱਖਣ ਨੇ ਬੜੇ ਵਿਅੰਗ ਨਾਲ ਕਿਹਾ। ਬੁਰਕਾ ਪਾਈ ਦੋ ਜ਼ਨਾਨੀਆਂ ਵੇਖ ਕੇ ਉਹਨੇ ਇਹੀ ਸਮਝਿਆ ਕਿ ਸ਼ਾਇਦ ਇਹਨਾਂ ਕੋਈ ਸ਼ਿਕਾਇਤ ਕੀਤੀ ਹੋਵੇ। ਉਸ ਸੋਚ ਸ਼ਕਤੀ 'ਤੇ ਸਾਰਾ ਭਾਰ ਪਾ ਕੇ ਇਹ ਜਾਣਨ ਦਾ ਯਤਨ ਕੀਤਾ ਕਿ ਇਹ ਦੋਵੇਂ ਕੌਣ ਹਨ, ਪਰ ਉਹਨੂੰ ਯਾਦ ਕੁਝ ਨਾ ਆਇਆ।

"ਇਹਨਾਂ ਨੂੰ ਜਾਣਦਾ ਏਂ?" ਚੌਧਰੀ ਨੇ ਹਮੀਦਾਂ ਤੇ ਨੂਰਾਂ ਵੱਲ ਇਸ਼ਾਰਾ ਕਰਦਿਆਂ ਮੱਖਣ ਨੂੰ ਕਿਹਾ।

ਮੱਖਣ ਨੇ ਸਿਰ ਹਿਲਾਇਆ ਤੇ ਕਿਹਾ, "ਮੈਂ ਨਹੀਂ ਜਾਣਦਾ।"

"ਇਹ ਗ਼ਫ਼ੂਰ ਦੀ ਜ਼ਨਾਨੀ ਤੇ ਧੀ ਨੇ," ਚੌਧਰੀ ਨੇ ਕਿਹਾ, "ਇਹਨਾਂ ਹੀ ਦੱਸਿਆ ਏ ਕਿ ਤੂੰ ਇਹਨਾਂ ਦੇ ਘਰੋਂ ਇਕ ਸਿਖ ਨੂੰ ਚੋਰੀ ਲੈ ਗਿਆ ਸੈਂ।"

ਨੂਰਾਂ ਤੋਂ ਰਿਹਾ ਨਾ ਗਿਆ। ਉਹ ਝਟ ਬੋਲ ਪਈ, "ਇਹ ਝੂਠ ਏ, ਅਸੀਂ ਕੋਈ ਨਹੀਂ ਦੱਸਿਆ।"

ਚੌਧਰੀ ਦਾ ਖ਼ਿਆਲ ਸੀ ਕਿ ਮੈਂ ਮੱਖਣ ਦੇ ਸਿਰ ਦੋਸ਼ ਥੱਪ ਦਿਆਂਗਾ ਤੇ ਇਹ ਮਾਵਾਂ ਧੀਆਂ ਵੀ ਆਪਣੇ ਗਲੋਂ ਬਲਾ ਟਲਦੀ ਦੇਖ ਕੇ ਕਹਿ ਦੇਣਗੀਆਂ, ਪਰ ਨੂਰਾਂ ਨੇ ਉਹਦੇ ਝੂਠ ਦਾ ਭਾਂਡਾ ਉਸੇ ਵੇਲੇ ਭੰਨ ਦਿੱਤਾ।

"ਮੈਨੂੰ ਪਤਾ ਏ ਚੌਧਰੀ ਜੀ, ਤੁਸੀਂ ਮੈਨੂੰ ਕਿਸੇ ਨਾ ਕਿਸੇ ਦੋਸ਼ ਵਿਚ ਫਸਾਣਾ

ਚਾਹੁੰਦੇ ਹੋ, ਪਰ ਮੈਂ ਇਸ ਤਰ੍ਹਾਂ ਨਹੀਂ ਕਾਬੂ ਆਉਣ ਵਾਲਾ। ਇਹ ਜੇ ਸਾਹਮਣੇ ਨਾ ਹੁੰਦੀਆਂ ਤਾਂ ਸ਼ਾਇਦ ਤੁਹਾਡੀ ਗੱਲ 'ਤੇ ਪਰਦਾ ਪਿਆ ਰਹਿੰਦਾ ਪਰ ਹੁਣ ਦੱਸੋ ਤੁਸੀਂ ਕਿੰਨੇ ਝੂਠੇ ਹੋ ?"

ਮੱਖਣ ਦੇ ਮੂੰਹੋਂ 'ਝੂਠੇ' ਸ਼ਬਦ ਸੁਣ ਕੇ ਚੌਧਰੀ ਨੂੰ ਅੱਗ ਲੱਗ ਗਈ ਤੇ ਉਸ ਹੁਸੈਨੇ ਨੂੰ ਕਿਹਾ, "ਫੜ ਕੇ ਲੰਮਿਆਂ ਪਾਓ ਇਹਨੂੰ, ਇਹ ਕੰਜਰ ਸਿਰ ਚੜ੍ਹਦਾ ਜਾਂਦਾ ਏ।"

"ਖ਼ਬਰਦਾਰ, ਜੇ ਕੋਈ ਮੇਰੇ ਨੇੜੇ ਆਇਆ," ਮੱਖਣ ਨੇ ਲਲਕਾਰਿਆ ਤੇ ਦੌੜ ਕੇ ਹਵੇਲੀ ਤੋਂ ਬਾਹਰ ਹੋ ਗਿਆ।

ਇਕ ਆਦਮੀ ਭੱਜਾ ਭੱਜਾ ਆਇਆ ਤੇ ਉਸ ਕਿਹਾ, "ਗ਼ਫ਼ੂਰ ਦੀ ਹਾਲਤ ਬੜੀ ਮਾੜੀ ਏ, ਉਹਦਾ ਕੀ ਕਰੀਏ ?"

"ਹੈਂ! ਹਮੀਦਾਂ ਇਕਦਮ ਮੰਜੇ ਤੋਂ ਉਠ ਬੈਠੀ, "ਕੀ ਕਿਹਾ ਈ, ਉਨ੍ਹਾਂ ਦੀ ਹਾਲਤ ਮਾੜੀ ਏ।"

"ਉਹਨੂੰ ਮੰਜੀ 'ਤੇ ਪਾ ਕੇ ਇੱਥੇ ਹੀ ਲੈ ਆਉ," ਚੌਧਰੀ ਨੇ ਕਿਹਾ।

ਹਵੇਲੀ ਦੇ ਨਾਲ ਹੀ ਇਕ ਵੱਡਾ ਸਾਰਾ ਮਕਾਨ ਸੀ ਜਿਸ ਦੀਆਂ ਚਾਰੇ ਪਾਸਿਓਂ ਬੜੀਆਂ ਉੱਚੀਆਂ ਕੰਧਾਂ ਸਨ ਤੇ ਪਿੰਡ ਦੇ ਕਿਸੇ ਵੀ ਆਦਮੀ ਨੂੰ ਕੋਈ ਸਜ਼ਾ ਦੇਣੀ ਹੋਵੇ ਤਾਂ ਇਹ ਮਕਾਨ ਜੇਲ੍ਹ ਦੇ ਤੌਰ 'ਤੇ ਵਰਤ ਲਿਆ ਜਾਂਦਾ ਸੀ। ਇਸੇ ਮਕਾਨ ਵਿਚ ਸਾਰੀ ਰਾਤ ਗ਼ਫ਼ੂਰ ਨੂੰ ਮਾਰਿਆ ਕੁਟਿਆ ਗਿਆ, ਜਿਸ ਕਾਰਨ ਉਹ ਮਰਨ ਕਿਨਾਰੇ ਹੋ ਗਿਆ।

ਮੰਜੀ 'ਤੇ ਪਾ ਕੇ ਗ਼ਫ਼ੂਰ ਨੂੰ ਹੁਸੈਨਾ ਤੇ ਕੁਝ ਹੋਰ ਆਦਮੀ ਲੈ ਆਏ। ਉਹਦੀ ਹਾਲਤ ਵਿਗੜੀ ਵੇਖ ਕੇ ਹਮੀਦਾਂ ਤੇ ਨੂਰਾਂ ਦੀਆਂ ਚੀਕਾਂ ਨਿਕਲ ਗਈਆਂ। ਨੂਰਾਂ ਨੇ ਭੱਜ ਕੇ ਉਹਨੂੰ ਜੱਫੀ ਪਾ ਲਈ।

ਗ਼ਫ਼ੂਰ ਦੇ ਮੂੰਹ ਵਿਚੋਂ ਵੀ ਲਹੂ ਵਗ ਰਿਹਾ ਸੀ ਅਤੇ ਇਉਂ ਜਾਪਦਾ ਸੀ ਜਿਵੇਂ ਉਹਦਾ ਜਬਾੜਾ ਤੋੜ ਦਿੱਤਾ ਗਿਆ ਹੈ। ਸਿਰ ਵਿਚ ਵੀ ਇਕ ਦੋ ਸੱਟਾਂ ਸਨ ਤੇ ਉਹ ਬੜੇ ਔਖੇ ਔਖੇ ਸਾਹ ਲੈ ਰਿਹਾ ਸੀ। ਨੂਰਾਂ ਜਦ ਉਸ 'ਤੇ ਡਿੱਗੀ ਤਾਂ ਉਹ ਵਿਚਾਰਾ ਹੱਥ ਉੱਚਾ ਕਰਕੇ ਉਹਨੂੰ ਪਿਆਰ ਵੀ ਨਾ ਦੇ ਸਕਿਆ।

ਗ਼ਫ਼ੂਰ ਦੇ ਹੋਂਠ ਸੁੱਕੇ ਪਏ ਸਨ। ਇਕ ਵਾਰ ਉਸ ਜ਼ਰਾ ਕੁ ਮੂੰਹ ਹਿਲਾਇਆ ਜਿਸ ਤੋਂ ਹਮੀਦਾਂ ਨੇ ਅਨੁਮਾਨ ਲਾਇਆ ਕਿ ਪਾਣੀ ਮੰਗ ਰਿਹਾ ਏ। ਉਸ ਤਰਲੇ ਨਾਲ ਕਿਹਾ, "ਚੌਧਰੀ, ਪਾਣੀ ਦਾ ਘੁੱਟ ਤਾਂ ਇਹਦੇ ਮੂੰਹ ਵਿਚ ਪਾਓ।"

"ਨਹੀਂ, ਇਹਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ," ਚੌਧਰੀ ਨੇ ਹੈਂਕੜ

ਨਾਲ ਕਿਹਾ।

"ਕਿਉਂ, ਕਹਿਰ ਰੱਬ ਦਾ, ਇਕ ਤਾਂ ਬੇਦੋਸ਼ੇ ਨੂੰ ਮਾਰ ਮਾਰ ਕੇ ਅਧਮੋਇਆਂ ਕਰ ਦਿੱਤਾ ਜੇ, ਤੇ ਦੂਜਾ ਪਾਣੀ ਦਾ ਘੁੱਟ ਵੀ ਨਹੀਂ ਦੇ ਸਕਦੇ। ਇੰਨੇ ਹੀ ਪੱਥਰ ਦਿਲ ਹੋ ਗਏ ਹੋ। ਸਿੱਖਾਂ ਨੂੰ ਕਾਫ਼ਰ ਕਹਿ ਕੇ ਮਾਰਦੇ ਫਿਰਦੇ ਹੋ, ਪਰ ਆਪ ਪਸ਼ੂਆਂ ਨਾਲੋਂ ਵੀ ਭੈੜੇ ਕੰਮ ਕਰਦੇ ਹੋ।"

"ਨੂਰਾਂ ਕਹੇ ਤਾਂ ਪਾਣੀ ਦੇ ਦਿਆਂਗੇ," ਚੌਧਰੀ ਨੇ ਮੁਸਕਰਾਂਦਿਆਂ ਤੇ ਨੂਰਾਂ ਵੱਲ ਦੇਖਦਿਆਂ ਕਿਹਾ।

"ਮੈਂ ਆਪ ਲੈ ਆਉਂਦੀ ਹਾਂ ਪਾਣੀ।" ਨੂਰਾਂ ਨੇ ਸਾਹਮਣੇ ਪਈ ਸੁਰਾਹੀ ਦੇਖ ਲਈ ਤੇ ਦੌੜ ਕੇ ਉਸ ਵਿਚੋਂ ਪਾਣੀ ਦਾ ਪਿਆਲਾ ਭਰ ਲਿਆਂਦਾ। ਹਮੀਦਾਂ ਨੇ ਗ਼ਫ਼ੂਰ ਦਾ ਸਿਰ ਥੋੜ੍ਹਾ ਜਿਹਾ ਚੁੱਕਿਆ ਤੇ ਨੂਰਾਂ ਨੇ ਪਿਆਲਾ ਮੂੰਹ ਨਾਲ ਲਾ ਦਿੱਤਾ।

ਜਬਾੜੇ 'ਤੇ ਸੱਟ ਵੱਜੀ ਹੋਣ ਕਾਰਨ ਗ਼ਫ਼ੂਰ ਪਾਣੀ ਦਾ ਮਸਾਂ ਇਕ ਘੁੱਟ ਪੀ ਸਕਿਆ ਤੇ ਠੰਢਾ ਪਾਣੀ ਲੱਗਣ ਕਾਰਨ ਦਰਦ ਨਾਲ ਉਸ ਨੇ ਚੀਸ ਵੱਟੀ।

ਚੌਧਰੀ ਜਾਣ ਬੁਝ ਕੇ ਕੋਲ ਖਲੋਤਾ ਰਿਹਾ ਤੇ ਉਸ ਹੁਣ ਦਖ਼ਲ ਨਾ ਦਿੱਤਾ। ਉਹਦਾ ਧਿਆਨ ਨੂਰਾਂ ਵੱਲ ਹੀ ਸੀ ਤੇ ਜਦ ਵੀ ਉਹ ਪਿਓ ਵੱਲ ਹੱਥ ਵਧਾਂਦੀ ਤਾਂ ਇਹ ਉਹਦੀਆਂ ਕਲਾਈਆਂ ਦੇਖਦਾ ਮਨ ਵਿਚ ਲੱਡੂ ਭੋਰਦਾ ਰਿਹਾ।

"ਅਸੀਂ ਇਨ੍ਹਾਂ ਨੂੰ ਘਰ ਲੈ ਜਾਈਏ ?" ਹਮੀਦਾਂ ਨੇ ਤਰਲੇ ਨਾਲ ਚੌਧਰੀ ਤੋਂ ਪੁੱਛਿਆ।

"ਨਹੀਂ, ਇਹਨੂੰ ਤੁਸੀਂ ਘਰ ਨਹੀਂ ਲਿਜਾ ਸਕਦੇ," ਚੌਧਰੀ ਨੇ ਕਿਹਾ, "ਪਹਿਲਾਂ ਇਹ ਮੰਨਣਾ ਪਵੇਗਾ ਕਿ ਸਿੱਖਾਂ ਦੀ ਇਹ ਮਦਦ ਕਰਦਾ ਏ ਤੇ ਉਸ ਦਿਨ ਸਿਖ ਨੂੰ ਇਸ ਨੇ ਭਜਾਇਆ ਸੀ।"

"ਅਸੀਂ ਸਿੱਖਾਂ ਦੀ ਕਦੇ ਮਦਦ ਨਹੀਂ ਕੀਤੀ। ਸਾਡੇ 'ਤੇ ਐਵੇਂ ਦੂਸ਼ਣ ਲਾ ਰਹੇ ਹੋ।" ਹਮੀਦਾਂ ਨੇ ਕਿਹਾ।

ਚੌਧਰੀ ਸੋਚੀਂ ਪੈ ਗਿਆ ਤੇ ਦੋ ਕੁ ਮਿੰਟ ਚੁੱਪ ਰਹਿ ਕੇ ਉਸ ਫਿਰ ਕਿਹਾ, "ਅੱਛਾ ਹਮੀਦਾਂ, ਜ਼ਰਾ ਮੇਰੀ ਗੱਲ ਸੁਣ।" ਫਿਰ ਉਸ ਨੂੰ ਪਤਾ ਨਹੀਂ ਕੀ ਖ਼ਿਆਲ ਆਇਆ ਤੇ ਉਸ ਹਮੀਦਾਂ ਨਾਲ ਵੱਖਰੇ ਹੋ ਕੇ ਗੱਲ ਕਰਨ ਦਾ ਵਿਚਾਰ ਛੱਡ ਦਿੱਤਾ ਤੇ ਕਿਹਾ, "ਇਹਨੂੰ ਅਜੇ ਇੱਥੇ ਹੀ ਰਹਿਣ ਦਿਓ। ਕਲ੍ਹ ਸਵੇਰੇ ਤੁਸੀਂ ਫਿਰ ਆਉਣਾ, ਤੁਹਾਡੇ ਨਾਲ ਗੱਲ ਕਰਾਂਗਾ।"

"ਤੁਸੀਂ ਹੁਣੇ ਕਰ ਲਓ ਜਿਹੜੀ ਗੱਲ ਕਰਨੀ ਜੇ। ਅਸੀਂ ਇਨ੍ਹਾਂ ਦਾ ਜਾ ਕੇ ਇਲਾਜ ਕਰਾਈਏ। ਵੇਖਾਂ, ਕੀ ਹਾਲਤ ਕਰ ਦਿੱਤੀ ਵੇ ?"

"ਜਾ ਓਏ ਮੁੰਡਿਆ, ਹਕੀਮ ਨੂੰ ਬੁਲਾ ਲਿਆ। ਤੁਸੀਂ ਫ਼ਿਕਰ ਨਾ ਕਰੋ। ਅਸੀਂ ਹੁਣ ਕਲ੍ਹ ਤਕ ਇਸਨੂੰ ਕੁਝ ਵੀ ਨਹੀਂ ਕਹਿੰਦੇ।"

"ਨਹੀਂ, ਮੈਂ ਅੱਬਾ ਨੂੰ ਇਸ ਤਰ੍ਹਾਂ ਛੱਡ ਕੇ ਨਹੀਂ ਜਾ ਸਕਦੀ," ਨੂਰਾਂ ਬੋਲ ਪਈ। ਨੂਰਾਂ ਦੀ ਹਰ ਗੱਲ ਦਾ ਚੌਧਰੀ 'ਤੇ ਜਾਦੂ ਵਾਂਗ ਅਸਰ ਹੋ ਰਿਹਾ ਸੀ ਤੇ ਉਹਦੇ ਵਿਚ ਹਿੰਮਤ ਨਹੀਂ ਸੀ ਰਹੀ ਕਿ ਉਹਦੀ ਗੱਲ ਟੋਕ ਸਕੇ। ਨੂਰਾਂ ਨੂੰ ਖ਼ੁਸ਼ ਕਰਨ ਲਈ ਉਹ ਝਟ ਬੋਲ ਪਿਆ, "ਹੁਸੈਨਿਆਂ, ਜਾ ਕੇ ਛੱਡ ਆਓ ਮੰਜਾ ਗ਼ਫ਼ੂਰ ਦੇ ਘਰ, ਕੀ ਯਾਦ ਕਰੇਗੀ ਨੂਰਾਂ।"

ਹੁਸੈਨ ਹੋਰਾਂ ਮੰਜਾ ਚੁੱਕਿਆ ਤੇ ਲੈ ਕੇ ਟੁਰ ਪਏ।

"ਜਾ ਓਏ ਜੀਤੂ, ਤੂੰ ਵੀ," ਚੌਧਰੀ ਨੇ ਗੁੱਸੇ ਨਾਲ ਕਿਹਾ, "ਕਲ੍ਹ ਸਵੇਰੇ ਤੂੰ ਵੀ ਆਈਂ ਮੁੰਡੇ ਨੂੰ ਨਾਲ ਲੈ ਕੇ, ਨਹੀਂ ਤਾਂ ਯਾਦ ਰੱਖੀਂ, ਮੈਂ ਬੁਰਾ ਹਾਲ ਕਰਾਂਗਾ।" ਚੌਧਰੀ ਇਹ ਕਹਿੰਦਾ ਆਪ ਅੰਦਰ ਚਲਾ ਗਿਆ।

੯

ਦਰਦਾਂ ਨਾਲ ਗ਼ਫ਼ੂਰ ਦਾ ਬੁਰਾ ਹਾਲ ਹੋ ਰਿਹਾ ਸੀ। ਦੋਵੇਂ ਮਾਵਾਂ ਧੀਆਂ ਹਮੀਦਾਂ ਤੇ ਨੂਰਾਂ ਕਦੇ ਵੱਟੇ ਗਰਮ ਕਰ ਕੇ ਉਹਨੂੰ ਟਕੋਰ ਕਰਦੀਆਂ ਤੇ ਕਦੇ ਪਾਣੀ ਗਰਮ ਕਰ ਕੇ ਉਸ ਨਾਲ ਟਕੋਰ ਕਰਦੀਆਂ। ਬਾਹਰ ਪ੍ਰਗਟ ਤੌਰ 'ਤੇ ਸਿਰ ਤੇ ਜਬਾੜਿਆਂ ਵਿਚ ਹੀ ਸੱਟਾਂ ਸਨ, ਪਰ ਉਂਜ ਉਹਦਾ ਸਾਰਾ ਸਰੀਰ ਦੁਖ ਰਿਹਾ ਸੀ। ਅਸਲ ਵਿਚ ਉਹਨੂੰ ਗੁੱਝੀਆਂ ਸੱਟਾਂ ਬਹੁਤੀਆਂ ਲੱਗੀਆਂ ਸਨ।

ਗ਼ਫ਼ੂਰ ਨੇ ਪਾਸਾ ਪਰਤਣ ਦਾ ਯਤਨ ਕੀਤਾ, ਪਰ ਦਰਦ ਨਾਲ ਉਹਦੀ ਚੀਕ ਨਿਕਲ ਗਈ। ਹਮੀਦਾਂ ਨੇ ਪੁੱਛਿਆ, "ਕਿਧਰੇ ਹੱਡੀ ਤਾਂ ਨਹੀਂ ਕੋਈ ਟੁੱਟੀ?"

"ਨਹੀਂ, ਹੱਡੀ ਤਾਂ ਨਹੀਂ ਟੁੱਟੀ ਜਾਪਦੀ ਪਰ ਉਂਜ ਦਰਦ ਸਾਰੇ ਸਰੀਰ ਵਿਚ ਏ," ਗ਼ਫ਼ੂਰ ਨੇ ਕਿਹਾ ਤੇ ਦਰਦ ਨਾਲ ਫਿਰ ਚੀਸ ਵੱਟੀ।

"ਸਿਖ ਨੂੰ ਘਰ ਲਿਆ ਕੇ ਵੀ ਅਸਾਂ ਐਵੇਂ ਰਾਹ ਜਾਂਦਾ ਪੁਆੜਾ ਪਾ ਲਿਆ ਏ। ਗੱਲ ਕੀ ਸੀ, ਝੱਟ ਰਾਈ ਦਾ ਪਹਾੜ ਬਣ ਗਿਆ ਏ।" ਹਮੀਦਾਂ ਨੇ ਗ਼ਫ਼ੂਰ ਦੇ ਕੋਲ ਉਹਨੂੰ ਘੁੱਟਣ ਲਈ ਬੈਠਦਿਆਂ ਕਿਹਾ।

"ਇਹ ਪੁਆੜਾ ਤਾਂ ਇਕ ਦਿਨ ਪੈਣਾ ਈ ਸੀ। ਜਿੱਦਣ ਦਾ ਅਕਬਰ ਨੂੰ ਮਾਰਿਆ ਏ, ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਰੜਕਦਾ ਪਿਆ ਸਾਂ। ਸਿਖ ਦਾ ਤਾਂ ਐਵੇਂ ਬਹਾਨਾ ਈ ਬਣ ਗਿਆ ਏ। ਇਹ ਨਾ ਹੁੰਦਾ ਤਾਂ ਕੋਈ ਹੋਰ ਬਹਾਨਾ ਹੀ ਬਣਾ ਲੈਂਦੇ। ਇਹ ਚੌਧਰੀ ਕਿਵੇਂ ਸਹਾਰ ਸਕਦਾ ਏ ਕਿ ਇਹਦੇ ਸਾਹਮਣੇ ਕੋਈ ਅੜੇ। ਪਰ ਇਹ ਤਾਂ ਦੱਸੋ ਉਹ ਸਿਖ ਅੰਦਰੋਂ ਨੱਸ ਕਿਵੇਂ ਗਿਆ? ਉਹਨੂੰ ਤਾਂ ਅਜੇ ਹੋਸ਼ ਵੀ ਨਹੀਂ ਸੀ ਆਈ ਜਦੋਂ ਮੈਂ ਡਿਉਢੀ ਵਿਚ ਗਿਆ ਸਾਂ।" ਗ਼ਫ਼ੂਰ ਨੇ ਹੈਰਾਨੀ ਨਾਲ ਪੁੱਛਿਆ।

"ਸਾਨੂੰ ਆਪ ਨਹੀਂ ਪਤਾ ਕਿ ਉਹ ਕਿਵੇਂ ਨੱਸ ਗਿਆ ਏ ਪਰ ਚੌਧਰੀ ਪਿਆ ਡਾਂਟਦਾ ਸੀ ਜੀਤੂ ਨੂੰ ਕਿ ਤੇਰਾ ਪੁੱਤਰ ਮੱਖਣ ਉਹਨੂੰ ਕੱਢ ਕੇ ਲੈ ਗਿਆ ਏ।" ਹਮੀਦਾਂ ਨੇ ਦੱਸਿਆ।

"ਉਹ ਕਿਵੇਂ ਲੈ ਜਾ ਸਕਦਾ ਏ? ਐਵੇਂ ਚੌਧਰੀ ਅਸਲ ਵਿਚ ਇਕ ਵਾਰ ਨਾਲ ਦੋ ਸ਼ਿਕਾਰ ਕਰਨੇ ਚਾਹੁੰਦਾ ਏ। ਮੱਖਣ ਵੀ ਚੌਧਰੀ ਦੇ ਥੱਲੇ ਲੱਗਣ ਲਈ ਤਿਆਰ ਨਹੀਂ। ਪਿਛਲੇ ਦਿਨੀਂ ਮੱਖਣ ਦੇ ਕੁੱਤੇ ਨੇ ਕਿਧਰੇ ਚੌਧਰੀ ਦੇ ਕੁੱਤੇ ਨੂੰ ਭਜਾ ਦਿੱਤਾ, ਬਸ ਉਸ ਦਿਨ ਦਾ ਹੀ ਉਸ ਵਿਚਾਰੇ ਮਗਰ ਪਿਆ ਹੋਇਆ ਏ। ਹੁਣ ਉਹ ਚਾਹੁੰਦਾ ਹੋਵੇਗਾ ਕਿ ਸਿਖ ਨੂੰ ਰੱਖਣ ਦਾ ਬਹਾਨਾ ਲਾ ਕੇ ਮੇਰੇ ਤੋਂ ਬਦਲਾ ਲਵੇ ਤੇ ਸਿਖ ਨੂੰ ਇੱਥੋਂ ਭਜਾ ਦੇਣ ਦਾ ਦੂਸ਼ਨ ਲਾ ਕੇ ਮੱਖਣ ਨੂੰ ਮਾਰ ਦਏ।" ਗ਼ਫ਼ੂਰ ਨੇ ਸਾਰੀ ਸਾਜ਼ਸ਼ ਨੂੰ ਸਮਝ ਲਿਆ ਤੇ ਹਮੀਦਾਂ ਨੂੰ ਦੱਸਿਆ, "ਇਹ ਡੂੰਘੀਆਂ ਗੋਂਦਾਂ ਗੁੰਦੀਆਂ ਜਾਪਦੀਆਂ ਨੇ, ਇਸ ਬਾਰੇ ਸਾਨੂੰ ਕੁਝ ਕਰਨਾ ਚਾਹੀਦਾ ਹੈ।"

"ਅੱਜ ਚੌਧਰੀ ਨੇ ਸਾਨੂੰ ਸੱਦਿਆ ਏ, ਪਤਾ ਨਹੀਂ ਕੀ ਕਹਿੰਦਾ ਏ?" ਹਮੀਦਾਂ ਨੇ ਦੱਸਿਆ।

"ਤੁਸੀਂ ਨਹੀਂ ਜਾਣਾ, ਵੇਖੀ ਜਾਏਗੀ ਜੋ ਹੋਵੇਗੀ," ਗ਼ਫ਼ੂਰ ਨੇ ਕਿਹਾ।

"ਨਹੀਂ, ਇਸ ਤਰ੍ਹਾਂ ਬਲਾ ਨਹੀਂ ਟਲਣੀ। ਤੁਸੀਂ ਬੀਮਾਰ ਪਏ ਹੋ, ਅਸੀਂ ਹੋਰ ਕਿਧਰੇ ਜਾਣ ਜੋਗੇ ਨਹੀਂ, ਹੁਣ ਆਪ ਨਾ ਗਏ ਤਾਂ ਉਹ ਸੱਦ ਲਵੇਗਾ ਜਾਂ ਆਪ ਹੀ ਆ ਜਾਏਗਾ।" ਹਮੀਦਾਂ ਨੇ ਕਿਹਾ।

ਬਾਹਰਲਾ ਦਰਵਾਜ਼ਾ ਖੜਕਿਆ। "ਲਉ ਆ ਗਏ ਜੇ ਹੁਣੇ ਬੁਲਾਣ," ਹਮੀਦਾਂ ਨੇ ਕਿਹਾ। ਨੂਰਾਂ ਵਿਹੜੇ ਵਿਚ ਬੈਠੀ ਚੁਲ੍ਹੇ ਵਿਚ ਵੱਟੇ ਗਰਮ ਕਰ ਰਹੀ ਸੀ। ਫਿਰ ਦਰਵਾਜ਼ਾ ਖੜਕਿਆ। ਉਹ ਉਠੀ ਤੇ ਦਰਵਾਜ਼ਾ ਖੋਲ੍ਹਿਆ। ਕੰਬਲ ਦੀ ਬੁੱਕਲ ਮਾਰੀ ਇਕ ਆਦਮੀ ਝਟ ਅੰਦਰ ਆ ਗਿਆ। ਨੂਰਾਂ ਡਰ ਗਈ ਕਿ ਇਹ ਕੌਣ ਆ ਗਿਆ ਏ? ਦਰਵਾਜ਼ਾ ਲੰਘਦਿਆਂ ਉਸ ਆਦਮੀ ਨੇ ਝਟ ਕਾਹਲੀ ਨਾਲ ਦਰਵਾਜ਼ਾ ਬੰਦ ਕਰ ਦਿੱਤਾ। ਨੂਰਾਂ ਨੇ ਬੜੀ ਘਬਰਾਹਟ ਨਾਲ ਪੁੱਛਿਆ, "ਕੌਣ ਏਂ, ਤੂੰ ਭਾਈ?"

ਮੱਖਣ ਨੇ ਮੂੰਹ ਤੋਂ ਕੰਬਲ ਹਟਾਇਆ ਤੇ ਨੂਰਾਂ ਨੇ ਪਛਾਣ ਲਿਆ ਕਿ ਇਹ ਤਾਂ ਜੀਤੂ ਦਾ ਪੁੱਤਰ ਮੱਖਣ ਏ ਜਿਸ ਕਲ੍ਹ ਚੌਧਰੀ ਨੂੰ ਬੜੀ ਖਰੀਆਂ ਖਰੀਆਂ ਸੁਣਾਈਆਂ ਸਨ। ਕਲ੍ਹ ਇਹਦੀਆਂ ਗੱਲਾਂ ਸੁਣ ਕੇ ਨੂਰਾਂ ਦੇ ਮਨ 'ਤੇ ਬੜਾ ਅਸਰ ਪਿਆ ਸੀ ਤੇ ਇਹਦੇ ਲਈ ਸਤਿਕਾਰ ਵਧ ਗਿਆ ਸੀ।

"ਤੁਸੀਂ ਇਸ ਵੇਲੇ ਕਿਧਰ ਆਏ ਹੋ ?" ਨੂਰਾਂ ਨੇ ਹੈਰਾਨੀ ਨਾਲ ਪੁੱਛਿਆ।

"ਕਲ੍ਹ ਰਾਤ ਦੇ ਚੌਧਰੀ ਨੇ ਮੇਰੇ ਪਿਛੇ ਬੰਦੇ ਲਾਏ ਹੋਏ ਹਨ ਪਰ ਮੈਂ ਉਹਨਾਂ ਦੇ ਕਾਬੂ ਨਹੀਂ ਆਇਆ। ਰਾਤ ਮੈਂ ਕਿਧਰੇ ਬਾਹਰ ਚਲਾ ਗਿਆ ਸਾਂ ਹੁਣ ਚਾਚੇ ਦੀ ਖ਼ਬਰ ਲੈਣ ਆਇਆ ਹਾਂ।" ਮੱਖਣ ਨੇ ਦੱਸਿਆ ਤੇ ਫਿਰ ਮੁਸਕਰਾਂਦਿਆਂ ਪਿਆਰ-ਤਕਣੀ ਨਾਲ ਨੂਰਾਂ ਵੱਲ ਦੇਖਦਿਆਂ ਪੁੱਛਿਆ, "ਬਸ, ਡਰ ਗਈ ਸੈਂ ਮੈਨੂੰ ਵੇਖ ਕੇ।"

ਨੂਰਾਂ ਵੀ ਮੁਸਕਰਾ ਪਈ ਤੇ ਹਯਾ ਦੀ ਲਾਲੀ ਉਹਦੇ ਸਾਰੇ ਮੁਖ 'ਤੇ ਖਿਲਰ ਗਈ। ਅੱਖਾਂ ਨੀਵੀਆਂ ਕਰ ਕੇ ਉਸ ਹੌਲੀ ਜਿਹੀ ਕਿਹਾ, "ਕੰਬਲੀ ਨਾਲ ਤੁਸਾਂ ਮੂੰਹ ਲਪੇਟਿਆ ਹੋਇਆ ਸੀ ਇਸ ਲਈ ਮੈਂ ਪਛਾਣ ਨਹੀਂ ਸੀ ਸਕੀ, ਤੁਹਾਡੇ ਤੋਂ ਡਰਨ ਵਾਲੀ ਕਿਹੜੀ ਗੱਲ ਏ।" ਨੂਰਾਂ ਉਂਗਲਾਂ ਨਾਲ ਦੰਦ ਖਰੋਚਣ ਲਗ ਪਈ। ਪੈਰਾਂ ਨੂੰ ਅਨੋਖੀ ਜਿਹੀ ਅਚਮੀ ਹੋਣ ਲੱਗ ਪਈ ਤੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਤੇ ਲਕੀਰਾਂ ਮਾਰਨ ਲਗ ਪਈ।

"ਕੌਣ ਈ ਨੂਰਾਂ ?" ਹਮੀਦਾਂ ਨੇ ਆਵਾਜ਼ ਦਿੱਤੀ।

"ਚਲੋ ਅੰਦਰ ਲੰਘ ਚਲੋ," ਨੂਰਾਂ ਨੇ ਮੱਖਣ ਨੂੰ ਕਿਹਾ ਤੇ ਫਿਰ ਆਵਾਜ਼ ਦਿੱਤੀ, "ਆਈ ਮਾਂ।"

ਹਮੀਦਾਂ ਦੀ ਨਜ਼ਰ ਕਮਜ਼ੋਰ ਸੀ ਇਸ ਲਈ ਵਿਹੜੇ ਵਿਚ ਕੰਬਲ ਵਾਲੇ ਨੂੰ ਆਉਂਦਿਆਂ ਵੇਖ ਕੇ ਉਹ ਪਛਾਣ ਨਾ ਸਕੀ। ਉਹਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ ਤੇ ਉਹ ਇਹੀ ਸਮਝ ਰਹੀ ਸੀ ਕਿ ਜ਼ਰੂਰ ਕੋਈ ਚੌਧਰੀ ਦਾ ਆਦਮੀ ਹੋਵੇਗਾ ਪਰ ਜਦੋਂ ਮੱਖਣ ਨੇੜੇ ਪਹੁੰਚ ਗਿਆ ਤਾਂ ਉਸ ਕਿਹਾ, "ਸਲਾਮ ਚਾਚੀ।"

"ਆ ਪੁਤ ਲੰਘ ਆ," ਹਮੀਦਾਂ ਨੇ ਹੁਣ ਪਛਾਣ ਲਿਆ ਤੇ ਕਿਹਾ, "ਕਿੰਨੀ ਵੱਡੀ ਉਮਰ ਏ ਤੇਰੀ ਹੁਣੇ ਅਸੀਂ ਤੇਰੀਆਂ ਹੀ ਗੱਲਾਂ ਪਏ ਕਰਦੇ ਸੀ।"

"ਅੱਛਾ, ਫਿਰ ਤਾਂ ਮੈਂ ਬੜਾ ਖ਼ੁਸ਼ ਕਿਸਮਤ ਹਾਂ ਜਿਸਨੂੰ ਯਾਦ ਕੀਤਾ ਜਾਂਦਾ ਏ," ਮੱਖਣ ਨੇ ਮੁਸਕਰਾਂਦਿਆਂ ਕਿਹਾ ਤੇ ਗ਼ਫ਼ੂਰ ਦੇ ਸਾਹਮਣੇ ਪਏ ਮੰਜੇ 'ਤੇ ਬੈਠਦਿਆਂ ਉਸ ਪੁਛਿਆ, "ਕੀ ਹਾਲ ਏ ਚਾਚਾ ਤੁਹਾਡਾ ?"

"ਹਾਲ ਕਾਹਦਾ ਏ ਪੁੱਤਰ, ਮਾਰ ਮਾਰ ਕੇ ਜ਼ਾਲਮਾਂ ਬੁਰਾ ਹਾਲ ਕਰ ਦਿੱਤਾ ਏ। ਤੈਨੂੰ ਪਤਾ ਏ ਕਿ ਇਸ ਉਮਰੇ ਸਟ ਲੱਗੀ ਤੇ ਕੌਣ ਉਠ ਸਕਦਾ ਏ।" ਬੜੇ ਨਿਰਾਸ਼

ਹੋ ਕੇ ਗ਼ਫ਼ੂਰ ਨੇ ਕਿਹਾ। ਉਹਦੀਆਂ ਅੱਖਾਂ ਵਿਚੋਂ ਹੰਝੂ ਆ ਗਏ।

"ਚਾਚਾ ਤੂੰ ਬੜਾ ਹੌਸਲੇ ਵਾਲਾ ਸੈਂ, ਤੂੰ ਰੋਣ ਲਗ ਪਿਆ ਏਂ," ਮੱਖਣ ਨੇ ਕਿਹਾ।

"ਸਾਂ ਕਦੇ ਹੌਸਲੇ ਵਾਲਾ, ਹੁਣ ਤਾਂ ਨਦੀ ਕਿਨਾਰੇ ਰੁਖੜਾ ਹਾਂ," ਗ਼ਫ਼ੂਰ ਨੇ ਠੰਢਾ ਹਉਕਾ ਲੈਂਦਿਆਂ ਕਿਹਾ।

"ਮੈਨੂੰ ਇਹ ਆਸ ਨਹੀਂ ਸੀ," ਮੱਖਣ ਨੇ ਕਿਹਾ, "ਤੂੰ ਚਾਚਾ ਸਾਨੂੰ ਗੱਲਾਂ ਸੁਣਾ ਸੁਣਾ ਕੇ ਕਦੇ ਦਲੇਰ ਬਣਾਇਆ ਸੀ ਤੇ ਹੁਣ ਆਪ ਹੀ ਬੜੀਆਂ ਢਹਿੰਦੀਆਂ ਕਲਾਂ ਵਾਲੀਆਂ ਗੱਲਾਂ ਕਰਨ ਲਗ ਪਿਆ ਏਂ," ਮੱਖਣ ਨੇ ਪਰੇਸ਼ਾਨੀ ਦੀ ਹਾਲਤ ਵਿਚ ਕਿਹਾ। ਮੱਖਣ ਸੋਚਦਾ ਸੀ ਕਿ ਗ਼ਫ਼ੂਰ ਦੀ ਮਦਦ ਨਾਲ ਉਹ ਪਿੰਡ ਵਿਚ ਅਜਿਹੀ ਤਾਕਤ ਬਣਾ ਲਵੇਗਾ ਕਿ ਚੌਧਰੀ ਉਹਨਾਂ ਦੀ 'ਵਾ ਵੱਲ ਵੀ ਨਾ ਵੇਖ ਸਕੇ ਪਰ ਗ਼ਫ਼ੂਰ ਦੀਆਂ ਹੁਣ ਨਿਰਾਸ਼ਾ ਭਰੀਆਂ ਗੱਲਾਂ ਨੇ ਉਹਦੇ ਸੁਪਨਿਆਂ ਦੀ ਦੁਨੀਆਂ ਢਾਹ ਦਿੱਤੀ। ਉਸ ਫਿਰ ਪੁੱਛਿਆ, "ਚਾਚਾ ਇਤਨੀ ਨਿਰਾਸਤਾ ਦਾ ਕਾਰਨ ਕੀ ਏ?"

ਗ਼ਫ਼ੂਰ ਵੀ ਮੱਖਣ ਦੀ ਮਾਨਸਕ ਅਵਸਥਾ ਨੂੰ ਸਮਝ ਗਿਆ। ਉਸ ਸਾਫ਼ ਕਿਹਾ, "ਅੱਜ ਮੇਰਾ ਅਕਬਰ ਜਿਉਂਦਾ ਹੁੰਦਾ ਤਾਂ ਮੈਨੂੰ ਕਿਸੇ ਚੀਜ਼ ਦੀ ਥੁੜ ਨਾ ਮਹਿਸੂਸ ਹੁੰਦੀ। ਮੈਂ ਉਸ ਬਿਨਾਂ ਸੁੰਞਾ ਹਾਂ, ਮੈਨੂੰ ਰਹਿ ਰਹਿ ਕੇ ਇਹੀ ਖ਼ਿਆਲ ਆਉਂਦਾ ਏ ਕਿ ਮੇਰੇ ਨਾਲ ਕੁਝ ਨਰਮੀ ਗਰਮੀ ਹੋ ਗਈ ਤਾਂ ਇਹਨਾਂ ਦਾ ਪਿਛੋਂ ਕੌਣ ਹੋਵੇਗਾ। ਜਵਾਨ ਧੀ ਬੂਹੇ 'ਤੇ ਬੈਠੀ ਏ। ਇਹਦਾ ਵੀ ਅਜੇ ਕੁਝ ਕਰਨਾ ਏ।" ਗ਼ਫ਼ੂਰ ਦੀਆਂ ਇਹਨਾਂ ਗੱਲਾਂ ਨੇ ਹਮੀਦਾਂ ਤੇ ਨੂਰਾਂ ਦਾ ਵੀ ਸਬਰ ਡੁਲਾ ਦਿੱਤਾ ਤੇ ਉਹਨਾਂ ਦਾ ਗਚ ਭਰਿਆ ਗਿਆ।

ਮੱਖਣ ਨੇ ਇਕ ਨਜ਼ਰ ਨਾਲ ਹਮੀਦਾਂ ਤੇ ਨੂਰਾਂ ਵੱਲ ਵੇਖਿਆ ਤੇ ਫਿਰ ਕਿਹਾ, "ਚਾਚਾ, ਅਕਬਰ ਮੇਰਾ ਯਾਰ ਸੀ, ਮੈਂ ਅਜੇ ਜਿਉਂਦਾ ਹਾਂ, ਤੈਨੂੰ ਮੇਰੇ ਜਿਉਂਦੇ ਜੀਅ ਫ਼ਿਕਰ ਕਰਨ ਦੀ ਕੀ ਲੋੜ ਏ?"

"ਜਿਉਂਦਾ ਰਹੋ ਲੱਖ ਸੈ ਵਰ੍ਹਿਆਂ ਤਾਈਂ। ਤੇਰੇ 'ਤੇ ਹੀ ਹੁਣ ਆਸਾਂ ਨੇ।" ਗ਼ਫ਼ੂਰ ਨੇ ਕਿਹਾ ਤੇ ਪਿਆਰ ਨਾਲ ਉਹਦੇ ਮੋਢੇ 'ਤੇ ਹੱਥ ਫੇਰਦਿਆਂ ਕਿਹਾ, "ਤੇਰੇ ਵੀ ਉਹ ਚੌਧਰੀ ਪਿਛੇ ਪਿਆ ਹੋਇਆ ਏ। ਜ਼ਰਾ ਬਚ ਕੇ ਰਿਹਾ ਕਰ।"

"ਮੈਨੂੰ ਨਹੀਂ ਉਹਦੀ ਪਰਵਾਹ। ਮੈਂ ਤਾਂ ਪੱਕਾ ਫ਼ੈਸਲਾ ਕਰ ਲਿਆ ਏ ਕਿ ਅੱਥਾ ਨੂੰ ਕਿਸੇ ਹੋਰ ਪਿੰਡ ਲੈ ਜਾਣਾ ਏ ਤੇ ਆਪ ਚੌਧਰੀ ਨਾਲ ਟੱਕਰ ਲੈਣੀ ਏ। ਜੇ ਅਸੀਂ ਚੈਨ ਨਾਲ ਨਹੀਂ ਬੈਠਦੇ ਤਾਂ ਬਹਿੰਦਾ ਉਹ ਵੀ ਨਹੀਂ।" ਮੱਖਣ ਨੇ ਕਿਹਾ, "ਕਲ੍ਹ ਦੇ ਉਹਦੇ ਬੰਦੇ ਮੈਨੂੰ ਲੱਭਦੇ ਫਿਰਦੇ ਨੇ। ਜੇ ਕਿਧਰੇ ਚੌਧਰੀ ਇਕੱਲਾ ਮੇਰੇ ਢਾਹੇ ਚੜ੍ਹ ਗਿਆ ਤਾਂ ਅਗਲੇ ਪਿਛਲੇ ਸਾਰੇ ਬਦਲੇ ਲੈ ਲਵਾਂਗੇ।"

ਹਮੀਦਾਂ ਹੁਣ ਤਕ ਚੁਪ ਕਰ ਕੇ ਗ਼ਫ਼ੂਰ ਤੇ ਮੱਖਣ ਦੀਆਂ ਗੱਲਾਂ ਸੁਣ ਰਹੀ ਸੀ। ਉਸ ਤੋਂ ਰਿਹਾ ਨਾ ਗਿਆ ਤੇ ਉਸ ਇਹਨਾਂ ਦੀ ਗੱਲ ਬਾਤ ਦੇ ਸਿਲਸਿਲੇ ਨੂੰ ਵਿਚੇ ਟੋਕ ਕੇ ਪੁੱਛਿਆ, "ਮੱਖਣ, ਤੂੰ ਸਚਮੁਚ ਸਿਖ ਨੂੰ ਇਥੋਂ ਲੈ ਗਿਆ ਸੈਂ ?"

"ਆਹੋ ਚਾਚੀ," ਮੱਖਣ ਨੇ ਕਿਹਾ। ਉਹਦੇ ਚਿਹਰੇ 'ਤੇ ਫਿਰ ਇਸ ਖ਼ੁਸ਼ੀ ਭਰੇ ਖ਼ਿਆਲ ਨਾਲ ਰੌਣਕ ਆ ਗਈ ਕਿ ਉਸ ਇਹ ਬਹਾਦਰੀ ਵਾਲਾ ਕਰਤਵ ਕੀਤਾ ਸੀ।

"ਸਾਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਤੂੰ!" ਹਮੀਦਾਂ ਨੇ ਹੈਰਾਨੀ ਨਾਲ ਪੁੱਛਿਆ।

"ਤੁਸੀਂ ਡਿਉਢੀ ਵਿਚ ਖੜੇ ਸੀ। ਉਦੋਂ ਕੋਈ ਵੇਲਾ ਸੀ ਤੁਹਾਨੂੰ ਬੁਲਾਣ ਦਾ। ਚੌਧਰੀ ਤਾਂ ਬਾਹਰ ਖੜਾ ਸੀ, ਮੈਂ ਝਟ-ਪਟ ਉਹਨੂੰ ਮੋਢੇ 'ਤੇ ਚੁਕਿਆ ਅਤੇ ਕੋਠੇ ਰਾਹੀਂ ਪਿਛੇ ਖੋਲਿਆਂ ਵਿਚ ਉਤਰ ਗਿਆ। ਉਥੋਂ ਮੈਂ ਰਾਤ ਨੂੰ ਗੱਡੇ 'ਤੇ ਪਾ ਕੇ ਉਹਨੂੰ ਬਾਹਰ ਲੈ ਗਿਆ। ਜਦ ਉਹਨੂੰ ਹੋਸ਼ ਆ ਗਈ ਤਾਂ ਉਸ ਆਪਣਾ ਪਤਾ ਟਿਕਾਣਾ ਦੱਸਿਆ। ਮੈਂ ਰਾਤੋ ਰਾਤ ਉਹਨੂੰ ਉਹਦੇ ਪਿੰਡ ਛੱਡ ਆਇਆ ਸਾਂ।"

"ਸ਼ਾਬਾਸ਼!" ਗ਼ਫ਼ੂਰ ਨੇ ਉਹਨੂੰ ਥਾਪੀ ਦਿੱਤੀ ਤੇ ਕਿਹਾ, "ਜਵਾਨ ਹੋਣ ਤਾਂ ਤੇਰੇ ਵਰਗੇ, ਰੱਖ ਵਿਖਾਈ ਆ। ਜੇ ਉਸ ਦਿਨ ਤੂੰ ਨਾ ਆਉਂਦਾ ਤਾਂ ਉਹਨਾਂ ਸਿਖ ਨੂੰ ਮਾਰ ਸੁਟਣਾ ਸੀ। ਪਰ ਤੈਨੂੰ ਕਿਸ ਦੱਸਿਆ ਸੀ ਕਿ ਸਾਡੇ ਘਰ ਸਿਖ ਆਇਆ ਏ ?"

"ਇਹ ਵੀ ਅਜਬ ਢੋ ਢੁਕਿਆ," ਮੱਖਣ ਨੇ ਦੱਸਿਆ, "ਜਦੋਂ ਮੌਲਵੀ ਨੇ ਜਾ ਕੇ ਚੌਧਰੀ ਨੂੰ ਦੱਸਿਆ ਕਿ ਗ਼ਫ਼ੂਰ ਦੇ ਘਰ ਸਿਖ ਪਿਆ ਏ ਤਾਂ ਉਸ ਉਸੇ ਵੇਲੇ ਤੁਹਾਡੇ ਘਰ ਆਉਣ ਦਾ ਵਿਚਾਰ ਬਣਾ ਲਿਆ। ਮੇਰਾ ਅੱਬਾ ਉਸ ਵੇਲੇ ਉਥੇ ਹੀ ਸੀ। ਉਹਨੇ ਆ ਕੇ ਮੈਨੂੰ ਦੱਸਿਆ ਕਿ ਚੌਧਰੀ ਤੁਹਾਡੇ ਘਰ ਕਿਸੇ ਸਿਖ ਨੂੰ ਫੜਨ ਗਿਆ ਏ। ਮੈਂ ਝਟ ਕੋਠੇ ਟਪਦਾ ਤੁਹਾਡੇ ਘਰ ਜਾ ਪੁੱਜਾ ਤੇ ਉਹ ਅਜੇ ਬਾਹਰ ਗੱਲਾਂ ਹੀ ਪਏ ਕਰਦੇ ਸੀ ਕਿ ਮੈਂ ਉਹਨੂੰ ਲੈ ਗਿਆ।"

ਬਾਹਰਲਾ ਦਰਵਾਜ਼ਾ ਖੜਕਿਆ। ਸਾਰੇ ਚੁੱਪ ਹੋ ਗਏ। ਝਟ ਪਿੱਛੋਂ ਫਿਰ ਦਰਵਾਜ਼ਾ ਖੜਕਿਆ ਤੇ ਆਵਾਜ਼ ਆਈ, "ਦਰਵਾਜ਼ਾ ਖੋਲ੍ਹੋ।"

"ਹੈਂ, ਇਹ ਤਾਂ ਹੁਸੈਨੇ ਦੀ ਆਵਾਜ਼ ਏ," ਮੱਖਣ ਨੇ ਤ੍ਰਬਕ ਕੇ ਕਿਹਾ, "ਉਹਨਾਂ ਨੂੰ ਮੇਰੇ ਇਥੇ ਆਉਣ ਦਾ ਪਤਾ ਲੱਗ ਗਿਆ ਏ। ਚੰਗਾ, ਤੁਸੀਂ ਦਰਵਾਜ਼ਾ ਖੋਲ੍ਹੋ ਤੇ ਮੈਂ ਕੋਠੇ ਟੱਪ ਕੇ ਪਿਛਲੇ ਖੋਲੇ ਵਿਚ ਚਲਾ ਜਾਂਦਾ ਹਾਂ।"

"ਨਹੀਂ, ਉਹਨਾਂ ਨੂੰ ਅੱਗੇ ਹੀ ਪਤਾ ਏ ਕਿ ਤੂੰ ਖੋਲੇ ਵਿਚੋਂ ਲੰਘ ਕੇ ਸਿਖ ਨੂੰ ਲੈ ਗਿਆ ਸੈਂ, ਇਸ ਲਈ ਤੇਰਾ ਹੁਣ ਉਸ ਪਾਸੇ ਜਾਣਾ ਖ਼ਤਰਨਾਕ ਹੋ ਸਕਦਾ ਏ," ਹਮੀਦਾਂ ਨੇ ਕਿਹਾ।

"ਅੰਦਰੇ ਲੁਕ ਜਾਓ," ਨੂਰਾਂ ਨੇ ਕਿਹਾ, "ਸਾਡੇ ਪਿਛਲੇ ਅੰਦਰ ਬੜਾ ਹਨੇਰਾ ਏ। ਉਥੇ ਕੋਈ ਵੀ ਨਹੀਂ ਲਭ ਸਕਦਾ। ਜ਼ਰਾ ਭੜੋਲੀ ਓਹਲੇ ਹੋ ਜਾਇਆ ਜੇ।"

ਮੱਖਣ ਪਿਛਲੇ ਅੰਦਰ ਲੰਘ ਗਿਆ ਤੇ ਨੂਰਾਂ ਨੇ ਕੋਠੀ ਨੂੰ ਬਾਹਰੋਂ ਕੁੰਡਾ ਲਾ ਦਿੱਤਾ। ਹਮੀਦਾਂ ਨੇ ਬਾਹਰਲਾ ਦਰਵਾਜ਼ਾ ਖੋਲ੍ਹਿਆ ਤੇ ਹੁਸੈਨ ਗੁੱਸੇ ਦਾ ਭਰਿਆ ਪੀਤਾ ਅੰਦਰ ਲੰਘ ਆਇਆ।

"ਕਿੰਨੀਆਂ 'ਵਾਜ਼ਾਂ ਮਾਰੀਆਂ ਨੇ, ਤੁਸੀਂ ਬੂਹਾ ਹੀ ਨਹੀਂ ਖੋਲ੍ਹਦੇ। ਭੰਗ ਪੀ ਕੇ ਤਾਂ ਨਹੀਂ ਸੁੱਤੇ ਪਏ ਸਾਰੇ।" ਉਸ ਉੱਚੀ ਸਾਰੀ ਕਿਹਾ।

"ਨਹੀਂ, ਅਸੀਂ ਤੇਰੇ ਚਾਚੇ ਨੂੰ ਟਕੋਰ ਕਰਨ ਵਿਚ ਰੁੱਝੀਆਂ ਹੋਈਆਂ ਸਾਂ। ਇਸ ਲਈ ਦਰਵਾਜ਼ੇ ਵੱਲ ਖ਼ਿਆਲ ਨਹੀਂ ਗਿਆ। ਕੀ ਗੱਲ ਬਹੁਤ 'ਵਾਜ਼ਾਂ ਮਾਰੀਆਂ ਨੀ ?" ਹਮੀਦਾਂ ਨੇ ਬੜੇ ਗੰਭੀਰ ਹੋ ਕੇ ਕਿਹਾ।

"ਸੌ 'ਵਾਜ਼ ਮਾਰੀ ਏ ਘੱਟੋ ਘੱਟ," ਹੁਸੈਨੇ ਨੇ ਕਿਹਾ।

"ਹੱਦ ਹੋ ਗਈ, ਸਾਨੂੰ ਤਾਂ ਮਸਾਂ ਦੋ 'ਵਾਜ਼ਾਂ ਸੁਣੀਆਂ ਨੇ," ਹਮੀਦਾਂ ਨੇ ਕਿਹਾ।

ਹੁਸੈਨਾ ਸਿੱਧਾ ਅੰਦਰ ਲੰਘ ਗਿਆ। "ਕੀ ਗੱਲ ਏ ਅਜੇ ਤਕ ਉਠਿਆ ਨਹੀਂ ?" ਗ਼ਫ਼ੂਰ ਨੂੰ ਪਿਆ ਦੇਖ ਕੇ ਉਸ ਕਿਹਾ।

"ਥੋੜ੍ਹੀ ਕਰਾਈ ਜੇ ਕਲ੍ਹ ਰਾਤ ਨੂੰ, ਉਠਣ ਜੋਗਾ ਛਡਿਆ ਈ ਕਿਥੇ ਏ ਤੁਸਾਂ," ਗ਼ਫ਼ੂਰ ਨੇ ਕਿਹਾ।

ਹੁਸੈਨੇ ਨੇ ਇਹਦਾ ਕੋਈ ਉੱਤਰ ਨਾ ਦਿੱਤਾ। ਚੁਪ ਕਰ ਕੇ ਬਾਹਰ ਵਿਹੜੇ ਵਿਚ ਆ ਗਿਆ ਤੇ ਹਮੀਦਾਂ ਨੂੰ ਕਿਹਾ, "ਤੁਹਾਨੂੰ ਕਲ੍ਹ ਆਉਣ ਲਈ ਕਿਹਾ ਸੀ, ਆਏ ਨਹੀਂ ?"

"ਅਜੇ ਤਾਂ ਸਵੇਰ ਦਾ ਵਿਹਲ ਹੀ ਨਹੀਂ ਮਿਲਿਆ। ਦੁੱਧ ਵੀ ਨਹੀਂ ਰਿੜਕਿਆ, ਉਸੇ ਤਰ੍ਹਾਂ ਚਾਟੀ ਪਈ ਏ।" ਹਮੀਦਾਂ ਨੇ ਇਸ ਤਰ੍ਹਾਂ ਨਾ ਆਉਣ ਦੀ ਮਜਬੂਰੀ ਦੱਸੀ।

"ਚੌਧਰੀ ਹੋਰੀਂ ਅੱਜ ਬੜੇ ਖ਼ੁਸ਼ ਬੈਠੇ ਨੇ। ਤੁਸੀਂ ਝਟ-ਪਟ ਆਓ, ਮਾਮਲਾ ਨਿੱਬੜ ਜਾਏਗਾ।" ਹੁਸੈਨੇ ਨੇ ਕਿਹਾ, "ਉਨ੍ਹਾਂ ਮੈਨੂੰ ਆਪ ਕਿਹਾ ਏ ਕਿ ਛੇਤੀ ਬੁਲਾ ਕੇ ਲਿਆ।"

"ਮਾਮਲਾ ਕੀ ਨਿਬੜਨਾ ਏ ਹੁਸੈਨਿਆ, ਸਾਡੀ ਕਿਸਮਤ ਵਿਚ ਹੀ ਇਹੋ ਕੁਝ ਸੀ," ਹਮੀਦਾਂ ਨੇ ਹਉਕਾ ਲੈਂਦਿਆਂ ਕਿਹਾ।

"ਨਹੀਂ, ਅੱਜ ਤੁਸੀਂ ਜ਼ਰੂਰ ਹੁਣੇ ਚਲੋ," ਹੁਸੈਨੇ ਨੇ ਕਿਹਾ।

"ਚੰਗਾ, ਹੁਣੇ ਆਉਂਦੀ ਹਾਂ," ਹਮੀਦਾਂ ਨੇ ਉਹਨੂੰ ਕਹਿ ਕੇ ਟੋਰ ਦਿੱਤਾ।

"ਕੀ ਕਹਿੰਦਾ ਸੀ ਹੁਸੈਨਾ ?" ਗ਼ਫ਼ੂਰ ਨੇ ਥੋੜ੍ਹਾ ਜਿਹਾ ਸਿਰ ਉੱਪਰ ਚੁੱਕ ਕੇ ਪਹਿਲਾਂ ਵਿਹੜੇ ਵਿਚ ਝਾਤੀ ਪਾਈ ਤੇ ਫਿਰ ਪੁੱਛਿਆ।

"ਕਹਿਣਾ ਕੀ ਸੂ, ਪਿਓ ਦਾ ਸਿਰ," ਹਮੀਦਾਂ ਨੇ ਕਿਹਾ, "ਸੱਦਿਆ ਏ ਚੌਧਰੀ ਨੇ ਹੁਣੇ।"

"ਨਹੀਂ, ਮੈਂ ਤੈਨੂੰ ਨਹੀਂ ਜਾਣ ਦਿਆਂਗਾ।"

"ਤੈਨੂੰ ਨਹੀਂ ਸੀ ਲੈਣ ਆਇਆ," ਹਮੀਦਾਂ ਨੇ ਦੱਸਿਆ, "ਉਹ ਸਾਨੂੰ ਸੱਦਣ ਆਇਆ ਸੀ।"

"ਕਾਹਦੇ ਲਈ ?" ਮੱਖਣ ਨੇ ਪੁੱਛਿਆ।

"ਕਲ੍ਹ ਚੌਧਰੀ ਨੇ ਕਿਹਾ ਸੀ ਕਿ ਹੁਣ ਘਰ ਜਾਓ ਤੇ ਕਲ੍ਹ ਆਉਣਾ। ਅੱਜ ਉਸ ਸੱਦਿਆ ਏ, ਹੁਸੈਨਾ ਕਹਿੰਦਾ ਸੀ ਕਿ ਅੱਜ ਚੌਧਰੀ ਖ਼ੁਸ਼ ਏ। ਉਹ ਤੁਹਾਡਾ ਮਾਮਲਾ ਨਬੇੜ ਦਏਗਾ।" ਹਮੀਦਾਂ ਬੋਲੀ।

"ਮੈਨੂੰ ਤਾਂ ਦਾਲ ਵਿਚ ਕਾਲਾ ਕਾਲਾ ਦਿਸਦਾ ਏ," ਮੱਖਣ ਨੇ ਕਿਹਾ।

"ਇਹ ਵੀ ਚੌਧਰੀ ਦੀ ਕੋਈ ਚਾਲ ਏ, ਉਹ ਤਾਂ ਸੱਤਾਂ ਪੁਸ਼ਤਾਂ ਤਕ ਨਹੀਂ ਕਿੜ ਛੱਡਣ ਵਾਲਾ।"

"ਮੈਂ ਅੱਗੇ ਹੀ ਹਮੀਦਾਂ ਨੂੰ ਕਹਿ ਦਿੱਤਾ ਏ ਕਿ ਤੂੰ ਚੌਧਰੀ ਦੇ ਘਰ ਨਹੀਂ ਜਾਣਾ, ਵੇਖੀ ਜਾਏਗੀ ਜੋ ਹੋਏਗੀ," ਗ਼ਫ਼ੂਰ ਨੇ ਕਿਹਾ।

"ਨਹੀਂ, ਮੈਂ ਤੁਹਾਡੇ ਨਾਲ ਇਸ ਗੱਲ ਵਿਚ ਸਹਿਮਤ ਨਹੀਂ। ਜੇ ਮੈਂ ਨਾ ਗਈ ਤਾਂ ਉਹਨੇ ਹੁਣੇ ਆਪ ਆ ਜਾਣਾ ਏ ਤੇ ਫਿਰ ਆ ਕੇ ਬੇਇਜ਼ਤੀ ਕਰੇਗਾ।" ਹਮੀਦਾਂ ਨੇ ਸਮਝਾਣ ਲਈ ਬੜੇ ਤਰੀਕੇ ਨਾਲ ਕਿਹਾ।

"ਬੇਇਜ਼ਤੀ ਕਰੇ ਚੌਧਰੀ ਤੁਹਾਡੀ, ਮੈਂ ਉਹਦਾ ਲਹੂ ਪੀ ਜਾਵਾਂਗਾ, ਜੇ ਉਹ ਤੁਹਾਡੇ ਵੱਲ ਉਂਗਲ ਵੀ ਚੁੱਕੇ," ਮੱਖਣ ਨੇ ਕੁਝ ਤੈਸ਼ ਵਿਚ ਆਉਂਦਿਆਂ ਕਿਹਾ।

"ਨਹੀਂ ਪੁੱਤਰ, ਤੂੰ ਨਹੀਂ ਸਮਝਦਾ, ਜਵਾਨੀ ਦੇ ਜੋਸ਼ ਵਿਚ ਹੀ ਗੱਲਾਂ ਨਾ ਕਰਦੇ ਜਾਓ, ਚੌਧਰੀ ਦਾ ਮੁਕਾਬਲਾ ਅਸੀਂ ਨਹੀਂ ਕਰ ਸਕਦੇ। ਅੱਗੇ ਨਹੀਂ ਜੇ ਵੇਖਿਆ ਕੀ ਕੁਝ ਹੋਇਆ ਏ ? ਕਲ੍ਹ ਤੇਰੇ ਚਾਚੇ ਨੂੰ ਮਾਰ ਮਾਰ ਕੇ ਅਧਮੋਇਆ ਕਰ ਦਿੱਤਾ ਨੇ, ਅਸੀਂ ਕੀ ਵਿਗਾੜ ਲਿਆ ਏ ਉਨ੍ਹਾਂ ਦਾ।"

"ਪਰ ਮੈਂ ਨੂਰਾਂ ਨੂੰ ਨਾਲ ਲੈ ਜਾਣ ਦੇ ਹੱਕ ਵਿਚ ਨਹੀਂ," ਮੱਖਣ ਨੇ ਸਲਾਹ ਦਿੱਤੀ। ਨੂਰਾਂ ਨੇ ਗੱਲ ਸੁਣਦਿਆਂ ਅੱਖਾਂ ਨੀਵੀਆਂ ਕਰ ਲਈਆਂ।

"ਇਹ ਠੀਕ ਏ, ਮੈਂ ਇਕੱਲੀ ਹੀ ਜਾਵਾਂਗੀ," ਹਮੀਦਾਂ ਨੇ ਕਿਹਾ।

"ਪਰ ਵੇਖੀਂ, ਕਿਧਰੇ ਮੈਨੂੰ ਜਿਉਂਦਿਆਂ ਮਾਰ ਨਾ ਆਈਂ," ਗ਼ਫ਼ੂਰ ਨੇ ਕਿਹਾ।

"ਮੈਂ ਇਵਾਣੀ ਥੋੜ੍ਹੀ ਹਾਂ," ਹਮੀਦਾਂ ਨੇ ਕਿਹਾ ਤੇ ਬੁਰਕਾ ਪਾ ਕੇ ਚੌਧਰੀ ਦੀ ਹਵੇਲੀ ਵੱਲ ਚਲੀ ਗਈ।

ਚੌਧਰੀ ਅਗੇ ਹਵੇਲੀ ਦੇ ਵਿਹੜੇ ਵਿਚ ਇਕੱਲਾ ਹੀ ਟਹਿਲ ਰਿਹਾ ਸੀ। ਹੱਥ ਵਿਚ ਇਕ ਬੈਂਤ ਫੜਿਆ ਉਹ ਇਕ ਕੰਧ ਤੋਂ ਦੂਜੀ ਕੰਧ ਤਕ ਚੱਕਰ ਲਾ ਰਿਹਾ ਸੀ ਤੇ ਕੁਝ ਸੋਚਦਿਆਂ ਉਹ ਆਪਣੀਆਂ ਲੱਤਾਂ 'ਤੇ ਹੌਲੀ ਹੌਲੀ ਬੈਂਤ ਮਾਰ ਰਿਹਾ ਸੀ। ਹਮੀਦਾਂ ਨੂੰ ਹਵੇਲੀ ਵਿਚ ਵੜਦਿਆਂ ਵੇਖ ਕੇ ਉਹ ਰੁਕ ਗਿਆ। ਹਮੀਦਾਂ ਵੀ ਕੁਝ ਹਟਵੀਂ ਰੁਕ ਗਈ।

"ਹਮੀਦਾਂ, ਆ ਗਈ ਏਂ!" ਚੌਧਰੀ ਨੇ ਕਿਹਾ।

"ਜੀ ਹਾਂ!" ਹਮੀਦਾਂ ਹੌਲੀ ਜਿਹੀ ਬੋਲੀ।

"ਵੇਖ ਬਈ, ਗ਼ਫ਼ੂਰ ਨੇ ਬੜਾ ਵੱਡਾ ਗੁਨਾਹ ਕੀਤਾ ਸੀ। ਇਕ ਤਾਂ ਸਰਕਾਰ ਦੇ ਬਾਗੀ ਨੂੰ ਘਰ ਰੱਖਿਆ ਤੇ ਸਰਕਾਰ ਵਿਰੁੱਧ ਬਗਾਵਤ ਵਿਚ ਭਾਈਵਾਲ ਬਣਿਆ ਤੇ ਦੂਜਾ ਕਾਫ਼ਰ ਰੱਖ ਕੇ ਉਸ ਇਸਲਾਮੀ ਨਿਯਮਾਂ ਦੀ ਵੀ ਉਲੰਘਣਾ ਕੀਤੀ ਏ।"

"ਮੇਰਾ ਖ਼ਿਆਲ ਏ ਕਿ ਇਸਲਾਮ ਇਹ ਤਾਂ ਨਹੀਂ ਸਿਖਾਂਦਾ ਕਿ ਕਿਸੇ ਜ਼ਖ਼ਮੀ ਤੇ ਬਿਮਾਰ ਦੀ ਸਾਰ ਨਾ ਲਓ, ਆਖ਼ਰ ਉਹ ਮਨੁੱਖ ਨੇ," ਹਮੀਦਾਂ ਨੇ ਦਲੇਰੀ ਨਾਲ ਕਿਹਾ।

"ਤੈਨੂੰ ਨਹੀਂ ਪਤਾ। ਮੌਲਵੀ ਸਾਹਿਬ ਤੁਹਾਡੇ ਵਿਰੁੱਧ ਫ਼ਤਵਾ ਦੇਣ ਲੱਗੇ ਸਨ। ਨਾਲੇ ਮੈਨੂੰ ਸਾਰਿਆਂ ਨੇ ਮਜਬੂਰ ਕੀਤਾ ਸੀ ਕਿ ਗ਼ਫ਼ੂਰ ਨੂੰ ਫੜ ਕੇ ਲਾਹੌਰ ਭੇਜ ਦਿਆਂ ਪਰ ਮੈਨੂੰ ਤੁਹਾਡੇ 'ਤੇ ਤਰਸ ਆ ਗਿਆ, ਇਸ ਲਈ ਮੈਂ ਲਾਹੌਰ ਨਹੀਂ ਭੇਜਿਆ। ਨਹੀਂ ਤਾਂ ਤੈਨੂੰ ਪਤਾ ਏ ਕਿ ਉਹਦੀ ਇਕ ਵੀ ਹੱਡੀ ਨਹੀਂ ਸੀ ਲੱਭਣੀ ਜੇ ਲਾਹੌਰ ਚਲਾ ਜਾਂਦਾ।"

"ਤੁਹਾਡੀ ਬੜੀ ਮਿਹਰਬਾਨੀ! ਅਖ਼ੀਰ ਤੁਸੀਂ ਹੀ ਸਾਡਾ ਖ਼ਿਆਲ ਕਰਨਾ ਏ," ਹਮੀਦਾਂ ਨੇ ਗੱਲ ਮੁਕਾਣ ਲਈ ਤਰਲੇ ਨਾਲ ਕਿਹਾ।

"ਨਹੀਂ, ਮੈਨੂੰ ਹੁਣ ਵੀ ਡਰ ਏ ਕਿ ਕਿਧਰੇ ਕੋਈ ਹੋਰ ਨਾ ਤੁਹਾਡੇ ਬਾਰੇ ਲਾਹੌਰ ਪਤਾ ਦੇ ਦੇਵੇ। ਇਸ ਲਈ ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਆਪਣੇ ਨੇੜੇ ਕਰ ਲਵਾਂ ਤੇ ਫਿਰ ਕਹਿ ਸਕਾਂ ਕਿ ਤੁਸੀਂ ਤਾਂ ਆਪਣੇ ਹੋ, ਤੁਹਾਡੇ ਤੋਂ ਸਰਕਾਰ ਨੂੰ ਕੋਈ ਖ਼ਤਰਾ ਨਹੀਂ।" ਚੌਧਰੀ ਨੇ ਅਖ਼ੀਰ ਉਹ ਗੱਲ ਕਰ ਦਿੱਤੀ ਜਿਸਦੀ ਉਹ ਕਲ੍ਹ ਦਾ ਤਿਆਰੀ ਕਰ ਰਿਹਾ ਸੀ।

"ਮੈਂ ਤੁਹਾਡਾ ਮਤਲਬ ਨਹੀਂ ਸਮਝਿਆ," ਹਮੀਦਾਂ ਨੇ ਪੁੱਛਿਆ।

"ਮਤਲਬ ਸਾਫ਼ ਏ ਕਿ ਤੁਸੀਂ ਨੂਰਾਂ ਦਾ ਰਿਸ਼ਤਾ ਮੈਨੂੰ ਦੇ ਦਿਓ ਤਾਂ ਸਾਰਾ ਮਸਲਾ ਹੱਲ ਹੋ ਸਕਦਾ ਏ।"

ਹਮੀਦਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹਨੂੰ ਇਹ ਖ਼ਿਆਲ ਹੀ ਨਹੀਂ ਸੀ ਕਿ ਚੌਧਰੀ ਇਸ ਉਮਰੇ ਵੀ ਇਸ ਤਰ੍ਹਾਂ ਦੀਆਂ ਗੱਲਾਂ ਸੋਚ ਸਕਦਾ ਏ। ਉਸ ਬੁਰਕੇ

ਦੇ ਵਿੱਚੋਂ ਹੀ ਜਾਲੀ ਰਾਹੀਂ ਚੌਧਰੀ ਦੇ ਮੂੰਹ ਵੱਲ ਤੱਕਿਆ ਜੋ ਝੁਰੜੀਆਂ ਨਾਲ ਨਕਸ਼ੇ ਵਾਂਗ ਬਣਿਆ ਹੋਇਆ ਸੀ। ਜਵਾਨੀ ਢਲ ਜਾਣ ਕਾਰਨ ਰੰਗ ਵੀ ਕਾਲਾ ਪੈ ਗਿਆ ਸੀ ਤੇ ਕੁਝ ਦੰਦ ਵੀ ਟੁੱਟ ਗਏ ਸਨ ਜਿਸ ਕਰਕੇ ਗੱਲਾਂ ਕਰਦਿਆਂ ਉਹਦੇ ਮੂੰਹ ਵਿਚੋਂ ਥੁੱਕਾਂ ਡਿਗਦੀਆਂ ਸਨ।

"ਕਿਉਂ ਚੁੱਪ ਹੋ ਗਈ ਏਂ ?" ਚੌਧਰੀ ਨੇ ਫਿਰ ਕਿਹਾ, "ਵੇਖ ਲਓ ਜੇ ਸਾਰਾ ਟੱਬਰ ਚੰਗਾ ਜੀਵਨ ਜੀਊਣਾ ਜੇ ਤਾਂ ਇਹ ਗੱਲ ਮੰਨ ਲਓ। ਉੱਥੇ ਵੀ ਧੀ ਤੇਰੀ ਸੁਖੀ ਰਹੇਗੀ। ਐਸ਼ ਕਰੇਗੀ ਤੇ ਹੁਕਮ ਚਲਾਏਗੀ।"

"ਨਹੀਂ, ਚੌਧਰੀ ਜੀ, ਇਹ ਨਹੀਂ ਹੋ ਸਕਦਾ," ਹਮੀਦਾਂ ਨੇ ਸਾਫ਼ ਕਿਹਾ, ਪਰ ਉਹਦਾ ਸਰੀਰ ਡਰ ਤੇ ਭੈ ਨਾਲ ਕੰਬਣ ਲੱਗ ਪਿਆ।

"ਕਿਉਂ ?"

"ਇਹ ਕੋਈ ਹਾਣ ਏ ?"

"ਕਿਉਂ, ਕੀ ਏ ਹਾਣ ਨੂੰ ? ਮੈਂ ਅਜੇ ਕਿਹੜਾ ੭੦ ਸਾਲਾਂ ਦਾ ਹੋ ਗਿਆ ਹਾਂ, ਮਸਾਂ ਪੰਜਾਹ ਦੇ ਨੇੜੇ ਹੋਵਾਂਗਾ," ਚੌਧਰੀ ਨੇ ਕਿਹਾ, "ਨਾਲੇ ਮਰਦ ਤੇ ਘੋੜੇ ਕਦੇ ਬੁੱਢੇ ਨਹੀਂ ਹੁੰਦੇ ਜੇ ਉਨ੍ਹਾਂ ਨੂੰ ਖੁਰਾਕ ਮਿਲਦੀ ਰਹੇ।"

"ਨਹੀਂ ਜੀ, ਮੈਂ ਕੁੜੀ ਦੀ ਜ਼ਿੰਦਗੀ ਬਰਬਾਦ ਨਹੀਂ ਕਰ ਸਕਦੀ," ਹਮੀਦਾਂ ਨੇ ਸਪਸ਼ਟ ਤੌਰ 'ਤੇ ਕਹਿ ਦਿੱਤਾ।

ਚੌਧਰੀ ਨੂੰ ਇਹ ਉੱਤਰ ਸੁਣਦਿਆਂ ਅੱਗ ਲੱਗ ਗਈ। ਉਹਨੂੰ ਆਸ ਨਹੀਂ ਸੀ ਕਿ ਹਮੀਦਾਂ ਇਸ ਤਰ੍ਹਾਂ ਉਹਦੀ ਗੱਲ ਨੂੰ ਠੁਕਰਾ ਦੇਵੇਗੀ।

"ਵੇਖ ਲਓ, ਜੇ ਇਹ ਗੱਲ ਨਹੀਂ ਮਨਜ਼ੂਰ ਤਾਂ ਫਿਰ ਤਿਆਰ ਹੋ ਜਾਓ, ਸਾਰਾ ਟੱਬਰ ਹੀ ਕਾਲ ਕੋਠੜੀ ਵਿਚ ਪੈਣ ਲਈ," ਚੌਧਰੀ ਨੇ ਅੱਖਾਂ ਲਾਲ ਕਰ ਕੇ ਗੁੱਸੇ ਨਾਲ ਧਮਕੀ ਦਿੱਤੀ।

"ਤੁਸੀ ਸਾਨੂੰ ਮੌਤ ਦਾ ਡਰ ਦੇ ਕੇ ਸਾਡੀ ਇੱਜ਼ਤ ਲੁੱਟਣੀ ਚਾਹੁੰਦੇ ਹੋ ?" ਹਮੀਦਾਂ ਨੇ ਵੀ ਤੇਜ਼ੀ ਵਿਚ ਆਉਂਦਿਆਂ ਕਿਹਾ।

"ਨਹੀਂ, ਮੈਂ ਧਮਕੀ ਨਾਲ ਗੱਲ ਨਹੀਂ ਕਰਦਾ, ਮੈਂ ਤਾਂ ਤੁਹਾਨੂੰ ਪਿਆਰ ਨਾਲ ਸਮਝਾਇਆ ਏ ਪਰ ਤੁਸੀਂ ਉਲਟੇ ਆਕੜ ਹੀ ਗਏ ਹੋ," ਚੌਧਰੀ ਨੇ ਕੁਝ ਨਰਮ ਹੋ ਕੇ ਕਿਹਾ।

"ਇਹ ਕੁੜੀ ਦੀ ਜ਼ਿੰਦਗੀ ਦਾ ਸਵਾਲ ਏ। ਮੈਂ ਇਕੱਲੀ ਕੁਝ ਨਹੀਂ ਕਰ ਸਕਦੀ। ਉਹਦੇ ਅੱਬਾ ਨਾਲ ਸਲਾਹ ਕਰਕੇ ਤੁਹਾਨੂੰ ਫਿਰ ਦਸਾਂਗੀ।" ਹਮੀਦਾਂ ਨੇ ਵੀ ਗੱਲ ਟਾਲਣ ਵਿਚ ਹੀ ਭਲਾ ਸੋਚਿਆ। ਉਸ ਖ਼ਿਆਲ ਕੀਤਾ ਕਿ ਜੇ ਹੁਣ ਇਥੇ ਹੀ ਗਰਮ ਹੋ ਗਏ

ਤਾਂ ਮਾਮਲਾ ਵਿਗੜ ਜਾਏਗਾ। ਇਸ ਲਈ ਉਹਨੇ ਸੋਚਿਆ ਕਿ ਘਰ ਜਾ ਕੇ ਮੱਖਣ ਤੇ ਨੂਰਾਂ ਦੇ ਅੱਬਾ ਨਾਲ ਗੱਲ ਕਰ ਕੇ ਫਿਰ ਉੱਤਰ ਦਿਆਂਗੇ।

ਚੌਧਰੀ ਨੇ ਸਮਝਿਆ ਕਿ ਸ਼ਾਇਦ ਉਹਦੀ ਧਮਕੀ ਕਾਰ ਕਰ ਗਈ ਏ। ਉਸ ਨੇ ਖ਼ੁਸ਼ ਹੋ ਕੇ ਕਿਹਾ, "ਇਹ ਠੀਕ ਏ, ਤੁਸੀਂ ਘਰ ਸਲਾਹ ਕਰ ਲਵੋ," ਫਿਰ ਉਸ ਜਾਂਦਿਆਂ ਇਕ ਹੋਰ ਧਮਕੀ ਦੇ ਦਿੱਤੀ, "ਜੇ ਸਲਾਹ ਨਾ ਬਣੀ ਤਾਂ ਇਹ ਤੁਹਾਡੀ ਬਦਕਿਸਮਤੀ ਹੋਵੇਗੀ।"

ਹਮੀਦਾਂ ਨੇ ਉਹਦੀ ਇਸ ਗੱਲ ਦਾ ਕੋਈ ਉੱਤਰ ਨਾ ਦਿੱਤਾ ਤੇ ਹਵੇਲੀ ਤੋਂ ਬਾਹਰ ਆ ਗਈ।

੧੦

ਬਾਹਰ ਗਲੀ ਵਿਚ ਰੋਣ ਦੀ ਆਵਾਜ਼ ਆਉਂਦਿਆਂ ਕੇਸਰੋ ਕਾਹਲੀ ਕਾਹਲੀ ਕਦਮ ਪੁਟਦੀ ਦਰਵਾਜ਼ੇ ਵਿਚ ਆਈ ਤੇ ਉਸ ਦੇਖਿਆ ਕਿ ਸੰਤੀ ਦੂਰੋਂ ਰੋਂਦੀ ਤੁਰੀ ਆਉਂਦੀ ਏ। ਉਹ ਸਮਝ ਗਈ ਕਿ ਇਹਨੂੰ ਕਰਤਾਰ ਸਿੰਘ ਬਾਰੇ ਇਤਲਾਹ ਮਿਲ ਗਈ ਹੋਣੀ ਏ ਜਿਸ ਲਈ ਰੋਂਦੀ ਆ ਰਹੀ ਏ। ਉਸ ਹੱਥ ਨਾਲ ਇਸ਼ਾਰਾ ਕਰ ਕੇ ਚੁਪ ਕਰਨ ਲਈ ਕਿਹਾ ਪਰ ਸੰਤੀ ਨੀਵੀਂ ਪਾਈ ਰੋਂਦੀ ਤੁਰੀ ਆਈ। ਕੇਸਰੋ ਨੇ ਝਟ-ਪਟ ਕਾਹਲੇ ਕਾਹਲੇ ਕਦਮ ਪੁਟੇ ਤੇ ਅੱਗੇ ਜਾ ਕੇ ਉਹਨੂੰ ਕਿਹਾ, "ਕਿਉਂ ਰੋਂਦੀ ਆਉਂਦੀ ਏ ਮੇਰੀ ਧੀ ?" ਇਹ ਕਹਿ ਕੇ ਉਹਨੂੰ ਜੱਫੀ ਵਿਚ ਲੈ ਲਿਆ।

ਸੰਤੀ ਇਕ ਦਮ ਹੈਰਾਨ ਹੋ ਗਈ। ਉਹਨੂੰ ਇਹ ਵਿਸ਼ਵਾਸ ਨਹੀਂ ਆ ਰਿਹਾ ਸੀ ਕਿ ਉਹਨੂੰ ਮਾਂ ਨੇ ਹੀ ਆ ਕੇ ਘੁਟ ਲਿਆ ਏ। ਫਿਰ ਉਹਨੂੰ ਸ਼ਕ ਪੈ ਗਿਆ ਕਿ ਵੀਰ ਨੂੰ ਕੁਝ ਨਹੀਂ ਹੋਇਆ ਹੋਣਾ। ਜੇ ਵੀਰ ਨੂੰ ਨਰਮੀ ਗਰਮੀ ਹੋ ਗਈ ਹੁੰਦੀ ਤਾਂ ਮਾਂ ਮੈਨੂੰ ਆਉਂਦਿਆਂ ਦੇਖ ਕੇ ਝਟ ਫੂਹੜੀ ਪਾ ਲੈਂਦੀ ਤੇ ਲੰਮੇ ਲੰਮੇ ਵੈਣ ਪਾਂਦੀ। ਇਸ ਤਰ੍ਹਾਂ ਗਲੀ ਵਿਚ ਆ ਕੇ ਇਹ ਨਾ ਪੁੱਛਦੀ ਕਿ ਮੈਂ ਕਿਉਂ ਰੋਂਦੀ ਆ ਰਹੀ ਹਾਂ ?

ਸੰਤੀ ਨੇ ਰੋਣਾ ਬੰਦ ਕਰ ਦਿੱਤਾ। ਪਰੇ ਮੂੰਹ ਕਰ ਕੇ ਦੁਪੱਟੇ ਨਾਲ ਅੱਥਰੂ ਪੂੰਝੇ ਤੇ ਸਿਰ ਨੀਵਾਂ ਸੁਟ ਕੇ ਖੜੀ ਹੋ ਗਈ। ਉਸ ਦੀ ਹੈਰਾਨੀ ਵੇਖ ਕੇ ਕੇਸਰੋ ਜਾਣ ਗਈ ਕਿ ਇਹ ਹੁਣ ਇਸੇ ਲਈ ਹੈਰਾਨ ਹੈ ਕਿ ਇਥੇ ਕੀ ਹੋ ਗਿਆ ਏ। ਉਸ ਕਿਹਾ, "ਤੈਨੂੰ ਗ਼ਲਤ ਇਤਲਾਹ ਮਿਲੀ ਏ।"

"ਸੱਚੀਂ!" ਉਸ ਇਸ ਤਰ੍ਹਾਂ ਪੁੱਛਿਆ ਜਿਵੇਂ ਉਹਨੂੰ ਮਾਂ ਦੀ ਗੱਲ 'ਤੇ ਤਸੱਲੀ ਨਾ ਹੋਈ ਹੋਵੇ। ਇਤਨੇ ਵਿਚ ਕਰਤਾਰ ਸਿੰਘ ਵੀ ਦਰਵਾਜ਼ੇ 'ਤੇ ਆ ਗਿਆ ਤੇ ਉਹਨੂੰ ਦੂਰ ਖੜੇ ਦੇਖ ਕੇ ਉਹਨੂੰ ਨਿਸਚਾ ਹੋ ਗਿਆ। ਉਥੋਂ ਹੀ ਸੰਤੀ ਦੌੜ ਪਈ ਤੇ ਕਰਤਾਰ ਸਿੰਘ ਨੂੰ ਜੱਫਾ ਪਾ ਲਿਆ। ਦੋਵੇਂ ਭੈਣ ਭਰਾ ਕਿੰਨਾ ਚਿਰ ਇਸੇ ਹਾਲਤ ਵਿਚ ਖੜੇ ਰਹੇ।

"ਹੋਇਆ ਕੀ ਸੀ ਵੀਰ?" ਸੰਤੀ ਨੇ ਅਖ਼ੀਰ ਚੁਪ ਨੂੰ ਤੋੜਦਿਆਂ ਕਿਹਾ।

"ਕੁਝ ਵੀ ਨਹੀਂ," ਕਰਤਾਰ ਸਿੰਘ ਨੇ ਕਿਹਾ।

"ਮੈਨੂੰ ਐਵੇਂ ਦੁਸ਼ਮਣਾਂ ਗ਼ਲਤ ਹੀ ਦੱਸਿਆ ਏ?" ਸੰਤੀ ਨੇ ਹੈਰਾਨੀ ਨਾਲ ਪ੍ਰਸ਼ਨ ਕੀਤਾ।

"ਨਹੀਂ, ਉਹ ਅਫਵਾਹ ਸੀ ਪਰ ਕਿਸੇ ਹੱਦ ਤਕ ਠੀਕ ਸੀ," ਕਰਤਾਰ ਸਿੰਘ ਨੇ ਕਿਹਾ, "ਮੈਂ ਮਰਿਆ ਨਹੀਂ ਪਰ ਮਰਨ ਕਿਨਾਰੇ ਹੋ ਕੇ ਮੁੜਿਆ ਹਾਂ।"

ਡਿਓਢੀ ਵਿਚ ਬੈਠੇ ਹਕੀਮ ਨੇ ਇਸ਼ਾਰਾ ਕੀਤਾ ਕਿ ਗੱਲਬਾਤ ਬੰਦ ਕੀਤੀ ਜਾਏ। ਉਸ ਆਪਣੇ ਹੋਠਾਂ 'ਤੇ ਉਂਗਲ ਰਖ ਕੇ ਸਾਰਿਆਂ ਨੂੰ ਗੱਲਬਾਤ ਖ਼ਤਮ ਕਰਨ ਦੀ ਹਦਾਇਤ ਕਰ ਦਿੱਤੀ ਕਿਉਂਕਿ ਉਹਦੇ ਵਿਚਾਰ ਅਨੁਸਾਰ ਤਾਰਾ ਚੰਦ ਦਾ ਦਿਮਾਗ਼ ਠੀਕ ਸੀ ਤੇ ਉਹ ਹੁਣ ਆਪਣੇ ਆਲੇ-ਦੁਆਲੇ ਨੂੰ ਪਛਾਣਨ ਲਗ ਪਿਆ ਸੀ। ਪਹਿਲੀ ਵਾਰ ਤਾਰਾ ਚੰਦ ਨੇ ਹਕੀਮ ਨੂੰ ਪਛਾਣ ਕੇ ਕਿਹਾ, "ਕੀ ਪਏ ਕਰਦੇ ਹੋ ਹਕੀਮ ਜੀ?"

ਹਕੀਮ ਨੇ ਉਹਨੂੰ ਕਿਹਾ, "ਕਰਤਾਰ ਸਿੰਘ ਨਾਲ ਗੱਪਾਂ ਪਏ ਮਾਰਦੇ ਹਾਂ, ਹੋਰ ਕੀ ਕਰਨਾ ਏ।"

"ਹੈਂ! ਕਰਤਾਰ ਸਿੰਘ ਨਾਲ!" ਤਾਰਾ ਚੰਦ ਨੇ ਹੈਰਾਨੀ ਨਾਲ ਪੁੱਛਿਆ।

ਹਕੀਮ ਨੇ ਕਰਤਾਰ ਸਿੰਘ ਨੂੰ ਇਸ਼ਾਰਾ ਕਰ ਕੇ ਨੇੜੇ ਬੁਲਾ ਲਿਆ ਤੇ ਕਿਹਾ, "ਤਾਰਾ ਚੰਦ ਜੀ ਕਰਤਾਰ ਸਿੰਘ, ਸਾਹਮਣੇ ਖੜਾ ਜੇ।"

ਤਾਰਾ ਚੰਦ ਨੇ ਉਪਰ ਸਿਰ ਕਰ ਕੇ ਕਰਤਾਰ ਸਿੰਘ ਵੱਲ ਨੀਝ ਨਾਲ ਤਕਿਆ ਜਿਵੇਂ ਪਛਾਣਨ ਦਾ ਯਤਨ ਕਰ ਰਿਹਾ ਹੋਵੇ ਤੇ ਦੋ ਮਿੰਟ ਟੱਕ ਬੰਨ੍ਹੀ ਦੇਖਦਾ ਰਿਹਾ। ਕਰਤਾਰ ਸਿੰਘ ਕੋਲੋਂ ਰਿਹਾ ਨਾ ਗਿਆ ਤੇ ਉਸ ਪਿਤਾ ਨੂੰ ਜੱਫਾ ਪਾ ਲਿਆ।

ਹਕੀਮ ਨੇ ਗਰਮ ਦੁਧ ਦਾ ਗਲਾਸ ਮੰਗਵਾਇਆ। ਉਸ ਵਿਚ ਘਿਉ ਪਾ ਕੇ ਇਕ ਪੁੜੀ ਤਾਰਾ ਚੰਦ ਨੂੰ ਦੇ ਦਿੱਤੀ।

ਝਟ ਪਿਛੋਂ ਤਾਰਾ ਚੰਦ ਦੀ ਅੱਖ ਲੱਗ ਗਈ ਤੇ ਉਹ ਸੌਂ ਗਿਆ।

"ਅੱਛਾ, ਇਹਨੂੰ ਕੋਈ ਨਾ ਜਗਾਵੇ, ਹੁਣ ਮੇਰਾ ਖ਼ਿਆਲ ਏ ਕਿ ਇਹ ਬਿਲਕੁਲ ਠੀਕ ਏ। ਜਦ ਜਾਗ ਆਈ ਤਾਂ ਮੈਨੂੰ ਬੁਲਾ ਲਿਆ ਜੇ। ਇਹਦੇ ਸਾਹਮਣੇ ਹੁਣ ਕੋਈ

ਅਜਿਹੀ ਗੱਲ ਨਾ ਕੀਤੀ ਜਾਏ ਜਿਸ ਨਾਲ ਉਹਦਾ ਦਿਲ ਦੁਖੇ ਜਾਂ ਸੋਚ ਫ਼ਿਕਰ ਹੋਵੇ।" ਹਕੀਮ ਹੋਰੀਂ ਇਹ ਕਹਿ ਕੇ ਚਲੇ ਗਏ।

"ਕੀ ਹੋਇਆ ਏ ਪਿਤਾ ਜੀ ਨੂੰ ?" ਸੰਤੀ ਨੇ ਪੁੱਛਿਆ, ਜਿਹੜੀ ਹੁਣ ਤਕ ਹੈਰਾਨੀ ਨਾਲ ਸਭ ਕੁਝ ਦੇਖ ਰਹੀ ਸੀ ਤੇ ਜਿਸ ਨੂੰ ਬੋਲਣ ਵੀ ਨਹੀਂ ਸੀ ਦਿੱਤਾ ਗਿਆ।

"ਕਰਤਾਰ ਸਿੰਘ ਬਾਰੇ ਸੁਣ ਕੇ ਇਹਨਾਂ ਨੂੰ ਅਜਿਹੀ ਸੱਟ ਵੱਜੀ ਏ ਕਿ ਹੋਸ਼ ਵਿਚ ਨਹੀਂ ਰਹੇ," ਕੇਸਰੋ ਨੇ ਦੱਸਿਆ।

"ਹੁਣ ਘਬਰਾਣ ਵਾਲੀ ਕੋਈ ਗੱਲ ਨਹੀਂ, ਪਿਤਾ ਜੀ ਦੀ ਸਿਹਤ ਠੀਕ ਹੋ ਗਈ ਏ।"

"ਸਾਡੇ 'ਤੇ ਬੜਾ ਕਸ਼ਟ ਆਇਆ ਏ ਧੀਏ," ਕੇਸਰੋ ਨੇ ਵਿੱਚੋਂ ਗੱਲ ਟੋਕ ਕੇ ਕਿਹਾ।

"ਕੋਈ ਗੱਲ ਨਹੀਂ, ਜੋ ਤੁਧ ਭਾਵੈ ਨਾਨਕਾ ਸਾਈ ਗੱਲ ਚੰਗੀ," ਕਰਤਾਰ ਸਿੰਘ ਨੇ ਕਿਹਾ।

ਪਿਛਲੇ ਅੰਦਰ ਕਰਤਾਰ ਸਿੰਘ ਦੀ ਵਹੁਟੀ ਚੰਨੋ ਬੈਠੀ ਸੀ। ਉਹਨੇ ਸੰਤੀ ਦੀ ਆਵਾਜ਼ ਡਿਉਢੀ ਵਿਚ ਸੁਣੀ ਤਾਂ ਬਾਹਰ ਆ ਗਈ। ਨਨਾਣ ਭਰਜਾਈ ਘੁੱਟ ਕੇ ਮਿਲੀਆਂ।

"ਪਿਤਾ ਜੀ ਦੀ ਹਾਲਤ ਵੇਖ ਕੇ ਮੈਨੂੰ ਅੰਦਰ ਜਾਣਾ ਹੀ ਭੁਲ ਗਿਆ ਏ," ਸੰਤੀ ਨੇ ਕਿਹਾ।

"ਕੋਈ ਗੱਲ ਨਹੀਂ," ਚੰਨੋ ਨੇ ਕਿਹਾ। ਡਿਉਢੀ ਵਿਚ ਖੱਪ ਪੈਣ ਦੇ ਡਰ ਤੋਂ ਸਾਰੇ ਜੀਅ ਦਰਵਾਜ਼ਾ ਭੀੜ ਕੇ ਵਿਹੜੇ ਵਿਚ ਚਲੇ ਗਏ।

"ਤੈਨੂੰ ਕਿਸ ਦਸਿਆ ਸੀ ?" ਕਰਤਾਰ ਸਿੰਘ ਨੇ ਸੰਤੀ ਨੂੰ ਪੁੱਛਿਆ।

"ਜੀਉਣੇ ਹੋਰਾਂ ਦਾ ਜਿਹੜਾ ਨਿੱਕਾ ਜਵਾਈ ਏ, ਉਹਦਾ ਚਾਚਾ ਉਥੇ ਸਾਡੇ ਗੁਆਂਢ ਰਹਿੰਦਾ ਏ, ਉਸ ਦੱਸਿਆ ਸੀ," ਸੰਤੀ ਨੇ ਕਿਹਾ, "ਮੈਨੂੰ ਉਸੇ ਵੇਲੇ ਖਾਣਾ ਪੀਣਾ ਭੁਲ ਗਿਆ ਤੇ ਸੱਸ ਨੇ ਉਸੇ ਵੇਲੇ ਆਉਣ ਲਈ ਤਿਆਰੀ ਕਰਵਾ ਦਿੱਤੀ।

"ਪ੍ਰਾਹੁਣਾ ਨਹੀਂ ਆਇਆ ?" ਕੇਸਰੋ ਨੇ ਪੁੱਛਿਆ।

ਸੰਤੀ ਨੇ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲਈਆਂ ਤੇ ਹੌਲੀ ਜਿਹੀ ਕਿਹਾ, "ਉਹ ਕਿਧਰੇ ਗਏ ਹੋਏ ਸਨ, ਸ਼ਾਮ ਨੂੰ ਆ ਜਾਣਗੇ।"

"ਮਾਂ, ਸੰਤੀ ਨੇ ਸਵੇਰ ਦਾ ਕੁਝ ਨਹੀਂ ਖਾਧਾ ਪੀਤਾ ਜਾਪਦਾ, ਇਸ ਲਈ ਝਟ-ਪਟ ਕੁਝ ਲਿਆ ਖਾਣ ਨੂੰ," ਕਰਤਾਰ ਸਿੰਘ ਨੇ ਕਿਹਾ।

"ਨਹੀਂ ਮੈਨੂੰ ਭੁੱਖ ਨਹੀਂ। ਮੈਨੂੰ ਤਾਂ ਤੁਹਾਡੇ ਦਰਸ਼ਨ ਹੋ ਗਏ ਨੇ, ਇਸ ਨਾਲੋਂ

ਵੱਧ ਕੁਝ ਨਹੀਂ ਚਾਹੀਦਾ। ਮੇਰਾ ਤਾਂ ਲੂੰ ਲੂੰ ਇਸ ਵੇਲੇ ਇੰਨਾ ਖ਼ੁਸ਼ ਏ ਕਿ ਗੁਆਚਾ ਸਾਰਾ ਸੰਸਾਰ ਲੱਭ ਪਿਆ ਏ।" ਸੰਤੀ ਨੇ ਕਿਹਾ।

ਕਰਤਾਰ ਸਿੰਘ ਦੇ ਵਿਆਹ ਵੇਲੇ ਦੀ ਬਣੀ ਹੋਈ ਮਠਿਆਈ ਅਜੇ ਉਸੇ ਤਰ੍ਹਾਂ ਪਈ ਸੀ। ਮੌਕਾ ਹੀ ਨਹੀਂ ਸੀ ਮਿਲਿਆ ਕਿ ਉਹਨੂੰ ਵੰਡਦੇ। ਕੇਸਰੋ ਝਟ ਕਟੋਰਾ ਮਠਿਆਈ ਦਾ ਭਰ ਲਿਆਈ ਤੇ ਲਿਆ ਕੇ ਅੱਗੇ ਰੱਖ ਦਿੱਤਾ।

"ਲਓ ਭਰਜਾਈ ਜੀ ਖਾਓ," ਸੰਤੀ ਨੇ ਕਟੋਰਾ ਚੰਨੋ ਅੱਗੇ ਕਰਦਿਆਂ ਕਿਹਾ। ਚੰਨੋ ਚੁਪ ਕਰ ਕੇ ਬੈਠੀ ਕੁਝ ਸੋਚਦੀ ਪਈ ਸੀ।

"ਕੀ ਗੱਲ ਏ ਭਰਜਾਈ ਜੀ, ਤੁਸੀਂ ਬੜੇ ਸੋਚੀਂ ਪਏ ਹੋਏ ਹੋ?" ਸੰਤੀ ਨੇ ਪੁੱਛਿਆ।

"ਕੁਝ ਨਹੀਂ," ਚੰਨੋ ਨੇ ਬਣਾਉਟੀ ਮੁਸਕਰਾਹਟ ਨਾਲ ਕਿਹਾ। ਉਹ ਅਸਲ ਵਿਚ ਸੋਚ ਰਹੀ ਸੀ ਕਿ ਮੈਂ ਕਿਤਨੀ ਬਦਕਿਸਮਤ ਹਾਂ ਜਿਸ ਨੂੰ ਵਿਆਹ ਦੀ ਖ਼ੁਸ਼ੀ ਮਾਣਨ ਦਾ ਮੌਕਾ ਵੀ ਨਹੀਂ ਮਿਲਿਆ। ਵਿਆਹ ਹੋਇਆ ਤਾਂ ਉਸ ਸਮੇਂ ਜਦ ਕਿ ਵਿਆਹੁਣ ਵਾਲਾ ਮੌਜੂਦ ਨਹੀਂ ਸੀ। ਸਹੁਰੇ ਆ ਕੇ ਵੀ ਸੁਖ ਨਹੀਂ ਮਿਲਿਆ। ਆਉਂਦਿਆਂ ਇਹਨਾਂ ਦੀ ਮਾੜੀ ਖ਼ਬਰ ਮਿਲੀ ਤੇ ਫਿਰ ਪਿਤਾ ਜੀ (ਤਾਰਾ ਚੰਦ) ਦੀ ਹਾਲਤ ਖ਼ਰਾਬ ਹੋ ਗਈ।

ਸੰਤੀ ਬੜੀ ਸਿਆਣੀ ਮੁਟਿਆਰ ਸੀ। ਉਹ ਸਮਝਦੀ ਸੀ ਕਿ ਘਰ ਦੀ ਇਸ ਹਾਲਤ ਦਾ ਇਸ 'ਤੇ ਅਸਰ ਹੋਣਾ ਕੁਦਰਤੀ ਗੱਲ ਏ।

"ਭਰਜਾਈ ਨੂੰ ਵੀ ਅੰਮ੍ਰਿਤ ਛਕਾਇਆ ਜੇ ਕਿ ਨਹੀਂ?" ਸੰਤੀ ਨੇ ਕਰਤਾਰ ਸਿੰਘ ਤੋਂ ਪੁੱਛਿਆ।

"ਅਜੇ ਕਿਥੇ," ਕਰਤਾਰ ਸਿੰਘ ਨੇ ਕਿਹਾ। ਵੇਖਦਾ ਪਿਆ ਸਾਂ ਕਿ ਪਿਤਾ ਜੀ ਦੀ ਸਿਹਤ ਠੀਕ ਹੋ ਜਾਏ ਤਾਂ ਅੰਮ੍ਰਿਤਸਰ ਚਲੀਏ। ਉਥੇ ਨਾਲੇ ਤਾਂ ਅੰਮ੍ਰਿਤ ਛਕਾ ਲਿਆਵਾਂਗੇ ਤੇ ਨਾਲੇ ਦਰਸ਼ਨ ਕਰ ਆਵਾਂਗੇ। ਕਿੰਨਾ ਹੀ ਚਿਰ ਹੋ ਗਿਆ ਏ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕੀਤਿਆਂ।"

"ਇਹ ਸਾਰੇ ਪੁਆੜੇ ਤੁਹਾਡੀ ਸਿੱਖੀ ਨੇ ਪਾਏ ਨੇ," ਸੰਤੀ ਨੇ ਕਰਤਾਰ ਸਿੰਘ ਨੂੰ ਸਾਫ਼ ਕਿਹਾ, ਹਾਲਾਂ ਕਿ ਉਹ ਜਾਣਦੀ ਸੀ ਕਿ ਕਰਤਾਰ ਸਿੰਘ ਅਜਿਹੀਆਂ ਗੱਲਾਂ ਸੁਣਦਾ ਨਹੀਂ ਹੁੰਦਾ।

"ਸਿੱਖਾਂ ਨੇ ਕੋਈ ਮੁਸੀਬਤ ਨਹੀਂ ਲਿਆਂਦੀ। ਇਹ ਤਾਂ ਸਾਡੀ ਦਲੇਰੀ, ਬਹਾਦਰੀ ਤੇ ਲੋਕ-ਸੇਵਾ ਦੇ ਵਿਰੋਧੀਆਂ ਦੀਆਂ ਪੈਦਾ ਕੀਤੀਆਂ ਬਣਾਉਟੀ ਰੁਕਾਵਟਾਂ ਹਨ। ਅਸੀਂ ਖਿੜੇ ਮੱਥੇ ਹਾਲਾਤ ਦਾ ਟਾਕਰਾ ਕਰਾਂਗੇ। ਮੇਰਾ ਵਿਸ਼ਵਾਸ ਏ ਕਿ ਇਹ ਜ਼ੁਲਮੀ ਰਾਜ ਤੇ ਇਹ ਹਾਲਤ ਛੇਤੀ ਬਦਲ ਜਾਵੇਗੀ। 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ।'" ਕਰਤਾਰ ਸਿੰਘ ਨੇ ਦ੍ਰਿੜ੍ਹਤਾ ਨਾਲ ਕਿਹਾ।

ਸੰਤੀ ਹੱਸ ਪਈ ਤੇ ਕਿਹਾ, "ਆਹੋ ਜੀ, ਤੁਹਾਡਾ ਰਾਜ ਆਏਗਾ। ਘਰਾਂ ਵਿਚ ਤੁਸੀਂ ਰਹਿ ਨਹੀਂ ਸਕਦੇ, ਜੰਗਲਾਂ ਵਿਚ ਟਪਰੀਵਾਸਾਂ ਵਾਂਗ ਰਹਿੰਦੇ ਹੋ ਤੇ ਸੁਪਨੇ ਲੈਂਦੇ ਹੋ ਰਾਜ ਕਰਨ ਦੇ।"

"ਸੰਤੀ ਤੂੰ ਨਹੀਂ ਜਾਣਦੀ। ਸਾਧਾਰਨ ਆਦਮੀ ਤੇਰੇ ਵਰਗਾ ਇਹੀ ਸਮਝਦਾ ਏ ਕਿ ਸਮੇਂ ਦੀ ਹਕੂਮਤ ਬੜੀ ਤਕੜੀ ਏ, ਇਹਨੂੰ ਬਦਲਿਆ ਨਹੀਂ ਜਾ ਸਕਦਾ, ਪਰ ਸਾਨੂੰ ਪਤਾ ਏ ਕਿ ਇਹਦੀਆਂ ਜੜ੍ਹਾਂ ਖੋਖਲੀਆਂ ਹੋ ਚੁਕੀਆਂ ਨੇ। ਕਰਮਚਾਰੀ ਐਸ਼ ਕਰਨ ਵਿਚ ਲੱਗੇ ਹੋਏ ਹਨ। ਵੱਢੀ, ਕੁੰਬਾ ਪਰਵਰੀ, ਲੁੱਟ ਤੇ ਬੇਈਮਾਨੀ ਦਾ ਜ਼ੋਰ ਏ। ਜਿਸ ਰਾਜ ਵਿਚ ਅਜਿਹੇ ਘਾਟੇ ਆ ਜਾਣ ਉਹ ਰਹਿ ਨਹੀਂ ਸਕਦਾ। ਅਸੀਂ ਸੱਚ, ਇਨਸਾਫ਼ ਤੇ ਧਰਮ ਦੀ ਲੜਾਈ ਲੜ ਰਹੇ ਹਾਂ, ਇਸ ਲਈ ਨਿਸਚੇ ਹੀ ਜਿੱਤ ਸਾਡੀ ਹੋਵੇਗੀ। ਕਦੇ ਵੇਲਾ ਸੀ ਕਿ ਸਾਨੂੰ ਕੁਸਕਣ ਨਹੀਂ ਸੀ ਦਿੱਤਾ ਜਾਂਦਾ ਪਰ ਅੱਜ ਅਸੀਂ ਹਕੂਮਤ ਨਾਲ ਟੱਕਰ ਲੈ ਰਹੇ ਹਾਂ। ਸਾਡੇ ਜਥੇ ਹੌਲੀ ਹੌਲੀ ਇਲਾਕਿਆਂ ਵਿਚ ਆਪਣਾ ਪ੍ਰਬੰਧ ਲਾਗੂ ਕਰ ਰਹੇ ਹਨ। ਤੂੰ ਵੇਖੀਂ ਖਾਂ ਕੁਝ ਸਾਲਾਂ ਵਿਚ ਹੀ ਅਸੀਂ ਪੰਜਾਬ ਦੇ ਮਾਲਕ ਹੋਵਾਂਗੇ।" ਕਰਤਾਰ ਸਿੰਘ ਨੇ ਸੰਤੀ ਦੇ ਇਸ ਵਿਅੰਗ 'ਤੇ, ਇਸ ਤਰ੍ਹਾਂ ਪੂਰਾ ਲੈਕਚਰ ਹੀ ਕਰ ਦਿੱਤਾ।

ਸੰਤੀ 'ਤੇ ਇਹਨਾਂ ਗੱਲਾਂ ਦਾ ਬਹੁਤਾ ਅਸਰ ਨਾ ਹੋਇਆ। ਉਹ ਅੱਗੇ ਵੀ ਕਈ ਵਾਰ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਚੁਕੀ ਸੀ। ਚੰਨੋ ਨੇ ਪਹਿਲੀ ਵਾਰ ਕਰਤਾਰ ਸਿੰਘ ਨੂੰ ਖੁਲ੍ਹ ਕੇ ਤੇ ਇਤਨੇ ਦ੍ਰਿੜ੍ਹ ਵਿਸ਼ਵਾਸ ਨਾਲ ਭਵਿੱਖਤ ਬਾਰੇ ਗੱਲਾਂ ਕਰਦਿਆਂ ਸੁਣਿਆ। ਉਸ 'ਤੇ ਬਹੁਤ ਅਸਰ ਹੋਇਆ।

ਰਾਜ ਦੇ ਸੁਪਨੇ ਬੜੇ ਮਿੱਠੇ ਹੁੰਦੇ ਨੇ। ਉਹਨਾਂ ਸੁਪਨਿਆਂ ਵਿਚ ਵੀ ਅਨੋਖਾ ਅਨੰਦ ਹੁੰਦਾ ਏ। ਭਾਵੇਂ ਸੰਤੀ ਨੇ ਕਰਤਾਰ ਸਿੰਘ ਦੀਆਂ ਗੱਲਾਂ 'ਤੇ ਐਵੇਂ ਹੱਸ ਛਡਿਆ, ਪਰ ਚੰਨੋ ਨੂੰ ਨਿਸਚਾ ਸੀ ਕਿ ਕਰਤਾਰ ਸਿੰਘ ਇੰਨੇ ਵਿਸ਼ਵਾਸ ਨਾਲ ਜੋ ਕਹਿ ਰਿਹਾ ਹੈ, ਇਹਨੂੰ ਉਹ ਐਵੇਂ ਨਹੀਂ ਕਹਿ ਰਿਹਾ।

ਚੰਨੋ ਸੋਚਦੀ ਸੀ ਕਿ ਉਹ ਆਪਣੇ ਪਿਆਰ ਵਿਚ ਬੰਨ੍ਹ ਕੇ ਕਰਤਾਰ ਸਿੰਘ ਨੂੰ ਘਰੋਂ ਬਾਹਰ ਰਹਿਣ ਤੋਂ ਰੋਕ ਲਵੇਗੀ। ਉਹਨੂੰ ਆਪਣੀ ਸੁੰਦਰਤਾ 'ਤੇ ਨਾਜ਼ ਨਖ਼ਰਿਆਂ 'ਤੇ ਮਾਣ ਸੀ, ਪਰ ਹੁਣ ਕਰਤਾਰ ਸਿੰਘ ਦੀਆਂ ਗੱਲਾਂ ਸੁਣ ਕੇ ਉਹਦਾ ਮਨ ਵੀ ਇਹੀ ਕੀਤਾ ਕਿ ਕਰਤਾਰ ਸਿੰਘ ਨੂੰ ਕਦੇ ਨਾ ਰੋਕੇ ਤੇ ਸਗੋਂ ਹੋ ਸਕੇ ਤਾਂ ਆਪ ਵੀ ਇਸ ਅੰਦੋਲਨ ਵਿਚ ਕੁਦ ਪਵੇ। ਖਾਣ ਪੀਣ ਤੋਂ ਵਿਹਲੇ ਹੋ ਕੇ ਸੰਤੀ ਫਿਰ ਕੋਲ ਆ ਬੈਠੀ ਤੇ ਕਰਤਾਰ ਸਿੰਘ ਪਾਸੋਂ ਸਾਰੀ ਗੱਲ ਸੁਣੀ ਕਿ ਉਹ ਕਿਵੇਂ ਜ਼ਖਮੀ ਹੋਇਆ ਤੇ ਵਿਆਹ 'ਤੇ ਨਹੀਂ ਆਇਆ। ਭਾਵੇਂ ਚੰਨੋ ਨੂੰ ਵੀ ਅਗੇ ਇਹ ਗੱਲ ਦੱਸੀ ਸੀ, ਪਰ ਇਤਨੇ ਵਿਸਥਾਰ

ਨਾਲ ਨਹੀਂ ਸੀ ਬਿਆਨ ਕੀਤੀ।

ਤਾਰਾ ਚੰਦ ਦੇ ਮੰਜੇ ਤੋਂ ਉਠਣ ਦੀ ਆਵਾਜ਼ ਆਉਂਦਿਆਂ ਕਰਤਾਰ ਸਿੰਘ ਡਿਉਢੀ ਵਿਚ ਚਲਾ ਗਿਆ।

"ਵੇਖਿਆ ਈ ਭਰਜਾਈ, ਕਈ ਮੁਸਲਮਾਨ ਵੀ ਕਿੰਨੇ ਚੰਗੇ ਨੀ," ਸੰਤੀ ਨੇ ਗ਼ਫ਼ੂਰ ਦੇ ਟੱਬਰ ਦੀ ਗੱਲ ਕਰਤਾਰ ਸਿੰਘ ਤੋਂ ਸੁਣ ਕੇ ਕਿਹਾ।

"ਐਵੇਂ ਲੋਕੀਂ ਗ਼ਲਤ ਖ਼ਿਆਲ ਬਣਾ ਲੈਂਦੇ ਨੇ। ਕੋਈ ਵੀ ਕੌਮ ਸਾਰੀ ਇੱਕੋ ਜਿਹੀ ਨਹੀਂ ਹੋ ਸਕਦੀ। ਮਾੜੇ ਚੰਗੇ ਬੰਦੇ ਤਾਂ ਹਰ ਗਲੀ ਵਿਚ ਹੁੰਦੇ ਨੇ।" ਚੰਨੋ ਨੇ ਕਿਹਾ।

"ਮੇਰਾ ਖ਼ਿਆਲ ਏ ਕਿ ਸਰਕਾਰ ਉਹਨਾਂ ਨੂੰ ਨਹੀਂ ਛਡੇਗੀ," ਸੰਤੀ ਨੇ ਕਿਹਾ।

"ਕਿਉਂ ?" ਚੰਨੋ ਬੋਲੀ।

"ਤੈਨੂੰ ਨਹੀਂ ਪਤਾ, ਇਹ ਸਰਕਾਰ ਸਿੱਖਾਂ ਦੇ ਵੈਰ ਪਈ ਹੋਈ ਏ। ਜਿਹੜਾ ਸਿੱਖਾਂ ਨੂੰ ਘਰ ਰਖੇ ਉਹਨੂੰ ਵੀ ਤੰਗ ਕਰਦੀ ਏ ਤੇ ਕਰੜੀਆਂ ਸਜ਼ਾਵਾਂ ਦੇਂਦੀ ਏ। ਸਾਡੇ ਪਿੰਡ ਵਿਚ ਵੀ ਇਕ ਦੋ ਅਜਿਹੇ ਚੁਗਲੀਏ ਸਨ ਜਿਸ ਕਰਕੇ ਵੀਰਾ ਘੱਟ ਹੀ ਘਰ ਰਹਿੰਦਾ ਸੀ। ਇਕ ਕਿਧਰੇ ਹੋਰ ਟੁਰ ਗਿਆ ਤੇ ਇਕ ਮਰ ਗਿਆ ਏ। ਹੁਣ ਪਿੰਡ ਵਿਚ ਕੋਈ ਵੀ ਸ਼ਿਕਾਇਤ ਨਹੀਂ ਕਰਦਾ ਤਾਂ ਹੀ ਘਰ ਏ, ਨਹੀਂ ਤਾਂ ਹੁਣ ਨੂੰ ਕਦੋਂ ਦੀ ਸਰਕਾਰ ਨੇ ਫ਼ੌਜ ਭੇਜ ਦੇਣੀ ਸੀ।"

ਕਰਤਾਰ ਸਿੰਘ ਨੇ ਸੰਤੀ ਨੂੰ ਇਸ਼ਾਰਾ ਕੀਤਾ ਤੇ ਉਹ ਡਿਉਢੀ ਵਿਚ ਚਲੀ ਗਈ। ਤਾਰਾ ਚੰਦ ਨੇ ਆਉਂਦਿਆਂ ਉਹਨੂੰ ਪਛਾਣ ਲਿਆ ਤੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ, "ਕਦੋਂ ਆਈ ਏ ਮੇਰੀ ਧੀ ?"

"ਹੁਣੇ ਆਈ ਹਾਂ।"

"ਚੰਗਾ ਕੀਤਾ ਈ," ਤਾਰਾ ਚੰਦ ਨੇ ਕਿਹਾ।

"ਪ੍ਰਾਹੁਣਾ ਵੀ ਆਇਆ ਕਿ ਨਹੀਂ ?"

"ਨਹੀਂ।"

"ਕਿਉਂ ?"

"ਸ਼ਾਮ ਨੂੰ ਆਉਣਗੇ," ਸੰਤੀ ਨੇ ਕਿਹਾ।

"ਚੰਗਾ ਭਰਾ ਨੂੰ ਮਿਲੀ ਏਂ ?" ਤਾਰਾ ਚੰਦ ਨੇ ਕਿਹਾ।

"ਜੀ ਹਾਂ," ਸੰਤੀ ਬੋਲੀ।

ਕਰਤਾਰ ਸਿੰਘ ਨੇ ਇਸ ਵੇਲੇ ਬਹੁਤੀਆਂ ਗੱਲਾਂ ਕਰਾਉਣੀਆਂ ਠੀਕ ਨਾ ਸਮਝੀਆਂ ਤੇ ਤਾਰਾ ਚੰਦ ਨੂੰ ਫੜ ਕੇ ਲਿਟਾ ਦਿੱਤਾ। ਕੇਸਰੋ ਦੌੜ ਕੇ ਹਕੀਮ ਨੂੰ ਸੱਦ

ਲਿਆਈ।

"ਹਕੀਮ ਜੀ ਕੀ ਗੱਲ ਏ ?" ਜਦ ਹਕੀਮ ਨੇ ਤਾਰਾ ਚੰਦ ਨੂੰ ਟੋਹਿਆ ਤਾਂ ਉਸ ਕਿਹਾ।

"ਕੁਝ ਨਹੀਂ, ਤੁਹਾਡੀ ਤਬੀਅਤ ਦਾ ਕੀ ਹਾਲ ਏ ?" ਹਕੀਮ ਨੇ ਪੁੱਛਿਆ।

"ਚੰਗਾ ਭਲਾ ਵਾਂ," ਤਾਰਾ ਚੰਦ ਨੇ ਕਿਹਾ, "ਮੇਰਾ ਜੀਅ ਇਥੇ ਕਾਹਲਾ ਪੈਂਦਾ ਏ।"

"ਚਲੋ ਬਾਹਰ ਚੱਲੀਏ," ਹਕੀਮ ਨੇ ਕਿਹਾ ਤੇ ਤਾਰਾ ਚੰਦ ਨੂੰ ਬਾਂਹ ਤੋਂ ਫੜ ਕੇ ਉਠਾ ਲਿਆ। ਮਾਮੂਲੀ ਜਿਹਾ ਸਹਾਰਾ ਦੇ ਕੇ ਤਾਰਾ ਚੰਦ ਨੂੰ ਬਾਹਰ ਲੈ ਆਂਦਾ। ਕਰਤਾਰ ਨੂੰ ਹੌਲੀ ਜਿਹੀ ਕਹਿ ਦਿੱਤਾ, "ਹੁਣ ਠੀਕ ਹਨ। ਮੈਂ ਇਹਨਾਂ ਨੂੰ ਝਟ ਸੈਰ ਕਰਾ ਕੇ ਮਨ ਦੀ ਅਵਸਥਾ ਠੀਕ ਕਰਦਾ ਹਾਂ।"

ਕਰਤਾਰ ਸਿੰਘ ਤੇ ਸੰਤੀ ਅੰਦਰ ਚਲੇ ਗਏ। ਹੁਣ ਦੋਹਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਤੇ ਸੰਤੁਸਟਤਾ ਦਿਸ ਰਹੀ ਸੀ। ਚੰਨੋ ਨੂੰ ਭੀ ਪਤਾ ਲਗ ਗਿਆ ਤੇ ਉਹ ਵੀ ਖ਼ੁਸ਼ ਸੀ। ਬੜੇ ਦਿਨਾਂ ਪਿਛੋਂ ਘਰ ਵਿਚ ਖ਼ੁਸ਼ੀ ਦਾ ਵਾਤਾਵਰਣ ਪੈਦਾ ਹੋਇਆ।

ਝਟ ਹੀ ਬਾਹਰਲਾ ਦਰਵਾਜ਼ਾ ਖੁਲ੍ਹਾ ਤੇ ਸਾਹਮਣੇ ਇਕ ਨੌਜਵਾਨ ਨੇ ਆ ਕੇ ਆਵਾਜ਼ ਦਿੱਤੀ, "ਕਰਤਾਰ ਸਿੰਘ ਜੀ।"

"ਲੰਘ ਆਓ ਅੰਦਰ ਹੀ," ਕਰਤਾਰ ਸਿੰਘ ਨੇ ਇਹ ਸਮਝ ਕੇ ਕਹਿ ਦਿੱਤਾ ਕਿ ਕੋਈ ਪਿੰਡ ਵਾਲਾ ਆਇਆ ਹੋਵੇਗਾ, ਪਰ ਜਦ ਨੇੜੇ ਆ ਗਿਆ ਤਾਂ ਇਹ ਕੋਈ ਨਵਾਂ ਆਦਮੀ ਹੀ ਸੀ। ਕਰਤਾਰ ਸਿੰਘ ਹੈਰਾਨੀ ਨਾਲ ਉਸ ਵਲ ਦੇਖਣ ਲਗ ਪਿਆ।

"ਪਛਾਣਿਆਂ ਨਹੀਂ ਮੈਨੂੰ ?" ਨੌਜਵਾਨ ਨੇ ਕਿਹਾ।

"ਨਹੀਂ, ਮੈਂ ਨਹੀਂ ਪਛਾਣ ਸਕਿਆ," ਕਰਤਾਰ ਸਿੰਘ ਨੇ ਕਿਹਾ।

"ਬੜੀ ਛੇਤੀ ਭੁਲ ਗਏ ਹੋ," ਨੌਜਵਾਨ ਨੇ ਮੁਸਕਰਾ ਕੇ ਕਿਹਾ।

"ਯਾਦ ਆ ਗਿਆ, ਤੁਸੀਂ ਹੀ ਮੈਨੂੰ ਲਿਆਏ ਸੀ," ਕਰਤਾਰ ਸਿੰਘ ਨੇ ਹੁਣ ਪਛਾਣ ਲਿਆ ਤੇ ਉਠ ਕੇ ਨੌਜਵਾਨ ਨੂੰ ਜੱਫਾ ਪਾ ਲਿਆ। ਫਿਰ ਭੈਣ ਨੂੰ ਸੰਬੋਧਨ ਕਰਦਿਆਂ ਕਿਹਾ, "ਸੰਤੀ ਇਹੀ ਹੈ ਉਹ ਨੌਜਵਾਨ ਜਿਸ ਨੇ ਮੈਨੂੰ ਗ਼ਫ਼ੂਰ ਦੇ ਘਰ ਤੋਂ ਬਚਾਇਆ ਸੀ।"

"ਅੱਛਾ ਇਹ ਤਾਂ ਸਾਡੇ ਧੰਨ ਭਾਗ ਹਨ ਕਿ ਅੱਜ ਦਰਸ਼ਨ ਦਿਤੇ ਨੇ, ਆਓ ਬੈਠੋ," ਸੰਤੀ ਨੇ ਮੰਜੀ ਵਿਹਲੀ ਕਰ ਦਿੱਤੀ। ਚੰਨੋ ਪਹਿਲਾਂ ਹੀ ਉਠ ਕੇ ਅੰਦਰ ਚਲੀ ਗਈ ਸੀ।

"ਅੱਜ ਬੜੀ ਕਿਰਪਾ ਕੀਤੀ ਜੇ ਦਰਸ਼ਨ ਦੇਣ ਦੀ," ਕਰਤਾਰ ਸਿੰਘ ਨੇ ਕਿਹਾ।

ਸੰਤੀ ਵਲ ਉਸ ਦੇਖਿਆ ਤੇ ਉਹ ਉਠ ਕੇ ਅੰਦਰ ਚਲੀ ਗਈ। ਝਟ ਹੀ ਅੰਦਰੋਂ ਮਠਿਆਈ ਲੈ ਆਂਦੀ ਤੇ ਅਗੇ ਰਖ ਦਿੱਤੀ। ਕਰਤਾਰ ਸਿੰਘ ਨੇ ਕਿਹਾ, "ਲਓ ਖਾਓ।"

"ਨਹੀਂ, ਮੈਂ ਰੱਜਿਆ ਹੋਇਆ ਹਾਂ," ਨੌਜਵਾਨ ਨੇ ਕਿਹਾ, "ਨਾਲ ਦੇ ਪਿੰਡ ਮੇਰੇ ਮਾਮੇ ਰਹਿੰਦੇ ਨੇ, ਉਨ੍ਹਾਂ ਦੇ ਹੋ ਕੇ ਆਇਆ ਹਾਂ। ਤੁਹਾਨੂੰ ਪਤਾ ਏ ਕਿ ਨਾਨਕੇ ਗਿਆ ਬੰਦਾ ਫਿਰ ਘੱਟ ਥੋੜ੍ਹੀ ਕਰਦਾ ਏ।"

"ਅੱਛਾ ਦੱਸੋ, ਅੱਜ ਕਿਸ ਤਰ੍ਹਾਂ ਆਏ ਹੋ ?" ਕਰਤਾਰ ਸਿੰਘ ਦੇ ਮਨ ਨੂੰ ਖੁਦਖਦੀ ਲੱਗੀ ਹੋਈ ਸੀ ਕਿ ਕਾਫ਼ੀ ਦੂਰ ਤੋਂ ਇਹ ਸਿਰਫ਼ ਮਿਲਣ ਨਹੀਂ ਆਇਆ ਹੋਣਾ, ਜ਼ਰੂਰ ਕੋਈ ਗੱਲ ਹੋਵੇਗੀ। ਇਸ ਲਈ ਉਸ ਪੁੱਛਿਆ, "ਕੀ ਬਣੀ ਏ ਗ਼ਫ਼ੂਰ ਨਾਲ ਮੇਰੇ ਪਿਛੋਂ ?"

"ਉਹ ਵਿਚਾਰਾ ਤਾਂ ਫਸ ਗਿਆ ਏ।"

"ਕਿਵੇਂ ?" ਕਰਤਾਰ ਸਿੰਘ ਨੇ ਹੋਰ ਉਤਾਵਲੇ ਹੋ ਕੇ ਪੁੱਛਿਆ।

"ਮਾਰ ਮਾਰ ਕੇ ਗ਼ਫ਼ੂਰ ਨੂੰ ਅਧਮੋਇਆ ਕਰ ਦਿੱਤਾ ਗਿਆ ਤੇ ਫਿਰ ਉਹਨੂੰ ਹਮੀਦਾਂ ਤੇ ਨੂਰਾਂ ਸਾਹਮਣੇ ਰੱਖ ਕੇ ਪਾਣੀ ਤੋਂ ਤਰਸਾਇਆ ਗਿਆ।" ਮੱਖਣ ਨੇ ਵਿਸਥਾਰ ਨਾਲ ਸਾਰੀ ਗੱਲ ਦੱਸੀ।

"ਇਹ ਹਮੀਦਾਂ ਤੇ ਨੂਰਾਂ ਕੌਣ ਨੇ ?" ਕਰਤਾਰ ਸਿੰਘ ਨੇ ਸਵਾਲ ਕੀਤਾ।

"ਹਮੀਦਾਂ ਉਹਦੀ ਵਹੁਟੀ ਤੇ ਨੂਰਾਂ ਉਹਦੀ ਧੀ।"

"ਫਿਰ ਅੱਗੋਂ ਕੀ ਹੋਇਆ ?" ਕਰਤਾਰ ਸਿੰਘ ਝਟ-ਪਟ ਸਾਰਾ ਕੁਝ ਜਾਣਨਾ ਚਾਹੁੰਦਾ ਸੀ, ਪਰ ਮੱਖਣ ਸਹਿਜੇ ਸਹਿਜੇ ਗੱਲ ਸੁਣਾ ਰਿਹਾ ਸੀ।

"ਫਿਰ ਬੜੀ ਮੁਸ਼ਕਲ ਨਾਲ ਗ਼ਫ਼ੂਰ ਨੂੰ ਘਰਦਿਆਂ ਦੇ ਹਵਾਲੇ ਕੀਤਾ, ਪਰ ਦੂਜੇ ਦਿਨ ਹੀ ਹਮੀਦਾਂ ਨੂੰ ਬੁਲਾ ਕੇ ਧਮਕੀ ਦਿੱਤੀ ਕਿ ਆਪਣੀ ਧੀ ਨੂਰਾਂ ਦਾ ਡੋਲਾ ਮੈਨੂੰ ਦੇ ਦਿਓ ਨਹੀਂ ਤਾਂ ਸਾਰੇ ਟੱਬਰ ਨੂੰ ਸਿੱਖਾਂ ਦੀ ਮਦਦ ਦੇ ਦੋਸ਼ ਵਿਚ ਮਰਵਾ ਦਿਆਂਗੇ।" ਮੱਖਣ ਨੇ ਦੱਸਿਆ।

"ਉਹਦੀ ਕੀ ਮਜਾਲ ਏ, ਸਾਡੇ ਜਿਉਂਦੇ ਜੀਅ ਗ਼ਫ਼ੂਰ ਨੂੰ ਇਸ ਤਰ੍ਹਾਂ ਮਾਰ ਦੇਵੇ। ਪਿੰਡ ਦਾ ਕੀ ਹਾਲ ਜੇ ?" ਕਰਤਾਰ ਸਿੰਘ ਨੇ ਜੋਸ਼ ਵਿਚ ਆਉਂਦਿਆਂ ਪੁੱਛਿਆ।

"ਪਿੰਡ ਸਾਰਾ ਤਾਂ ਚੌਧਰੀ ਤੋਂ ਤੰਗ ਏ ਪਰ ਥਰ ਥਰ ਕੰਬਦੇ ਨੇ ਉਸ ਤੋਂ। ਮੈਂ ਜ਼ਰਾ ਸਿਰ ਚੁੱਕਿਆ ਹੀ ਸੀ, ਹੁਣ ਮੈਨੂੰ ਮਰਵਾਣ ਲਈ ਟਿਲ ਲਾ ਰਿਹਾ ਏ। ਉਹਨੂੰ ਇਹ ਵੀ ਪਤਾ ਲੱਗ ਗਿਆ ਏ ਕਿ ਮੈਂ ਹੀ ਤੁਹਾਨੂੰ ਬਚਾਇਆ ਏ।"

"ਕੀ ਹੋ ਗਿਆ ਜੇ ਪਤਾ ਲੱਗ ਗਿਆ ਸੂ ਤਾਂ ? ਉਹ ਤੇਰਾ ਕੀ ਵਿਗਾੜ ਲਏਗਾ ? ਉਸ ਜਦ ਕੁੜੀ ਦਾ ਡੋਲਾ ਮੰਗਿਆ ਤਾਂ ਗ਼ਫ਼ੂਰ ਦੀ ਵਹੁਟੀ ਨੇ ਕੀ ਕਿਹਾ ਏ ?"

ਕਰਤਾਰ ਸਿੰਘ ਨੇ ਪੁੱਛਿਆ।

"ਉਸ ਨਾਂਹ ਕਰ ਦਿੱਤੀ ਏ," ਮੱਖਣ ਨੇ ਦੱਸਿਆ, "ਜਦ ਉਸ ਬਹੁਤ ਹੀ ਧਮਕੀਆਂ ਦਿਤੀਆਂ ਤਾਂ ਉਹ ਕਹਿ ਕੇ ਟਾਲ ਆਈ ਸੀ ਕਿ ਮੈਂ ਕਲ੍ਹ ਆਵਾਂਗੀ।"

"ਹੁਣ ਫਿਰ ਸਾਨੂੰ ਕੀ ਕਰਨਾ ਚਾਹੀਦਾ ਹੈ ?" ਕਰਤਾਰ ਸਿੰਘ ਨੇ ਸਲਾਹ ਪੁੱਛੀ।

"ਇਹ ਤੁਸੀਂ ਸੋਚ ਲਵੋ, ਮੇਰੇ ਨਾਲੋਂ ਵਧੇਰੇ ਸਿਆਣੇ ਜੇ," ਮੱਖਣ ਨੇ ਕਿਹਾ।

"ਮੈਂ ਤਾਂ ਇਹੋ ਕਰ ਸਕਦਾ ਹਾਂ ਕਿ ਸਿੰਘਾਂ ਨੂੰ ਲਿਆ ਕੇ ਚੌਧਰੀ ਦਾ ਮਾਮਲਾ ਸਾਫ਼ ਕਰਾ ਦਿਆਂ, ਪਰ ਇਹਦਾ ਤਾਂ ਹੀ ਲਾਭ ਏ ਜੇ ਪਿੰਡ ਉਹਦਾ ਸਾਥ ਨਾ ਦੇਵੇ।" ਕਰਤਾਰ ਸਿੰਘ ਨੇ ਸਪੱਸ਼ਟ ਗੱਲ ਕੀਤੀ।

"ਇਹ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਦੋ ਚਾਰ ਟੁੱਕੜ ਬੋਚਾਂ ਬਿਨਾਂ ਚੌਧਰੀ ਦਾ ਕੋਈ ਸਾਥ ਨਹੀਂ ਦੇਵੇਗਾ।"

"ਬਹੁਤ ਅੱਛਾ!" ਕਰਤਾਰ ਸਿੰਘ ਨੇ ਕਿਹਾ, "ਤੁਸੀਂ ਚਲ ਕੇ ਨੌਜਵਾਨਾਂ ਨੂੰ ਤਿਆਰ ਕਰੋ ਤੇ ਮੈਂ ਕਾਹਨੂੰਆਣੇ ਦੇ ਛੰਭ ਵਿਚੋਂ ਸਿੰਘਾਂ ਦਾ ਜਥਾ ਲੈ ਕੇ ਕਲ੍ਹ ਤੁਹਾਡੇ ਪਿੰਡ ਪਹੁੰਚ ਜਾਵਾਂਗਾ।"

ਮੱਖਣ ਨੇ ਸਾਰਾ ਪ੍ਰੋਗਰਾਮ ਤਿਆਰ ਕਰ ਕੇ ਹੋਰ ਵੀ ਜ਼ਰੂਰੀ ਹਦਾਇਤਾਂ ਲਈਆਂ ਤੇ ਘੋੜੇ 'ਤੇ ਚੜ੍ਹ ਕੇ ਚਲਾ ਗਿਆ।

੧੧

"ਕੀ ਖ਼ਿਆਲ ਏ ਹੁਸੈਨਿਆ ਤੇਰਾ ? ਗ਼ਫ਼ੂਰ ਦੀ ਕੁੜੀ ਸਾਡੇ ਘਰ ਆਵੇਗੀ ਕਿ ਨਹੀਂ ?" ਚੌਧਰੀ ਨੇ ਸ਼ਰਾਬ ਦੇ ਲੋਰ ਵਿਚ ਹੁਸੈਨੇ ਨੂੰ ਬਾਂਹ ਤੋਂ ਫੜ ਕੇ ਆਪਣੇ ਨੇੜੇ ਮੰਜੇ 'ਤੇ ਬਿਠਾਂਦਿਆਂ ਪੁੱਛਿਆ।

"ਜਿਵੇਂ ਤੁਸੀਂ ਲੱਗੇ ਹੋਏ ਹੋ, ਇਸ ਤਰ੍ਹਾਂ ਨਹੀਂ ਮਿਲ ਸਕਦੀ," ਹੁਸੈਨੇ ਨੇ ਸਾਫ਼ ਕਹਿ ਦਿੱਤਾ।

"ਕਿਉਂ ?" ਬੜੇ ਧਿਆਨ ਨਾਲ ਹੁਸੈਨੇ ਦੇ ਚਿਹਰੇ ਵੱਲ ਦੇਖਦਿਆਂ ਚੌਧਰੀ ਨੇ ਪੁੱਛਿਆ।

"ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ। ਤੁਸੀਂ ਚਾਹੁੰਦੇ ਹੋ ਕਿ ਉਹ ਆਪ

ਰਿਸ਼ਤਾ ਦੇ ਦੇਣ। ਮੈਂ ਕਹਿੰਦਾ ਹਾਂ ਕਿ ਸਾਡਾ ਦੂਜੀ ਵਾਰ ਕਹਿਣਾ ਨਹੀਂ ਫੱਬਦਾ। ਲੋਕ ਆਪਣੇ ਧੰਨ ਭਾਗ ਸਮਝਦੇ ਸਨ ਜੇਕਰ ਅਸੀਂ ਉਨ੍ਹਾਂ ਦੇ ਘਰ ਵੱਲ ਫੇਰਾ ਵੀ ਪਾ ਦੇਈਏ। ਇਕ ਕੁੜੀ ਤਾਂ ਕੀ, ਦਰਜਨਾਂ ਰਿਸ਼ਤੇ ਆ ਸਕਦੇ ਹਨ, ਪਰ ਇਹ ਗ਼ਫ਼ੂਰ ਹੈ ਕਿ, ਘਰ ਰੱਜ ਕੇ ਖਾਣ ਜੋਗੇ ਦਾਣੇ ਵੀ ਨਹੀਂ ਤੇ ਸਾਡੀ ਪੇਸ਼ਕਸ਼ ਨੂੰ ਇਸ ਤਰ੍ਹਾਂ ਠੁਕਰਾ ਦੇਵੇ। ਮੇਰਾ ਆਖਾ ਮੰਨੋ ਤਾਂ ਜ਼ਬਰਦਸਤੀ ਕੁੜੀ ਚੁੱਕ ਲਿਆਓ।"

ਇਸ ਤਰ੍ਹਾਂ ਹੁਸੈਨਾ ਲਗਾਤਾਰ ਗੱਲਾਂ ਕਰਦਾ ਰਿਹਾ। ਉਸ ਨੇ ਚੌਧਰੀ ਨੂੰ ਇਸ ਗੱਲ ਦਾ ਵਿਸ਼ਵਾਸ ਕਰਾ ਦਿੱਤਾ ਕਿ ਗ਼ਫ਼ੂਰ ਤੇ ਉਹਦੀ ਜ਼ਨਾਨੀ ਹਮੀਦਾਂ ਕਦੇ ਵੀ ਆਪਣੇ ਆਪ ਨੂਰਾਂ ਦੀ ਬਾਂਹ ਨਹੀਂ ਫੜਾਉਣਗੇ, ਇਸ ਲਈ ਹੁਣ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਕਿ ਜ਼ਬਰਦਸਤੀ ਨੂਰਾਂ ਨੂੰ ਆਪਣੇ ਕਬਜ਼ੇ ਵਿਚ ਕੀਤਾ ਜਾਵੇ।

ਚੌਧਰੀ ਨੇ ਉਸੇ ਵੇਲੇ ਹੁਸੈਨੇ ਨੂੰ ਹੁਕਮ ਦਿੱਤਾ ਕਿ ਉਹ ਦੋ ਚਾਰ ਆਦਮੀਆਂ ਨੂੰ ਤਿਆਰ ਕਰੇ ਤਾਂ ਜੋ ਗ਼ਫ਼ੂਰ ਦੇ ਘਰ ਜਾ ਕੇ ਨੂਰਾਂ ਨੂੰ ਲਿਆਉਣ ਦਾ ਪ੍ਰੋਗਰਾਮ ਬਣਾਇਆ ਜਾਏ। ਨਸ਼ੇ ਵਿਚ ਚੌਧਰੀ ਦੀਆਂ ਅੱਖਾਂ ਸਾਹਮਣੇ ਨੂਰਾਂ ਦਾ ਜੋਬਨ, ਜਵਾਨੀ ਤੇ ਸੁੰਦਰਤਾ ਦੇ ਚਿਹਨ ਚੱਕਰ ਆਉਣ ਲੱਗ ਪਏ। ਭਾਵੇਂ ਅੱਗੇ ਵੀ ਚੌਧਰੀ ਦੇ ਘਰ ਤਿੰਨ ਬੇਗਮਾਂ ਸਨ, ਪਰ ਹਕੂਮਤ ਦਾ ਨਸ਼ਾ, ਪੈਸੇ ਦੀ ਖ਼ੁਮਾਰੀ, ਚੌਧਰ ਦਾ ਅਸਰ ਤੇ ਮਾੜੇ ਆਲੇ-ਦੁਆਲੇ ਨਾਲ ਅਜੇ ਵੀ ਉਹਦੀ ਜਿਨਸੀ ਹਵਸ ਨਹੀਂ ਸੀ ਮਿਟੀ, ਸਗੋਂ ਜਦੋਂ ਵੀ ਕਿਧਰੇ ਜੁਆਨ ਮੁਟਿਆਰ ਨੂੰ ਦੇਖਦਾ ਤਾਂ ਉਹਦਾ ਜੀਅ ਇਹੀ ਕਰਦਾ ਕਿ ਇਸ 'ਤੇ ਵੀ ਅਧਿਕਾਰ ਜਮਾ ਲਵੇ। ਇਹ ਉਹਨੂੰ ਪਤਾ ਸੀ ਕਿ ਵੱਡੇ ਹਾਕਮ ਵੀ ਇਸ ਬੀਮਾਰੀ ਦਾ ਸ਼ਿਕਾਰ ਹਨ। ਜਦ ਵੀ ਲਾਹੌਰ ਜਾਂ ਦਿੱਲੀ ਤੋਂ ਕੋਈ ਫ਼ੌਜੀ ਜਰਨੈਲ ਦੌਰਾ ਕਰਦਾ ਇਸ ਪਾਸੇ ਆ ਜਾਂਦਾ, ਚੌਧਰੀ ਉਹਨੂੰ ਅਜਿਹੀਆਂ ਸੁਗਾਤਾਂ ਦੇ ਕੇ ਖ਼ੁਸ਼ ਕਰ ਕੇ ਤੋਰ ਦੇਂਦਾ ਸੀ। ਇਸ ਲਈ ਉਹਨੂੰ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਦੀ ਖੁਲ੍ਹ ਮਿਲੀ ਹੋਈ ਸੀ।

ਚੌਧਰੀ ਕੁਝ ਆਦਮੀ ਨਾਲ ਲੈ ਕੇ ਗ਼ਫ਼ੂਰ ਦੇ ਘਰ ਆ ਗਿਆ। ਗ਼ਫ਼ੂਰ ਅਜੇ ਤਕ ਮੰਜੇ 'ਤੇ ਲੰਮਾ ਪਿਆ ਸੀ। ਦਰਵਾਜ਼ਾ ਖੁਲ੍ਹਾ ਹੋਣ ਕਾਰਨ ਸਾਰੇ ਦਗੜ ਦਗੜ ਕਰਦੇ ਅੰਦਰ ਲੰਘ ਗਏ ਤੇ ਸਿੱਧੇ ਵੱਡੇ ਪਸਾਰ ਵਿਚ ਪੁਜ ਗਏ ਜਿੱਥੇ ਗ਼ਫ਼ੂਰ ਪਿਆ ਅਜੇ ਵੀ ਟਕੋਰਾਂ ਕਰ ਰਿਹਾ ਸੀ।

ਚੌਧਰੀ ਦੇ ਆਉਣ ਤੋਂ ਹੀ ਉਸ ਨੇ ਅਨੁਮਾਨ ਲਾ ਲਿਆ ਕਿ ਇਹ ਨੂਰਾਂ ਬਾਰੇ ਹੁਣ ਅਖ਼ੀਰੀ ਧਮਕੀ ਦੇਣ ਤੇ ਆਪਣੇ ਜ਼ੁਲਮੀ ਸੁਭਾਅ ਅਨੁਸਾਰ ਕੁਝ ਕਾਰਾ ਕਰਨ ਲਈ ਆਇਆ ਹੈ। ਸਰ੍ਹਾਣੇ ਤੋਂ ਥੋੜ੍ਹਾ ਜਿਹਾ ਸਿਰ ਚੁੱਕ ਕੇ ਗ਼ਫ਼ੂਰ ਨੇ ਕਿਹਾ, "ਅੱਜ ਖ਼ੈਰ ਹੋਵੇ, ਚੌਧਰੀ ਹੋਰੀਂ ਕਿਵੇਂ ਆਏ ਨੇ ? ਆਓ ਬੈਠੋ।"

ਚੌਧਰੀ ਨਾਲ ਦੇ ਮੰਜੇ 'ਤੇ ਬੈਠ ਗਿਆ ਤੇ ਇਧਰ ਉਧਰ ਦੀਆਂ ਗੱਲਾਂ ਮਾਰ ਕੇ ਫਿਰ ਚੌਧਰੀ ਨੇ ਆਪਣੇ ਮਤਲਬ ਦੀ ਗੱਲ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਉਹ ਸਾਰਿਆਂ ਸਾਹਮਣੇ ਗੱਲ ਕਰਨ ਤੋਂ ਕੁਝ ਝਿਜਕ ਗਿਆ ਤੇ ਉਸ ਹੁਸੈਨੇ ਨੂੰ ਸੱਦ ਕੇ ਕੰਨ ਵਿਚ ਕੁਝ ਕਿਹਾ ਤੇ ਉਹ ਸਾਰਿਆਂ ਨੂੰ ਬਾਹਰ ਲੈ ਗਿਆ।

"ਹੂੰ, ਫਿਰ ਤੁਸੀਂ ਕੀ ਫ਼ੈਸਲਾ ਕੀਤਾ ਏ ?" ਚੌਧਰੀ ਨੇ ਹੱਥ ਵਿਚ ਫੜੀ ਇਕ ਸੋਟੀ ਨੂੰ ਦੋਹਾਂ ਹੱਥਾਂ ਵਿਚ ਘੁਮਾਂਦਿਆਂ ਪੁੱਛਿਆ।

"ਕਿਸ ਬਾਰੇ ਫ਼ੈਸਲਾ ਪੁੱਛਦੇ ਹੋ ?" ਗ਼ਫ਼ੂਰ ਨੇ ਜਾਣ ਬੁਝ ਕੇ ਸਵਾਲ ਕੀਤਾ, ਹਾਲਾਂਕਿ ਉਹਨੂੰ ਪਤਾ ਸੀ ਕਿ ਚੌਧਰੀ ਕਿਸ ਮੰਤਵ ਲਈ ਆਇਆ ਹੈ।

"ਹਮੀਦਾਂ ਨੇ ਤੈਨੂੰ ਕੁਝ ਨਹੀਂ ਦੱਸਿਆ ?" ਚੌਧਰੀ ਨੇ ਕਿਹਾ, "ਮੈਂ ਉਹਨੂੰ ਕਿਹਾ ਸੀ ਕਿ ਤੁਹਾਡਾ ਕਸੂਰ ਮਾਫ਼ ਹੋ ਜਾਏਗਾ ਜੇਕਰ ਤੁਸੀਂ ਨੂਰਾਂ ਦਾ ਰਿਸ਼ਤਾ ਮੈਨੂੰ ਦੇ ਦਿਓ।"

"ਕਸੂਰ ਕਾਹਦਾ ?" ਗ਼ਫ਼ੂਰ ਨੇ ਕਿਹਾ।

"ਸਿਖ ਨੂੰ ਘਰ ਰੱਖਣ ਦਾ," ਚੌਧਰੀ ਨੇ ਅੱਖਾਂ ਤਿਰਛੀਆਂ ਜਿਹੀਆਂ ਕਰਕੇ ਖ਼ਾਸ ਵਿਅੰਗ ਨਾਲ ਕਿਹਾ।

"ਕਸੂਰ ਮੈਂ ਕੀਤਾ ਏ ਤੇ ਸਜ਼ਾ ਨੂਰਾਂ ਭੁਗਤੇ, ਇਹ ਨਹੀਂ ਹੋ ਸਕਦਾ। ਮੈਂ ਉਹਦਾ ਜੀਵਨ ਬਰਬਾਦ ਨਹੀਂ ਕਰ ਸਕਦਾ।" ਗ਼ਫ਼ੂਰ ਨੇ ਗੁੱਸੇ ਨਾਲ ਕਿਹਾ।

"ਮੇਰੇ ਨਾਲ ਵਿਆਹ ਕਰ ਕੇ ਉਹਦਾ ਜੀਵਨ ਬਰਬਾਦ ਹੋਵੇਗਾ ਕਿ ਸੁਧਰ ਜਾਏਗਾ ? ਦੁਨੀਆਂ ਤਾਂ ਸਹਿਕਦੀ ਏ ਕਿ ਮੈਂ ਕਿਸੇ ਵੱਲ ਦੇਖਾਂ ਤਾਂ ਸਹੀ, ਪਰ ਤੁਸੀਂ ਹੋ ਕਿ ਆਕੜ ਹੀ ਮਾਣ ਨਹੀਂ ਹੁੰਦੀ।" ਚੌਧਰੀ ਨੇ ਗੁੱਸੇ ਨਾਲ ਕਿਹਾ ਤੇ ਮੰਜੇ ਤੋਂ ਉਠ ਖਲੋਤਾ।

"ਇਹਦੇ ਵਿਚ ਆਕੜ ਦਾ ਕੋਈ ਸਵਾਲ ਨਹੀਂ, ਬੱਚੀ ਦੀ ਜ਼ਿੰਦਗੀ ਦਾ ਸਵਾਲ ਏ," ਗ਼ਫ਼ੂਰ ਨੇ ਕਿਹਾ। ਵੱਡੇ ਸਰ੍ਹਾਣੇ ਦੀ ਢੋਹ ਲੈ ਕੇ ਉਹ ਉਠਿਆ ਤੇ ਫਿਰ ਕੰਧ ਨਾਲ ਢੋਹ ਲਾ ਕੇ ਬੈਠ ਗਿਆ।

"ਮੇਰੇ ਨਾਲ ਕੁੜੀ ਦਾ ਰਿਸ਼ਤਾ ਕਰਕੇ ਤੁਸੀਂ ਵੀ ਸੁਖੀ ਹੋ ਜਾਵੋਗੇ।" ਚੌਧਰੀ ਨੇ ਚੰਗੇ ਜੀਵਨ ਦਾ ਲਾਲਚ ਦੇ ਕੇ ਫਸਾਣ ਦਾ ਯਤਨ ਕੀਤਾ ਪਰ ਗ਼ਫ਼ੂਰ ਨੇ ਸਾਫ਼ ਕਹਿ ਦਿੱਤਾ, "ਚੌਧਰੀ ਜੀ, ਤੁਹਾਡੀਆਂ ਗੱਲਾਂ ਦਾ ਮੇਰੇ 'ਤੇ ਕੱਖ ਅਸਰ ਨਹੀਂ। ਸਾਡੇ ਜੀਵਨ ਨੂੰ ਤੁਸੀਂ ਅੱਗੇ ਕਿਹੜਾ ਸੁਖੀ ਰਹਿਣ ਦਿੱਤਾ ਏ। ਮੇਰਾ ਸ਼ੇਰ ਵਰਗਾ ਪੁੱਤਰ ਜ਼ੁਲਮ ਦਾ ਸ਼ਿਕਾਰ ਹੋ ਗਿਆ। ਮੈਨੂੰ ਤੁਸਾਂ ਬੇਤਰਸੀ ਨਾਲ ਮਰਵਾ ਕੇ ਨਕਾਰਾ ਕਰ ਦਿੱਤਾ ਹੈ ਤੇ ਹੁਣ ਮੇਰੀ ਜ਼ਿੰਦਗੀ ਦੀ ਟਾਹਣੀ ਦਾ ਇੱਕੋ ਇਕ ਫੁੱਲ ਨੂਰਾਂ ਵੀ ਖੋਹ ਲੈਣਾ ਚਾਹੁੰਦੇ ਹੋ। ਮੈਨੂੰ ਪਤਾ ਏ ਕਿ ਨੂਰਾਂ ਨਾ ਦੇਣ ਦੀ ਕੀ ਸਜ਼ਾ ਭੁਗਤਣੀ ਪਵੇਗੀ।

ਪਰ ਇਹ ਸਭ ਕੁਝ ਵੇਖ ਕੇ ਅਖ਼ੀਰ ਇਹ ਫ਼ੈਸਲਾ ਕੀਤਾ ਏ ਕਿ ਕੁੜੀ ਜ਼ਹਿਰ ਦੀ ਪੁੜੀ ਖਾ ਕੇ ਮਰ ਜਾਏਗੀ। ਮੈਂ ਤੇਰੇ ਗੁੱਸੇ ਦਾ ਸ਼ਿਕਾਰ ਹੋ ਜਾਵਾਂਗਾ ਪਰ ਆਪਣੀ ਹੱਥੀਂ ਧੀ ਦਾ ਡੋਲਾ ਉਸ ਨੂੰ ਨਹੀਂ ਦਿਆਂਗਾ ਜਿਸ ਦੇ ਹੱਥ ਮੇਰੇ ਜਵਾਨ ਪੁੱਤਰ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੋ ਅੱਗੇ ਕਈ ਜ਼ਿੰਦਗੀਆਂ ਬਰਬਾਦ ਕਰ ਕੇ ਹੁਣ ਇਕ ਹੋਰ ਕਲੀ ਨੂੰ ਮਿੱਧਣਾ ਚਾਹੁੰਦਾ ਏ।"

"ਮੈਂ ਫ਼ੈਸਲਾ ਕੀਤਾ ਏ ਕਿ ਨੂਰਾਂ ਹਰ ਹਾਲਤ ਵਿਚ ਮੇਰੇ ਹਰਮ ਦਾ ਸ਼ਿੰਗਾਰ ਬਣੇਗੀ ਤੇ ਮੈਂ ਵੇਖਾਂਗਾ ਕਿ ਦੁਨੀਆਂ ਦੀ ਕਿਹੜੀ ਤਾਕਤ ਮੈਨੂੰ ਆਪਣੇ ਇਰਾਦੇ ਤੋਂ ਰੋਕਦੀ ਏ।" ਚੌਧਰੀ ਨੇ ਗੁੱਸੇ ਨਾਲ ਕਮਰੇ ਵਿਚ ਕਾਹਲੀ ਕਾਹਲੀ ਇਧਰ ਉਧਰ ਕਦਮ ਪੁੱਟਦਿਆਂ ਕਿਹਾ।

"ਰੱਬ ਤੋਂ ਡਰ, ਚੌਧਰੀ, ਰੱਬ ਤੇ ਅੱਤ ਦਾ ਵੈਰ ਹੁੰਦਾ ਈ। ਦੁਨੀਆਂ ਵਿਚ ਅਜਿਹਾ ਨਾ ਕਰ ਜਿਸ ਨਾਲ ਤੈਨੂੰ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਣ।" ਗ਼ਫ਼ੂਰ ਨੇ ਤਰਲੇ ਨਾਲ ਕਿਹਾ।

"ਮੈਂ ਨਹੀਂ ਜਾਣਦਾ ਰੱਬ ਰੁੱਬ," ਚੌਧਰੀ ਨੇ ਕਿਹਾ, "ਮੈਂ ਅੱਜ ਰਾਤ ਤੋਂ ਪਹਿਲਾਂ ਪਹਿਲਾਂ ਨੂਰਾਂ ਨੂੰ ਘਰ ਲਿਜਾਣਾ ਏ ਜਾਂ ਤੁਹਾਡਾ ਸਾਰੇ ਟੱਬਰ ਦਾ ਖ਼ਾਤਮਾ ਕਰ ਦੇਣਾ ਏ।"

"ਖ਼ਤਮ ਕਰ ਕੇ ਫਿਰ ਕੀ ਲੱਭੇਗਾ ?" ਗ਼ਫ਼ੂਰ ਨੇ ਕਿਹਾ, "ਤਰਸ ਕਰ, ਚੌਧਰੀ, ਪਤਾ ਨਹੀਂ ਕਦੋਂ ਦਾ ਤੂੰ ਸਾਡੇ ਤੋਂ ਇਹ ਬਦਲਾ ਲੈਣਾ ਸੀ।"

ਚੌਧਰੀ ਤੇ ਉਹਦੇ ਬੰਦੇ ਜਦੋਂ ਦੇ ਗ਼ਫ਼ੂਰ ਦੇ ਘਰ ਆਏ ਸਨ, ਇਨ੍ਹਾਂ ਨੂੰ ਹਮੀਦਾਂ ਤੇ ਨੂਰਾਂ ਨਜ਼ਰ ਨਹੀਂ ਸਨ ਆਈਆਂ। ਫਿਰ ਵੀ ਮਨ ਦੀ ਤਸੱਲੀ ਲਈ ਸਾਰੇ ਕਮਰਿਆਂ ਵਿਚ ਚੰਗੀ ਤਰ੍ਹਾਂ ਦੇਖ ਲਿਆ ਪਰ ਦੋਵੇਂ ਉਥੇ ਨਾ ਮਿਲੀਆਂ।

"ਪੁੱਠੇ ਦਿਨ ਆਏ ਨੇ ਤੁਹਾਡੇ ਜਿਨ੍ਹਾਂ ਦੀ ਮੱਤ ਮਾਰੀ ਗਈ ਏ," ਚੌਧਰੀ ਨੇ ਕਿਹਾ ਤੇ ਹੁਸੈਨੇ ਨੂੰ ਆਵਾਜ਼ ਮਾਰੀ। ਹੁਸੈਨਾ ਜੋ ਹੁਣ ਤਕ ਗਲੀ ਵਿਚ ਖਲੋਤਾ ਸੀ, ਝੱਟ ਅੰਦਰ ਆ ਗਿਆ। ਚੌਧਰੀ ਨੇ ਉਹਨੂੰ ਕਿਹਾ, "ਗ਼ਫ਼ੂਰ ਦੇ ਮਕਾਨ 'ਤੇ ਪਹਿਰਾ ਲਾ ਦਿਓ ਤਾਕਿ ਇਹ ਕਿਧਰੇ ਭੱਜ ਨਾ ਜਾਏ। ਪਤਾ ਕਰੋ ਹਮੀਦਾਂ ਤੇ ਨੂਰਾਂ ਕਿੱਥੇ ਨੇ। ਉਨ੍ਹਾਂ ਨੂੰ ਪਕੜ ਲਓ ਤੇ ਮੇਰੇ ਸਾਹਮਣੇ ਹਵੇਲੀ ਵਿਚ ਲਿਆ ਕੇ ਪੇਸ਼ ਕਰੋ।"

ਚੌਧਰੀ ਗ਼ਫ਼ੂਰ ਦੇ ਘਰ ਵਿਚ ਪਹਿਰਾ ਲਾ ਕੇ ਬਾਹਰ ਨਿਕਲਿਆ। ਉਹਨੂੰ ਸ਼ੱਕ ਪੈ ਗਿਆ ਕਿ ਹੋ ਸਕਦਾ ਏ ਕਿ ਕਲ੍ਹ ਦੀਆਂ ਉਹ ਦੋਵੇਂ ਕਿਧਰੇ ਬਾਹਰ ਚਲੀਆਂ ਗਈਆਂ ਹੋਣ, ਇਸ ਲਈ ਉਹ ਝੱਟ ਪਿਛੇ ਮੁੜਿਆ ਤੇ ਗ਼ਫ਼ੂਰ ਨੂੰ ਪੁੱਛਿਆ, "ਕਿੱਥੇ ਨੇ ਹਮੀਦਾਂ ਤੇ ਨੂਰਾਂ ?"

"ਮੈਨੂੰ ਕੀ ਪਤਾ?" ਗ਼ਫ਼ੂਰ ਨੇ ਕਿਹਾ।

"ਮੈਨੂੰ ਕੀ ਪਤਾ ਦਾ ਪੁੱਤਰ, ਦੱਸ ਨਹੀਂ ਤਾਂ ਹੁਣੇ ਅਸੀਂ ਦੂਜੀ ਤਰ੍ਹਾਂ ਵੀ ਪੁੱਛ ਲਵਾਂਗੇ," ਚੌਧਰੀ ਨੇ ਗੁੱਸੇ ਵਿਚ ਕਿਹਾ।

"ਤੁਸੀਂ ਪਹਿਲਾਂ ਦੂਜੀ ਤਰ੍ਹਾਂ ਪੁੱਛ ਲਓ, ਫਿਰ ਹੀ ਮੈਂ ਕੁਝ ਦੱਸਾਂਗਾ," ਗ਼ਫ਼ੂਰ ਨੇ ਹੁਣ ਨਿਝਕ ਹੋ ਕੇ ਕਿਹਾ। ਉਹਨੂੰ ਪਤਾ ਸੀ ਕਿ ਚੌਧਰੀ ਆਪਣਾ ਕਾਰਾ ਕਰਨ ਤੋਂ ਨਹੀਂ ਟਲੇਗਾ, ਉਹ ਮਰਨ ਲਈ ਤਿਆਰ ਸੀ। ਇਸ ਲਈ ਚੌਧਰੀ ਦਾ ਕੋਈ ਡਰਾਵਾ, ਉਸ 'ਤੇ ਅਸਰ ਨਹੀਂ ਸੀ ਰੱਖਦਾ।

ਮੱਖਣ ਨੇ ਕਰਤਾਰ ਸਿੰਘ ਕੋਲੋਂ ਆ ਕੇ ਪਿੰਡ ਦੇ ਸਾਰੇ ਨਵੇਂ ਖ਼ਿਆਲਾਂ ਵਾਲੇ ਗਭਰੂਆਂ ਨੂੰ ਇਕੱਠਾ ਕਰ ਕੇ ਇਸ ਗੱਲ ਲਈ ਤਿਆਰ ਕਰ ਲਿਆ ਸੀ ਕਿ ਚੌਧਰੀ ਨਾਲ ਦੋ ਹੱਥ ਕਰ ਕੇ ਇਹਦੇ ਅੱਤਿਆਚਾਰਾਂ ਤੋਂ ਪਿੰਡ ਨੂੰ ਛੁਟਕਾਰਾ ਦਿਵਾਇਆ ਜਾਏ। ਜਦ ਗ਼ਫ਼ੂਰ ਦੇ ਘਰ ਨੂੰ ਚੌਧਰੀ ਦੇ ਆਦਮੀਆਂ ਨੇ ਆ ਕੇ ਘੇਰ ਲਿਆ, ਉਸੇ ਸਮੇਂ ਮੱਖਣ ਨੂੰ ਇਤਲਾਹ ਮਿਲ ਗਈ ਸੀ ਪਰ ਉਹ ਉਡੀਕ ਰਿਹਾ ਸੀ ਕਿ ਜੇ ਕਰਤਾਰ ਸਿੰਘ ਵੀ ਜਥਾ ਲੈ ਕੇ ਆ ਜਾਏ ਤਾਂ ਇਕੋ ਵਾਰ ਹਮਲਾ ਕੀਤਾ ਜਾਏ। ਜਦ ਚੰਗਾ ਢੱਟ ਉਡੀਕਣ 'ਤੇ ਵੀ ਸਿੰਘਾਂ ਦਾ ਜਥਾ ਨਾ ਪੁੱਜਾ ਤਾਂ ਮੱਖਣ ਨੇ ਆਪਣੇ ਸਾਥੀਆਂ ਨਾਲ ਸਲਾਹ ਕਰ ਕੇ ਹੁਣੇ ਪਹੁੰਚਣ ਦਾ ਪ੍ਰੋਗਰਾਮ ਬਣਾਇਆ।

ਚੌਧਰੀ ਗ਼ਫ਼ੂਰ ਦੇ ਘਰੋਂ ਬਾਹਰ ਨਿਕਲਿਆ ਤੇ ਗਲੀ ਦੇ ਮੋੜ 'ਤੇ ਜਦ ਪੁੱਜਾ ਤਾਂ ਅੱਗੋਂ ਹਮੀਦਾਂ ਤੇ ਨੂਰਾਂ ਆਉਂਦੀਆਂ ਮਿਲ ਗਈਆਂ। ਇਹ ਦੋਵੇਂ ਖੇਤਾਂ ਵਿਚ ਗਈਆਂ ਹੋਈਆਂ ਸਨ। ਜਿਸ ਦਿਨ ਦੀਆਂ ਗ਼ਫ਼ੂਰ ਨੂੰ ਸੱਟਾਂ ਵੱਜੀਆਂ ਸਨ ਉਸ ਦਿਨ ਤੋਂ ਇਨ੍ਹਾਂ ਨੂੰ ਹੀ ਖੇਤਾਂ ਵਿਚ ਜਾਣਾ ਪੈਂਦਾ। ਫ਼ਸਲ ਦੀ ਦੇਖ-ਭਾਲ ਕਰਨੀ ਪੈਂਦੀ ਤੇ ਡੰਗਰਾਂ ਨੂੰ ਪੱਠੇ ਲਿਆ ਕੇ ਪਾਣੇ ਪੈਂਦੇ। ਗ਼ਫ਼ੂਰ ਨੇ ਕਈ ਵਾਰ ਹਮੀਦਾਂ ਨੂੰ ਟੋਕਿਆ ਕਿ ਉਹ ਨੂਰਾਂ ਨੂੰ ਨਾਲ ਨਾ ਲਿਜਾਵੇ ਕਿਉਂਕਿ ਚੌਧਰੀ ਦੀ ਨਜ਼ਰ ਠੀਕ ਨਹੀਂ ਪਰ ਨੂਰਾਂ ਆਪ ਹੀ ਜ਼ਿਦ ਕਰ ਕੇ ਮਾਂ ਦੇ ਨਾਲ ਟੁਰ ਪੈਂਦੀ ਸੀ।

ਗਲੀ ਦੇ ਮੋੜ 'ਤੇ ਹੀ ਚੌਧਰੀ ਨੇ ਉਸਨੂੰ ਰੋਕ ਲਿਆ। ਹਮੀਦਾਂ ਨੂੰ ਸੰਬੋਧਨ ਕਰ ਕੇ ਉਸਨੇ ਕਿਹਾ, "ਕਿਉਂ ਭਈ, ਤੁਸੀਂ ਮੇਰੀ ਗੱਲ ਦਾ ਉੱਤਰ ਨਹੀਂ ਦਿੱਤਾ, ਕੀ ਸਲਾਹ ਏ ਤੁਹਾਡੀ? ਗ਼ਫ਼ੂਰ ਨੂੰ ਮੈਂ ਮਿਲ ਆਇਆ ਹਾਂ ਪਰ ਉਹਦਾ ਤਾਂ ਮੈਨੂੰ ਦਿਮਾਗ਼ ਖ਼ਰਾਬ ਹੋ ਗਿਆ ਜਾਪਦਾ ਏ।"

"ਚੌਧਰੀ ਜੀ ਤੁਸੀਂ ਵੀ ਅਨਹੋਣੀਆਂ ਗੱਲਾਂ ਕਰਦੇ ਹੋ। ਅਸੀਂ ਗ਼ਰੀਬ ਤੁਹਾਡੇ ਤਕ ਪਹੁੰਚਣ ਯੋਗ ਨਹੀਂ ਇਸ ਲਈ ਇਹ ਕਿਵੇਂ ਮੰਨੀਏ।" ਹਮੀਦਾਂ ਨੇ ਕਿਹਾ।

"ਇਹ ਚੰਨ ਮੇਰੇ ਤਕ ਪਹੁੰਚਣ ਯੋਗ ਨਹੀਂ?" ਚੌਧਰੀ ਨੇ ਨੂਰਾਂ ਵੱਲ ਇਸ਼ਾਰਾ

ਕਰ ਕੇ ਆਪਣੇ ਵਲੋਂ ਉਹਦੀ ਸੁੰਦਰਤਾ ਦੀ ਸ਼ਲਾਘਾ ਕਰਦਿਆਂ ਕਿਹਾ ਪਰ ਨੂਰਾਂ ਨੂੰ ਇਨ੍ਹਾਂ ਸ਼ਬਦਾਂ 'ਤੇ ਬੜਾ ਗੁੱਸਾ ਆਇਆ। ਨੂਰਾਂ ਗੁੱਸੇ ਵਿਚ ਆਈ, ਆਮ ਕਰ ਕੇ ਆਪਣੇ ਆਪ ਉੱਤੇ ਕਾਬੂ ਨਹੀਂ ਸੀ ਰੱਖ ਸਕਦੀ ਤੇ ਨਾ ਹੀ ਕਿਸੇ ਗੱਲ ਦੇ ਸਿੱਟੇ ਵੱਲ ਬਹੁਤਾ ਧਿਆਨ ਦਿੱਤਾ ਕਰਦੀ ਸੀ। ਉਹ ਝਟ ਬੋਲ ਪਈ, "ਸ਼ਰਮ ਕਰ ਚੌਧਰੀ! ਤੇਰੇ ਘਰ ਧੀ ਭੈਣ ਨਹੀਂ, ਉਹਨੂੰ ਜਾ ਕੇ ਗੱਲਾਂ ਸੁਣਾ।"

ਜੇ ਕੋਈ ਹੋਰ ਇਸ ਤਰ੍ਹਾਂ ਦਾ ਕੋਰਾ ਉੱਤਰ ਚੌਧਰੀ ਨੂੰ ਦੇਂਦਾ ਤਾਂ ਉਹਨੇ ਹੱਡੀ ਪਸਲੀ ਇਕ ਨਹੀਂ ਸੀ ਛੱਡਣੀ ਪਰ ਹੁਣ ਨੂਰਾਂ ਦੇ ਕਹੇ ਸ਼ਬਦ ਉਹਨੇ ਮਿੱਠੇ ਸ਼ਰਬਤ ਵਾਂਗ ਪੀ ਲਏ। ਹਮੀਦਾਂ ਨੂੰ ਵੀ ਇਸ ਗੱਲ 'ਤੇ ਬੜਾ ਵੱਟ ਲੱਗਾ ਪਰ ਉਹ ਸਿਆਣੀ ਸੀ ਤੇ ਮਾਮਲਾ ਟਾਲਣਾ ਚਾਹੁੰਦੀ ਸੀ। ਇਸ ਲਈ ਕਿਹਾ, "ਮੈਂ ਸ਼ਾਮ ਨੂੰ ਤੁਹਾਡੇ ਘਰ ਆਵਾਂਗੀ ਤੇ ਫਿਰ ਗੱਲ ਕਰਾਂਗੀ। ਹੁਣ ਗਲੀ ਵਿਚ ਗੱਲ ਕਰਨੀ ਠੀਕ ਨਹੀਂ।"

ਚੌਧਰੀ ਜਾਣ ਗਿਆ ਸੀ ਕਿ ਇਨ੍ਹਾਂ ਕਿਸੇ ਦੀ ਮੱਤ 'ਤੇ ਨੂਰਾਂ ਦੀ ਬਾਂਹ ਹੱਥ ਨਹੀਂ ਫੜਾਣੀ। ਉਹ ਗ਼ਫ਼ੂਰ ਨੂੰ ਬਥੇਰੀਆਂ ਮੱਤਾਂ ਦੇ ਆਇਆ ਸੀ ਪਰ ਉਹਦਾ ਕੋਈ ਅਸਰ ਨਹੀਂ ਸੀ ਹੋਇਆ। ਗ਼ਫ਼ੂਰ ਬੜੀ ਦ੍ਰਿੜ੍ਹਤਾ ਨਾਲ ਇਸ ਗੱਲ ਲਈ ਡਟਿਆ ਹੋਇਆ ਸੀ ਕਿ ਭਾਵੇਂ ਕੁਝ ਹੋ ਜਾਵੇ, ਭਾਵੇਂ ਸਾਰਾ ਘਰ ਬਰਬਾਦ ਹੋ ਜਾਏ ਪਰ ਕੁੜੀ ਦੀ ਬਾਂਹ ਕਿਸੇ ਹਾਲਤ ਵਿਚ ਵੀ ਚੌਧਰੀ ਨੂੰ ਨਹੀਂ ਫੜਾਈ ਜਾ ਸਕਦੀ।

ਚੌਧਰੀ ਨੇ ਅੱਗੇ ਵਧ ਕੇ ਨੂਰਾਂ ਨੂੰ ਬਾਂਹ ਤੋਂ ਫੜ ਲਿਆ। ਨੂਰਾਂ ਜਵਾਨ ਸੀ ਤੇ ਗੁੱਸੇ ਤੇ ਜੋਸ਼ ਨਾਲ ਜ਼ੋਰ ਮਾਰ ਕੇ ਚੌਧਰੀ ਦੇ ਹੱਥੋਂ ਨਿਕਲ ਗਈ। ਹਮੀਦਾਂ ਲਈ ਹੁਣ ਸਹਾਰਨਾ ਔਖਾ ਹੋ ਗਿਆ ਤੇ ਉਸ ਕਿਹਾ, "ਕੁਝ ਸ਼ਰਮ ਕਰ, ਚੌਧਰੀ, ਇਹ ਤੇਰੀਆਂ ਧੀਆਂ ਵਰਗੀ ਏ।" ਨੂਰਾਂ ਨੇ ਜਦ ਪਿੱਛੇ ਮੁੜ ਕੇ ਦੇਖਿਆ ਤਾਂ ਚੌਧਰੀ ਦੇ ਦੋ ਆਦਮੀ ਡਾਂਗਾਂ ਲਈ ਖੜੇ ਸਨ ਜਿਨ੍ਹਾਂ ਤੋਂ ਬਚ ਕੇ ਉਹ ਨਹੀਂ ਨਿਕਲ ਸਕਦੀ ਸੀ। ਨੂਰਾਂ ਨੇ ਇਕ ਦਮ ਰੌਲਾ ਪਾ ਦਿੱਤਾ। ਉਹਨੂੰ ਪਤਾ ਸੀ ਕਿ ਪਿੰਡ ਦੇ ਲੋਕੀ, ਜੇ ਇਕੱਠੇ ਹੋ ਗਏ ਤਾਂ ਚੌਧਰੀ ਫਿਰ ਜ਼ਬਰਦਸਤੀ ਚੁੱਕ ਕੇ ਨਹੀਂ ਲਿਜਾ ਸਕੇਗਾ।

ਪਿੰਡ ਵਿਚ ਝੱਟ ਹੀ ਰੌਲਾ ਪੈ ਗਿਆ ਕਿ ਚੌਧਰੀ ਨੇ ਗ਼ਫ਼ੂਰ ਦੀ ਕੁੜੀ ਨੂੰ ਗਲੀ ਵਿਚ ਬਾਹੋਂ ਫੜ ਕੇ ਜ਼ਬਰਦਸਤੀ ਖਿੱਚਣ ਦਾ ਯਤਨ ਕੀਤਾ ਹੈ। ਮੱਖਣ ਦੀ ਟੋਲੀ ਲਈ ਹੁਣ ਹੋਰ ਉਡੀਕਣਾ ਔਖਾ ਹੋ ਗਿਆ ਤੇ ਉਹ ਝੱਟ ਸਾਥੀਆਂ ਸਮੇਤ ਭੱਜਾ ਭੱਜਾ ਗ਼ਫ਼ੂਰ ਦੇ ਘਰ ਵੱਲ ਆਇਆ। ਦੂਜੇ ਸਾਥੀਆਂ ਤੋਂ ਤੇਜ਼ ਤੁਰਨ ਕਾਰਨ ਉਹ ਅੱਗੇ ਅੱਗੇ ਆ ਗਿਆ। ਅਜੇ ਚੌਧਰੀ ਗਲੀ ਦੇ ਮੋੜ 'ਤੇ ਖਲੋਤਾ ਹੱਸ ਰਿਹਾ ਸੀ। ਆਉਂਦਿਆਂ ਹੀ ਮੱਖਣ ਨੇ ਕਿਹਾ, "ਕੀ ਗੁੰਡਾਗਰਦੀ ਹੋ ਰਹੀ ਏ ਪਿੰਡ ਵਿਚ! ਇਹ ਪਿੰਡ ਦੀ ਵਾੜ ਏ ਜੋ ਪਿੰਡ ਨੂੰ ਖਾਣ ਲੱਗ ਪਈ ਏ!"

"ਬਕਵਾਸ ਨਾ ਕਰ ਓਏ ਵੱਡਿਆ ਭਲੇ ਮਾਣਸਾ," ਚੌਧਰੀ ਨੇ ਗੁੱਸੇ ਨਾਲ ਕਿਹਾ। ਪਿੰਡ ਵਿਚ ਚੌਧਰੀ ਵਿਰੁੱਧ ਗੁੱਸਾ ਤਾਂ ਭਾਵੇਂ ਬਹੁਤ ਫ਼ੈਲ ਗਿਆ ਪਰ ਕਿਸੇ ਦਾ ਹੌਸਲਾ ਨਹੀਂ ਸੀ ਕਿ ਉਹਦੇ ਸਾਹਮਣੇ ਕੋਈ ਗੱਲ ਕਰੇ। ਮੱਖਣ ਵਿਰੁੱਧ ਚੌਧਰੀ ਨੂੰ ਇਹੀ ਵੱਡੀ ਸ਼ਿਕਾਇਤ ਸੀ ਕਿ ਇਹ ਮੂੰਹ 'ਤੇ ਗੱਲ ਕਰਨ ਤੋਂ ਨਹੀਂ ਸੀ ਝਿਜਕਦਾ।

"ਸ਼ਰਮ ਨਹੀਂ ਆਉਂਦੀ ਤੈਨੂੰ ਪਿੰਡ ਦੀ ਧੀ ਭੈਣ 'ਤੇ ਹੱਥ ਚੁਕਦਿਆਂ ?" ਮੱਖਣ ਨੇ ਅੱਖਾਂ ਲਾਲ ਕਰ ਕੇ ਉਸੇ ਤਰ੍ਹਾਂ ਕਿਹਾ, ਜਿਵੇਂ ਚੌਧਰੀ ਆਮ ਕਰਕੇ ਕਿਸੇ ਕਸੂਰਵਾਰ ਨੂੰ ਆਪ ਕਿਹਾ ਕਰਦਾ ਸੀ।

"ਫੜ ਲਓ ਇਹਨੂੰ, ਮਾਰ ਮਾਰ ਕੇ ਦੂੰਬਾ ਬਣਾ ਦਿਓ," ਚੌਧਰੀ ਨੇ ਆਪਣੇ ਪਿੱਛੇ ਖੜੇ ਦੋ ਆਦਮੀਆਂ ਨੂੰ ਕਿਹਾ।

"ਖ਼ਬਰਦਾਰ ਜੇ ਕਿਸੇ ਕਦਮ ਪੁੱਟਿਆ! ਆਓ ਮੁੰਡਿਓ, ਫੜ ਲਓ ਇਸਨੂੰ।" ਮੱਖਣ ਨੇ ਆਪਣੀ ਟੋਲੀ ਨੂੰ ਲਲਕਾਰਿਆ ਤੇ ਝੱਟ ਹੀ ਪਿੱਛੇ ਖਲੋਤੇ ਮੁੰਡਿਆਂ ਨੇ ਘੇਰਾ ਪਾ ਲਿਆ। ਪਿੰਡ ਦੇ ਗਭਰੂ ਮੁੰਡੇ ਜਦ ਇਕੱਠੇ ਡਾਂਗਾਂ ਲੈ ਕੇ ਇਕ ਥਾਂ ਖੜੇ ਹੋ ਜਾਣ ਤਾਂ ਕਿਸ ਦੀ ਮਜਾਲ ਹੁੰਦੀ ਏ ਉਨ੍ਹਾਂ ਸਾਹਮਣੇ ਆਉਣ ਦੀ।

ਚੌਧਰੀ ਦੇ ਇਕ ਆਦਮੀ ਨੇ ਮੱਖਣ ਨੂੰ ਜ਼ੋਰ ਨਾਲ ਡਾਂਗ ਮਾਰੀ ਪਰ ਮੱਖਣ ਨੇ ਝੱਟ ਹੀ ਆਪਣੀ ਡਾਂਗ ਅੱਗੇ ਕਰ ਕੇ ਉਹਦਾ ਵਾਰ ਰੋਕ ਲਿਆ। ਇਤਨੇ ਵਿਚ ਡਾਂਗਾਂ ਦਾ ਮੀਂਹ ਵੱਸਣ ਲੱਗ ਪਿਆ ਤੇ ਉਹ ਦੋਵੇਂ ਬੰਦੇ ਧਰਤੀ 'ਤੇ ਨਿਸਲ ਕਰ ਦਿੱਤੇ ਗਏ। ਚੌਧਰੀ ਨੂੰ ਡਾਂਗ ਤਾਂ ਕੋਈ ਨਾ ਲੱਗੀ ਪਰ ਉਹ ਉਂਜ ਹੀ ਖਲੋਤਾ ਕੰਬਣ ਲੱਗ ਪਿਆ। ਜਿਨ੍ਹਾਂ ਦੋ ਤਿੰਨ ਆਦਮੀਆਂ ਨੂੰ ਉਹ ਗ਼ਫ਼ੂਰ ਦੇ ਘਰ ਛੱਡ ਆਇਆ ਸੀ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਚੌਧਰੀ ਨੂੰ ਫੜ ਕੇ ਕੁੱਟਿਆ ਜਾ ਰਿਹਾ ਹੈ ਤਾਂ ਉਹ ਕੋਠੇ ਟੱਪ ਕੇ ਪਿਛਲੇ ਪਾਸਿਓਂ ਹੀ ਭੱਜ ਗਏ।

ਇਤਨੇ ਵਿਚ ਘੋੜਿਆਂ ਦੇ ਭੱਜਦੇ ਆਉਣ ਦੀ ਆਵਾਜ਼ ਆਈ ਤਾਂ ਸਾਰਿਆਂ ਨੇ ਇਹੀ ਸਮਝਿਆ ਕਿ ਸ਼ਾਹੀ ਫ਼ੌਜ ਆ ਗਈ ਹੈ ਪਰ ਜਦ ਸਾਹਮਣੇ ਆਏ ਤਾਂ ਇਹ ਸਿੰਘਾਂ ਦਾ ਜਥਾ ਸੀ। ਇਨ੍ਹਾਂ ਦੇ ਅੱਗੇ ਅੱਗੇ ਕਰਤਾਰ ਸਿੰਘ ਇਕ ਬੜੇ ਸੋਹਣੇ ਕੱਦ ਵਾਲੇ ਘੋੜੇ 'ਤੇ ਸਵਾਰ ਸੀ। ਉਸਦੇ ਇਕ ਹੱਥ ਵਿਚ ਬਰਛਾ ਸੀ ਤੇ ਬਗਲ ਵਿਚ ਇਕ ਪਾਸੇ ਵੱਡੀ ਕਿਰਪਾਨ ਗਾਤਰੇ ਵਿਚ ਸੀ ਤੇ ਦੂਜੇ ਪਾਸੇ ਪਿਛਲੇ ਪਾਸੇ ਬੰਦੂਕ ਸੀ, ਬਾਕੀਆਂ ਕੋਲ ਬਰਛੇ ਤੇ ਕਿਰਪਾਨਾਂ ਹੀ ਸਨ। ਇਕ ਦਰਜਨ ਦੇ ਲਗਪਗ ਸਿੰਘਾਂ ਦਾ ਇਹ ਜਥਾ ਚੌਧਰੀ ਦੇ ਨੇੜੇ ਆ ਕੇ ਖੜਾ ਹੋ ਗਿਆ। ਬੜੇ ਓਪਰੇ ਜਿਹੇ ਹੋ ਕੇ ਸਰਦਾਰ ਕਰਤਾਰ ਸਿੰਘ ਨੇ ਪੁੱਛਿਆ, "ਕੀ ਗੱਲ ਏ, ਪਿੰਡ ਦੇ ਲੋਕੀ ਡਾਂਗਾਂ ਚੁੱਕੀ ਕਿਉਂ ਜੁੜੇ ਹੋਏ ਹਨ ?"

"ਹਜ਼ੂਰ!" ਮੱਖਣ ਨੇ ਹੱਥ ਜੋੜ ਕੇ ਕਿਹਾ, "ਇਹ ਸਾਡੇ ਪਿੰਡ ਦੇ ਚੌਧਰੀ ਸਾਹਿਬ ਹਨ, ਤੇ ਇਨ੍ਹਾਂ ਪਿੰਡ ਦੀ ਇਕ ਮੁਟਿਆਰ ਨੂੰ ਹੱਥ ਪਾਉਣ ਦਾ ਯਤਨ ਕੀਤਾ ਏ।"

"ਹੈਂ, ਇਹ ਚੌਧਰੀ ਏ ਕਿ ਚੰਡਾਲ ?" ਸਰਦਾਰ ਕਰਤਾਰ ਸਿੰਘ ਨੇ ਚੌਧਰੀ ਵੱਲ ਦੇਖਦਿਆਂ ਕਿਹਾ।

ਚੌਧਰੀ ਸ਼ਰਮ ਦੇ ਮਾਰੇ ਪਾਣੀ ਪਾਣੀ ਹੋ ਗਿਆ। ਕਰਤਾਰ ਸਿੰਘ ਨੇ ਉਹਦੇ ਵੱਲ ਟੱਕ ਬੰਨ੍ਹ ਕੇ ਦੇਖਿਆ ਪਰ ਉਹਦੇ ਵਿਚ ਹੌਸਲਾ ਨਾ ਪਿਆ ਕਿ ਉਹ ਅੱਖਾਂ ਉੱਚੀਆਂ ਕਰ ਕੇ ਕਰਤਾਰ ਸਿੰਘ ਵੱਲ ਦੇਖ ਵੀ ਸਕੇ। ਕਰਤਾਰ ਸਿੰਘ ਨੇ ਕਿਹਾ, "ਫਿਰ ਹੁਣ ਕੀ ਕਰ ਰਹੇ ਹੋ ?"

"ਤੁਸੀਂ ਦੱਸੋ, ਕੀ ਕੀਤਾ ਜਾਏ ?" ਮੱਖਣ ਨੇ ਬੜੇ ਗੰਭੀਰ ਜਿਹੇ ਹੋ ਕੇ ਕਿਹਾ।

"ਪਿੰਡ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਨਾ ਜਾਨਣ ਵਾਲੇ ਦਾ ਮੂੰਹ ਕਾਲਾ ਕਰਕੇ ਗਲੀਆਂ ਵਿਚ ਫੇਰਿਆ ਜਾਏ। ਇਹਦੇ ਗਲ ਵਿਚ ਜੁੱਤੀਆਂ ਦਾ ਹਾਰ ਪਾ ਕੇ ਖੋਤੇ 'ਤੇ ਚਾੜ੍ਹਿਆ ਜਾਏ।" ਸਰਦਾਰ ਕਰਤਾਰ ਸਿੰਘ ਨੇ ਹੁਕਮ ਦਿੱਤਾ। ਕਰਤਾਰ ਸਿੰਘ ਦਾ ਆਪਣਾ ਵਿਚਾਰ ਸੀ ਕਿ ਭਾਵੇਂ ਕਿਤਨਾ ਵੀ ਤਕੜਾ ਹਾਕਮ ਕਿਉਂ ਨਾ ਹੋਵੇ, ਜਦ ਇਕ ਵਾਰ ਇਸ ਤਰ੍ਹਾਂ ਜ਼ਲੀਲ ਹੋ ਜਾਏ ਤੇ ਉਹਦਾ ਜਲੂਸ ਨਿਕਲ ਜਾਏ ਤਾਂ ਫਿਰ ਉਹ ਲੋਕਾਂ 'ਤੇ ਰੋਹਬ ਪਾਣ ਜੋਗਾ ਨਹੀਂ ਰਹਿੰਦਾ।

"ਤੁਸੀਂ ਇੱਥੇ ਖਲੋਤੀਆਂ ਕੀ ਕਰ ਰਹੀਆਂ ਹੋ ?" ਹਮੀਦਾਂ ਤੇ ਨੂਰਾਂ ਨੂੰ ਦੇਖ ਕੇ ਕਰਤਾਰ ਸਿੰਘ ਨੇ ਕਿਹਾ। ਹਮੀਦਾਂ ਤੇ ਨੂਰਾਂ ਝਟ-ਪਟ ਘਰ ਨੂੰ ਚਲੀਆਂ ਗਈਆਂ। ਅਸਲ ਵਿਚ ਹਮੀਦਾਂ ਪਛਾਨਣ ਦਾ ਯਤਨ ਕਰ ਰਹੀ ਸੀ ਕਿ ਇਹ ਸਿਖ ਤਾਂ ਉਹੀ ਏ, ਜੋ ਜ਼ਖ਼ਮੀ ਹਾਲਤ ਵਿਚ ਉਨ੍ਹਾਂ ਦੇ ਘਰ ਰਿਹਾ ਸੀ ਪਰ ਇਸ ਤੋਂ ਪਹਿਲਾਂ ਕਿ ਉਹ ਪਛਾਣ ਕੇ ਬੁਲਾਂਦੀ, ਕਰਤਾਰ ਸਿੰਘ ਨੇ ਉਨ੍ਹਾਂ ਨੂੰ ਘਰ ਚਲੇ ਜਾਣ ਲਈ ਕਹਿ ਦਿੱਤਾ। ਫਿਰ ਪਿੰਡ ਦੇ ਲੋਕਾਂ ਨੂੰ ਸੰਬੋਧਨ ਕਰ ਕੇ ਉਸ ਕਿਹਾ, "ਖ਼ਾਲਸੇ ਨੇ ਫ਼ੈਸਲਾ ਕੀਤਾ ਏ ਕਿ ਅਜਿਹੇ ਸਾਰੇ ਹਾਕਮਾਂ ਦਾ ਨਾਸ਼ ਕਰ ਦਿੱਤਾ ਜਾਏ ਜੋ ਲੋਕਾਂ ਨੂੰ ਦੁਖੀ ਕਰਦੇ ਹਨ। ਲੋਕਾਂ ਦੀ ਇੱਜ਼ਤ ਲੁਟਦੇ ਹਨ ਤੇ ਉਨ੍ਹਾਂ ਦਾ ਲਹੂ ਪੀਂਦੇ ਹਨ। ਤੁਸੀ ਸਾਨੂੰ ਮਿਲਵਰਤਣ ਦਿਓ ਤੇ ਅਸੀਂ ਤੁਹਾਡੇ ਜੀਵਨ ਵਿਚ ਬੜੀ ਵੱਡੀ ਤਬਦੀਲੀ ਲਿਆ ਸਕਦੇ ਹਾਂ। ਸਿੱਖਾਂ ਬਾਰੇ ਬੜੀਆਂ ਗਲਤ ਅਫ਼ਵਾਹਾਂ ਸਰਕਾਰ ਤੇ ਉਹਦੇ ਝੋਲੀ-ਚੁਕ ਫੈਲਾਂਦੇ ਹਨ ਪਰ ਅਸਲ ਵਿਚ ਤੁਸੀਂ ਸਾਡੇ ਵਰਤਾਓ ਤੋਂ ਹੀ ਅਨੁਮਾਨ ਲਾਉਗੇ ਕਿ ਸਿਖ ਕਿਸ ਤਰ੍ਹਾਂ ਦੇ ਹਨ। ਉਨ੍ਹਾਂ ਪਿੰਡਾਂ ਦੇ ਜਾਨ ਮਾਲ ਦੀ ਰਾਖੀ ਦੀ ਜ਼ੁੰਮੇਵਾਰੀ ਲਵਾਂਗੇ ਜੋ ਸਰਕਾਰ ਦੀ ਥਾਂ ਖ਼ਾਲਸੇ ਦੇ ਕਹਿਣ ਅਨੁਸਾਰ ਚੱਲਣਗੇ।" "ਅੱਛਾ ਨੌਜਵਾਨ," ਕਰਤਾਰ ਸਿੰਘ ਨੇ ਮੱਖਣ ਨੂੰ ਸੰਬੋਧਨ ਕਰਕੇ ਕਿਹਾ, "ਇਸ ਚੌਧਰੀ ਦਾ ਪਿੰਡ ਵਿਚ ਜਲੂਸ ਕੱਢੋ ਤੇ ਫਿਰ ਪਿੰਡ

ਦੇ ਬਾਹਰ ਮੈਦਾਨ ਵਿਚ ਲੈ ਆਓ, ਮੈਂ ਪਿੰਡ ਬਾਰੇ ਕੁਝ ਨਵੇਂ ਫ਼ੈਸਲੇ ਲੋਕਾਂ ਨਾਲ ਸਲਾਹ ਕਰ ਕੇ ਕਰਨੇ ਚਾਹੁੰਦਾ ਹਾਂ।"

ਇਹ ਕਹਿ ਕੇ ਸਰਦਾਰ ਕਰਤਾਰ ਸਿੰਘ ਨੇ ਕੁਝ ਸਿੰਘਾਂ ਨੂੰ ਮੱਖਣ ਦੇ ਨਾਲ ਚੌਧਰੀ ਦਾ ਜਲੂਸ ਕੱਢਣ ਲਈ ਟੋਰ ਦਿੱਤਾ ਤੇ ਆਪ ਗ਼ਫ਼ੂਰ ਦੇ ਘਰ ਚਲਾ ਗਿਆ।

੧੨

ਗ਼ਫ਼ੂਰ ਬੜੇ ਫ਼ਿਕਰਾਂ ਵਿਚ ਮੰਜੇ 'ਤੇ ਪਿਆ ਇਹ ਸੋਚ ਰਿਹਾ ਸੀ ਕਿ ਪਿੰਡ ਦੇ ਚੌਧਰੀ ਨਾਲ ਟੱਕਰ ਹੁਣ ਸਿਖਰ 'ਤੇ ਪੁੱਜ ਗਈ ਏ। ਇਸ ਨੇ ਪਹਿਲਾਂ ਮੇਰਾ ਪੁੱਤਰ ਮਾਰਿਆ ਤੇ ਹੁਣ ਇਹ ਮੈਨੂੰ ਵੀ ਮਾਰ ਦੇਵੇਗਾ। ਪਰ ਆਪਣੇ ਮਰਨ ਨਾਲੋਂ ਵੀ ਉਹਨੂੰ ਵਧੇਰੇ ਹਮੀਦਾਂ ਤੇ ਨੂਰਾਂ ਦੇ ਭਵਿੱਖਤ ਦਾ ਖ਼ਿਆਲ ਸੀ। ਉਸ ਸੋਚਿਆ ਕਿ ਜੇ ਨੂਰਾਂ ਦਾ ਵਿਆਹ ਕਰ ਦਿੱਤਾ ਹੁੰਦਾ ਤਾਂ ਅੱਜ ਵਧੇਰੇ ਫ਼ਿਕਰ ਵਾਲੀ ਕੋਈ ਗੱਲ ਨਾ ਹੁੰਦੀ। ਭਾਵੇਂ ਚੌਧਰੀ ਦੀਆਂ ਧਮਕੀਆਂ ਨੇ ਉਹਨੂੰ ਬੜਾ ਚਿੰਤਾਤੁਰ ਕੀਤਾ ਹੋਇਆ ਸੀ ਪਰ ਉਹਦਾ ਦਿਲ ਅਜੇ ਵੀ ਇਤਨਾ ਮਜ਼ਬੂਤ ਸੀ ਕਿ ਉਹ ਕਿਸੇ ਕੀਮਤ 'ਤੇ ਵੀ ਚੌਧਰੀ ਅੱਗੇ ਝੁਕਣ ਲਈ ਤਿਆਰ ਨਹੀਂ ਸੀ।

ਹਮੀਦਾਂ ਤੇ ਨੂਰਾਂ ਬੜੀਆਂ ਡਰੀਆਂ ਤੇ ਸਹਿਮੀਆਂ ਹੋਈਆਂ ਕਾਹਲੀ ਕਾਹਲੀ ਕਦਮ ਪੁੱਟਦੀਆਂ ਘਰ ਆਈਆਂ। ਉਨ੍ਹਾਂ ਗ਼ਫ਼ੂਰ ਨੂੰ ਦੱਸਿਆ ਕਿ ਮਾਮਲਾ ਬਹੁਤ ਹੀ ਵਿਗੜ ਗਿਆ ਹੈ। ਗ਼ਫ਼ੂਰ ਨੇ ਪੁੱਛਿਆ, "ਕਿਉਂ ਕੀ ਹੋ ਗਿਆ ਏ?"

"ਅਸੀਂ ਖੇਤਾਂ 'ਚੋਂ ਆ ਰਹੀਆਂ ਸਾਂ ਕਿ ਗਲੀ ਦੇ ਮੋੜ 'ਤੇ ਚੌਧਰੀ ਮਿਲ ਗਿਆ। ਇਉਂ ਜਾਪਦਾ ਸੀ ਕਿ ਉਹ ਘਰੋਂ ਹੋ ਕੇ ਗਿਆ ਏ।" ਹਮੀਦਾਂ ਨੇ ਕਿਹਾ।

"ਆਹੋ, ਆਇਆ ਸੀ ਤੇ ਧਮਕੀਆਂ ਦੇ ਕੇ ਚਲਾ ਗਿਆ ਏ," ਗ਼ਫ਼ੂਰ ਨੇ ਉਹਦੀ ਗੱਲ ਵਿਚੋਂ ਟੋਕ ਕੇ ਕਿਹਾ, "ਹਾਂ, ਫਿਰ ਕੀ ਹੋਇਆ ਏ?"

"ਉਸ ਨੇ ਸਾਡਾ ਰਾਹ ਰੋਕ ਲਿਆ ਤੇ ਜ਼ਬਰਦਸਤੀ ਨੂਰਾਂ ਨੂੰ ਹੱਥ ਪਾਣ ਦਾ ਯਤਨ ਕੀਤਾ, ਪਰ ਝਟ ਹੀ ਉਤੋਂ ਮੱਖਣ ਕੁਝ ਬੰਦੇ ਲੈ ਕੇ ਆ ਗਿਆ ਤੇ ਉਹਨਾਂ ਆਉਂਦਿਆਂ ਚੌਧਰੀ ਨੂੰ ਕੁਟ ਕੱਢਿਆ। ਉਤੋਂ ਝਟ ਹੀ ਉਹੀ ਸਿਖ ਆ ਗਿਆ ਜਿਸ ਨੂੰ ਫਟੜ ਹਾਲਤ ਵਿਚ ਤੁਸੀਂ ਲਿਆਂਦਾ ਸੀ। ਉਹਨੇ ਕਿਹਾ ਏ ਕਿ ਚੌਧਰੀ ਦਾ ਮੂੰਹ

ਕਾਲਾ ਕਰਕੇ ਪਿੰਡ ਵਿਚ ਜਲੂਸ ਕੱਢਿਆ ਜਾਏ।" ਹਮੀਦਾਂ ਨੇ ਇਸ ਤਰ੍ਹਾਂ ਸਾਰੀ ਕਹਾਣੀ ਦੱਸੀ।

"ਫਿਰ ਜਲੂਸ ਕੱਢਿਆ ਗਿਆ ਏ ਕਿ ਨਹੀਂ?" ਗਫ਼ੂਰ ਨੇ ਪੁੱਛਿਆ।

"ਸਾਨੂੰ ਤਾਂ ਪਤਾ ਨਹੀਂ ਕਿਉਂਕਿ ਸਿਖ ਨੇ ਇਸ਼ਾਰਾ ਕਰ ਕੇ ਸਾਨੂੰ ਘਰ ਜਾਣ ਲਈ ਕਿਹਾ ਤੇ ਅਸੀਂ ਚਲੀਆਂ ਆਈਆਂ ਹਾਂ।"

"ਬਹੁਤ ਅੱਛਾ!" ਗ਼ਫ਼ੂਰ ਖ਼ੁਸ਼ੀ ਨਾਲ ਬੋਲਿਆ, "ਅੱਜ ਮੇਰੇ ਕਲੇਜੇ ਠੰਢ ਪਈ। ਇਹ ਚੌਧਰੀ ਵੀ ਆਫ਼ਰਿਆ ਫਿਰਦਾ ਸੀ। ਅੱਜ ਪਤਾ ਲਗੇਗਾ ਕਿ ਕੀ ਭਾ ਵਿਕਦੀ ਏ। ਇਸ ਨਾਲ ਸਾਰੇ ਪਿੰਡ ਨੂੰ ਹੀ ਬੜੀ ਖ਼ੁਸ਼ੀ ਹੋਵੇਗੀ। ਲੋਕ ਇਹਨਾਂ ਸਿੱਖਾਂ ਦੇ ਸਿਰਾਂ ਨੂੰ ਅਸੀਸਾਂ ਦੇਣਗੇ। ਇਸਲਾਮ ਦਾ ਨਾਂ ਲੈ ਕੇ ਲੋਕਾਂ ਨੂੰ ਬੁੱਧੂ ਬਣਾਉਣ ਦੇ ਯਤਨ ਕਰਨ ਵਾਲਿਆਂ ਨੂੰ ਪਤਾ ਲਗੇਗਾ ਕਿ ਸਿਖ ਜਿਨ੍ਹਾਂ ਨੂੰ ਉਹ 'ਕਾਫ਼ਰ ਕਾਫ਼ਰ' ਕਹਿ ਕੇ ਭੰਡਦੇ ਫਿਰਦੇ ਨੇ, ਉਹ ਹੀ ਲੋਕਾਂ ਨੂੰ ਚੰਬੜਦੀਆਂ ਜੋਕਾਂ ਨੂੰ ਕਾਬੂ ਕਰ ਸਕਦੇ ਨੇ।"

ਬਾਹਰਲੇ ਦਰਵਾਜ਼ੇ ਦਾ ਕੁੰਡਾ ਖੜਕਿਆ ਤੇ ਜਦ ਨੂਰਾਂ ਨੇ ਮੰਜੇ ਦੀ ਪੁਆਂਦੀ ਵਲੋਂ ਝਾਕ ਕੇ ਦੇਖਿਆ ਤਾਂ ਬਾਹਰ ਸਿਖ ਖੜਾ ਸੀ। ਉਸ ਹਮੀਦਾਂ ਨੂੰ ਕਿਹਾ, "ਮਾਂ, ਬਾਹਰ ਉਹੀ ਸਿਖ ਏ।"

"ਬੁਲਾਉ ਅੰਦਰ, ਝਟ ਪਟ ਬੁਲਾਉ," ਗ਼ਫ਼ੂਰ ਨੇ ਕਿਹਾ ਤੇ ਫਿਰ ਆਪ ਹੀ ਆਵਾਜ਼ ਦੇ ਦਿੱਤੀ, "ਆਓ, ਲੰਘ ਆਓ।"

ਕਰਤਾਰ ਸਿੰਘ ਨੇ ਆਪਣੇ ਬਾਕੀ ਸਾਥੀਆਂ ਨੂੰ ਬਾਹਰ ਹੀ ਖੜਾਂ ਰਹਿਣ ਦਿੱਤਾ ਤੇ ਆਪ ਅੰਦਰ ਲੰਘ ਗਿਆ। ਹਮੀਦਾਂ, ਨੂਰਾਂ ਤੇ ਗ਼ਫ਼ੂਰ ਨੇ ਮੁਸਕਰਾਂਦਿਆਂ ਬੜੇ ਚਾਅ ਨਾਲ ਉਹਦਾ ਸੁਆਗਤ ਕੀਤਾ। ਗ਼ਫ਼ੂਰ ਮੰਜੇ 'ਤੇ ਇਕ ਪਾਸੇ ਸਰਕਿਆ ਤੇ ਕਰਤਾਰ ਸਿੰਘ ਨੂੰ ਆਪਣੇ ਨੇੜੇ ਬੈਠਣ ਦਾ ਇਸ਼ਾਰਾ ਕਰ ਕੇ ਉਸ ਕਿਹਾ, "ਲਿਆ ਕੁੜੀਏ ਪਹਿਲਾਂ ਦੁੱਧ ਗਰਮ ਕਰ ਕੇ ਝਟ-ਪਟ।"

"ਨਹੀਂ, ਦੁਧ ਦੀ ਇਸ ਵੇਲੇ ਲੋੜ ਨਹੀਂ। ਮੇਰੇ ਨਾਲ ਹੋਰ ਵੀ ਸਿੰਘ ਨੇ ਤੇ ਅਸੀਂ ਛੇਤੀ ਚਲੇ ਜਾਣਾ ਏ।"

"ਕਿਉਂ ਚਲੇ ਜਾਣਾ ਏ। ਅਸੀਂ ਨਹੀਂ ਜਾਣ ਦੇਣਾ," ਨੂਰਾਂ ਨੇ ਕਰਤਾਰ ਸਿੰਘ ਵਲ ਪਿਆਰ-ਤਕਣੀ ਨਾਲ ਦੇਖਦਿਆਂ ਕਿਹਾ।

"ਨਹੀਂ, ਸਾਡਾ ਇਥੇ ਅਟਕਣਾ ਠੀਕ ਨਹੀਂ। ਮੈਂ ਤਾਂ ਸਿਰਫ਼ ਧੰਨਵਾਦ ਕਰਨ ਆਇਆ ਹਾਂ। ਤੁਸੀਂ ਮੇਰੀ ਬੜੀ ਮਦਦ ਕੀਤੀ ਏ ਤੇ ਮੇਰੇ ਪਿਛੇ ਕਸ਼ਟ ਝੱਲੇ ਹਨ।" ਕਰਤਾਰ ਸਿੰਘ ਨੇ ਦੋਵੇਂ ਹੱਥ ਜੋੜ ਕੇ ਧੰਨਵਾਦ ਕਰਦਿਆਂ ਉਕਤ ਸ਼ਬਦ ਕਹੇ।

"ਨਹੀਂ, ਅਸੀਂ ਕੋਈ ਅਜਿਹਾ ਅਹਿਸਾਨ ਜਤਲਾਣ ਵਾਲਾ ਕੰਮ ਨਹੀਂ ਕੀਤਾ।

ਇਕ ਮਨੁੱਖ ਦੇ ਨਾਤੇ ਸਾਡਾ ਇਹ ਫ਼ਰਜ਼ ਸੀ। ਸਗੋਂ ਇਹ ਅਹਿਸਾਨ ਤੁਸੀਂ ਪਿੰਡ 'ਤੇ ਕਰ ਚਲੇ ਹੋ ਜਿਹੜਾ ਚੌਧਰੀ ਦੀ ਆਕੜ ਭੰਨਣ ਲਈ ਉਹਦਾ ਮੂੰਹ ਕਾਲਾ ਕਰਾ ਕੇ ਜਲੂਸ ਕਢ ਚੱਲੇ ਹੋ।" ਗ਼ਫ਼ੂਰ ਨੇ ਕਿਹਾ।

"ਅਜਿਹੇ ਭੈੜੇ ਆਦਮੀ ਨੂੰ ਤੁਹਾਡਾ ਪਿੰਡ ਬਰਦਾਸ਼ਤ ਕਿਵੇਂ ਕਰਦਾ ਰਿਹਾ ਏ?" ਕਰਤਾਰ ਸਿੰਘ ਨੇ ਗ਼ਫ਼ੂਰ ਤੋਂ ਪੁੱਛਿਆ।

"ਅਸਲ ਗੱਲ ਇਹ ਹੈ ਕਿ ਪਿੰਡ ਮਹਿਸੂਸ ਤਾਂ ਕਰਦਾ ਸੀ ਪਰ ਚੌਧਰੀ ਅੱਗੇ ਬੋਲੇ ਕਿਹੜਾ? ਮੱਖਣ ਨੇ ਜੇ ਸਿਰ ਚੁਕਿਆ ਤਾਂ ਉਹਦੇ ਵੈਰ ਪੈ ਗਿਆ। ਜੇ ਮੈਂ ਬੋਲਿਆ ਤਾਂ ਮੇਰੇ ਨਾਲ ਵੈਰ ਪਾ ਲਿਆ। ਤੁਹਾਨੂੰ ਪਤਾ ਨਹੀਂ ਇਸ ਚੌਧਰੀ ਨੇ ਮੇਰਾ ਜਵਾਨ ਪੁੱਤਰ ਮਰਵਾ ਦਿੱਤਾ ਸੀ।" ਅਕਬਰ ਦੀ ਯਾਦ ਆਉਂਦਿਆਂ ਹੀ ਗ਼ਫ਼ੂਰ ਦੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਚਿਹਰਾ ਗ਼ਮਗੀਨ ਹੋ ਗਿਆ।

"ਮੁਕਾ ਦੇਈਏ ਇਹਦਾ ਯੱਭ?" ਕਰਤਾਰ ਸਿੰਘ ਨੇ ਮਨ ਵਿਚ ਕੁਝ ਸੋਚ ਕੇ ਪੁੱਛਿਆ।

"ਇਹ ਤਾਂ ਪਿੰਡ ਦੀ ਬੰਦ ਖ਼ਲਾਸੀ ਕਰਾ ਦਿਓਗੇ ਜੇਕਰ ਇਹ ਕੰਮ ਕਰ ਦਿਓ। ਨਹੀਂ ਤਾਂ ਤੁਹਾਡੇ ਜਾਣ ਪਿਛੋਂ ਉਹਨੇ ਕਿਸੇ ਨੂੰ ਨਹੀਂ ਜੇ ਛੱਡਣਾ। ਖ਼ਾਸ ਕਰਕੇ ਉਹ ਸਾਡੇ ਤਾਂ ਬਹੁਤ ਹੀ ਵੈਰ ਪਿਆ ਹੋਇਆ ਏ। ਹੁਣੇ ਹੋਰ ਹੀ ਪੁਆੜਾ ਪਾਣਾ ਚਾਹੁੰਦਾ ਸੀ।"

"ਤੁਸੀਂ ਫ਼ਿਕਰ ਨਾ ਕਰੋ, ਮੈਂ ਇਹਦਾ ਪੂਰਾ ਪੂਰਾ ਪ੍ਰਬੰਧ ਕਰ ਦਿਆਂਗਾ," ਕਰਤਾਰ ਸਿੰਘ ਨੇ ਕਿਹਾ ਤੇ ਫਿਰ ਨੂਰਾਂ ਨੂੰ ਸੰਬੋਧਨ ਕਰ ਕੇ ਕਿਹਾ, "ਜ਼ਰਾ ਬਾਹਰ ਖੜੇ ਆਦਮੀਆਂ ਨੂੰ ਡਿਉਢੀ ਵਿਚ ਦੋ ਮੰਜੇ ਡਾਹ ਕੇ ਬਿਠਾ ਦਿਓ।"

ਨੂਰਾਂ ਉਸੇ ਵੇਲੇ ਬਾਹਰ ਚਲੀ ਗਈ। ਗ਼ਫ਼ੂਰ ਨੇ ਕਿਹਾ, "ਤੁਸੀਂ ਨਾਲਦਿਆਂ ਨੂੰ ਬਾਹਰ ਕਿਉਂ ਛੱਡ ਆਏ ਹੋ? ਉਹਨਾਂ ਨੂੰ ਅੰਦਰ ਲਈ ਆਉਣਾ ਸੀ।"

"ਕੋਈ ਗੱਲ ਨਹੀਂ," ਕਰਤਾਰ ਸਿੰਘ ਨੇ ਗੱਲ ਛਹਿ ਕੇ ਫਿਰ ਪੁੱਛਿਆ, "ਅੱਛਾ ਇਹ ਦੱਸੋ ਕਿ ਪਿੰਡ ਵਿਚ ਚੌਧਰੀ ਦੀ ਮਦਦ ਕਰਨ ਵਾਲੇ ਕਿਹੜੇ ਕਿਹੜੇ ਆਦਮੀ ਨੇ?"

"ਜਿਥੋਂ ਤਕ ਮੇਰਾ ਖ਼ਿਆਲ ਏ ਪਿੰਡ ਵਿਚ ਉਹਦੀ ਮਦਦ ਕਰਨ ਵਾਲਾ ਕੋਈ ਨਹੀਂ। ਕੇਵਲ ਦੋ ਚਾਰ ਟੁਕੜਬੋਚ ਨੇ ਜਿਨ੍ਹਾਂ ਨੂੰ ਉਸ ਕੇਵਲ ਇਸ ਲਈ ਰੱਖਿਆ ਹੋਇਆ ਹੈ ਤਾਕਿ ਹਰ ਸ਼ਰੀਫ਼ ਆਦਮੀ ਦੀ ਪੱਗ ਲਾਹ ਸਕੇ ਤੇ ਲੋਕਾਂ 'ਤੇ ਰੋਹਬ ਪਾ ਸਕੇ। ਮੇਰਾ ਖ਼ਿਆਲ ਏ ਕਿ ਉਹ ਵੀ ਉਹਦਾ ਸਾਥ ਛੱਡ ਦੇਣਗੇ। ਜਦੋਂ ਉਹਦੀ ਚੌਧਰ ਖੁੱਸ ਗਈ।"

"ਮੱਖਣ ਕਿਸ ਤਰ੍ਹਾਂ ਦਾ ਨੌਜਵਾਨ ਏ?" ਕਰਤਾਰ ਸਿੰਘ ਨੇ ਕੁਝ ਸੋਚ ਕੇ

ਪੁੱਛਿਆ।

"ਮੁੰਡਾ ਬੜਾ ਸਿਆਣਾ ਤੇ ਦਲੇਰ ਏ। ਪਹਿਲਾਂ ਤਾਂ ਕੋਈ ਚੌਧਰੀ ਅੱਗੇ 'ਵਾਜ਼ ਨਹੀਂ ਸੀ ਕੱਢਦਾ। ਮੇਰੇ ਪਿਛੋਂ ਨਵੀਂ ਪੀੜ੍ਹੀ ਦਾ ਇਹੀ ਇਕ ਜਵਾਨ ਸੀ ਜਿਸਨੇ ਹਰ ਧੱਕੇ ਤੇ ਵਧੀਕੀ ਵਿਰੁੱਧ ਆਵਾਜ਼ ਉਠਾਈ। ਅੱਜ ਪਿੰਡ ਵਿਚ ਕਈ ਜਵਾਨਾਂ ਨੂੰ ਉਸ ਪਿੱਛੇ ਲਾ ਲਿਆ ਏ। ਉਂਝ ਵੀ ਪਿੰਡ ਦੇ ਲੋਕੀਂ ਉਹਦਾ ਬੜਾ ਸਤਿਕਾਰ ਕਰਦੇ ਹਨ।"

"ਚੰਗਾ ਮੈਂ ਚਲਦਾ ਹਾਂ," ਗੱਲਬਾਤ ਖ਼ਤਮ ਕਰਦਿਆਂ ਕਰਤਾਰ ਸਿੰਘ ਨੇ ਕਿਹਾ।

"ਕਿਉਂ, ਇਤਨੀ ਕਾਹਦੀ ਕਾਹਲੀ ਏ ?" ਗ਼ਫ਼ੂਰ ਨੇ ਪਿਆਰ ਨਾਲ ਕਿਹਾ ਤੇ ਕਰਤਾਰ ਸਿੰਘ ਦੇ ਹੱਥ ਨੂੰ ਘੁਟ ਕੇ ਫੜ ਲਿਆ।

"ਹੋਰ ਕਾਹਲੀ ਤਾਂ ਕੋਈ ਨਹੀਂ, ਉਹ ਚੌਧਰੀ ਦਾ ਜਲੂਸ ਕੱਢ ਕੇ ਮੈਨੂੰ ਉਡੀਕਦੇ ਹੋਣਗੇ। ਮੈਂ ਉਹਨਾਂ ਨੂੰ ਪਿੰਡ ਦੇ ਵੱਡੇ ਤੇ ਵਿਚਕਾਰਲੇ ਚੌਕ ਵਿਚ ਇਕੱਠੇ ਹੋਣ ਲਈ ਕਹਿ ਆਇਆ ਸਾਂ। ਆਓ ਖਾਂ, ਉਥੇ ਚਲੀਏ।" ਕਰਤਾਰ ਸਿੰਘ ਨੇ ਕਿਹਾ।

"ਉਥੇ ਚੱਲਣ ਤੋਂ ਇਨਕਾਰ ਤਾਂ ਕੋਈ ਨਹੀਂ। ਮੈਂ ਡੰਗੋਰੀ ਦੇ ਆਸਰੇ ਚਲ ਸਕਦਾ ਹਾਂ ਪਰ ਮੇਰੇ ਜਾਣ ਨਾਲ ਚੌਧਰੀ ਹੋਰ ਵਧੇਰੇ ਖਿਝ ਜਾਏਗਾ।" ਗ਼ਫ਼ੂਰ ਨੇ ਕਹਿ ਦਿੱਤਾ ਪਰ ਉਹਦਾ ਦਿਲ ਕਰਦਾ ਸੀ ਕਿ ਉਹ ਆਪਣੀਆਂ ਅੱਖਾਂ ਨਾਲ ਚੌਧਰੀ ਦਾ ਮੂੰਹ ਕਾਲਾ ਤੇ ਖੋਤੇ 'ਤੇ ਚੜ੍ਹਿਆ ਦੇਖੇ। ਇਸ ਲਈ ਉਹ ਉਠ ਖਲੋਤਾ।

"ਤੁਸੀਂ ਕਿਧਰ ਚਲੇ ਹੋ ?" ਹਮੀਦਾਂ ਨੇ ਕਿਹਾ।

"ਮੇਰਾ ਜੀ ਕਰਦਾ ਏ ਇਕ ਵਾਰ ਚੌਧਰੀ ਦਾ ਹਾਲ ਆਪ ਵੇਖ ਲਵਾਂ," ਗ਼ਫ਼ੂਰ ਨੇ ਕਿਹਾ।

"ਨਹੀਂ, ਤੁਸੀਂ ਨਾ ਜਾਓ। ਅਗੇ ਹੀ ਉਹ ਸਾਡੇ ਬੜਾ ਪੇਸ਼ ਪਿਆ ਹੋਇਆ ਏ ਤੇ ਤੁਹਾਨੂੰ ਇਹਨਾਂ ਨਾਲ ਵੇਖ ਕੇ ਸੜ ਬਲ ਜਾਏਗਾ। ਉਸ ਫਿਰ ਇਹੀ ਕਹਿਣਾ ਏ ਕਿ ਤੁਸੀਂ ਸਿੱਖਾਂ ਨੂੰ ਚਾੜ੍ਹ ਕੇ ਲਿਆਂਦਾ ਏ। ਇਸ ਲਈ ਤੁਹਾਨੂੰ ਨਹੀਂ ਜਾਣਾ ਚਾਹੀਦਾ।"

"ਤੁਸੀਂ ਇੰਨਾ ਕਿਉਂ ਡਰਦੇ ਹੋ ਚੌਧਰੀ ਤੋਂ ? ਉਹਨੂੰ ਅਸੀਂ ਪੁੱਛਣ ਜੋਗਾ ਛੱਡਣਾ ਈ ਨਹੀਂ। ਚਲੋ ਜੀ ਤੁਸੀਂ।" ਕਰਤਾਰ ਸਿੰਘ ਨੇ ਕਿਹਾ।

"ਮੈਂ ਚਲਦਾ ਹਾਂ ਤੁਹਾਡੇ ਨਾਲ ਹੀ," ਗ਼ਫ਼ੂਰ ਨੇ ਕਿਹਾ। ਉਹਨੂੰ ਇਹ ਖ਼ਿਆਲ ਸੀ ਕਿ ਕਰਤਾਰ ਸਿੰਘ ਨਾਲ ਜਾਣ ਕਰਕੇ ਪਿੰਡ ਵਿਚ ਇਹ ਚਰਚਾ ਹੋ ਜਾਏਗੀ ਕਿ ਸਿਖ ਇਹਦੀ ਮਦਦ 'ਤੇ ਆ ਸਕਦੇ ਹਨ ਤੇ ਹੁਣ ਵੀ ਚੌਧਰੀ ਤੋਂ ਬਦਲਾ ਲੈਣ ਵਾਲਾ ਇਹੀ ਹੈ।

ਕਰਤਾਰ ਸਿੰਘ ਨੇ ਬਾਹਰ ਆ ਕੇ ਇਕ ਸਿੰਘ ਨੂੰ ਇਸ਼ਾਰਾ ਕੀਤਾ ਤੇ ਉਸ ਘੋੜਾ ਘਰ ਦੀ ਥੜ੍ਹੀ ਦੇ ਨੇੜੇ ਲਿਆ ਕੇ ਗ਼ਫ਼ੂਰ ਨੂੰ ਉਤੇ ਬਿਠਾ ਲਿਆ ਤੇ ਪਿੰਡ ਦੇ ਵੱਡੇ

ਚੌਕ ਵੱਲ ਟੁਰ ਪਏ। ਪਿੰਡ ਦੇ ਲੋਕੀਂ ਧੜਾ ਧੜ ਚੌਕ ਵਿਚ ਜੁੜ ਰਹੇ ਸਨ, ਪਿੰਡ ਵਿਚ ਮਨਾਦੀ ਕਰਾ ਦਿੱਤੀ ਗਈ ਕਿ ਹਰ ਆਦਮੀ ਦਾ ਪੁੱਜਣਾ ਜ਼ਰੂਰੀ ਹੈ। ਜ਼ਨਾਨੀਆਂ ਘਰਾਂ ਤੋਂ ਬਾਹਰ ਨਾ ਨਿਕਲੀਆਂ। ਬਹੁਤਿਆਂ ਨੇ ਡਰ ਨਾਲ ਅੰਦਰੋਂ ਕੁੰਡੇ ਮਾਰ ਲਏ। ਕੁਝ ਚੌਕ ਦੇ ਆਸੇ ਪਾਸੇ ਦੇ ਮਕਾਨਾਂ ਦੇ ਉੱਚੇ ਬਨੇਰਿਆਂ ਦੇ ਉਹਲੇ ਹੋ ਗਈਆਂ।

ਕਰਤਾਰ ਸਿੰਘ ਦੇ ਚੌਕ ਵਿਚ ਪੁਜਦਿਆਂ ਲੋਕ ਇਕ ਪਾਸੇ ਹਟ ਗਏ ਤੇ ਕਰਤਾਰ ਸਿੰਘ ਸਿੱਧਾ ਉਥੇ ਪਹੁੰਚ ਗਿਆ ਜਿਥੇ ਚੌਧਰੀ ਖੋਤੇ 'ਤੇ ਚੜ੍ਹਿਆ ਖਲੋਤਾ ਸੀ ਤੇ ਆਸ ਪਾਸ ਸਿਖ ਸਵਾਰਾਂ ਦਾ ਪਹਿਰਾ ਸੀ। ਲੋਕ ਖੜੇ ਗੱਲਾਂ ਕਰ ਰਹੇ ਸਨ। ਇਕ ਨੇ ਕਿਹਾ, "ਚੰਗਾ ਹੋਇਆ ਏ ਇਸ ਵੀ ਅੱਤ ਚੁਕੀ ਹੋਈ ਸੀ।" ਦੂਜੇ ਨੇ ਕਿਹਾ, "ਹੁਣ ਪੱਕਾ ਹੀ ਮਗਰੋਂ ਲਹਿ ਜਾਏ ਤਾਂ ਚੰਗਾ ਏ, ਨਹੀਂ ਤਾਂ ਇਸ ਤੁਹਾਨੂੰ ਸਾਰਿਆਂ ਨੂੰ ਪਿੰਜਣਾ ਏ।" ਤੀਜੇ ਨੇ ਕਿਹਾ, "ਪੱਕਾ ਮਗਰੋਂ ਲਹਿ ਜਾਏ ਤਾਂ ਚੰਗਾ ਏ। ਮੈਨੂੰ ਵੀ ਸਤਾਇਆ ਹੋਇਆ ਸੂ, ਖਾਣ ਜੋਗੇ ਦਾਣੇ ਨਹੀਂ ਆਏ ਤੇ ਇਹ ਵੱਡੀਆਂ ਉਗਰਾਹੀਆਂ ਕਰਨ ਤੁਰ ਪੈਂਦੇ ਆ।" ਇਸ ਤਰ੍ਹਾਂ ਚੌਕ ਵਿਚ ਖੜੇ ਲੋਕ ਉਹਨਾਂ ਨਾਲ ਗੱਲਾਂ ਕਰਦੇ ਰਹੇ ਜੋ ਉਹਨਾਂ ਨੂੰ ਆਪਣੇ ਖ਼ਿਆਲਾਂ ਦੇ ਜਾਪਦੇ ਸਨ। ਜਿਸ 'ਤੇ ਵੀ ਚੌਧਰੀ ਦਾ ਹਾਮੀ ਹੋਣ ਦਾ ਸ਼ੱਕ ਪੈਂਦਾ ਹੁੰਦਾ ਸੀ ਉਸ ਨਾਲ ਕੋਈ ਅਜਿਹੀ ਗੱਲ ਨਹੀਂ ਸੀ ਕਰਦਾ। ਕਰਤਾਰ ਸਿੰਘ ਜਦ ਭੀੜ ਵਿਚੋਂ ਲੰਘ ਰਿਹਾ ਸੀ ਤਾਂ ਉਹਦਾ ਖ਼ਿਆਲ ਵੀ ਇਹੀ ਜਾਣਨ ਵੱਲ ਸੀ ਕਿ ਲੋਕਾਂ ਦੀ ਇਸ ਬਾਰੇ ਕੀ ਰਾਏ ਹੈ। ਭਾਵੇਂ ਗ਼ਫ਼ੂਰ ਤੋਂ ਉਸਨੇ ਸਾਰੀ ਅਵਸਥਾ ਸਮਝ ਲਈ ਸੀ ਪਰ ਫਿਰ ਵੀ ਲੋਕਾਂ ਤੋਂ ਹੋਰ ਵਿਚਾਰ ਸੁਣ ਕੇ ਉਹਨੂੰ ਨਿਸਚਾ ਹੋ ਗਿਆ ਕਿ ਚੌਧਰੀ ਨਾ ਕੇਵਲ ਸਿੱਖਾਂ ਦਾ ਹੀ ਵੈਰੀ ਏ ਸਗੋਂ ਲੋਕ-ਦੁਸ਼ਮਣ ਵੀ ਏ। ਸਾਰਾ ਪਿੰਡ ਭਾਵੇਂ ਪਰਗਟ ਨਹੀਂ ਕਰਦਾ ਪਰ ਇਹਦੀ ਇਸ ਹਾਲਤ 'ਤੇ ਖ਼ੁਸ਼ ਹੈ।

ਕਰਤਾਰ ਸਿੰਘ ਚੌਕ ਵਿਚ ਪਏ ਇਕ ਗੱਡੇ 'ਤੇ ਚੜ੍ਹ ਗਿਆ ਤੇ ਲੋਕਾਂ ਨੂੰ ਸੰਬੋਧਨ ਕਰ ਕੇ ਕਿਹਾ, "ਤੁਸੀਂ ਹੈਰਾਨ ਹੋਵੋਗੇ ਕਿ ਤੁਹਾਡੇ ਪਿੰਡ ਦੇ ਚੌਧਰੀ ਦੀ ਅੱਜ ਇਹ ਹਾਲਤ ਕਿਉਂ ਏ? ਇਸ ਨੇ ਆਪਣਾ ਫ਼ਰਜ਼ ਭੁਲ ਕੇ ਜੋ ਕਰਤੂਤਾਂ ਕੀਤੀਆਂ ਹਨ ਉਹਨਾਂ ਕਾਰਨ ਅੱਜ ਇਹ ਹਸ਼ਰ ਹੋ ਰਿਹਾ ਹੈ। ਹਾਕਮ ਇਸ ਲਈ ਲਾਏ ਜਾਂਦੇ ਹਨ ਕਿ ਉਹ ਲੋਕਾਂ ਦੇ ਦੁਖ ਸੁਖ ਦਾ ਖ਼ਿਆਲ ਰੱਖਣ, ਲੋਕਾਂ ਦੇ ਹੱਕਾਂ ਦੀ ਰਾਖੀ ਕਰਨ। ਜੇ ਹਾਕਮ ਹੀ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ 'ਤੇ ਹੱਥ ਪਾਉਣ, ਜੇ ਹਾਕਮ ਹੀ ਲੋਕਾਂ ਦਾ ਲਹੂ ਪੀਣ ਤੇ ਮੁਸੀਬਤ ਦਾ ਕਾਰਨ ਬਣ ਜਾਣ ਤਾਂ ਅਜਿਹੇ ਹਾਕਮਾਂ ਨੂੰ ਝਟ ਵੀ ਨਹੀਂ ਰਹਿਣ ਦੇਣਾ ਚਾਹੀਦਾ। ਸਾਨੂੰ ਇਤਲਾਹ ਮਿਲੀ ਏ ਕਿ ਇਸ ਚੌਧਰੀ ਨੇ ਵੀ ਅੱਤ ਚੁਕੀ ਹੋਈ ਏ ਤੇ ਲੋਕਾਂ ਦੀ ਇੱਜ਼ਤ ਨੂੰ ਹੱਥ ਪਾਣ ਲੱਗ ਪਿਆ ਏ। ਅੱਜ

ਇਸ ਨੇ ਜੋ ਕਰਤੂਤ ਕੀਤੀ ਏ ਉਹ ਮੈਂ ਤੁਹਾਡੇ ਸਾਹਮਣੇ ਦੁਹਰਾਣਾ ਨਹੀਂ ਚਾਹੁੰਦਾ, ਇਸ ਲਈ ਇਸ ਨੂੰ ਸਜ਼ਾ ਦੇਣ ਤੋਂ ਪਹਿਲਾਂ ਲੋਕਾਂ ਨੂੰ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ।"

ਕਰਤਾਰ ਸਿੰਘ ਪੰਜ ਮਿੰਟ ਚੁਪ ਖਲੋਤਾ ਰਿਹਾ, ਪਰ ਕੋਈ ਨਾ ਬੋਲਿਆ। ਕਈ ਆਦਮੀਆਂ ਨੇ ਆਪਸ ਵਿਚ ਹੀ ਕੰਨਾਂ ਵਿਚ ਕੁਝ ਗੱਲਾਂ ਕੀਤੀਆਂ, ਪਰ ਲੋਕਾਂ ਸਾਹਮਣੇ ਆ ਕੇ ਕਿਸੇ ਨੂੰ ਕੁਝ ਕਹਿਣ ਦਾ ਹੌਸਲਾ ਨਾ ਪਿਆ। ਕਰਤਾਰ ਸਿੰਘ ਨੇ ਚਾਰ ਚੁਫ਼ੇਰੇ ਨਜ਼ਰ ਮਾਰ ਕੇ ਲੋਕਾਂ ਦੇ ਚਿਹਰੇ ਪੜ੍ਹਨ ਦਾ ਯਤਨ ਕੀਤਾ। ਕੁਝ ਆਦਮੀਆਂ ਦੇ ਚਿਹਰਿਆਂ ਤੋਂ ਉਸ ਨੇ ਅਨੁਮਾਨ ਲਾਇਆ ਕਿ ਉਹ ਕੁਝ ਕਹਿਣਾ ਚਾਹੁੰਦੇ ਹਨ, ਪਰ ਚੌਧਰੀ ਦੀ ਜੁੰਡਲੀ ਦਾ ਉਹਨਾਂ 'ਤੇ ਅਜਿਹਾ ਡਰ ਛਾਇਆ ਹੋਇਆ ਹੈ ਕਿ ਉਹ ਕੁਝ ਕਹਿ ਨਹੀਂ ਸਕਦੇ। ਕਰਤਾਰ ਸਿੰਘ ਨੇ ਕੁਝ ਆਦਮੀਆਂ ਨੂੰ ਵਾਰੀ ਵਾਰੀ ਵੱਖਰੇ ਸੱਦ ਕੇ ਉਹਨਾਂ ਦੀ ਰਾਏ ਲਈ ਅਤੇ ਅਖੀਰ ਇਸ ਨਤੀਜੇ 'ਤੇ ਪੁੱਜਾ ਕਿ ਸਾਰਾ ਪਿੰਡ ਹੀ ਇਸ ਦੀਆਂ ਕਾਰਵਾਈਆਂ ਤੋਂ ਤੰਗ ਹੈ। ਜਿਤਨੇ ਵੀ ਆਦਮੀ ਉਹਨੂੰ ਵੱਖਰੇ ਹੋ ਕੇ ਮਿਲੇ, ਸਭ ਨੇ ਇਹੀ ਕਿਹਾ ਕਿ ਚੌਧਰੀ ਤੋਂ ਪਿੰਡ ਨੂੰ ਛੁਟਕਾਰਾ ਦਵਾਇਆ ਜਾਏ। ਕਿਸੇ ਦੱਸਿਆ ਕਿ ਚੌਧਰੀ ਨੇ ਮੇਰਾ ਪੱਠਿਆਂ ਦਾ ਸਾਰਾ ਖੇਤ ਆਪਣੇ ਘੋੜਿਆਂ ਲਈ ਵੱਢ ਲਿਆ ਸੀ। ਕਿਸੇ ਨੇ ਦੱਸਿਆ ਕਿ ਬਾਹਰਲੀ ਹਵੇਲੀ ਵੱਡੀ ਕਰਨ ਲਈ ਚੌਧਰੀ ਨੇ ਮੇਰਾ ਮਕਾਨ ਢਾਹ ਦਿੱਤਾ ਸੀ ਤੇ ਹੁਣ ਮੈਂ ਭਰਾ ਤੋਂ ਇਕ ਕੋਠਾ ਲੈ ਕੇ ਰਹਿ ਰਿਹਾ ਹਾਂ। ਕਿਸੇ ਨੇ ਚੌਧਰੀ ਦੀਆਂ ਹੋਰ ਸਖ਼ਤੀਆਂ ਤੇ ਵਧੀਕੀਆਂ ਦੱਸੀਆਂ।

ਕਰਤਾਰ ਸਿੰਘ ਨੇ ਝਟ-ਪਟ ਇਸ ਤਰ੍ਹਾਂ ਲੋਕਾਂ ਦੇ ਵਿਚਾਰ ਸੁਣ ਲਏ ਤੇ ਫਿਰ ਗੱਡੇ 'ਤੇ ਚੜ੍ਹ ਕੇ ਖੜਾ ਹੋ ਗਿਆ। ਸਾਰਿਆਂ ਦੀਆਂ ਨਜ਼ਰਾਂ ਉਹਦੇ ਵੱਲ ਲੱਗੀਆਂ ਹੋਈਆਂ ਸਨ ਕਿ ਉਹ ਚੌਧਰੀ ਬਾਰੇ ਕੀ ਹੁਕਮ ਸੁਣਾਉਂਦਾ ਹੈ। ਚੌਧਰੀ ਨਿਮੋਝੂਣਾ ਅੱਖਾਂ ਨੀਵੀਆਂ ਪਾਈ ਧਰਤੀ 'ਤੇ ਹੀ ਬੈਠ ਗਿਆ।

ਗਲੀ ਦੇ ਇਕ ਪਾਸਿਓਂ ਇਕ ਆਦਮੀ ਆਇਆ ਤੇ ਉਸ ਬੰਦੂਕ ਸਿੱਧੀ ਕਰਕੇ ਕਰਤਾਰ ਸਿੰਘ ਨੂੰ ਗੋਲੀ ਮਾਰ ਦਿੱਤੀ। ਖ਼ੁਸ਼ਕਿਸਮਤੀ ਨਾਲ ਨਿਸ਼ਾਨਾ ਕਾਹਲ ਵਿਚ ਖੁੰਝ ਗਿਆ ਤੇ ਗੋਲੀ ਕਰਤਾਰ ਸਿੰਘ ਦੇ ਕੰਨ ਕੋਲੋਂ ਲੰਘ ਗਈ। ਉਹਦੇ ਦੂਜੀ ਗੋਲੀ ਮਾਰਨ ਤੋਂ ਪਹਿਲਾਂ ਹੀ ਇਕ ਸਿੰਘ ਨੇ ਝੱਪਟਾ ਮਾਰ ਕੇ ਉਹਦੀ ਬੰਦੂਕ ਖੋਹ ਲਈ ਤੇ ਉਹਨੂੰ ਕਾਬੂ ਕਰ ਲਿਆ। ਲੋਕਾਂ ਦੇ ਇਕੱਠ ਵਿਚ ਘਬਰਾਹਟ ਮੱਚ ਗਈ, ਪਰ ਕਰਤਾਰ ਸਿੰਘ ਨੇ ਬੜੇ ਜੋਸ਼ ਵਿਚ ਕਿਹਾ, "ਇਸ ਸਰਕਾਰ, ਇਹਦੇ ਝੋਲੀ-ਚੁਕਾਂ ਤੇ ਬਦਨਾਮ ਚੌਧਰੀਆਂ ਕੋਲੋਂ ਉਹ ਬੰਦੂਕ ਅਜੇ ਨਹੀਂ ਬਣੀ ਜੋ ਕਰਤਾਰ ਸਿੰਘ ਨੂੰ ਮਾਰ ਸਕਦੀ ਏ। ਲੋਕਾਂ ਨੂੰ ਘਬਰਾਣ ਦੀ ਲੋੜ ਨਹੀਂ, ਅਜੇ ਚੌਧਰੀ ਦੇ ਕਈ ਹਾਮੀ ਹੋਰ

ਵੀ ਔਖੇ ਹੋਣਗੇ ਪਰ ਜੇ ਲੋਕ ਸ਼ਕਤੀ ਜਾਗ ਪਏ ਤਾਂ ਫਿਰ ਇਹ ਹਥਿਆਰ ਚਲ ਨਹੀਂ ਸਕਦੇ। ਅਸੀਂ ਫ਼ੈਸਲਾ ਕੀਤਾ ਹੋਇਆ ਹੈ ਕਿ ਜਦ ਤਕ ਦੇਸ਼ ਬਦਨਾਮ ਤੇ ਮਾੜੇ ਹਾਕਮਾਂ ਤੋਂ ਮੁਕਤ ਨਹੀਂ ਹੋ ਜਾਂਦਾ ਅਸੀਂ ਅੰਦੋਲਨ ਜਾਰੀ ਰਖਾਂਗੇ। ਸਾਨੂੰ ਇਸ ਸੱਚ ਦੀ ਲੜਾਈ ਲਈ ਅਤਿ ਕਠਨਾਈਆਂ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ, ਇਥੋਂ ਤਕ ਕਿ ਅਸੀਂ ਘਰ ਬਾਰ ਛੱਡ ਬੈਠੇ ਹਾਂ ਪਰ ਹੁਣ ਅਸਾਂ ਪ੍ਰੋਗਰਾਮ ਬਣਾ ਲਿਆ ਏ ਕਿ ਅਸੀਂ ਲੋਕਾਂ ਨੂੰ ਆਜ਼ਾਦੀ ਦਿਵਾਵਾਂਗੇ। ਪਿੰਡ ਪਿੰਡ ਵਿਚ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਜ਼ੁੰਮੇਵਾਰੀਆਂ ਸੌਂਪਾਂਗੇ। ਇਹਨਾਂ ਪਿੰਡਾਂ ਵਿਚ ਜਾਨ ਤੇ ਮਾਲ ਦੀ ਰਾਖੀ ਖ਼ਾਲਸਾ ਕਰੇਗਾ। ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਇਸ ਪ੍ਰੋਗਰਾਮ ਨੂੰ ਅੱਜ ਤੁਹਾਡੇ ਪਿੰਡ ਤੋਂ ਸ਼ੁਰੂ ਕਰ ਰਿਹਾ ਹਾਂ। ਤੁਹਾਡੇ ਪਿੰਡ ਨੇ ਮੇਰੇ 'ਤੇ ਜ਼ਾਤੀ ਤੌਰ 'ਤੇ ਅਜਿਹੇ ਅਹਿਸਾਨ ਕੀਤੇ ਹਨ ਜਿਨ੍ਹਾਂ ਨੂੰ ਮੈਂ ਕਦੇ ਭੁਲ ਨਹੀਂ ਸਕਦਾ।" ਫਿਰ ਗ਼ਫ਼ੂਰ ਵਲ ਇਸ਼ਾਰਾ ਕਰ ਕੇ ਸ: ਕਰਤਾਰ ਸਿੰਘ ਨੇ ਕਿਹਾ, "ਇਹਨਾਂ ਮਹਾਂ ਪੁਰਖਾਂ ਦੀ ਕਿਰਪਾ ਨਾਲ ਮੈਂ ਮਰਦਾ ਮਰਦਾ ਬਚਿਆਂ ਸਾਂ ਤੇ ਇਹਨਾਂ ਮੇਰੀ ਸੇਵਾ ਕਰ ਕੇ ਆਪਣਾ ਜੀਵਨ ਖ਼ਤਰੇ ਵਿਚ ਪਾ ਲਿਆ ਸੀ।" ਫਿਰ ਕਰਤਾਰ ਸਿੰਘ ਨੇ ਮੱਖਣ ਵਲ ਇਸ਼ਾਰਾ ਕਰਦਿਆਂ ਕਿਹਾ, "ਇਸ ਬਹਾਦਰ ਨੌਜਵਾਨ ਨੇ ਮੈਨੂੰ ਚੌਧਰੀ ਤੋਂ ਉਸ ਸਮੇਂ ਬਚਾਇਆ ਜਦ ਕਿ ਚੌਧਰੀ ਮੈਨੂੰ ਮਾਰਨ ਲਈ ਉਚੇਚੇ ਤੌਰ 'ਤੇ ਗ਼ਫ਼ੂਰ ਦੇ ਘਰ ਗਿਆ ਸੀ।"

ਲੋਕ ਕਰਤਾਰ ਸਿੰਘ ਦੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਏ। ਕਦੇ ਗ਼ਫ਼ੂਰ ਤੇ ਕਦੇ ਮੱਖਣ ਵੱਲ ਲੋਕਾਂ ਦੀਆਂ ਨਜ਼ਰਾਂ ਜਾਣ ਲੱਗੀਆਂ। ਉਹ ਦੋਵੇਂ ਮੁਸਕਰਾ ਰਹੇ ਸਨ। ਚੌਧਰੀ ਨੇ ਵੀ ਇਕ ਵਾਰੀ ਥੋੜ੍ਹੀਆਂ ਅੱਖਾਂ ਉਚੀਆਂ ਕਰ ਕੇ ਕਰਤਾਰ ਸਿੰਘ ਦੇ ਚਿਹਰੇ ਵੱਲ ਦੇਖਿਆ ਉਹਨੂੰ ਹੁਣ ਪਤਾ ਲੱਗਾ ਕਿ ਇਹੀ ਕਰਤਾਰ ਸਿੰਘ ਉਸ ਦਿਨ ਗ਼ਫ਼ੂਰ ਦੇ ਘਰ ਤੋਂ ਨੱਸ ਗਿਆ ਸੀ।

ਕਰਤਾਰ ਸਿੰਘ ਨੇ ਫਿਰ ਉੱਚੀ ਸਾਰੀ ਕਿਹਾ, "ਚੌਧਰੀ ਹੁਣ ਕੈਦੀ ਏ ਤੇ ਇਹਨੂੰ ਅਸੀਂ ਆਪਣੇ ਨਾਲ ਲੈ ਜਾਵਾਂਗੇ। ਇਹਦੇ ਭਵਿੱਖਤ ਦਾ ਫ਼ੈਸਲਾ ਸਾਡੇ ਵੱਡੇ ਜਥੇਦਾਰ ਕਰਨਗੇ। ਮੈਂ ਚਾਹੁੰਦਾ ਹਾਂ ਕਿ ਹੁਣ ਤੁਸੀਂ ਪਿੰਡ ਦਾ ਮੁਖੀਆ ਚੁਣ ਲਓ ਤੇ ਉਹ ਹੀ ਤੁਹਾਡੀ ਅਗੋਂ ਦੇਖ ਭਾਲ ਕਰੇ। ਕੋਈ ਲੋੜ ਨਹੀਂ ਲਾਹੌਰ ਸਰਕਾਰ ਨੂੰ ਵੱਡੀਆਂ ਵੱਡੀਆਂ ਰਕਮਾਂ ਭੇਜਣ ਦੀ। ਤੁਸੀਂ ਆਪ ਆਪਣਾ ਪ੍ਰਬੰਧ ਕਰੋ ਤੇ ਜੇਕਰ ਕੋਈ ਹੋਰ ਹਾਕਮ ਜਾਂ ਸ਼ਾਹੀ ਫ਼ੌਜ ਤੁਹਾਡੇ ਇਸ ਪ੍ਰਬੰਧ ਵਿਚ ਦਖ਼ਲ ਦੇਣ ਦਾ ਯਤਨ ਕਰੇਗੀ ਤਾਂ ਖ਼ਾਲਸਾ ਉਸ ਨਾਲ ਨਿਬੜ ਲਵੇਗਾ। ਅਸੀਂ ਤੁਹਾਡੇ ਇਸ ਇਲਾਕੇ ਵਿਚ ਹੀ ਚੱਕਰ ਲਾ ਰਹੇ ਹਾਂ, ਇਸ ਲਈ ਅਸੀਂ ਆਪ ਨਿਗਰਾਨੀ ਕਰਾਂਗੇ।"

ਸਾਰੇ ਲੋਕਾਂ ਨੂੰ ਇਕ ਨਵੀਂ ਖ਼ੁਸ਼ੀ ਪ੍ਰਾਪਤ ਹੋ ਗਈ। ਸਾਰੇ ਪਾਸੇ ਇਸ ਇਨਕਲਾਬ

ਦੀ ਚਰਚਾ ਸ਼ੁਰੂ ਹੋ ਗਈ। ਪਿੰਡ ਦਾ ਮੁਖੀਆ ਕੌਣ ਹੋਵੇ ? ਇਸ ਬਾਰੇ ਵੀ ਗੱਲਾਂ ਚਲ ਪਈਆਂ। ਬਹੁਤ ਸਾਰੇ ਲੋਕਾਂ ਨੂੰ ਅਜੇ ਤਕ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਸਚਮੁਚ ਇਤਨੀ ਵੱਡੀ ਤਬਦੀਲੀ ਆ ਸਕਦੀ ਹੈ। ਕਈਆਂ ਨੇ ਅਜੇ ਵੀ ਡਰਦੇ ਮਾਰੇ ਚੁਪ ਹੀ ਰਹਿਣਾ ਠੀਕ ਸਮਝਿਆ।

ਮੱਖਣ ਨੇ ਚਾਰ ਚੁਫੇਰੇ ਨਜ਼ਰ ਮਾਰੀ ਤੇ ਦੇਖਿਆ ਕਿ ਕੋਈ ਬੋਲਣਾ ਚਾਹੁੰਦਾ ਹੈ ਕਿ ਨਹੀਂ। ਉਹਨੂੰ ਬੋਲਣ ਦਾ ਚਾਹਵਾਨ ਕੋਈ ਨਾ ਦਿਸਿਆ। ਅਖ਼ੀਰ ਉਸ ਆਪ ਹੀ ਖੜੇ ਹੋ ਕੇ ਕਿਹਾ, "ਮੈਂ ਕੁਝ ਬੇਨਤੀ ਕਰਾਂ ?"

"ਜ਼ਰੂਰ," ਕਰਤਾਰ ਸਿੰਘ ਨੇ ਮੁਸਕਰਾਂਦਿਆਂ ਕਿਹਾ।

"ਸਾਡੇ ਪਿੰਡ ਦਾ ਮੁਖੀ ਗ਼ਫ਼ੂਰ ਖ਼ਾਨ ਤੋਂ ਚੰਗਾ ਹੋਰ ਕੋਈ ਨਹੀਂ ਹੋ ਸਕਦਾ," ਮੱਖਣ ਨੇ ਕਿਹਾ। ਝਟ ਹੀ ਮੱਖਣ ਦੀ ਟੋਲੀ ਦੇ ਜਵਾਨ ਇਕੱਠੇ ਬੋਲ ਪਏ, "ਇਹ ਠੀਕ ਏ, ਗ਼ਫ਼ੂਰ ਖ਼ਾਨ ਨੂੰ ਪਿੰਡ ਦਾ ਮੁਖੀ ਬਣਾ ਦਿੱਤਾ ਜਾਏ। ਇਹ ਸਾਡੇ ਪਿੰਡ ਵਿਚ ਸਾਰਿਆਂ ਵਿਚੋਂ ਵੱਧ ਕੁਰਬਾਨੀ ਵਾਲੇ ਨੇ।"

ਗ਼ਫ਼ੂਰ ਉਠ ਬੈਠਾ ਤੇ ਡੰਗੋਰੀ ਦਾ ਸਹਾਰਾ ਲੈ ਕੇ ਖੜਾ ਹੋ ਗਿਆ। ਹੱਥ ਜੋੜ ਕੇ ਗ਼ਫ਼ੂਰ ਨੇ ਕਿਹਾ, "ਮੈਂ ਨਦੀ ਕਿਨਾਰੇ ਰੁੱਖੜਾ ਹਾਂ। ਸੱਟਾਂ ਨਾਲ ਮੇਰਾ ਬੁਰਾ ਹਾਲ ਏ ਤੇ ਮੈਂ ਭੱਜ ਨੱਠ ਨਹੀਂ ਕਰ ਸਕਦਾ। ਇਸ ਲਈ ਮੈਂ ਚਾਹੁੰਦਾ ਹਾਂ ਕਿ ਪਿੰਡ ਦਾ ਮੁਖੀ ਮੱਖਣ ਨੂੰ ਬਣਾਇਆ ਜਾਏ।"

"ਨਹੀਂ, ਇਹ ਨਹੀਂ ਹੋ ਸਕਦਾ," ਮੱਖਣ ਨੇ ਕਿਹਾ, "ਗ਼ਫ਼ੂਰ ਖ਼ਾਨ ਤੋਂ ਵੱਧ ਚੰਗਾ ਆਦਮੀ ਸਾਡੇ ਵਿਚ ਹੋਰ ਕੋਈ ਨਹੀਂ। ਅਸੀਂ ਜਵਾਨ ਹਾਂ ਤੇ ਇਹਨਾਂ ਜ਼ਮਾਨਾ ਵੇਖਿਆ ਹੋਇਆ ਹੈ।"

ਕਰਤਾਰ ਸਿੰਘ ਨੇ ਕਿਹਾ, "ਮੈਂ ਵੀ ਸਮਝਦਾ ਹਾਂ ਕਿ ਗ਼ਫ਼ੂਰ ਖ਼ਾਨ ਤੁਹਾਡੇ ਪਿੰਡ ਦੀ ਸੁਚੱਜੀ ਅਗਵਾਈ ਕਰ ਸਕਦੇ ਹਨ, ਇਸ ਲਈ ਮੈਂ ਇਹਨਾਂ ਨੂੰ ਪਿੰਡ ਦਾ ਮੁਖੀ ਬਣਾਏ ਜਾਣ ਦਾ ਐਲਾਨ ਕਰਦਾ ਹਾਂ।"

ਪਹਿਲਾਂ ਮੱਖਣ ਨੇ ਤੇ ਫਿਰ ਸਾਰਿਆਂ ਨੇ ਇਸ ਐਲਾਨ 'ਤੇ ਖ਼ੁਸ਼ੀ ਨਾਲ ਤਾੜੀਆਂ ਮਾਰੀਆਂ। ਸ: ਕਰਤਾਰ ਸਿੰਘ ਨੇ ਹਸਦੇ ਹੋਏ ਗ਼ਫ਼ੂਰ ਨੂੰ ਮੋਢੇ ਤੋਂ ਫੜ ਕੇ ਆਪਣੇ ਨੇੜੇ ਕਰ ਲਿਆ ਤੇ ਪੁੱਛਿਆ, "ਹੁਣ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਸਕਦੇ ਹੋ।"

"ਹੁਣ ਕੀ ਕਹਿ ਸਕਦਾ ਹਾਂ," ਗ਼ਫ਼ੂਰ ਨੇ ਕਿਹਾ ਤੇ ਇਕ ਵੱਡੇ ਸਾਰੇ ਪੱਥਰ ਦੇ ਉਤੇ ਚੜ੍ਹ ਕੇ ਹੱਥ ਜੋੜ ਲਏ। ਫਿਰ ਹੌਲੀ ਹੌਲੀ ਕਿਹਾ, "ਮੈਂ ਇਸ ਯੋਗ ਨਹੀਂ ਸਾਂ ਜੋ ਥਾਂ ਮੈਨੂੰ ਦੇ ਦਿੱਤੀ ਗਈ ਏ, ਪਰ ਕਿਉਂਕਿ ਸਾਰਿਆਂ ਦੀ ਮਰਜ਼ੀ ਇਸੇ ਤਰ੍ਹਾਂ ਏ, ਇਸ ਲਈ ਮੈਂ ਨਾਂਹ ਵੀ ਨਹੀਂ ਕਰ ਸਕਦਾ। ਮੈਂ ਤੁਹਾਨੂੰ ਵਿਸ਼ਵਾਸ ਦਿਵਾਂਦਾ ਹਾਂ ਕਿ

ਮੈਂ ਜਿਤਨੇ ਦਿਨ ਵੀ ਤੁਹਾਡੀ ਸੇਵਾ ਕਰਾਂਗਾ, ਪੂਰੀ ਈਮਾਨਦਾਰੀ ਨਾਲ ਕਰਾਂਗਾ। ਮੈਂ ਜਾਣਦਾ ਹਾਂ ਕਿ ਪਦਵੀ ਨਿਭਾਣੀ ਸੌਖੀ ਨਹੀਂ ਪਰ ਫਿਰ ਵੀ ਮੈਂ ਪੂਰਾ ਉਤਰਨ ਦਾ ਯਤਨ ਕਰਾਂਗਾ। ਜੇ ਸ: ਕਰਤਾਰ ਸਿੰਘ ਮੈਨੂੰ ਆਗਿਆ ਦੇਣ ਤਾਂ ਮੈਂ ਇਹਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਸਾਡੇ ਪਿੰਡ ਨੂੰ ਇਕ ਮਗਰਮੱਛ ਤੋਂ ਬਚਾਇਆ, ਇਕ ਰਾਕਸ਼ ਦੇ ਪੰਜੇ ਤੋਂ ਆਜ਼ਾਦ ਕਰਾਇਆ। ਇਹ ਸਾਡੇ ਚੌਧਰੀ ਵਰਗੇ ਹੀ ਹਾਕਮ ਹਨ ਜੋ ਪ੍ਰਚਾਰ ਕਰਦੇ ਫਿਰਦੇ ਹਨ ਕਿ ਸਿਖ ਮਾੜੇ ਹਨ। ਸਿਖ ਲੁਟੇਰੇ ਤੇ ਡਾਕੂ ਹਨ। ਜੇ ਇਸ ਤਰ੍ਹਾਂ ਦੇ ਸਿਖ ਹੀ ਲੁਟੇਰੇ ਹਨ ਤਾਂ ਰੱਬ ਕਰੇ ਸਾਰਾ ਦੇਸ਼ ਹੀ ਅਜਿਹਾ ਬਣ ਜਾਏ। ਮੈਂ ਸਮਝਦਾ ਹਾਂ ਕਿ ਸਿੱਖਾਂ ਬਾਰੇ ਹੁਣ ਲੋਕਾਂ ਨੂੰ ਕੋਈ ਭੁਲੇਖੇ ਵਿਚ ਨਹੀਂ ਰਖ ਸਕਦਾ। ਮੈਂ ਪਿੰਡ ਵਲੋਂ ਸ: ਕਰਤਾਰ ਸਿੰਘ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਉਨ੍ਹਾਂ ਜੋ ਮਹਾਨ ਅੰਦੋਲਨ ਆਰੰਭ ਕੀਤਾ ਹੋਇਆ ਹੈ, ਉਸ ਵਿਚ ਸਾਡਾ ਪਿੰਡ ਆਪਣੀ ਸ਼ਕਤੀ ਮੂਜਬ ਪੂਰਾ ਹਿੱਸਾ ਪਾਵੇਗਾ। ਜਦ ਵੀ ਸਾਨੂੰ ਇਹ ਕਿਸੇ ਹੱਥ ਵੀ ਕੋਈ ਸੁਨੇਹਾ ਭੇਜ ਦੇਣਗੇ ਤਾਂ ਅਸੀਂ ਇਹਨਾਂ ਪਿਛੇ ਜਾਨਾਂ ਵਾਰਨ ਨੂੰ ਤਿਆਰ ਹੋਵਾਂਗੇ।"

ਕਰਤਾਰ ਸਿੰਘ ਨੇ ਮੁਸਕਰਾਂਦਿਆਂ ਕਿਹਾ, "ਗ਼ਫ਼ੂਰ ਖ਼ਾਨ ਨੇ ਇਸ ਸਮੇਂ ਜੋ ਭਰੋਸਾ ਦਿੱਤਾ ਹੈ ਉਸ ਨਾਲ ਮੇਰਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਹੈ। ਇਥੇ ਸਿਖ, ਹਿੰਦੂ ਜਾਂ ਮੁਸਲਮਾਨ ਦਾ ਕੋਈ ਸਵਾਲ ਨਹੀਂ। ਲੋਕਾਂ ਦੇ ਸੁਖ ਤੇ ਸ਼ਾਂਤੀ ਲਈ ਜੋ ਵੀ ਕਦਮ ਚੁਕਿਆ ਜਾਏ ਉਸ ਲਈ ਲੋਕ ਮਜ਼ਹਬੀ ਵਿਤਕਰੇ ਭੁਲਾ ਕੇ ਮੋਢੇ ਨਾਲ ਮੋਢਾ ਜੋੜ ਲੈਂਦੇ ਹਨ। ਮੈਨੂੰ ਇਕ ਹੋਰ ਗੱਲ ਸੁੱਝੀ ਹੈ ਕਿ ਗ਼ਫ਼ੂਰ ਖ਼ਾਨ ਦੀ ਸਹਾਇਤਾ ਲਈ ਮੈਂ ਮੱਖਣ ਨੂੰ ਸਹਾਇਕ ਨਿਯਤ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਤੁਸੀਂ ਸਾਰੇ ਸਵੀਕਾਰ ਕਰੋਗੇ।"

ਗ਼ਫ਼ੂਰ ਖ਼ਾਨ ਨੇ ਖ਼ੁਸ਼ੀ ਨਾਲ ਤਾੜੀ ਮਾਰੀ ਤੇ ਸਾਰਿਆਂ ਨੇ ਉਹਦੇ ਨਾਲ ਜ਼ੋਰ ਜ਼ੋਰ ਦੀਆਂ ਤਾੜੀਆਂ ਮਾਰੀਆਂ। ਕਰਤਾਰ ਸਿੰਘ ਨੇ ਹੱਥ ਉੱਚੇ ਕਰ ਕੇ ਸਾਰਿਆਂ ਨੂੰ ਚੁਪ ਕਰਾਇਆ ਤੇ ਫਿਰ ਕਿਹਾ, "ਮੱਖਣ ਨੂੰ ਪਿੰਡ ਦੀ ਰਾਖੀ ਦਾ ਕੰਮ ਸੌਂਪਿਆ ਜਾਂਦਾ ਹੈ ਅਤੇ ਗ਼ਫ਼ੂਰ ਖ਼ਾਨ ਪ੍ਰਬੰਧਕ ਦੀ ਸੇਵਾ ਕਰਨਗੇ। ਪਿੰਡ ਦੇ ਸਾਰੇ ਜਵਾਨਾਂ ਨੂੰ ਹੁਣ ਇਕ ਫ਼ੌਜੀ ਦਸਤੇ ਦਾ ਰੂਪ ਧਾਰ ਲੈਣਾ ਚਾਹੀਦਾ ਹੈ ਤਾਕਿ ਪਿੰਡ 'ਤੇ ਕਿਸੇ ਸਮੇਂ ਵੀ ਅਚਾਨਕ ਹਮਲੇ ਦਾ ਟਾਕਰਾ ਕੀਤਾ ਜਾ ਸਕੇ।"

ਉਸੇ ਵੇਲੇ ਦੋ ਤਲਵਾਰਾਂ ਲੈ ਕੇ ਸ: ਕਰਤਾਰ ਸਿੰਘ ਨੇ ਦੋਹਾਂ ਨੂੰ ਇਕ ਇਕ ਤਲਵਾਰ ਸਿਰੋਪਾਓ ਵਜੋਂ ਭੇਟ ਕੀਤੀ ਤੇ ਫਿਰ ਇਕ ਵਾਰ ਇਹ ਐਲਾਨ ਦੁਹਰਾਇਆ, "ਜਦ ਵੀ ਪਿੰਡ ਨੂੰ ਲੋੜ ਹੋਵੇ ਅਸੀਂ ਪਿੰਡ ਦੀ ਰਾਖੀ ਤੇ ਮਦਦ ਲਈ ਅਵੱਸ਼ ਪਹੁੰਚਾਂਗੇ। ਅਸੀਂ ਜਿਥੇ ਕਿਧਰੇ ਵੀ ਹੋਵਾਂਗੇ ਤੁਹਾਡੇ ਪਿੰਡ ਦੇ ਮੁਖੀਆਂ ਨੂੰ ਉਹਦਾ ਪੂਰਾ ਪਤਾ ਦਿਆ

ਕਰਾਂਗੇ। ਹੁਣ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਇਸ ਚੰਗੇ ਪ੍ਰਬੰਧ ਦੀ ਮਹਿਕ ਦੂਰ ਤਕ ਖਿਲਰੇ ਤੇ ਲੋਕ ਨਵੀਂ ਤਰ੍ਹਾਂ ਦਾ ਰਾਜ ਕਾਇਮ ਕਰਨ।"

ਚੌਧਰੀ ਨੂੰ ਦਬਾ ਦਬ ਤਰੇਲੀਆਂ ਆ ਰਹੀਆਂ ਸਨ। ਕਰਤਾਰ ਸਿੰਘ ਨੇ ਦੋ ਸਿੰਘਾਂ ਨੂੰ ਸੱਦ ਕੇ ਸਮਝਾਇਆ ਤੇ ਉਹਨਾਂ ਚੌਧਰੀ ਦੀਆਂ ਮੁਸ਼ਕਾਂ ਕੱਸ ਕੇ, ਘੋੜੇ 'ਤੇ ਬਿਠਾ ਕੇ ਚਲੇ ਗਏ। ਗੋਲੀ ਚਲਾਣ ਵਾਲੇ ਨੂੰ ਵੀ ਨਾਲ ਹੀ ਤੋਰ ਲਿਆ ਗਿਆ।

੧੩

"ਅਜੇ ਕਰਤਾਰ ਨਹੀਂ ਆਇਆ ?" ਡਿਉਢੀ ਵਿਚੋਂ ਹੀ ਤਾਰਾ ਚੰਦ ਨੇ ਜਾਗਣ ਪਿਛੋਂ ਆਵਾਜ਼ ਦਿੱਤੀ।

"ਨਹੀਂ," ਕੇਸਰੋ ਨੇ ਕਿਹਾ, "ਕਹਿ ਗਿਆ ਸੀ ਕਿ ਛੇਤੀ ਮੁੜ ਆਵਾਂਗਾ ਪਰ ਜਦੋਂ ਵੀ ਜਾਂਦਾ ਏ ਸਾਡੇ ਮਨ ਨੂੰ ਧੁੜਕੂ ਲਾ ਜਾਂਦਾ ਏ। ਪਤਾ ਨਹੀਂ ਲੜਾਈ ਕਿਧਰੇ ਲਮਕ ਹੀ ਨਾ ਗਈ ਹੋਵੇ।" ਹੋਰ ਪਤਾ ਨਹੀਂ ਕੇਸਰੋ ਕੀ ਕੁਝ ਕਹਿ ਜਾਂਦੀ ਪਰ ਤਾਰਾ ਚੰਦ ਦੀ ਸਿਹਤ ਦਾ ਖ਼ਿਆਲ ਕਰ ਕੇ ਚੁਪ ਕਰ ਗਈ ਪਰ ਫਿਰ ਉਸਨੂੰ ਢਾਰਸ ਦੇਣ ਦੇ ਵਿਚਾਰ ਨਾਲ ਦੋ ਕੁ ਮਿੰਟ ਪਿਛੋਂ ਬੋਲੀ, "ਪਰ ਗਿਆ ਹੋਣੈ ਜੰਗਲ਼ ਵਿਚ ਇਸ ਲਈ ਦੇਰ ਨਾਲ ਆਏਗਾ।"

ਕੇਸਰੋ ਡਿਉਢੀ ਵਿਚ ਹੀ ਤਾਰਾ ਚੰਦ ਦੇ ਸਾਹਮਣੇ ਵਿਛੀ ਪਈ ਮੰਜੀ 'ਤੇ ਬੈਠ ਗਈ। ਤਾਰਾ ਚੰਦ ਨੇ ਹੌਲੀ ਜਿਹੀ ਪੁੱਛਿਆ, "ਕੀ ਹਾਲ ਈ ਨੂੰਹ ਦਾ ?"

"ਚੰਗਾ ਏ, ਬੜੀ ਬੀਬੀ ਕੁੜੀ ਏ। ਮੈਨੂੰ ਤਾਂ ਕੰਮ ਨੂੰ ਹੱਥ ਹੀ ਨਹੀਂ ਲਾਣ ਦੇਂਦੀ। ਮੈਂ ਕਈ ਵਾਰ ਕਿਹਾ ਏ ਕਿ ਕੁੜੀਏ ਅਜੇ ਤੇਰੇ ਕੰਮ ਕਰਨ ਦਾ ਵੇਲਾ ਨਹੀਂ, ਕੁਝ ਤਾਂ ਸੱਸ ਦਾ ਅਨੰਦ ਮਾਣ ਲੈ ਪਰ ਉਹ ਨਹੀਂ ਮੰਨਦੀ। ਉਹ ਕਹਿੰਦੀ ਏ ਕਿ ਮੈਨੂੰ ਤੁਹਾਡੀ ਸੇਵਾ ਕਰ ਕੇ ਹੀ ਖ਼ੁਸ਼ੀ ਮਿਲਦੀ ਏ ?"

ਤਾਰਾ ਚੰਦ ਦੇ ਚਿਹਰੇ 'ਤੇ ਨੂੰਹ ਦੀਆਂ ਸਿਫ਼ਤਾਂ ਸੁਣ ਕੇ ਖ਼ੁਸ਼ੀ ਨਾਲ ਮੁਸਕਰਹਾਟ ਆ ਗਈ।

"ਮੇਰਾ ਖ਼ਿਆਲ ਹੈ ਕਿ ਹੁਣ ਕਰਤਾਰ ਸਿੰਘ ਘਰ ਰਹਿਣ ਲਗ ਪਵੇਗਾ," ਤਾਰਾ ਚੰਦ ਨੇ ਕਿਹਾ।

"ਆਹੋ, ਮੇਰਾ ਵੀ ਇਹ ਵਿਚਾਰ ਏ। ਕੁੜੀ ਚੰਨੋ ਬੜੀ ਸਿਆਣੀ ਏ, ਇਸ

ਆਪ ਹੀ ਸਿੱਧਾ ਕਰ ਲੈਣਾ ਏ।" ਕੇਸਰੋ ਨੇ ਕਿਹਾ ਤੇ ਫਿਰ ਚੰਨੋ ਦੀਆਂ ਹੋਰ ਗੱਲਾਂ ਦੱਸ ਕੇ ਉਸ ਦੀ ਪ੍ਰਸੰਸਾ ਕਰਨ ਲਗ ਪਈ।

ਚੰਨੋ ਨੇ ਇਕ ਵਾਰ ਆਪਣਾ ਨਾਂ ਸੁਣਿਆ ਤਾਂ ਡਿਉਢੀ ਦੇ ਅੰਦਰਲੇ ਪਾਸੇ ਦਰਵਾਜ਼ੇ ਨਾਲ ਲਗ ਕੇ ਵਿਹੜੇ ਵਿਚ ਖੜੀ ਹੋ ਕੇ ਗੱਲਾਂ ਸੁਣਨ ਲੱਗ ਪਈ। ਆਪਣੀ ਉਸਤਤ ਹੁੰਦੀ ਸੁਣ ਕੇ ਉਹਨੂੰ ਵੀ ਬੜੀ ਖ਼ੁਸ਼ੀ ਹੋਈ ਤੇ ਚਾਅ ਨਾਲ ਭੱਜ ਕੇ ਅੰਦਰ ਚਲੀ ਗਈ। ਸਰ੍ਹਾਣੇ ਵਿਚ ਮੂੰਹ ਦੇ ਕੇ ਕਿੰਨਾ ਚਿਰ ਉਹ ਆਪਣੇ ਮਨ ਵਿਚ ਖ਼ੁਸ਼ ਹੁੰਦੀ ਰਹੀ। 'ਚੰਨੋ ਸਿੱਧਾ ਕਰ ਲਵੇਗੀ', ਕੇਸਰੋ ਦਾ ਵਾਕ ਯਾਦ ਆਉਂਦਿਆਂ ਉਹ ਕਰਤਾਰ ਸਿੰਘ ਦੀ ਯਾਦ ਵਿਚ ਡੁਬ ਗਈ। ਉਹਦਾ ਜੀਅ ਕੀਤਾ ਕਿ ਜੇ ਕਰਤਾਰ ਸਿੰਘ ਹੁਣ ਸਾਹਮਣੇ ਆ ਜਾਏ ਤਾਂ ਉਹ ਹੁਣੇ ਇਕਰਾਰ ਲੈ ਲਵੇ ਕਿ ਉਹ ਅਗੋਂ ਇਸ ਤਰ੍ਹਾਂ ਘਰੋਂ ਦੂਰ ਇਤਨਾ ਸਮਾਂ ਨਹੀਂ ਰਿਹਾ ਕਰਨਗੇ। ਜਦੋਂ ਉਹਨੂੰ ਇਹ ਯਾਦ ਆਇਆ ਕਿ ਉਹ ਤਾਂ ਉਸ ਗ਼ਫ਼ੂਰ ਦੀ ਮਦਦ 'ਤੇ ਗਏ ਹਨ ਜਿਸ ਨੇ ਇਨ੍ਹਾਂ ਦੀ ਜਾਨ ਬਚਾਈ ਸੀ ਤਾਂ ਉਸ ਆਪਣਾ ਵਿਚਾਰ ਬਦਲ ਲਿਆ।

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।" ਕਰਤਾਰ ਸਿੰਘ ਦੀ ਡਿਉਢੀ ਵਿਚ ਇਹ ਆਵਾਜ਼ ਸੁਣਦਿਆਂ ਹੀ ਚੰਨੋ ਝਟ-ਪਟ ਸਰ੍ਹਾਣੇ ਤੋਂ ਉਠੀ। ਸਰ੍ਹਾਣੇ ਵਿਚ ਸਿਰ ਰੱਖਣ ਕਰ ਕੇ ਵਾਲ ਖਿੰਡਰ ਗਏ ਸਨ ਇਸ ਲਈ ਝਟ-ਪਟ ਕੰਘੀ ਲੈ ਕੇ ਵਾਲ ਸੰਵਾਰੇ। ਸਵੇਰ ਦਾ ਅੱਖਾਂ ਵਿਚ ਕੱਜਲ ਵੀ ਨਹੀਂ ਸੀ ਪਾਇਆ ਤੇ ਅਜੇ ਉਹ ਸ਼ੀਸ਼ੇ ਵਿਚੋਂ ਕੱਜਲ ਵੇਖ ਹੀ ਰਹੀ ਸੀ ਕਿ ਕਰਤਾਰ ਸਿੰਘ ਅੰਦਰ ਆ ਗਿਆ। ਚੰਨੋ ਉਹਦੇ ਪੈਰਾਂ 'ਤੇ ਮੱਥਾ ਟੇਕਣ ਲੱਗੀ ਪਰ ਉਹਨੇ ਫਿਰ ਅੱਧ ਵਿਚਕਾਰ ਹੀ ਰੋਕ ਲਿਆ ਤੇ ਕਿਹਾ, "ਮੈਂ ਇਹ ਪਸੰਦ ਨਹੀਂ ਕਰਦਾ। ਫਤਹਿ ਬੁਲਾਣੀ ਹੀ ਸਭ ਤੋਂ ਵੱਡਾ ਸਤਿਕਾਰ ਏ। ਜਾਪਦਾ ਏ ਮੇਰੀ ਗੱਲ ਭੁਲ ਗਈ ਏਂ।"

"ਭੁੱਲੀ ਤਾਂ ਨਹੀਂ ਪਰ ਮੈਨੂੰ ਇਸ ਤਰ੍ਹਾਂ ਵਧੇਰੇ ਪਸੰਦ ਏ," ਚੰਨੋ ਨੇ ਕਿਹਾ। ਅੱਗੋਂ ਉਹ ਬੋਲ ਨਾ ਸਕੀ ਤੇ ਉਂਗਲ ਨਾਲ ਦੰਦ ਖਰੋਚਣ ਲੱਗ ਪਈ। ਕਰਤਾਰ ਸਿੰਘ ਨੇ ਉਹਨੂੰ ਦੋਹਾਂ ਮੋਢਿਆਂ ਤੋਂ ਫੜਿਆ ਤੇ ਮੰਜੇ 'ਤੇ ਬਿਠਾ ਲਿਆ।

ਕੇਸਰੋ ਵੀ ਝਟ ਪਿਛੋਂ ਅੰਦਰ ਲੰਘ ਆਈ ਤੇ ਉਸ ਗਿਲਾ ਕੀਤਾ, "ਕਰਤਾਰ ਬਾਈ ਇਤਨੀ ਦੇਰ ਨਾ ਲਾਇਆ ਕਰ। ਅੱਗੇ ਤਾਂ ਅਸੀਂ ਹੀ ਤੈਨੂੰ ਉਡੀਕਦੇ ਸਾਂ ਪਰ ਹੁਣ ਤਾਂ ਚੰਨੋ ਵਿਚਾਰੀ ਉਦਾਸ ਹੀ ਰਹਿੰਦੀ ਏ। ਇਹਦਾ ਹੀ ਖ਼ਿਆਲ ਕਰ ਲਿਆ ਕਰ।" ਚੰਨੋ ਦੇ ਚਿਹਰੇ 'ਤੇ ਹਯਾ ਦੀ ਲਾਲੀ ਛਾ ਗਈ। ਕੇਸਰੋ ਫਿਰ ਬਾਹਰ ਚਲੀ ਗਈ।

"ਸੱਚੀ ਗੱਲ ਏ ਚੰਨੋ, ਤੂੰ ਉਦਾਸ ਹੋ ਗਈ ਸੀ?" ਕਰਤਾਰ ਸਿੰਘ ਨੇ ਠੋਡੀ

ਤੋਂ ਫੜ ਕੇ ਉਹਦਾ ਮੂੰਹ ਉਪਰ ਕਰਦਿਆਂ ਕਿਹਾ ਪਰ ਚੰਨੋ ਨੇ ਕੋਈ ਉੱਤਰ ਨਾ ਦਿੱਤਾ। ਸਿਰਫ ਇਕ ਵਾਰ ਅੱਖ ਉੱਚੀ ਕਰ ਕੇ ਬੜੇ ਪਿਆਰ ਨਾਲ ਕਰਤਾਰ ਸਿੰਘ ਵੱਲ ਦੇਖਿਆ ਤੇ ਫਿਰ ਝਟ ਹੀ ਅੱਖਾਂ ਨੀਵੀਆਂ ਪਾ ਲਈਆਂ। ਉਹਦੀਆਂ ਅੱਖਾਂ ਦਾ ਚਿੱਟਾ ਹਿੱਸਾ ਗੁਲਾਬੀ ਰੰਗਾ ਹੋ ਗਿਆ। ਕਰਤਾਰ ਸਿੰਘ ਨੇ ਫਿਰ ਪੁੱਛਿਆ, "ਕੀ ਗੱਲ ਏ ਚੰਨੀ ਬੋਲਦੀ ਨਹੀਂ?"

"ਕੁਝ ਨਹੀਂ!" ਚੰਨੋ ਨੇ ਹੌਲੀ ਜਿਹੀ ਕਿਹਾ।

"ਤੂੰ ਚੁਪ ਕਿਉਂ ਹੋ ਗਈ ਏਂ?" ਕਰਤਾਰ ਸਿੰਘ ਨੇ ਬੜੇ ਧਿਆਨ ਨਾਲ ਉਹਦੇ ਚਿਹਰੇ ਵੱਲ ਦੇਖਦਿਆਂ ਪੁੱਛਿਆ।

"ਐਵੇਂ!" ਮਸਾਂ ਹੀ ਚੰਨੋ ਦੇ ਮੂੰਹੋਂ ਨਿਕਲਿਆ।

"ਮੈਂ ਹੁਣ ਬਹੁਤਾ ਸਮਾਂ ਤੇਰੇ ਤੋਂ ਦੂਰ ਨਹੀਂ ਰਹਿ ਸਕਦਾ। ਮਸਾਂ ਵਕਤ ਕਢ ਕੇ ਘਰ ਆਇਆ ਹਾਂ ਪਰ ਤੂੰ ਹੁਣ ਕੋਈ ਗੱਲ ਹੀ ਨਹੀਂ ਕਰਦੀ।" ਕਰਤਾਰ ਸਿੰਘ ਨੇ ਗੱਲ ਟੋਰਨ ਲਈ ਵਿਅੰਗ ਨਾਲ ਕਿਹਾ।

"ਕਰਦੀ ਤਾਂ ਹਾਂ।"

"ਕਦੋਂ ਕਰਦੀ ਏਂ? ਮੈਂ ਪੰਜ ਗੱਲਾਂ ਪੁੱਛਾਂ ਤੇ ਤੂੰ ਇਕ ਦਾ ਉੱਤਰ ਦੇਂਦੀ ਏਂ।" ਕਰਤਾਰ ਸਿੰਘ ਨੇ ਬਣਾਉਟੀ ਜਿਹਾ ਗੁੱਸਾ ਲਿਆਉਂਦਿਆਂ ਕਿਹਾ।

"ਤੁਸੀਂ ਗੁੱਸੇ ਹੋ ਗਏ ਹੋ?" ਚੰਨੋ ਨੇ ਹੁਣ ਪਹਿਲੀ ਵਾਰ ਉਪਰ ਮੂੰਹ ਕਰ ਕੇ ਖੁਲ੍ਹ ਕੇ ਪ੍ਰਸ਼ਨ ਕੀਤਾ। ਕਰਤਾਰ ਸਿੰਘ ਹੱਸ ਪਿਆ ਤੇ ਕਿਹਾ, "ਮੈਂ ਗੁੱਸੇ ਹੋਣ ਵਾਲੇ ਦਿਹਾੜੇ ਜੰਮਿਆ ਹੀ ਨਹੀਂ। ਗੁੱਸੇ ਵੀ ਫਿਰ ਆਪਣੀ ਚੰਨੀ ਨਾਲ। ਇਹ ਕਿਵੇਂ ਹੋ ਸਕਦਾ ਏ?"

"ਤੁਸੀਂ ਅੰਮ੍ਰਿਤਸਰ ਕਦੋਂ ਚਲਣਾ ਏ?" ਚੰਨੀ ਨੇ ਆਪਣੇ ਮਤਲਬ ਦਾ ਸਵਾਲ ਪੁੱਛਿਆ।

"ਜਦੋਂ ਕਹੋ ਚਲੇ ਚੱਲਾਂਗੇ," ਕਰਤਾਰ ਸਿੰਘ ਨੇ ਮੁਸਕਰਾਂਦਿਆਂ ਉੱਤਰ ਦਿਤਾ। ਉਹਦੇ ਮਨ ਵਿਚ ਵੀ ਹੁਣ ਵਧੇਰੇ ਖ਼ੁਸ਼ੀ ਹੋਈ ਜਦੋਂ ਚੰਨੋ ਨੇ ਖੁਲ੍ਹ ਕੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

"ਕਹਿਣਾ ਮੈਂ ਏ ਕਿ ਤੁਸੀਂ?" ਚੰਨੋ ਨੇ ਪੁੱਛਿਆ।

"ਜੇ ਮੈਂ ਹੀ ਕਹਿਣਾ ਏ ਤਾਂ ਚਲ ਅੱਜੇ ਚੱਲਦੇ ਹਾਂ," ਕਰਤਾਰ ਸਿੰਘ ਨੇ ਕਿਹਾ।

"ਲੈ ਹੁਣੇ ਟੁਰ ਪਏ ਤਾਂ ਮਾਤਾ ਜੀ ਕੀ ਸੋਚਣਗੇ ਕਿ ਝਟ ਵੀ ਘਰ ਨਹੀਂ ਬਹਿਣ ਦਿੱਤਾ," ਚੰਨੋ ਨੇ ਕਿਹਾ।

"ਤਾਂ ਫਿਰ ਕਲ੍ਹ ਸਵੇਰੇ ਚਲੇ ਚੱਲਾਂਗੇ," ਕਰਤਾਰ ਸਿੰਘ ਨੇ ਪ੍ਰੋਗਰਾਮ ਪੱਕਾ ਬਣਾ

ਕੇ ਕਿਹਾ, "ਦੋ ਦਿਨਾਂ ਨੂੰ ਸੰਗਰਾਂਦ ਏ ਤੇ ਉਸ ਦਿਨ ਉਂਜ ਵੀ ਰੌਣਕ ਹੋਵੇਗੀ, ਇਸ ਲਈ ਇਹੀ ਠੀਕ ਏ।"

ਚੰਨੋ ਨੇ ਹੁਣ ਸਿਰ ਮਾਰ ਕੇ ਹੀ ਪ੍ਰੋਗਰਾਮ ਨਾਲ ਸੰਮਤੀ ਪ੍ਰਗਟ ਕਰ ਦਿੱਤੀ।

ਕੇਸਰੋ ਗਰਮ ਗਰਮ ਦੁਧ ਲੈ ਆਈ ਤੇ ਕਰਤਾਰ ਸਿੰਘ ਨੇ ਦੁੱਧ ਪੀ ਲਿਆ। ਕੁਝ ਮਿੰਟ ਗੱਲਬਾਤ ਦਾ ਸਿਲਸਿਲਾ ਬੰਦ ਰਿਹਾ ਪਰ ਫਿਰ ਚੰਨੋ ਨੇ ਹੀ ਗੱਲਬਾਤ ਸ਼ੁਰੂ ਕਰ ਦਿੱਤੀ, "ਤੁਸੀਂ ਇਹ ਤਾਂ ਦੱਸਿਆ ਹੀ ਨਹੀਂ ਕਿ ਜਿਸ ਕੰਮ ਗਏ ਸੀ ਉਹਦਾ ਕੀ ਕਰ ਆਏ ਹੋ ?"

"ਤੁਹਾਡੀਆਂ ਗੱਲਾਂ ਵਿਚ ਉਹ ਤਾਂ ਭੁੱਲ ਹੀ ਗਿਆ," ਕਰਤਾਰ ਸਿੰਘ ਨੇ ਕਿਹਾ।

"ਮੇਰੀਆਂ ਗੱਲਾਂ ਵਿਚ ਕਿ ਦੁਧ ਪੀਣ ਵਿਚ!" ਚੰਨੋ ਨੇ ਵਿਅੰਗ ਨਾਲ ਕਿਹਾ।

"ਮੈਂ ਬੜੇ ਮੌਕੇ ਸਿਰ ਉਥੇ ਪੁਜਾ ਤੇ ਚੌਧਰੀ ਨੂੰ ਫੜ ਕੇ ਮੂੰਹ ਕਾਲਾ ਕਰ ਕੇ ਖੋਤੇ 'ਤੇ ਚਾੜ੍ਹ ਕੇ ਜਲੂਸ ਕੱਢਿਆ। ਹੈਰਾਨੀ ਦੀ ਗੱਲ ਏ ਸਾਰੇ ਪਿੰਡ ਵਿਚ ਉਹਦੀ ਮਦਦ 'ਤੇ ਚਾਰ ਬੰਦੇ ਵੀ ਨਹੀਂ ਨਿਕਲੇ।"

"ਉਸ ਫਿਰ ਪਿਛੋਂ ਜੇ ਤੰਗ ਕੀਤਾ ?" ਚੰਨੋ ਨੇ ਪੁੱਛਿਆ।

"ਤੰਗ ਕਰਨ ਜੋਗਾ ਛੱਡਿਆ ਹੀ ਨਹੀਂ। ਉਹਨੂੰ ਫੜ ਕੇ ਕਾਹਨੂੰਆਣੇ ਦੇ ਛੰਭ ਵਿਚ ਛੱਡ ਆਇਆ ਹਾਂ। ਹੋਰ ਸਵਾਦਲੀ ਗੱਲ ਇਹ ਹੋਈ ਏ ਕਿ ਪਿੰਡ ਦਾ ਚੌਧਰੀ ਅਸੀਂ ਗ਼ਫ਼ੂਰ ਨੂੰ ਬਣਾ ਆਏ ਹਾਂ।" ਕਰਤਾਰ ਸਿੰਘ ਨੇ ਦੱਸਿਆ। ਕੇਸਰੋ ਵੀ ਅੰਦਰ ਆ ਗਈ ਤੇ ਉਸ ਵੀ ਕਰਤਾਰ ਸਿੰਘ ਕੋਲੋਂ ਸਾਰੀ ਗੱਲ ਸੁਣੀ। ਕਰਤਾਰ ਸਿੰਘ ਨੇ ਚੰਨੋ ਨੂੰ ਤਾਂ ਸੰਖੇਪ ਕਰ ਕੇ ਗੱਲ ਸੁਣਾਈ ਸੀ, ਪਰ ਮਾਂ ਨੂੰ ਸਾਰਾ ਹਾਲ ਵਿਸਥਾਰ ਨਾਲ ਦੱਸਿਆ। ਅਖ਼ੀਰ ਕਰਤਾਰ ਸਿੰਘ ਨੇ ਕਿਹਾ "ਮਾਂ, ਅਸਾਂ ਫ਼ੈਸਲਾ ਕੀਤਾ ਏ ਕਿ ਕਲ੍ਹ ਸਵੇਰੇ ਹੀ ਸ੍ਰੀ ਅੰਮ੍ਰਿਤਸਰ ਜਾਵਾਂਗੇ।"

"ਕਿਉਂ ?" ਕੇਸਰੋ ਨੇ ਪੁੱਛਿਆ।

"ਅਨੰਦ ਕਾਰਜ ਕਰਨਾ ਏ," ਕਰਤਾਰ ਸਿੰਘ ਨੇ ਕਿਹਾ, "ਨਾਲੇ ਇਸੇ ਬਹਾਨੇ, ਇਸ਼ਨਾਨ ਕਰ ਆਵਾਂਗੇ," ਫਿਰ ਮੁਸਕਰਾਂਦਿਆਂ ਕਰਤਾਰ ਸਿੰਘ ਨੇ ਕਿਹਾ, "ਅਗੇ ਇਹਦਾ ਤਾਂ ਵਿਆਹ ਹੋ ਗਿਆ ਏ, ਪਰ ਮੇਰਾ ਤਾਂ ਨਹੀਂ ਹੋਇਆ। ਮੈਂ ਅਜੇ ਪ੍ਰਣ ਕਦੋਂ ਕੀਤਾ ਏ।"

"ਅਜੇ ਪ੍ਰਣ ਦੀ ਕਸਰ ਏ ?" ਕੇਸਰੋ ਨੇ ਕਿਹਾ।

"ਧਾਰਮਕ ਰੀਤੀ ਪੂਰੀ ਹੋਣੀ ਚਾਹੀਦੀ ਏ," ਕਰਤਾਰ ਸਿੰਘ ਨੇ ਕਿਹਾ।

"ਚੰਗਾ ਹੋ ਆਓ," ਕੇਸਰੋ ਨੇ ਕਿਹਾ।

"ਤੁਸੀਂ ਵੀ ਚੱਲੋ," ਚੰਨੋ ਬੋਲੀ।

"ਨਹੀਂ, ਘਰ ਕੋਈ ਨਹੀਂ, ਇਸ ਲਈ ਦੋਵੇਂ ਜੀਅ ਹੋ ਆਉ," ਕੇਸਰੋ ਨੇ ਕਿਹਾ।

ਕਰਤਾਰ ਸਿੰਘ ਦੇ ਪਿਤਾ ਤਾਰਾ ਚੰਦ ਨੇ ਆਵਾਜ਼ ਦਿੱਤੀ ਤੇ ਕਰਤਾਰ ਸਿੰਘ ਡਿਉਢੀ ਵਿਚ ਆ ਗਿਆ। ਕਾਫ਼ੀ ਸਮਾਂ ਪਿਤਾ ਨਾਲ ਗੱਲਾਂ ਕਰਦਾ ਰਿਹਾ। ਫਿਰ ਪਿੰਡ ਦੇ ਕੁਝ ਹੋਰ ਗਭਰੂ ਆ ਗਏ ਜੋ ਕਦੇ ਕਦੇ ਕਰਤਾਰ ਸਿੰਘ ਨਾਲ ਮੁਹਿੰਮਾਂ ਵਿਚ ਜਾਂਦੇ ਹਨ। ਉਹਨਾਂ ਨਾਲ ਗੱਪਾਂ ਮਾਰਦੇ ਕਾਫ਼ੀ ਦੇਰ ਲਗ ਗਈ।

ਦੂਜੇ ਦਿਨ ਸਵੇਰੇ ਸੂਰਜ ਚੜ੍ਹਨ ਤੋਂ ਕਾਫ਼ੀ ਚਿਰ ਪਹਿਲਾਂ ਹੀ ਕਰਤਾਰ ਸਿੰਘ ਨੇ ਘੋੜਾ ਤਿਆਰ ਕਰ ਲਿਆ ਤੇ ਦੋਵੇਂ ਜੀਅ ਅੰਮ੍ਰਿਤਸਰ ਨੂੰ ਚਲ ਪਏ।

ਕੁਝ ਦੇਰ ਤਾਂ ਘੋੜੇ 'ਤੇ ਚੁਪ ਕਰ ਕੇ ਦੋਵੇਂ ਜੀਅ ਬੈਠੇ ਚਲਦੇ ਗਏ ਪਰ ਫਿਰ ਕਰਤਾਰ ਸਿੰਘ ਨੇ ਗੱਲ ਬਾਤ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ, "ਚੰਨੋ, ਤੂੰ ਸੋਚਦੀ ਤਾਂ ਹੋਵੇਂਗੀ ਕਿ ਕਿਸ ਤਰ੍ਹਾਂ ਦੇ ਮਨੁੱਖ ਨਾਲ ਵਾਹ ਪੈ ਗਿਆ ਏ।"

"ਹਾਂ, ਸੋਚਦੀ ਹਾਂ," ਚੰਨੋ ਨੇ ਕਿਹਾ, "ਪਰ ਖ਼ੁਸ਼ੀ ਹੁੰਦੀ ਏ ਕਿ ਚੰਗੇ ਮਨੁੱਖਾਂ ਨਾਲ ਵਾਹ ਪੈ ਗਿਆ ਏ।"

"ਸਾਡੀ ਚੰਗਿਆਈ ਕਿਹੜੀ ਵੇਖੀ ਏ ?" ਕਰਤਾਰ ਸਿੰਘ ਨੇ ਪੁੱਛਿਆ।

"ਸਾਰੀਆਂ ਚੰਗਿਆਈਆਂ ਹੀ ਦਿਸੀਆਂ ਹਨ, ਬੁਰਾਈ ਕੋਈ ਨਜ਼ਰ ਨਹੀਂ ਆਈ," ਚੰਨੋ ਨੇ ਕਿਹਾ, "ਮੈਂ ਤਾਂ ਕਰਮਾਂ ਵਾਲੀ ਹਾਂ ਜਿਸਨੂੰ ਅਜਿਹੇ ਸ਼ਾਨਦਾਰ ਜੀਵਨ ਵਿਚ ਆਉਣ ਦਾ ਸਮਾਂ ਮਿਲ ਗਿਆ ਏ।"

ਕਈ ਘੰਟੇ ਸਫ਼ਰ ਕਰਨ ਪਿਛੋਂ ਕਰਤਾਰ ਸਿੰਘ ਨੇ ਮਹਿਸੂਸ ਕੀਤਾ ਕਿ ਚੰਨੋ ਥੱਕ ਗਈ ਹੋਵੇਗੀ। ਚੰਨੋ ਵੀ ਘੋੜੇ 'ਤੇ ਕਰਤਾਰ ਸਿੰਘ ਦੇ ਪਿੱਛੇ ਬੈਠੀ ਪਾਸੇ ਬਦਲਣ ਲੱਗ ਪਈ। ਕਰਤਾਰ ਸਿੰਘ ਨੇ ਪੁੱਛਿਆ, "ਕਿਉਂ, ਥੱਕ ਗਈ ਏਂ ?"

"ਅਜੇ ਅੰਮ੍ਰਿਤਸਰ ਕਿੰਨੀ ਕੁ ਦੂਰ ਏ ?" ਚੰਨੋ ਨੇ ਉਹਦੇ ਸਵਾਲ ਦਾ ਉੱਤਰ ਨਾ ਦਿੱਤਾ ਸਗੋਂ ਉਲਟਾ ਸਵਾਲ ਕਰ ਦਿੱਤਾ। ਪਰ ਉਹਦਾ ਸਵਾਲ ਹੀ ਦੱਸਦਾ ਸੀ ਕਿ ਉਹ ਥਕਾਵਟ ਮਹਿਸੂਸ ਕਰ ਰਹੀ ਹੈ। ਕਰਤਾਰ ਸਿੰਘ ਨੇ ਕਿਹਾ, "ਅੰਮ੍ਰਿਤਸਰ ਤਾਂ ਅਜੇ ਕਾਫ਼ੀ ਦੂਰ ਏ ਪਰ ਜੇ ਆਰਾਮ ਕਰਨਾ ਹੋਵੇ ਤਾਂ ਠਹਿਰ ਜਾਂਦੇ ਹਾਂ।"

"ਆਪੇ ਤੁਸੀਂ ਕਹਿੰਦੇ ਸੀ ਕਿ ਰਾਹ ਵਿਚ ਠਹਿਰਨਾ, ਖ਼ਤਰਨਾਕ ਏ," ਚੰਨੋ ਨੇ ਪੁੱਛਿਆ।

"ਮੇਰਾ ਮਤਲਬ ਰਾਹ ਵਿਚ ਠਹਿਰਨ ਤੋਂ ਸੀ। ਆਪਾਂ ਰਾਹ ਛੱਡ ਕੇ ਇਕ ਪਾਸੇ ਹੋ ਜਾਂਦੇ ਹਾਂ।" ਕਰਤਾਰ ਸਿੰਘ ਨੇ ਕਿਹਾ।

"ਪਰ ਜੇ ਅੰਮ੍ਰਿਤਸਰ ਦੂਰ ਏ ਤਾਂ ਹਨੇਰਾ ਹੋ ਜਾਇਗਾ ਠਹਿਰਨ ਨਾਲ, ਇਸ

ਲਈ ਤੁਰੇ ਚੱਲੋ," ਚੰਨੋ ਬੋਲੀ।

"ਇਕ ਕੰਮ ਹੋਰ ਹੋ ਸਕਦਾ ਏ," ਕਰਤਾਰ ਸਿੰਘ ਨੇ ਕਿਹਾ।

"ਕੀ ?"

"ਗ਼ਫ਼ੂਰ ਹੋਰਾਂ ਦੇ ਪਿੰਡ ਚਲੇ ਚੱਲੀਏ।"

"ਉਹ ਕਿੰਨੀ ਕੁ ਦੂਰ ਏ ?" ਚੰਨੋ ਨੇ ਉਤਸੁਕਤਾ ਨਾਲ ਪੁੱਛਿਆ।

"ਹੋਏਗਾ ਦੋ ਤਿੰਨ ਕੋਹ," ਕਰਤਾਰ ਸਿੰਘ ਨੇ ਅਨੁਮਾਨ ਲਾ ਕੇ ਦੱਸਿਆ ਤੇ ਕਿਹਾ, "ਨਾਲੇ ਰਾਤ ਉਥੇ ਰਹਿ ਲਵਾਂਗੇ ਤੇ ਨਾਲ ਹੀ ਉਨ੍ਹਾਂ ਦਾ ਹਾਲ ਚਾਲ ਪੁੱਛ ਚੱਲਾਂਗੇ।"

"ਇਹ ਠੀਕ ਏ, ਮੈਂ ਵੀ ਉਨ੍ਹਾਂ ਨੂੰ ਮਿਲ ਲਵਾਂਗੀ," ਚੰਨੋ ਨੇ ਕਿਹਾ, "ਹਮੀਦਾਂ ਤੇ ਨੂਰਾਂ ਦੀਆਂ ਤੁਸੀਂ ਬੜੀਆਂ ਗੱਲਾਂ ਕਰਦੇ ਹੋ, ਉਨ੍ਹਾਂ ਦੇ ਵੀ ਦਰਸ਼ਨ ਹੋ ਜਾਣਗੇ, ਨਾਲੇ ਤੁਹਾਡੇ ਨਵੇਂ ਰਾਜ ਦੀਆਂ ਹੱਦਾਂ ਵਿਚ ਹੋ ਆਵਾਂਗੀ।"

"ਰਾਜ ਸਾਡਾ ਨਹੀਂ, ਲੋਕਾਂ ਦਾ ਏ," ਕਰਤਾਰ ਸਿੰਘ ਨੇ ਕਿਹਾ ਤੇ ਘੋੜੇ ਨੂੰ ਵੱਡੇ ਰਾਹ ਤੋਂ ਇਕ ਪਾਸੇ ਮੋੜ ਲਿਆ। ਘੋੜਾ ਭਜਾਂਦੇ ਪਿੰਡ ਨੂੰ ਚਲ ਪਏ।

ਸਫ਼ਰ ਵਿਚ ਮਿੱਟੀ ਘੱਟਾ ਬਹੁਤ ਉਡਿਆ, ਜਿਸ ਕਰਕੇ ਇਕ ਖੂਹ 'ਤੇ ਘੋੜਾ ਖੜਾ ਕਰ ਕੇ ਕਰਤਾਰ ਸਿੰਘ ਤੇ ਚੰਨੋ ਨੇ ਮੂੰਹ ਹੱਥ ਧੋਤਾ ਤੇ ਘੋੜੇ ਨੂੰ ਵੀ ਪਾਣੀ ਪਿਆ ਲਿਆ। ਝੱਟ ਘਾਹ 'ਤੇ ਬੈਠ ਕੇ ਗੱਲਾਂ ਕਰਦੇ ਰਹੇ ਤੇ ਫਿਰ ਜਦ ਮੂੰਹ ਹਨੇਰਾ ਹੋ ਗਿਆ ਤਾਂ ਉਥੋਂ ਉਠ ਕੇ ਪਿੰਡ ਨੂੰ ਟੁਰ ਪਏ।

ਪਿੰਡ ਦੇ ਨੇੜੇ ਪੁਜਦਿਆਂ ਹਨੇਰਾ ਬਹੁਤ ਹੋ ਗਿਆ, ਜਿਸ ਕਰਕੇ ਅੱਗੋਂ ਕਦੇ ਕਦੇ ਕਿਧਰੇ ਅੱਗ ਬਲਣ ਕਰਕੇ ਪਿੰਡ ਦਿਸਦਾ ਸੀ, ਮਕਾਨ ਨਜ਼ਰ ਨਹੀਂ ਸਨ ਆ ਰਹੇ।

"ਕੌਣ ਏ ?" ਬੜੀ ਕੜਕਵੀਂ ਆਵਾਜ਼ ਆਈ ਤੇ ਕਰਤਾਰ ਸਿੰਘ ਨੇ ਇਕਦਮ ਘੋੜਾ ਖੜਾ ਕਰ ਲਿਆ ਤੇ ਆਪਣੀ ਕਿਰਪਾਨ ਦੇ ਦਸਤੇ 'ਤੇ ਹੱਥ ਰੱਖ ਲਿਆ।

"ਕੌਣ ਏ ?" ਦੂਜੀ ਵਾਰ ਆਵਾਜ਼ ਆਈ ਤੇ ਨਾਲ ਹੀ ਮਸ਼ਾਲ ਬਲ ਪਈ। ਚਾਨਣ ਵਿਚ ਕਰਤਾਰ ਸਿੰਘ ਨੇ ਅਨੁਮਾਨ ਲਾ ਲਿਆ ਕਿ ਇਹ ਕੋਈ ਪਹਿਰੇਦਾਰ ਏ।

"ਮੈਂ ਹਾਂ," ਕਰਤਾਰ ਸਿੰਘ ਨੇ ਕਿਹਾ। ਹੁਣ ਪਹਿਰੇਦਾਰ ਨੇ ਵੀ ਪਛਾਣ ਲਿਆ ਕਿ ਇਹ ਤਾਂ ਉਹੀ ਸਿਖ ਸਰਦਾਰ ਏ ਜਿਸ ਨੇ ਚੌਧਰੀ ਨੂੰ ਫੜ ਕੇ ਉਹਦਾ ਜਲੂਸ ਕੱਢਿਆ ਸੀ ਤੇ ਪਿੰਡ ਦੇ ਨਵੇਂ ਪ੍ਰਬੰਧਕ ਨਿਯਤ ਕਰ ਦਿਤੇ ਸਨ। ਸ: ਕਰਤਾਰ ਸਿੰਘ ਘੋੜੇ ਤੋਂ ਥੱਲੇ ਉਤਰ ਆਇਆ ਤੇ ਅੱਗੇ ਕਦਮ ਪੁੱਟਦਿਆਂ ਕਿਹਾ, "ਮੈਂ ਕਰਤਾਰ ਸਿੰਘ ਹਾਂ, ਪਛਾਣਿਆ ਈ ਕਿ ਨਹੀਂ ?"

"ਪਛਾਣ ਲਿਆ ਏ, ਸਰਦਾਰ ਜੀ," ਪਹਿਰੇਦਾਰ ਨੇ ਕਿਹਾ ਤੇ ਦੋਵੇਂ ਹੱਥ ਜੋੜ ਕੇ ਸਤਿਕਾਰ ਪ੍ਰਗਟ ਕੀਤਾ।

"ਪਹਿਰਾ ਕਦੋਂ ਤੋਂ ਦੇਂਦੇ ਹੋ ?" ਕਰਤਾਰ ਸਿੰਘ ਨੇ ਪੁੱਛਿਆ।

"ਜਦੋਂ ਤੋਂ ਮੱਖਣ ਨੂੰ ਇਹ ਸੇਵਾ ਦਿੱਤੀ ਏ। ਹੁਣ ਪਿੰਡ ਵਿਚ ਬੜਾ ਹੀ ਅਨੰਦ ਹੋ ਗਿਆ ਏ। ਸਾਰਾ ਹੀ ਪਿੰਡ ਤੁਹਾਨੂੰ ਯਾਦ ਕਰਦਾ ਏ। ਤੁਸੀਂ ਤਾਂ ਸਾਡੀ ਖ਼ਲਾਸੀ ਕਰਾਈ ਏ।"

"ਲਾਹੌਰੋਂ ਸ਼ਾਹੀ ਫ਼ੌਜ ਤਾਂ ਨਹੀਂ ਆਈ ?" ਕਰਤਾਰ ਸਿੰਘ ਨੇ ਪੁੱਛਿਆ।

"ਨਹੀਂ ਜੀ।"

"ਚੌਧਰੀ ਦੇ ਬੰਦਿਆਂ ਖੱਪ ਤਾਂ ਨਹੀਂ ਪਾਈ ?" ਕਰਤਾਰ ਸਿੰਘ ਨੇ ਦੂਜਾ ਸਵਾਲ ਕੀਤਾ।

"ਨਹੀਂ, ਪਿੰਡ ਵਿਚ ਜਿਹੜੇ ਬੰਦੇ ਉਹਦੇ ਨਾਲ ਸਨ, ਉਹ ਤਾਂ ਘਰੋਂ ਬਾਹਰ ਹੀ ਨਹੀਂ ਨਿਕਲਦੇ," ਪਹਿਰੇਦਾਰ ਨੇ ਦੱਸਿਆ।

ਗ਼ਫ਼ੂਰ ਹੋਰੀਂ ਪਹਿਲੇ ਘਰ ਵਿਚ ਹੀ ਹਨ ਕਿ ਚੌਧਰੀ ਦੀ ਹਵੇਲੀ ਵਿਚ ਚਲੇ ਗਏ ਹਨ ?" ਕਰਤਾਰ ਸਿੰਘ ਨੇ ਫਿਰ ਘੋੜੇ 'ਤੇ ਚੜ੍ਹਦਿਆਂ ਪੁੱਛਿਆ।

"ਪਹਿਲੇ ਘਰ ਵਿਚ ਹੀ ਹਨ," ਪਹਿਰੇਦਾਰ ਨੇ ਕਿਹਾ, "ਮੈਂ ਚਲ ਕੇ ਤੁਹਾਨੂੰ ਘਰ ਦੱਸ ਦਿਆਂ ?"

"ਨਹੀਂ, ਮੈਨੂੰ ਘਰ ਦਾ ਪਤਾ ਏ। ਤੂੰ ਮੱਖਣ ਨੂੰ ਇਤਲਾਹ ਦੇ ਆ ਤਾਕਿ ਮਿਲ ਜਾਏ। ਮੱਖਣ ਇਸ ਸਮੇਂ ਘਰ ਹੀ ਹੋਏਗਾ।" ਕਰਤਾਰ ਸਿੰਘ ਨੇ ਕਿਹਾ।

"ਘਰ ਤਾਂ ਨਹੀਂ ਹੋਣਾ, ਮੇਰਾ ਖ਼ਿਆਲ ਏ ਕਿ ਇਸ ਵੇਲੇ ਉਹ ਪਿੰਡ ਦੇ ਗਭਰੂਆਂ ਦਾ ਇਕੱਠ ਕਰ ਰਹੇ ਹੋਣਗੇ। ਮੈਂ ਪਤਾ ਕਰਦਾ ਹਾਂ ਜਿੱਥੇ ਵੀ ਹੋਏ, ਤੁਹਾਡੇ ਪਾਸ ਲੈ ਆਉਂਦਾ ਹਾਂ।" ਪਹਿਰੇਦਾਰ ਨੇ ਫਿਰ ਹੱਥ ਜੋੜੇ ਤੇ ਟੁਰ ਪਿਆ।

ਕਰਤਾਰ ਸਿੰਘ ਨੇ ਘੋੜਾ ਫੇਰ ਲਿਆ ਤੇ ਚੰਨੋ ਨੂੰ ਕਿਹਾ, "ਵੇਖਿਆ ਈ, ਪਿੰਡ ਦਾ ਆਪਣਾ ਪ੍ਰਬੰਧ ਕੇਹਾ ਪੱਕਾ ਏ। ਹਨੇਰਾ ਪੈਂਦਿਆਂ ਹੀ ਪਹਿਰਾ ਲੱਗ ਗਿਆ ਏ ਤਾਕਿ ਰਾਤ ਦੇ ਹਨੇਰੇ ਵਿਚ ਸ਼ਾਹੀ ਫ਼ੌਜ ਦਾ ਹਮਲਾ ਨਾ ਹੋ ਜਾਏ। ਮੇਰਾ ਖ਼ਿਆਲ ਏ ਸਾਰੇ ਰਾਹਾਂ 'ਤੇ ਹੀ ਇਸ ਤਰ੍ਹਾਂ ਪਹਿਰਾ ਹੋਣਾ ਏ।"

ਗ਼ਫ਼ੂਰ ਦੇ ਘਰ ਅੱਗੇ ਜਦ ਘੋੜਾ ਖੜਾ ਹੋਇਆ ਤਾਂ ਨੂਰਾਂ ਝਟ-ਪਟ ਦਰਵਾਜ਼ੇ 'ਤੇ ਆ ਗਈ। ਕਰਤਾਰ ਸਿੰਘ ਨੂੰ ਉਸ ਪਛਾਣ ਲਿਆ ਪਰ ਜਦ ਘੋੜੇ ਤੋਂ ਇਕ ਮੁਟਿਆਰ ਨੂੰ ਉਤਰਦਿਆਂ ਦੇਖਿਆ ਤਾਂ ਹੈਰਾਨ ਰਹਿ ਗਈ। ਕਰਤਾਰ ਸਿੰਘ ਨੇ ਮੁਸਕਰਾਂਦਿਆਂ ਕਿਹਾ, "ਨੂਰਾਂ, ਕੀ ਹਾਲ ਏ ?"

"ਠੀਕ ਏ, ਭਾਊ ਜੀ," ਨੂਰਾਂ ਨੇ ਕਿਹਾ ਤੇ ਝਟ-ਪਟ ਅੰਦਰ ਲੰਘ ਗਈ। ਗ਼ਫ਼ੂਰ ਨੇ ਹਮੀਦਾਂ ਨੂੰ ਦੱਸਿਆ ਕਿ ਬਾਹਰ ਕਰਤਾਰ ਸਿੰਘ ਆ ਗਿਆ ਏ। ਹਮੀਦਾਂ ਝਟ-ਪਟ ਚੋਂਕੇ ਵਿਚੋਂ ਉਠ ਕੇ ਬਾਹਰ ਨੂੰ ਭੱਜੀ। ਨੂਰਾਂ ਉਸਦੇ ਨਾਲ ਹੀ ਬਾਹਰ ਆ ਗਈ। ਕਰਤਾਰ ਸਿੰਘ ਨੇ ਅਜੇ ਘੋੜੇ ਤੋਂ ਉਤਰ ਕੇ ਕਪੜੇ ਹੀ ਛੰਡੇ ਸਨ ਕਿ ਹਮੀਦਾਂ ਤੇ ਨੂਰਾਂ ਨੂੰ ਦਰਵਾਜ਼ੇ ਨੇੜੇ ਆਉਂਦਿਆਂ ਦੇਖ ਕੇ ਉਸ ਨੇ ਕਿਹਾ, "ਲਓ, ਮੈਂ ਕਿਹਾ ਚਲੋ ਨੂਰਾਂ ਨੂੰ ਭਰਜਾਈ ਮਿਲਾ ਲਿਆਵਾਂ।" ਹੁਣ ਹਮੀਦਾਂ ਤੇ ਨੂਰਾਂ ਦੋਵੇਂ ਸਮਝ ਗਈਆਂ ਕਿ ਇਹ ਕਰਤਾਰ ਸਿੰਘ ਦੀ ਵਹੁਟੀ ਏ। ਹਮੀਦਾਂ ਨੇ ਅੱਗੇ ਵਧ ਕੇ ਚੰਨੋ ਨੂੰ ਜੱਫਾ ਪਾ ਲਿਆ ਤੇ ਪਿਆਰ ਨਾਲ ਉਹਦਾ ਸਿਰ ਚੁੰਮਿਆ। ਇਸ ਪਿਆਰ-ਨਿੱਘ ਨੂੰ ਚੰਨੋ ਨੇ ਵੀ ਮਹਿਸੂਸ ਕੀਤਾ। ਜਦ ਹਮੀਦਾਂ ਮਿਲ ਚੁਕੀ ਤਾਂ ਨੂਰਾਂ ਨੇ ਫਿਰ ਪਿਆਰ ਨਾਲ ਚੰਨੋ ਨੂੰ ਜੱਫਾ ਪਾ ਲਿਆ। ਚੰਨੋ ਨੂੰ ਉਨ੍ਹਾਂ ਪਹਿਲੀ ਵਾਰ ਦੇਖਿਆ ਸੀ। ਪਰ ਕਰਤਾਰ ਸਿੰਘ ਦੇ ਸਤਿਕਾਰ ਨੇ ਚੰਨੋ ਲਈ ਵੀ ਉਨ੍ਹਾਂ ਦੇ ਦਿਲ ਵਿਚ ਪਿਆਰ ਤੇ ਸਤਿਕਾਰ ਭਰ ਦਿੱਤਾ ਸੀ। ਇਸ ਲਈ ਉਹ ਇਹਨੂੰ ਇਸ ਤਰ੍ਹਾਂ ਮਿਲੀਆਂ ਜਿਵੇਂ ਪਹਿਲਾਂ ਹੀ ਜਾਣ-ਪਛਾਣ ਏ ਤੇ ਚੰਨੋ ਉਨ੍ਹਾਂ ਦੀ ਨਿਕਟਵਰਤੀ ਏ।

ਜੱਫਾ ਪਾਈ ਨੂਰਾਂ ਉਸ ਨੂੰ ਅੰਦਰ ਲੈ ਗਈ। ਗ਼ਫ਼ੂਰ ਵੀ ਸੋਟੀ ਦੇ ਸਹਾਰੇ ਉਠ ਕੇ ਆ ਰਿਹਾ ਸੀ ਕਿ ਵਿਹੜੇ ਵਿਚ ਹੀ ਕਰਤਾਰ ਸਿੰਘ ਮਿਲ ਪਿਆ। ਦੋਵੇਂ ਗਲਵੱਕੜੀ ਪਾ ਕੇ ਮਿਲੇ।

"ਭਰਜਾਈ ਆਈ ਏ," ਨੂਰਾਂ ਨੇ ਗ਼ਫ਼ੂਰ ਨੂੰ ਦੱਸਿਆ।

"ਅੱਛਾ, ਬਹੁਤ ਚੰਗਾ ਹੋਇਆ।" ਗ਼ਫ਼ੂਰ ਨੇ ਪਿਛੇ ਮੁੜ ਕੇ ਦੇਖਿਆ ਤੇ ਚੰਨੋ ਦੇ ਸਿਰ 'ਤੇ ਹੱਥ ਫੇਰਿਆ। ਅੰਦਰ ਜਾ ਕੇ ਸਾਰੇ ਬੈਠ ਗਏ। ਹਮੀਦਾਂ ਤੇ ਨੂਰਾਂ ਝੱਟ ਉਠੀਆਂ ਤੇ ਰੋਟੀ ਬਣਾਣ ਲੱਗੀਆਂ ਪਰ ਫਿਰ ਹਮੀਦਾਂ ਨੇ ਕੁਝ ਸੋਚ ਕੇ ਚੰਨੋ ਨੂੰ ਬਾਹਰ ਬੁਲਾ ਕੇ ਪੁੱਛਿਆ, "ਤੁਸੀਂ ਸਾਡੇ ਹੱਥਾਂ ਦੀ ਰੋਟੀ ਖਾ ਲਉਗੇ?"

"ਕਿਉਂ ਨਹੀਂ?" ਚੰਨੋ ਨੇ ਕਿਹਾ।

"ਅਸੀਂ ਕਿਹਾ ਸ਼ਾਇਦ ਭਿਟ ਸਮਝਦੇ ਹੋਣ," ਹਮੀਦਾਂ ਨੇ ਕਿਹਾ।

"ਨਹੀਂ, ਅਜਿਹਾ ਕੋਈ ਵਿਚਾਰ ਨਹੀਂ," ਚੰਨੋ ਨੇ ਕਿਹਾ। ਕਰਤਾਰ ਸਿੰਘ ਦਾ ਧਿਆਨ ਵੀ ਇਸੇ ਪਾਸੇ ਸੀ। ਇਸ ਲਈ ਉਹ ਝਟ-ਪਟ ਉਠ ਕੇ ਬਾਹਰ ਆ ਗਿਆ ਤੇ ਪੁੱਛਿਆ, "ਕੀ ਗੱਲਾਂ ਪਈਆਂ ਹੁੰਦੀਆਂ ਨੇ?"

"ਤੁਹਾਡੇ ਵਿਰੁੱਧ ਗੱਲਾਂ ਪਏ ਕਰਦੇ ਹਾਂ," ਨੂਰਾਂ ਨੇ ਹੱਸਦਿਆਂ ਕਿਹਾ।

"ਕੋਈ ਸਾਜ਼ਸ਼ ਨਾ ਕਰੀ ਜਾਇਆ ਜੇ," ਕਰਤਾਰ ਸਿੰਘ ਨੇ ਵੀ ਹੱਸਦਿਆਂ ਕਿਹਾ।

"ਤੁਹਾਨੂੰ ਕਿਉਂ ਫਿਕਰ ਪੈ ਗਿਆ ਏ," ਹਮੀਦਾਂ ਨੇ ਕਿਹਾ, "ਅਸੀਂ ਰੋਟੀ ਬਾਰੇ ਪੁੱਛਿਆ ਸੀ।"

"ਖਾਵਾਂਗੇ ਰੋਟੀ, ਸਾਰੇ ਦਿਨ ਦੇ ਥੱਕੇ ਟੁਟੇ ਹੋਏ ਆਏ ਹਾਂ," ਕਰਤਾਰ ਸਿੰਘ ਨੇ ਕਿਹਾ।

"ਇਹ ਕਹਿੰਦੇ ਨੇ, ਭਿੱਟ ਤਾਂ ਨਹੀਂ ਕਰਦੇ?" ਚੰਨੋ ਨੇ ਕਿਹਾ।

"ਭਿੱਟ ਕਰਨ ਵਾਲੇ ਇਸ ਤਰ੍ਹਾਂ ਗਲੇ ਨਹੀਂ ਮਿਲਦੇ," ਕਰਤਾਰ ਸਿੰਘ ਨੇ ਕਿਹਾ, "ਸਿੰਘਾਂ ਦੇ ਗੁਰਦੇਵ ਨੇ ਤਾਂ ਇਹੀ ਦੱਸਿਆ ਏ ਕਿ ਸੰਸਾਰ ਦੇ ਸਾਰੇ ਮਨੁੱਖ ਭਰਾ ਹਨ। ਜਾਤ ਕਰਕੇ ਕੋਈ ਵੱਡਾ ਛੋਟਾ ਨਹੀਂ ਹੁੰਦਾ, ਸਗੋਂ ਅਮਲਾਂ ਕਰਕੇ ਵੱਡੇ ਛੋਟੇ ਬਣਦੇ ਹਨ। ਤੁਹਾਡੇ ਘਰ ਤਾਂ ਮੈਂ ਅੱਗੇ ਵੀ ਕਈ ਵਾਰ ਖਾ ਪੀ ਗਿਆ ਹਾਂ।"

"ਅੱਗੇ ਜਿੰਨੀ ਵਾਰ ਆਏ ਹੋ, ਦੁਧ ਹੀ ਪੀਂਦੇ ਰਹੇ ਹੋ," ਨੂਰਾਂ ਨੇ ਕਿਹਾ।

"ਮੈਨੂੰ ਦੁਧ ਬਹੁਤ ਚੰਗਾ ਲੱਗਦਾ ਏ," ਕਰਤਾਰ ਸਿੰਘ ਨੇ ਕਿਹਾ।

ਮੱਖਣ ਤੇ ਉਹਦੇ ਨਾਲ ਦੋ ਹੋਰ ਨੌਜਵਾਨ ਅੰਦਰ ਆ ਗਏ। ਕਰਤਾਰ ਸਿੰਘ ਉਨ੍ਹਾਂ ਨੂੰ ਵੀ ਮਿਲਿਆ ਤੇ ਸਾਰੇ ਪਸਾਰ ਵਿਚ ਲੰਘ ਗਏ। ਇਥੇ ਕਰਤਾਰ ਸਿੰਘ ਨੇ ਪਿੰਡ ਦੀ ਹਾਲਤ ਬਾਰੇ ਪੁੱਛ-ਗਿੱਛ ਕੀਤੀ। ਮੱਖਣ ਨੇ ਦੱਸਿਆ, "ਪਿੰਡ ਬੜਾ ਖ਼ੁਸ਼ ਏ। ਹੁਣ ਪਿੰਡ ਦੀਆਂ ਧੀਆਂ ਭੈਣਾਂ ਬਾਹਰ ਖੁਲ੍ਹੀਆਂ ਆਉਂਦੀਆਂ ਜਾਂਦੀਆਂ ਨੇ। ਲੋਕ ਮਹਿਸੂਸ ਕਰਦੇ ਨੇ ਜਿਵੇਂ ਉਹ ਪਹਿਲਾਂ ਦੱਬੇ, ਡਰੇ ਤੇ ਲਤਾੜੇ ਹੋਏ ਸਨ ਤੇ ਹੁਣ ਉਹ ਅਜ਼ਾਦ ਹੋ ਗਏ ਹਨ। ਦੂਜੇ ਪਿੰਡਾਂ 'ਤੇ ਵੀ ਇਹਦਾ ਚੰਗਾ ਅਸਰ ਪਿਆ ਏ। ਲੱਭੋਵਾਲੀ ਦੇ ਕੁਝ ਬੰਦਿਆਂ ਨੇ ਮੈਨੂੰ ਕਿਹਾ ਸੀ ਕਿ ਸਿੰਘਾਂ ਨੂੰ ਸਾਡੇ ਵੱਲ ਵੀ ਭੇਜੋ।"

ਕਰਤਾਰ ਸਿੰਘ ਨੇ ਹੋਰ ਕਈ ਗੱਲਾਂ ਪੁੱਛੀਆਂ, ਜਿਨ੍ਹਾਂ ਦੇ ਮੱਖਣ ਤੇ ਗ਼ਫ਼ੂਰ ਨੇ ਉੱਤਰ ਦਿਤੇ। ਰਾਤ ਕਾਫ਼ੀ ਦੇਰ ਤਕ ਗੱਲਾਂ ਹੁੰਦੀਆਂ ਰਹੀਆਂ। ਫਿਰ ਗ਼ਫ਼ੂਰ ਨੇ ਕਿਹਾ, "ਹੁਣ ਆਰਾਮ ਕਰੋ ਤੇ ਕਲ੍ਹ ਸਵੇਰੇ ਫਿਰ ਗੱਲਾਂ ਕਰਾਂਗੇ।" ਮੱਖਣ ਤੇ ਦੂਜੇ ਨੌਜਵਾਨ ਕਰਤਾਰ ਸਿੰਘ ਨੂੰ ਮਿਲ ਕੇ ਚਲੇ ਗਏ।

੧੪

ਸਵੇਰੇ ਨੂਰਾਂ ਤੇ ਚੰਨੋ ਇਕੱਠੀਆਂ ਹੀ ਬਾਹਰ ਗਈਆਂ ਤੇ ਦੂਰ ਖੇਤਾਂ ਵਿਚ ਲੰਘ ਗਈਆਂ। ਨੂਰਾਂ ਨੇ ਚੰਨੋ ਨੂੰ ਆਪਣੀ ਜ਼ਮੀਨ ਦਿਖਾਈ। ਕੁਝ ਰੁੱਖ ਨੂਰਾਂ ਨੇ ਆਪ ਬੜੇ

ਸ਼ੌਕ ਨਾਲ ਲਾਏ ਸਨ ਉਹ ਵੀ ਚੰਨੋ ਨੂੰ ਦਿਖਾਏ। ਚੰਨੋ ਹਰ ਚੀਜ਼ ਦੀ ਬੜੀ ਸ਼ਲਾਘਾ ਕਰਦੀ ਗਈ।

ਨੂਰਾਂ ਦੀਆਂ ਗੱਲਾਂ ਨੇ ਚੰਨੋ ਨੂੰ ਬੜਾ ਪ੍ਰਭਾਵਤ ਕੀਤਾ। ਜਦ ਉਹ ਖੇਤਾਂ ਤੋਂ ਹੋ ਕੇ ਵਾਪਸ ਮੁੜੀਆਂ ਤਾਂ ਪਿੰਡ ਦੇ ਬਾਹਰ ਵਾਰ ਛੱਪੜ ਦੇ ਨੇੜੇ ਮੱਖਣ ਮਿਲ ਪਿਆ ਜੋ ਸਵੇਰੇ ਸਵੇਰੇ ਪਿੰਡ ਦੇ ਜਵਾਨਾਂ ਦੀਆਂ ਖੇਡਾਂ ਕਰਾਉਣ ਲਈ ਬਾਹਰਲੇ ਮੈਦਾਨ ਵਿਚ ਜਾ ਰਿਹਾ ਸੀ। ਨੂਰਾਂ ਦੇ ਨਾਲ ਕਰਤਾਰ ਸਿੰਘ ਦੀ ਵਹੁਟੀ ਨੂੰ ਦੇਖ ਕੇ ਉਸ ਦੋਵੇਂ ਹੱਥ ਜੋੜ ਕੇ ਸਤਿਕਾਰ ਨਾਲ ਕਿਹਾ, "ਕਿਧਰ ਗਏ ਸੀ ਸਵੇਰੇ ਸਵੇਰੇ?"

"ਭਰਜਾਈ ਨੂੰ ਆਪਣੇ ਖੇਤ ਦਿਖਾਣ ਗਈ ਸਾਂ," ਨੂਰਾਂ ਨੇ ਕਿਹਾ, "ਤੁਸੀਂ ਸਵੇਰੇ ਸਵੇਰੇ ਕਿਧਰ ਚਲੇ ਹੋ ?"

"ਮੈਂ ਤਾਂ ਮੁੰਡਿਆਂ ਦੀਆਂ ਖੇਡਾਂ ਹੁੰਦੀਆਂ ਵੇਖਣ ਚਲਿਆ ਹਾਂ," ਮੱਖਣ ਨੇ ਕਿਹਾ। ਫਿਰ ਚੰਨੋ ਨੂੰ ਸੰਬੋਧਨ ਕਰਕੇ ਕਿਹਾ, "ਆਓ ਫਿਰ ਸਾਡੇ ਗ਼ਰੀਬਾਂ ਦੇ ਘਰ ਵੀ ਚੱਲੋ।"

"ਆਵਾਂਗੇ ਤੁਹਾਡੇ ਘਰ ਵੀ," ਚੰਨੋ ਨੇ ਹੱਸਦਿਆਂ ਕਿਹਾ, "ਤੁਸੀਂ ਪਹਿਲਾਂ ਫ਼ੌਜ ਵੱਲੋਂ ਹੋ ਆਓ।"

"ਫ਼ੌਜ ਦਾ ਹੁਣ ਬਹੁਤਾ ਫ਼ਿਕਰ ਨਹੀਂ, ਬੜੇ ਬੰਦੇ ਤਿਆਰ ਹੋ ਗਏ ਹਨ। ਅਸੀਂ ਤਾਂ ਸ: ਕਰਤਾਰ ਸਿੰਘ ਦਾ ਅਹਿਸਾਨ ਕਦੇ ਵੀ ਨਹੀਂ ਭੁਲ ਸਕਦੇ ਜਿਨ੍ਹਾਂ ਇਤਨਾ ਉੱਦਮ ਕੀਤਾ?" ਮੱਖਣ ਨੇ ਕਿਹਾ।

"ਇਹ ਉੱਦਮ ਤਾਂ ਸਾਰਾ ਤੁਹਾਡਾ ਪਿੰਡ ਵਾਲਿਆਂ ਦਾ ਹੈ, ਤੁਸੀਂ ਹਿੰਮਤ ਨਾ ਕਰਦੇ ਤਾਂ ਕੁਝ ਵੀ ਨਹੀਂ ਸੀ ਹੋਣਾ," ਚੰਨੋ ਨੇ ਕਿਹਾ, "ਕਿਸੇ ਉਤਸ਼ਾਹ ਦਿੱਤਾ ਤੇ ਕਿਸੇ ਹਿੰਮਤ ਕਰ ਲਈ। ਰਲ ਮਿਲ ਕੇ ਕੰਮ ਸਾਰ ਲਿਆ ਜੇ।"

"ਚੰਗਾ ਮੈਂ ਹੁਣੇ ਆ ਕੇ ਦਰਸ਼ਨ ਕਰਾਂਗਾ। ਸ: ਕਰਤਾਰ ਸਿੰਘ ਨੂੰ ਕਹਿਣਾ ਕਿ ਤਿਆਰ ਰਹਿਣ ਰੋਟੀ ਅੱਜ ਸਵੇਰ ਦੀ ਮੇਰੇ ਘਰ ਖਾਣੀ।"

"ਚੰਗਾ ਕਹਿ ਦਿਆਂਗੇ," ਚੰਨੋ ਨੇ ਕਿਹਾ ਤੇ ਦੋਵੇਂ ਘਰ ਨੂੰ ਟੁਰ ਪਈਆਂ। ਮੱਖਣ ਮੁਸਕਰਾਂਦਾ ਹੋਇਆ ਮੈਦਾਨ ਨੂੰ ਟੁਰ ਗਿਆ।

"ਬੜਾ ਚੰਗਾ ਏ ਮੱਖਣ," ਚੰਨੋ ਨੇ ਕਿਹਾ, "ਹਸੂੰ ਹਸੂੰ ਕਰਦਾ ਰਹਿੰਦਾ ਏ ਹਰ ਵੇਲੇ।"

"ਪਿੰਡ ਦੇ ਸਾਰੇ ਜਵਾਨਾਂ ਦਾ ਲੀਡਰ ਏ। ਸਾਰੇ ਮੁੰਡੇ ਇਹਦੇ ਪਿੱਛੇ ਹੁਣ ਤਾਂ ਜਾਨ ਦੇਂਦੇ ਨੇ।" ਨੂਰਾਂ ਨੇ ਵੀ ਰਜਵੀਂ ਉਪਮਾ ਕੀਤੀ।

"ਇਹ ਹੈ ਕੌਣ ?" ਚੰਨੋ ਨੇ ਪੁੱਛਿਆ।

"ਕੀ ਮਤਲਬ ?" ਹੈਰਾਨ ਹੋ ਕੇ ਨੂਰਾਂ ਨੇ ਕਿਹਾ।

"ਮੇਰਾ ਮਤਲਬ ਏ ਕਿਹੜੀ ਜ਼ਾਤ ਬਰਾਦਰੀ ਵਿਚੋਂ ਏ ?" ਚੰਨੋ ਨੇ ਕਿਹਾ।

"ਜੱਟ ਏ," ਨੂਰਾਂ ਨੇ ਕਿਹਾ।

"ਤੇ ਤੁਸੀਂ ?" ਚੰਨੋ ਨੇ ਪੁੱਛਿਆ।

"ਅਸੀਂ ਵੀ ਜੱਟ," ਨੂਰਾਂ ਨੇ ਕਿਹਾ। ਉਹਨੂੰ ਦਿਲੋਂ ਖੁੜਕ ਗਈ ਕਿ ਚੰਨੋ ਕਿਉਂ ਇਸ ਤਰ੍ਹਾਂ ਵਿਸਥਾਰ ਨਾਲ ਬਰਾਦਰੀ ਤੇ ਜ਼ਾਤ ਬਾਰੇ ਪੁੱਛ ਕਰ ਰਹੀ ਏ ਪਰ ਉਸ ਵਧੇਰੇ ਵਿਸਥਾਰ ਵਿਚ ਜਾਣਾ ਚੰਗਾ ਨਾ ਸਮਝਿਆ ਤੇ ਗੱਲ ਨੂੰ ਹੋਰ ਪਾਸੇ ਪਾਣ ਲਈ ਕਿਹਾ, "ਰਹੋਗੇ ਨਾ ਇਥੇ ਅਜੇ ਕੁਝ ਦਿਨ।"

"ਨਹੀਂ, ਅਸੀਂ ਅੱਜ ਹੀ ਚਲੇ ਜਾਣਾ ਏ, ਕਲ੍ਹ ਸੰਗਰਾਂਦ ਏ ਤੇ ਇਸ ਸਮੇਂ ਅਸੀਂ ਅੰਮ੍ਰਿਤਸਰ ਰੌਣਕਾਂ ਦੇਖਾਂਗੇ," ਚੰਨੋ ਨੇ ਕਿਹਾ, "ਚਲ ਤੈਨੂੰ ਵੀ ਅੰਮ੍ਰਿਤਸਰ ਦੀ ਸੈਰ ਕਰਾ ਲਿਆਈਏ।

"ਮੈਨੂੰ ਅੱਬਾ ਨੇ ਨਹੀਂ ਜਾਣ ਦੇਣਾ। ਨਾਲੇ ਉਂਝ ਵੀ ਮਾਂ ਹੁਣ ਬੀਮਾਰ ਰਹਿੰਦੀ ਏ ਤੇ ਮੇਰਾ ਘਰੋਂ ਨਿਕਲਣ ਹੀ ਕਿਥੇ ਹੁੰਦਾ ਏ।" ਨੂਰਾਂ ਨੇ ਇਹ ਕਹਿ ਕੇ ਟਾਲਣਾ ਚਾਹਿਆ।

"ਜਿਵੇਂ ਘਰ ਸਾਰਾ ਤੇਰੇ ਸਿਰ 'ਤੇ ਹੀ ਖੜਾ ਏ। ਕਲ੍ਹ ਵਿਆਹੀ ਗਈਓਂ ਤਾਂ ਵੀ ਘਰ ਦਾ ਕੰਮ ਚਲੇਗਾ।" ਚੰਨੋ ਨੇ ਮੁਸਕਰਾਂਦਿਆਂ ਕਿਹਾ ਤੇ ਨੂਰਾਂ ਦਾ ਚਿਹਰਾ ਪੜ੍ਹਨ ਦਾ ਯਤਨ ਕੀਤਾ। ਨੂਰਾਂ ਨੇ ਨਿੱਕੀ ਜਿਹੀ ਮੁਸਕਰਾਹਟ ਨਾਲ ਸਿਰ ਨੀਵਾਂ ਕਰ ਲਿਆ, ਜਿਵੇਂ ਵਿਆਹ ਦੇ ਨਾਂ ਤੋਂ ਉਹਨੂੰ ਸ਼ਰਮ ਆ ਗਈ ਹੋਵੇ।

ਦੋਵੇਂ ਘਰ ਵਾਪਸ ਪਰਤ ਆਈਆਂ। ਕਰਤਾਰ ਸਿੰਘ ਨੇ ਆਉਂਦਿਆਂ ਕਿਹਾ, "ਬੜੀ ਦੇਰ ਲਾ ਆਈਆਂ ਜੇ।"

"ਉਦਾਸ ਹੋ ਗਏ ਸੀ ਭਰਜਾਈ ਬਿਨਾਂ," ਨੂਰਾਂ ਨੇ ਟਿਚਕਰ ਨਾਲ ਕਿਹਾ। ਇਕ ਦਿਨ ਵਿਚ ਹੀ ਨੂਰਾਂ ਇਹਨਾਂ ਨਾਲ ਇਸ ਤਰ੍ਹਾਂ ਘੁਲ ਮਿਲ ਗਈ ਸੀ ਜਿਵੇਂ ਇਕੋ ਘਰ ਦੇ ਜੀਅ ਹੁੰਦੇ ਹਨ।

ਖਾਣ ਪੀਣ ਤੋਂ ਜਦ ਵਿਹਲੇ ਹੋਏ ਤਾਂ ਚੰਨੋ ਨੇ ਕਰਤਾਰ ਸਿੰਘ ਨੂੰ ਇਕ ਪਾਸੇ ਲਿਜਾ ਕੇ ਕਿਹਾ, "ਮੈਂ ਇਕ ਸਲਾਹ ਦਿਆਂ ?"

"ਦੱਸ।" ਕਰਤਾਰ ਸਿੰਘ ਨੇ ਉਤਾਵਲੇ ਹੋ ਕੇ ਪੁੱਛਿਆ।

"ਨੂਰਾਂ ਦਾ ਮੱਖਣ ਨਾਲ ਵਿਆਹ ਕਰਾ ਦਿਉ। ਇਕ ਤਾਂ ਜੋੜੀ ਬੜੀ ਸੋਹਣੀ ਲਗੇਗੀ ਤੇ ਦੂਜਾ ਪਿੰਡ ਦੇ ਪਰਬੰਧ ਲਈ ਦੋਵੇਂ ਹੋਰ ਮਿਲਵਰਤਣ ਨਾਲ ਕੰਮ ਕਰ ਸਕਣਗੇ।"

"ਇਹਨਾਂ ਵਿਚੋਂ ਕਿਸੇ ਦੀ ਪਹਿਲਾਂ ਹੀ ਮੰਗਣੀ ਤਾਂ ਨਹੀਂ ਹੋਈ?" ਕਰਤਾਰ ਸਿੰਘ ਨੇ ਕਿਹਾ।

"ਮੇਰਾ ਖ਼ਿਆਲ ਏ ਕਿ ਨਹੀਂ। ਮੈਨੂੰ ਰਾਹ ਵਿਚ ਮੱਖਣ ਮਿਲਿਆ ਸੀ, ਇਹ ਉਦੋਂ ਹੀ ਮੈਨੂੰ ਖ਼ਿਆਲ ਆਇਆ ਕਿ ਇਹਨਾਂ ਦਾ ਵਿਆਹ ਹੋ ਜਾਣਾ ਚਾਹੀਦਾ ਹੈ। ਨੂਰਾਂ ਦੇ ਦਿਲ ਵਿਚ ਵੀ ਮੱਖਣ ਲਈ ਬੜੀ ਇੱਜ਼ਤ ਏ। ਜੇ ਤੁਸੀਂ ਗੱਲ ਕਰੋ ਤਾਂ ਦੋਵੇਂ ਧਿਰਾਂ ਖ਼ੁਸ਼ੀ ਨਾਲ ਮੰਨ ਜਾਣਗੀਆਂ।" ਚੰਨੋ ਨੇ ਕਿਹਾ।

"ਮੈਂ ਵੀ ਅਗੇ ਸੋਚਿਆ ਸੀ ਪਰ ਗੱਲ ਕਰਨ ਤੋਂ ਹੀ ਝਕ ਗਿਆ ਸਾਂ," ਕਰਤਾਰ ਸਿੰਘ ਨੇ ਕਿਹਾ।

"ਇਸੇ ਤਰ੍ਹਾਂ ਢੋ ਬਣਦੇ ਹਨ," ਚੰਨੋ ਨੇ ਕਿਹਾ।

ਕਰਤਾਰ ਸਿੰਘ ਨੇ ਗ਼ਫ਼ੂਰ ਨਾਲ ਝਕਦਿਆ ਝਕਦਿਆਂ, ਪਰ ਬੜੇ ਦਾਨਿਆਂ ਵਾਂਗ ਗੱਲ ਸ਼ੁਰੂ ਕੀਤੀ, "ਹੁਣ ਤਾਂ ਆਪਣੀ ਨੂਰਾਂ ਜਵਾਨ ਹੋ ਗਈ ਏ। ਕਿੰਨੀ ਕੁ ਉਮਰ ਹੋਏਗੀ ਇਹਦੀ?"

"ਬੱਸ ਇਨ੍ਹਾਂ ਰੋਜ਼ਿਆਂ ਵਿਚ ਇਸ ਅਠਾਰਾਂ ਦੀ ਹੋ ਜਾਣਾ ਏ। ਉਮਰ ਤੇ ਇੰਨੀ ਨਹੀਂ ਜਿੰਨਾ ਕੱਦ ਬੁਤ ਕੱਢ ਗਈ ਏ।" ਗ਼ਫ਼ੂਰ ਨੇ ਕਿਹਾ।

"ਕਿਧਰੇ ਰਿਸ਼ਤੇ ਦੀ ਗੱਲਬਾਤ ਤਾਂ ਨਹੀਂ ਕੀਤੀ ਅਜੇ?" ਕਰਤਾਰ ਸਿੰਘ ਨੇ ਅਗਲਾ ਸਵਾਲ ਕੀਤਾ।

"ਨਹੀਂ, ਮੈਂ ਇਨ੍ਹਾਂ ਦਿਨਾਂ ਵਿਚ ਹੀ ਇਧਰ ਧਿਆਨ ਦੇਣਾ ਸੀ, ਪਰ ਹੋਰ ਹੀ ਰੁਝੇਵੇਂ ਆ ਪਏ ਜਿਸ ਕਰਕੇ ਕਿਧਰੇ ਜਾ ਹੀ ਨਹੀਂ ਸਕਿਆ। ਕੋਈ ਮੁੰਡਾ ਤੁਹਾਡੀ ਨਜ਼ਰ ਵਿਚ ਹੋਵੇ ਤਾਂ ਦੱਸਣਾ।" ਗ਼ਫ਼ੂਰ ਨੇ ਕਿਹਾ।

"ਸਾਨੂੰ ਮੁਸਲਮਾਨ ਘਰਾਂ ਦੀ ਘੱਟ ਹੀ ਵਾਕਫ਼ੀ ਏ, ਪਰ ਜੇ ਚੰਗਾ ਸਮਝੋ ਤਾਂ ਮੱਖਣ ਬਾਰੇ ਕੀ ਖ਼ਿਆਲ ਏ?" ਕਰਤਾਰ ਸਿੰਘ ਨੇ ਝਕਦਿਆਂ ਅਖ਼ੀਰ ਸਾਫ਼ ਕਹਿ ਦਿਤਾ।

ਗ਼ਫ਼ੂਰ ਨੇ ਦੋ ਕੁ ਮਿੰਟ ਇਸ ਸੁਝਾਉ 'ਤੇ ਵਿਚਾਰ ਕੀਤਾ ਤੇ ਫਿਰ ਕਿਹਾ, "ਪਿੰਡ ਦਾ ਮੁੰਡਾ ਏ। ਮੈਨੂੰ ਤਾਂ ਕੋਈ ਇਤਰਾਜ਼ ਨਹੀਂ। ਲੋਕੀਂ ਨਾ ਗੱਲਾਂ ਕਰਨ।"

"ਨਹੀਂ, ਲੋਕਾਂ ਕੀ ਗੱਲਾਂ ਕਰਨੀਆਂ ਨੇ। ਪਿੰਡ ਵਿਚ ਹੀ ਰਿਸ਼ਤਾ ਹੋ ਜਾਏ ਤਾਂ ਵਧੇਰੇ ਚੰਗਾ ਏ। ਹਰ ਵੇਲੇ ਕੁੜੀ ਨੂੰ ਮਿਲ ਸਕਿਆ ਕਰੋਗੇ।" ਕਰਤਾਰ ਸਿੰਘ ਨੇ ਸਮਝਾਇਆ ਤੇ ਅਖ਼ੀਰ ਗ਼ਫ਼ੂਰ ਨੇ ਕਿਹਾ, "ਤੁਸੀਂ ਮੱਖਣ ਨਾਲ ਗੱਲ ਕਰ ਲਓ, ਜੇ ਉਹ ਮੰਨ ਜਾਏ ਤਾਂ ਮੈਂ ਤਿਆਰ ਹਾਂ।"

"ਗੱਲ ਮੱਖਣ ਨਾਲ ਕਰਾਂ ਕਿ ਉਹਦੇ ਪਿਉ ਨਾਲ?" ਕਰਤਾਰ ਸਿੰਘ ਨੇ ਪੁੱਛਿਆ।

"ਦੋਹਾਂ ਨੂੰ ਪੁੱਛ ਲਓ," ਗ਼ਫ਼ੂਰ ਨੇ ਕਿਹਾ।

ਮੱਖਣ ਵੀ ਉਤੋਂ ਆ ਗਿਆ ਤੇ ਦੋਹਾਂ ਗੱਲਬਾਤ ਬੰਦ ਕਰ ਦਿੱਤੀ। ਮੱਖਣ ਤਾੜ ਗਿਆ ਤੇ ਉਸ ਪੁੱਛਿਆ, "ਕੋਈ ਭੇਦ ਵਾਲੀਆਂ ਗੱਲਾਂ ਹੋ ਰਹੀਆਂ ਸਨ ਜੋ ਮੇਰੇ ਆਉਣ 'ਤੇ ਬੰਦ ਕਰ ਦਿੱਤੀਆਂ ਗਈਆਂ ਹਨ।"

"ਨਹੀਂ," ਗ਼ਫ਼ੂਰ ਨੇ ਮੁਸਕਰਾਂਦਿਆਂ ਕਿਹਾ, "ਮੱਖਣ ਤੋਂ ਵੀ ਕੋਈ ਛੁਪਾ ਹੋ ਸਕਦਾ ਏ ?"

ਮੱਖਣ ਹੱਸ ਪਿਆ ਤੇ ਗ਼ਫ਼ੂਰ ਦੇ ਨਾਲ ਹੀ ਮੰਜੇ 'ਤੇ ਬੈਠ ਗਿਆ। ਝਟ ਪਿਛੋਂ ਉਸ ਕਿਹਾ, "ਮਿਲ ਗਿਆ ਸੀ ਮੇਰਾ ਸੁਨੇਹਾ ?"

"ਕਿਹੜਾ ?" ਕਰਤਾਰ ਸਿੰਘ ਨੇ ਕਿਹਾ।

"ਭਰਜਾਈ ਨੇ ਨਹੀਂ ਦਿੱਤਾ ?"

"ਨਹੀਂ।"

"ਹੱਦ ਹੋ ਗਈ।"

"ਕੀ ਗੱਲ ਸੀ ?" ਕਰਤਾਰ ਸਿੰਘ ਨੇ ਪੁੱਛਿਆ।

"ਤੁਸੀਂ ਹੁਣ ਰੋਟੀ ਮੇਰੇ ਘਰ ਖਾਣੀ," ਮੱਖਣ ਨੇ ਕਿਹਾ।

"ਉਚੇਚ ਦੀ ਕੋਈ ਲੋੜ ਨਹੀਂ," ਕਰਤਾਰ ਸਿੰਘ ਨੇ ਉੱਤਰ ਦਿੱਤਾ।

"ਨਹੀਂ, ਇਸੇ ਬਹਾਨੇ ਮੇਰਾ ਘਰ ਦੇਖ ਲਓ," ਮੱਖਣ ਨੇ ਕਿਹਾ।

"ਘਰ ਤੇਰੇ ਹੁਣੇ ਚਲੇ ਚਲਦੇ ਹਾਂ। ਚਲ ਬਈ ਚੰਨੋ, ਮੱਖਣ ਦੇ ਘਰ ਹੋ ਆਈਏ।" ਕਰਤਾਰ ਸਿੰਘ ਨੇ ਕਿਹਾ ਤੇ ਉਠ ਕੇ ਤਿਆਰ ਹੋ ਗਿਆ।

ਮੱਖਣ ਦੇ ਨਾਲ ਹੀ ਮੱਖਣ ਦੇ ਘਰ ਨੂੰ ਆ ਗਏ। ਮੱਖਣ ਦੇ ਅੱਬਾ ਜੀਤੂ ਨੇ ਦਰਵਾਜ਼ੇ 'ਤੇ ਇਹਨਾਂ ਨੂੰ 'ਜੀ ਆਇਆਂ' ਕਿਹਾ ਤੇ ਅੰਦਰ ਲੈ ਗਿਆ। ਮੱਖਣ ਹੱਟੀ ਤੋਂ ਕੋਈ ਚੀਜ਼ ਲੈਣ ਚਲਾ ਗਿਆ ਤੇ ਪਿਛੋਂ ਕਰਤਾਰ ਸਿੰਘ ਨੇ ਜੀਤੂ ਨਾਲ ਗੱਲ ਸ਼ੁਰੂ ਕੀਤੀ, "ਜੇ ਤੁਸੀਂ ਪਸੰਦ ਕਰੋ ਤਾਂ ਮੇਰੀ ਸਲਾਹ ਏ ਕਿ ਹੁਣ ਮੱਖਣ ਦਾ ਵਿਆਹ ਕਰ ਦਿਓ। ਸਾਡਾ ਵੀ ਹੁਣ ਵਿਆਹ ਵੇਖਣ ਨੂੰ ਜੀਅ ਕਰਦਾ ਏ।"

"ਕਰ ਹੀ ਦੇਣਾ ਏ ਹੁਣ," ਜੀਤੂ ਨੇ ਕਿਹਾ।

"ਗ਼ਫ਼ੂਰ ਖ਼ਾਨ ਦੀ ਕੁੜੀ ਨੂਰਾਂ ਨਾਲ ਹੀ ਕਿਉਂ ਨਹੀਂ ਕਰ ਦੇਂਦੇ, ਦੋਵੇਂ ਇਕੋ ਜਿਹੇ ਹਾਣੀ ਨੇ ਤੇ ਉਂਝ ਵੀ ਸੁਭਾਅ ਮਿਲਦੇ ਨੇ," ਕਰਤਾਰ ਸਿੰਘ ਨੇ ਕਿਹਾ।

"ਸਾਡੀ ਘਰ ਦੀ ਹਾਲਤ ਕਾਫ਼ੀ ਪਤਲੀ ਏ, ਇਸ ਲਈ ਗ਼ਫ਼ੂਰ ਨਹੀਂ ਮੰਨਣ ਲੱਗਾ," ਜੀਤੂ ਨੇ ਖ਼ਿਆਲ ਪਰਗਟ ਕੀਤਾ।

"ਨਹੀਂ, ਉਹਨਾਂ ਦੇ ਘਰ ਦੀ ਹਾਲਤ ਕਿਹੜੀ ਚੰਗੀ ਏ। ਮਸਾਂ ਗੁਜ਼ਾਰਾ ਹੀ

ਚਲਦਾ ਏ," ਕਰਤਾਰ ਸਿੰਘ ਨੇ ਕਿਹਾ।

"ਚੰਗਾ ਇਸ 'ਤੇ ਵੀ ਵਿਚਾਰ ਕਰ ਲੈਂਦੇ ਹਾਂ," ਜੀਤੂ ਨੇ ਕਿਹਾ।

"ਮੈਂ ਉਧਰ ਤਾਂ ਗੱਲ ਕਰ ਆਇਆ ਹਾਂ," ਕਰਤਾਰ ਸਿੰਘ ਨੇ ਕਿਹਾ, "ਤੁਸੀਂ 'ਹਾਂ' ਕਰੋ ਤਾਂ ਮੱਖਣ ਨਾਲ ਵੀ ਗੱਲ ਕਰ ਲਵਾਂ।"

"ਕਰ ਲਓ ਸਰਦਾਰ ਜੀ, ਸਾਨੂੰ ਜਿਵੇਂ ਕਹੋਗੇ ਕਰ ਲਵਾਂਗੇ," ਜੀਤੂ ਨੇ ਕਿਹਾ।

ਮੱਖਣ ਵੀ ਬਾਹਰੋਂ ਆ ਗਿਆ। ਕਰਤਾਰ ਸਿੰਘ ਨੇ ਆਉਂਦਿਆਂ ਕਿਹਾ, "ਲੈ ਬਈ ਮੱਖਣ ਅਸੀਂ ਤੇਰੇ ਵਿਆਹ ਦਾ ਪ੍ਰਬੰਧ ਕਰ ਦਿੱਤਾ ਈ।

"ਮੈਂ ਨਹੀਂ ਅਜੇ ਵਿਆਹ ਕਰਾਉਣਾ," ਮੱਖਣ ਨੇ ਕਿਹਾ, "ਪਿੰਡ ਦਾ ਕੁਝ ਬਣਾ ਲਈਏ ਫਿਰ ਵਿਆਹ ਬਾਰੇ ਵੀ ਸੋਚ ਲਵਾਂਗੇ।"

"ਨਹੀਂ, ਵਿਆਹ ਕਰਾਇਆਂ ਪਿੰਡ ਬਾਰੇ ਕੰਮ ਰੁਕ ਤਾਂ ਨਹੀਂ ਜਾਂਦੇ।" ਕਰਤਾਰ ਸਿੰਘ ਨੇ ਮੱਖਣ ਨੂੰ ਕੋਲ ਬਿਠਾ ਲਿਆ ਤੇ ਝਟ ਉਸ ਨਾਲ ਇਧਰ ਉਧਰ ਦੀਆਂ ਗੱਲਾਂ ਕਰ ਕੇ ਅੰਤ ਵਿਚ ਸਾਫ਼ ਕਿਹਾ, "ਮੈਂ ਚਾਹੁੰਦਾ ਹਾਂ ਕਿ ਗ਼ਫ਼ੂਰ ਦੀ ਕੁੜੀ ਨੂਰਾਂ ਨਾਲ ਤੇਰਾ ਵਿਆਹ ਕਰ ਦਈਏ।"

ਨੂਰਾਂ ਦਾ ਨਾਮ ਸੁਣਦਿਆਂ ਉਸਦੀ ਸੋਹਣੀ ਸ਼ਕਲ ਮੱਖਣ ਦੀਆਂ ਅੱਖਾਂ ਸਾਹਮਣੇ ਆ ਗਈ। ਉਹਦੀ ਨਾਂਹ ਹੁਣ ਇਕਦਮ 'ਹਾਂ' ਵਿਚ ਬਦਲ ਗਈ।

ਉਸੇ ਵੇਲੇ ਕਰਤਾਰ ਸਿੰਘ ਤੇ ਚੰਨੋ ਗ਼ਫ਼ੂਰ ਦੇ ਘਰ ਪੁਜੇ ਤੇ ਉਹਨੂੰ ਸਾਰੀ ਗੱਲਬਾਤ ਤੋਂ ਵਾਕਫ਼ ਕਰਾ ਦਿੱਤਾ। ਗ਼ਫ਼ੂਰ ਨੇ ਕਰਤਾਰ ਸਿੰਘ ਨੂੰ ਕਿਹਾ, "ਕਰਤਾਰ ਸਿੰਘ ਜੀ ਤੁਸੀਂ ਨੂਰਾਂ ਦੇ ਭਰਾ ਦੀ ਥਾਂ ਹੋ, ਜਿਵੇਂ ਚਾਹੋ ਇਸ ਬਾਰੇ ਕਰੋ।"

ਦੂਜੇ ਦਿਨ ਸਵੇਰੇ ਹੀ ਵਿਆਹ ਕਰਨ ਦਾ ਪ੍ਰੋਗਰਾਮ ਬਣਾ ਲਿਆ ਗਿਆ। ਪਹਿਲਾਂ ਤਾਂ ਹਮੀਦਾਂ ਨੇ ਕਿਹਾ ਕਿ ਇਤਨੀ ਛੇਤੀ ਤਿਆਰੀ ਕਿਵੇਂ ਕਰਾਂਗੇ ਪਰ ਜਦੋਂ ਚੰਨੋ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਵਿਆਹ ਵੇਖ ਕੇ ਜਾਣਾ ਚਾਹੁੰਦੀ ਹੈ ਤਾਂ ਹਮੀਦਾਂ ਨੇ ਮੰਨ ਲਿਆ। ਉਂਝ ਵੀ ਕਰਤਾਰ ਸਿੰਘ ਨੇ ਗੱਲ ਸਾਫ਼ ਕਰ ਦਿੱਤੀ ਸੀ ਕਿ ਲੈਣਾ ਦੇਣਾ ਕੁਝ ਨਹੀਂ ਏ, ਸਿਰਫ਼ ਸਾਦੇ ਜਿਹੇ ਤਰੀਕੇ ਨਾਲ ਰਸਮ ਅਦਾ ਕਰ ਦਿੱਤੀ ਜਾਏ। ਸਵੇਰੇ ਹੀ ਮੱਖਣ ਹੋਰੀਂ ਪਿੰਡ ਦੇ ਹੋਰ ਪਤਵੰਤਿਆਂ ਸਮੇਤ ਆ ਗਏ ਅਤੇ ਦੋਹਾਂ ਦਾ ਇਸਲਾਮੀ ਨਿਯਮਾਂ ਅਨੁਸਾਰ ਨਿਕਾਹ ਕਰ ਦਿੱਤਾ ਗਿਆ। ਇਸ ਸਮੇਂ ਪ੍ਰੀਤੀ ਭੋਜਨ ਹੋਇਆ ਜਿਸ ਵਿਚ ਕਰਤਾਰ ਸਿੰਘ ਵੀ ਸ਼ਾਮਲ ਹੋਇਆ।

ਕਰਤਾਰ ਸਿੰਘ ਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਸੀ ਕਿ ਉਹਦੇ ਇਥੇ ਆਉਣ 'ਤੇ ਇਕ ਹੋਰ ਚੰਗਾ ਕੰਮ ਹੋ ਗਿਆ ਹੈ। ਸਾਰਾ ਦਿਨ ਇਹਨਾਂ ਖ਼ੁਸ਼ੀਆਂ ਵਿਚ ਹੀ ਬੀਤ ਗਿਆ।

ਦੂਜੇ ਦਿਨ ਸਵੇਰੇ ਹੀ ਕਰਤਾਰ ਸਿੰਘ ਅੰਮ੍ਰਿਤਸਰ ਲਈ ਚਲ ਪਿਆ। ਗ਼ਫ਼ੂਰ ਤੇ ਮੱਖਣ ਦੇ ਪਰਵਾਰਾਂ ਨੇ ਬੜੇ ਤਰਲੇ ਕੀਤੇ ਕਿ ਇਹ ਹੋਰ ਕੁਝ ਦਿਨ ਠਹਿਰਨ ਪਰ ਕਰਤਾਰ ਸਿੰਘ ਨੇ ਮਜਬੂਰੀ ਪ੍ਰਗਟ ਕੀਤੀ ਤੇ ਚਲਾ ਗਿਆ।

ਥੋੜ੍ਹੀ ਦੂਰ ਹੀ ਕਰਤਾਰ ਸਿੰਘ ਨੂੰ ਦੋ ਸਿੰਘ ਮਿਲ ਪਏ ਜੋ ਇਹਨੂੰ ਕਾਹਨੂੰਆਣੇ ਦੇ ਛੰਭ ਵਿਚ ਪਿਛਲੀ ਵਾਰ ਮਿਲੇ ਸਨ। ਉਹਨਾ ਦੱਸਿਆ ਕਿ ਇਸ ਵਾਰ ਸ੍ਰੀ ਅੰਮ੍ਰਿਤਸਰ ਜਾਣ ਲਈ ਜ਼ਰਾ ਸੁਚੇਤ ਹੋ ਕੇ ਚਲਣਾ ਚਾਹੀਦਾ ਹੈ ਕਿਉਂਕਿ ਸਰਕਾਰ ਨੇ ਉਚੇਚੀ ਫ਼ੌਜ ਅੰਮ੍ਰਿਤਸਰ ਰੱਖੀ ਹੋਈ ਹੈ ਤੇ ਸਿੱਖਾਂ ਨੂੰ ਫੜਨ ਜਾਂ ਮਾਰਨ ਦਾ ਜਤਨ ਕੀਤਾ ਜਾਇਗਾ। ਭਾਵੇਂ ਪਰਗਟ ਤੌਰ 'ਤੇ ਅਜੇ ਕੁਝ ਨਹੀਂ ਕਿਹਾ ਜਾ ਰਿਹਾ ਪਰ ਸੰਗਰਾਂਦ ਦੇ ਦਿਨ ਕਿਸੇ ਉਚੇਚੀ ਕਾਰਵਾਈ ਦੀ ਸੰਭਾਵਨਾ ਹੈ। ਉਹਨਾਂ ਨੂੰ ਸ੍ਰੀ ਅੰਮ੍ਰਿਤਸਰ ਤੋਂ ਉਚੇਚਾ ਇਸ ਮੰਤਵ ਲਈ ਭੇਜਿਆ ਗਿਆ ਹੈ ਕਿ ਇਸ ਵਾਰੀ ਕੋਈ ਸਿੰਘ ਪਰਵਾਰ ਸਮੇਤ ਨਾ ਆਏ। ਆਪ ਵੀ ਖ਼ਾਸ ਤਿਆਰੀ ਤੇ ਹੁਸ਼ਿਆਰੀ ਨਾਲ ਆਉਣ ਦਾ ਯਤਨ ਕਰਨਾ।

"ਮੈਂ ਆਪਣੀ ਧਰਮ ਪਤਨੀ ਨੂੰ ਨਾਲ ਨਾ ਲਿਆਵਾਂ?" ਕਰਤਾਰ ਸਿੰਘ ਨੇ ਪੁੱਛਿਆ।

"ਸਾਡਾ ਖ਼ਿਆਲ ਏ ਕਿ ਨਾਲ ਨਾ ਲਿਜਾਓ," ਉਹਨਾਂ ਸਿੰਘਾਂ ਨੇ ਸਲਾਹ ਦਿੱਤੀ।

"ਨਹੀਂ ਇਹ ਨਹੀਂ ਹੋ ਸਕਦਾ," ਕਰਤਾਰ ਸਿੰਘ ਨੇ ਕਿਹਾ, "ਅਸੀਂ ਸਰਕਾਰ ਤੋਂ ਡਰ ਕੇ ਇਤਨੇ ਕਮਜ਼ੋਰ ਦਿਲ ਬਣਨ ਲਈ ਤਿਆਰ ਨਹੀਂ। ਤੁਸੀਂ ਐਵੇਂ ਸਰਕਾਰ ਤੋਂ ਇਤਨਾ ਡਰ ਮਹਿਸੂਸ ਕਰ ਰਹੇ ਹੋ। ਮੈਂ ਸਮਝਦਾ ਹਾਂ ਕਿ ਹਾਕਮਾਂ ਦੀਆਂ ਕਮਜ਼ੋਰੀਆਂ ਤੇ ਗਿਰਾਵਟ ਨੇ ਉਹਨਾਂ ਨੂੰ ਨਿਤਾਣਾ ਕਰ ਦਿੱਤਾ ਹੈ। ਹੁਣ ਉਹਦੇ ਵਿਚ ਸਾਡਾ ਮੁਕਾਬਲਾ ਕਰਨ ਦਾ ਹੌਸਲਾ ਨਹੀਂ।"

"ਤੁਹਾਡੇ ਨਾਲ ਜਥਾ ਹੁੰਦਾ ਤਾਂ ਕੋਈ ਡਰ ਨਹੀਂ ਸੀ ਪਰ ਇਕੱਲੇ ਤਾਂ ਹਰ ਸਮੇਂ ਡਰ ਹੋ ਸਕਦਾ ਹੈ," ਇਕ ਸਿੰਘ ਨੇ ਕਿਹਾ।

"ਨਹੀਂ, ਮੈਨੂੰ ਕੋਈ ਡਰ ਨਹੀਂ। ਮੈਂ ਇਕੱਲਾ ਹੀ ਫ਼ੌਜ ਦਾ ਮੁਕਾਬਲਾ ਕਰ ਸਕਦਾ ਹਾਂ। ਤਨਖ਼ਾਹਾਂ ਲੈਣ ਵਾਲੇ ਫ਼ੌਜੀ ਸਾਡਾ ਮੁਕਾਬਲਾ ਕਿਵੇਂ ਕਰ ਸਕਦੇ ਹਨ?" ਕਰਤਾਰ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ।

"ਅਸੀਂ ਤਾਂ ਤੁਹਾਨੂੰ ਪਤਾ ਦੇਣਾ ਸੀ ਅੱਗੋਂ ਸੋਚ ਲਵੋ," ਇਕ ਸਿੰਘ ਨੇ ਕਿਹਾ।

"ਚੰਗਾ ਕੀਤਾ ਜੇ ਮੈਨੂੰ ਸੁਚੇਤ ਕਰ ਦਿੱਤਾ ਜੇ," ਕਰਤਾਰ ਸਿੰਘ ਨੇ ਉਹਨਾਂ ਦਾ ਧੰਨਵਾਦ ਕਰਦਿਆਂ ਕਿਹਾ।

ਦੋਵੇਂ ਸਿੰਘ ਚਲੇ ਗਏ। ਕਰਤਾਰ ਸਿੰਘ ਨੇ ਪਿਛੇ ਮੁੜ ਕੇ ਚੰਨੋ ਵੱਲ ਦੇਖਿਆ ਤੇ ਉਹਦੀ ਰਾਏ ਪੁੱਛੀ। ਚੰਨੋ ਨੇ ਕੁਝ ਘਬਰਾਹਟ ਨਾਲ ਕਿਹਾ, "ਜੇ ਸੱਚ-ਮੁੱਚ ਹੀ ਅੱਗੇ ਖ਼ਤਰਾ ਹੈ ਤਾਂ ਨਹੀਂ ਜਾਂਦੇ। ਫਿਰ ਕਦੇ ਅੰਮ੍ਰਿਤ ਛਕ ਲਵਾਂਗੇ।"

"ਨਹੀਂ, ਅੰਮ੍ਰਿਤ ਛਕਣਾ ਜ਼ਰੂਰੀ ਹੈ। ਜਦ ਤਕ ਅੰਮ੍ਰਿਤ ਨਾ ਛਕ ਲਿਆ ਜਾਵੇ ਸਾਡਾ ਅਨੰਦ ਕਾਰਜ ਨਹੀਂ ਹੋ ਸਕਦਾ।" ਕਰਤਾਰ ਸਿੰਘ ਨੇ ਕਿਹਾ।

"ਜ਼ਰੂਰ ਅੰਮ੍ਰਿਤਸਰ ਹੀ ਛਕਿਆ ਜਾ ਸਕਦਾ ਏ ?" ਚੰਨੋ ਨੇ ਪੁੱਛਿਆ।

"ਨਹੀਂ, ਅੰਮ੍ਰਿਤ ਤਾਂ ਹਰ ਥਾਂ ਛਕਿਆ ਜਾ ਸਕਦਾ ਹੈ। ਜਿਥੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰ ਦੇਣ, ਉਥੇ ਹੀ ਛਕਿਆ ਜਾ ਸਕਦਾ ਹੈ। ਪਰ ਸਿੰਘ ਨੇ ਬਚਨ ਕੀਤਾ ਏ ਕਿ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕਿਆ ਜਾਏਗਾ। ਇਸ ਲਈ ਹੁਣ ਅੰਮ੍ਰਿਤਸਰ ਅਵੱਸ਼ ਜਾਵਾਂਗੇ।" ਕਰਤਾਰ ਸਿੰਘ ਨੇ ਫ਼ੈਸਲਾ ਇਸ ਤਰ੍ਹਾਂ ਸੁਣਾ ਦਿੱਤਾ।

"ਚੰਗਾ ਜੇ ਤੁਹਾਡਾ ਇਹ ਵਿਚਾਰ ਏ ਤਾਂ ਮੈਨੂੰ ਕੀ ਇਤਰਾਜ਼ ਹੋ ਸਕਦਾ ਏ। ਮੈਨੂੰ ਤਾਂ ਤੁਹਾਡੀ ਖ਼ੁਸ਼ੀ ਚਾਹੀਦੀ ਹੈ।" ਚੰਨੋ ਨੇ ਸਹਿਮਤੀ ਪ੍ਰਗਟ ਕਰਦਿਆਂ ਕਿਹਾ, "ਚਲੋ, ਫਿਰ ਅੰਮ੍ਰਿਤਸਰ ਨੂੰ ਘੋੜਾ ਸਿੱਧਾ ਕਰ ਦਿਓ।"

ਅੰਮ੍ਰਿਤਸਰ ਵੱਲ ਘੋੜਾ ਭਜਾਂਦਾ ਸ: ਕਰਤਾਰ ਸਿੰਘ ਚਲਦਾ ਗਿਆ। ਕਾਫ਼ੀ ਦੇਰ ਉਸ ਚੰਨੋ ਨਾਲ ਕੋਈ ਗੱਲ ਨਾ ਕੀਤੀ। ਚੰਨੋ ਨੇ ਮਹਿਸੂਸ ਕੀਤਾ ਕਿ ਸ਼ਾਇਦ ਇਹਨਾਂ ਨੂੰ ਮੇਰੀ ਕਮਜ਼ੋਰੀ ਵਾਲੀ ਗੱਲ 'ਤੇ ਗੁੱਸਾ ਆ ਗਿਆ ਏ, ਇਸ ਲਈ ਹੁਣ ਚੁਪ ਕਰ ਕੇ ਜਾ ਰਹੇ ਹਨ। ਉਸ ਆਪ ਹੀ ਬੁਲਾਇਆ, "ਕਿਉਂ, ਨਰਾਜ਼ ਹੋ ਗਏ ਹੋ ?"

ਕਰਤਾਰ ਸਿੰਘ ਨੇ ਮੁਸਕਰਾਂਦਿਆਂ ਉਹਦੀ ਗਲ੍ਹ 'ਤੇ ਹੌਲੀ ਜਿਹੀ ਚਪੇੜ ਮਾਰਦਿਆਂ ਕਿਹਾ, "ਨਾਰਾਜ਼ ਮੈਂ ਹੋ ਹੀ ਨਹੀਂ ਸਕਦਾ ਆਪਣੀ ਚੰਨੀ ਨਾਲ। ਤੈਨੂੰ ਫ਼ਿਕਰ ਕਿਉਂ ਲਗ ਜਾਂਦਾ ਏ ਕਿ ਮੈਂ ਤੇਰੇ ਨਾਲ ਨਾਰਾਜ਼ ਹੋ ਗਿਆ ਹਾਂ।"

"ਤੁਸੀਂ ਬੋਲਦੇ ਜੁ ਨਹੀਂ," ਚੰਨੋ ਨੇ ਪੁੱਛਿਆ।

"ਮੈਂ ਤਾਂ ਹੋਰ ਹੀ ਸੋਚ ਰਿਹਾ ਸਾਂ। ਜੇ ਅੱਗੋਂ ਹਮਲਾ ਹੋ ਗਿਆ ਜਾਂ ਅੰਮ੍ਰਿਤਸਰ ਪਹਿਰਾ ਲੱਗਾ ਹੋਇਆ, ਤਾਂ ਕੀ ਤਰੀਕਾ ਵਰਤਣਾ ਚਾਹੀਦਾ ਹੈ ?" ਕਰਤਾਰ ਸਿੰਘ ਨੇ ਦੱਸਿਆ।

"ਕੀ ਸੋਚਿਆ ਜੇ ਫਿਰ ?"

"ਸਾਨੂੰ ਪਹਿਲਾਂ ਅੰਮ੍ਰਿਤਸਰ ਦੇ ਬਾਹਰ ਜੰਗਲ ਵਿਚ ਜਾਣਾ ਚਾਹੀਦਾ ਹੈ ਉਥੇ ਜ਼ਰੂਰ ਸਿੰਘ ਆਏ ਹੋਣਗੇ। ਉਹਨਾਂ ਨਾਲ ਸਲਾਹ ਕਰ ਕੇ ਅੱਗੇ ਜਾਣਾ ਚਾਹੀਦਾ ਹੈ।" ਕਰਤਾਰ ਸਿੰਘ ਨੇ ਕਿਹਾ।

"ਜਾਣਾ ਜ਼ਰੂਰ ਏ ?" ਚੰਨੋ ਨੇ ਹੁਣ ਦ੍ਰਿੜ੍ਹਤਾ ਨਾਲ ਕਿਹਾ। "ਜਾਣ ਦਾ ਪ੍ਰੋਗਰਾਮ

ਤਾਂ ਨਹੀਂ ਬਦਲ ਸਕਦਾ। ਮੈਂ ਤਾਂ ਸਿਰਫ਼ ਤਰੀਕਾ ਚੰਗਾ ਲੱਭਣ ਦਾ ਯਤਨ ਕਰ ਰਿਹਾ ਹਾਂ।" ਕਰਤਾਰ ਸਿੰਘ ਨੇ ਕਿਹਾ।

ਇਸ ਤਰ੍ਹਾਂ ਵਿਚਾਰਾਂ ਕਰਦੇ ਅੰਮ੍ਰਿਤਸਰ ਦੇ ਨੇੜੇ ਪਹੁੰਚ ਗਏ। ਜੰਗਲ ਦੇ ਬਾਹਰ ਹੀ ਕੁਝ ਸਿੰਘ ਮਿਲ ਗਏ। ਉਪਰੋਂ ਹਨੇਰਾ ਹੋ ਗਿਆ ਸੀ ਤੇ ਹੁਣ ਸਿੰਘ ਬਾਹਰ ਨਿਕਲੇ ਸਨ। ਕਰਤਾਰ ਸਿੰਘ ਨੇ ਉਹਨਾਂ ਤੋਂ ਸਾਰੀ ਹਾਲਤ ਪੁੱਛੀ। ਉਹਨਾਂ ਦੱਸਿਆ ਕਿ ਦਰਬਾਰ ਸਾਹਿਬ ਦਾ ਇਲਾਕਾ ਘੇਰੇ ਵਿਚ ਨਹੀਂ। ਉਥੇ ਸਰਕਾਰ ਨੇ ਅਜੇ ਕੋਈ ਛਾਪਾ ਨਹੀਂ ਮਾਰਿਆ, ਉਂਝ ਸਾਡੀ ਇਤਲਾਹ ਏ ਕਿ ਕਲ੍ਹ ਜਦ ਸਿੰਘਾਂ ਦਾ ਇਕੱਠ ਹੋਵੇਗਾ ਤਾਂ ਛਾਪਾ ਮਾਰ ਕੇ ਫੜਨ ਦਾ ਯਤਨ ਕੀਤਾ ਜਾਏਗਾ।

ਕਰਤਾਰ ਸਿੰਘ, ਰਾਤ ਦੇ ਹਨੇਰੇ ਵਿਚ ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਤੇ ਦਰਬਾਰ ਸਾਹਿਬ ਪਹੁੰਚ ਗਿਆ। ਦੀਵਾਨ ਦਾ ਉਚੇਚਾ ਪ੍ਰੋਗਰਾਮ ਸੀ। ਸਾਰੀ ਰਾਤ ਹੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਦੀਵਾਨ ਸਜਿਆ ਰਿਹਾ। ਦਰਜਨਾਂ ਸ਼ਸਤਰਧਾਰੀ ਸਿੰਘ ਆਸੇ ਪਾਸੇ ਪਹਿਰਾ ਦੇਂਦੇ ਰਹੇ। ਕੁਝ ਸੂਹੀਏ ਵੀ ਛੱਡ ਦਿੱਤੇ ਗਏ ਸਨ ਜੋ ਝਟ-ਪਟ ਦੀਆਂ ਇਤਲਾਹ ਆ ਕੇ ਦੇਂਦੇ ਸਨ। ਸਿੰਘਾਂ ਦੀ ਰੱਖਿਆ ਦੇ ਜਿਥੇ ਹੋਰ ਵੀ ਕਈ ਸਾਧਨ ਹੋਣਗੇ ਉਥੇ ਇਕ ਵੱਡਾ ਸਾਧਨ ਇਹਨਾਂ ਦੇ ਸੂਹੀਏ ਸਨ। ਸਰਕਾਰ ਨੇ ਉਚੇਚੀ ਸਿਖਿਆ ਦੇ ਕੇ ਸੂਹੀਏ ਛੱਡੇ ਹੋਏ ਸਨ ਪਰ ਸਿੰਘਾਂ ਦੇ ਸੂਹੀਏ ਉਹਨਾਂ ਨਾਲੋਂ ਵੱਧ ਸੁਚੇਤ ਤੇ ਖ਼ਬਰਦਾਰ ਸਨ। ਇਸ ਲਈ ਹਰ ਸਮੇਂ ਪੂਰੀ ਵਾਕਫ਼ੀਅਤ ਮਿਲਦੀ ਰਹਿੰਦੀ ਸੀ।

ਅੰਮ੍ਰਿਤ ਵੇਲੇ ਦੀਵਾਨ ਦੀ ਸਮਾਪਤੀ ਪਿਛੋਂ ਅੰਮ੍ਰਿਤ ਤਿਆਰ ਕੀਤਾ ਗਿਆ ਤੇ ਸਾਰੇ ਚਾਹਵਾਨਾਂ ਨੂੰ ਛਕਾਇਆ ਗਿਆ। ਉਹਨਾਂ ਦੇ ਨਵੇਂ ਨਾਮ ਵੀ ਗੁਰਵਾਕ ਅਨੁਸਾਰ ਰੱਖੇ ਗਏ। 'ਗ' ਅੱਖਰ ਨਿਕਲਿਆ ਸੀ ਜਿਸ ਕਰ ਕੇ ਚੰਨੋ ਦਾ ਨਾਮ ਗੁਰਚਰਨ ਕੌਰ ਰੱਖ ਦਿੱਤਾ ਗਿਆ।

ਸੂਹੀਏ ਨੇ ਖ਼ਬਰ ਦਿੱਤੀ ਕਿ ਅੱਜ ਦੁਪਹਿਰ ਨੂੰ ਹਮਲਾ ਹੋ ਜਾਏਗਾ। ਇਸ ਲਈ ਬਚ ਕੇ ਜਾਣਾ ਚਾਹੀਦਾ ਹੈ। ਬਾਹਰੋਂ ਆਏ ਸਾਰੇ ਸਿੰਘਾਂ ਨੂੰ ਝਟ-ਪਟ ਚਲੇ ਜਾਣ ਦਾ ਹੁਕਮ ਮਿਲ ਗਿਆ। ਸ: ਕਰਤਾਰ ਸਿੰਘ ਤੇ ਗੁਰਚਰਨ ਕੌਰ ਵੀ ਘੋੜੇ 'ਤੇ ਚੜ੍ਹ ਕੇ ਅੰਮ੍ਰਿਤਸਰ ਦੇ ਬਜ਼ਾਰਾਂ 'ਚੋਂ ਘੋੜਾ ਭਜਾਂਦੇ ਬਾਹਰ ਨਿਕਲ ਗਏ।

ਸ਼ਹਿਰ ਤੋਂ ਕੁਝ ਮੀਲ ਹੀ ਬਾਹਰ ਗਏ ਸਨ ਕਿ ਅੱਗੋਂ ਧੂੜ ਉਡਦੀ ਦਿਸੀ। ਜਦ ਇਕ ਪਾਸੇ ਹਟ ਕੇ ਦੇਖਿਆ ਤਾਂ ਸ਼ਾਹੀ-ਫ਼ੌਜ ਦਾ ਗਸ਼ਤੀ ਦਸਤਾ ਆ ਰਿਹਾ ਸੀ। ਉਹਨਾਂ ਵੀ ਕਰਤਾਰ ਸਿੰਘ ਨੂੰ ਦੇਖ ਲਿਆ ਜਿਸ ਲਈ ਕਰਤਾਰ ਸਿੰਘ ਲਈ ਰਾਹ ਛਡ ਕੇ ਇਕ ਪਾਸੇ ਹੋ ਕੇ ਬਚਣ ਦਾ ਕੋਈ ਸਾਧਨ ਨਹੀਂ ਸੀ। ਜੇ ਗੁਰਚਰਨ ਕੌਰ ਨਾਲ ਨਾ ਹੁੰਦੀ ਤਾਂ ਸ਼ਾਇਦ ਕਰਤਾਰ ਸਿੰਘ ਟੱਕਰ ਲੈ ਵੀ ਲੈਂਦਾ ਪਰ ਹੁਣ ਇਕੱਲੇ ਮੁਕਾਬਲਾ

ਕਰਨਾ ਕਠਨ ਸੀ। ਇਸ ਲਈ ਘੋੜਾ ਭਜਾ ਲਿਆ। ਸ਼ਾਹੀ ਫ਼ੌਜਾਂ ਵੀ ਪਿੱਛੇ ਲੱਗ ਪਈਆਂ। ਕਰਤਾਰ ਸਿੰਘ ਨੇ ਘੋੜਾ ਸਰਪੱਟ ਦੁੜਾ ਦਿੱਤਾ। ਗੁਰਚਰਨ ਕੌਰ ਦਾ ਦਿਲ ਧੜਕਣ ਲਗ ਪਿਆ ਪਰ ਹੁਣ ਉਹਦੇ ਵਿਚ ਪਹਿਲੇ ਵਾਲੀ ਕਮਜ਼ੋਰੀ ਨਹੀਂ ਸੀ, ਸਗੋਂ ਉਹਨੂੰ ਨਿਸਚਾ ਸੀ ਕਿ ਕੋਈ ਜਿਉਂਦੇ ਜੀਅ ਉਹਨੂੰ ਹੱਥ ਨਹੀ ਪਾ ਸਕਦਾ। ਉਸ ਨੇ ਵੀ ਅੰਮ੍ਰਿਤਸਰ ਤੋਂ ਕਿਰਪਾਨ ਲੈ ਲਈ ਸੀ।

ਕਰਤਾਰ ਸਿੰਘ ਨੂੰ ਗੁਰਚਰਨ ਕੌਰ ਨੇ ਪੁੱਛਿਆ, "ਹੁਣ ਅਸੀਂ ਜਾ ਕਿਧਰ ਰਹੇ ਹਾਂ?"

"ਮੇਰਾ ਖ਼ਿਆਲ ਏ ਕਿ ਹੁਣ ਇਹਨਾਂ ਛੇਤੀ ਪਿੱਛਾ ਨਹੀਂ ਛੱਡਣਾ, ਇਸ ਲਈ ਕਾਹਨੂੰਆਣੇ ਦੇ ਛੰਭ ਵੱਲ ਚੱਲੀਏ। ਉਥੇ ਸਿੰਘਾਂ ਦਾ ਬਹੁਤ ਵੱਡਾ ਡੇਰਾ ਏ।" ਕਰਤਾਰ ਸਿੰਘ ਨੇ ਕਿਹਾ।

ਸਰਪੱਟ ਘੋੜਾ ਭਜਾਂਦਾ ਸ: ਕਰਤਾਰ ਸਿੰਘ ਕਾਹਨੂੰਆਣੇ ਦੇ ਛੰਭ ਵਿਚ ਪਹੁੰਚ ਗਿਆ। ਛੰਭ ਵਿਚ ਦਾਖ਼ਲ ਹੋਣ ਸਮੇਂ ਕਰਤਾਰ ਸਿੰਘ ਨੇ ਦੇਖਿਆ ਕਿ ਸ਼ਾਹੀ ਫ਼ੌਜ ਬਹੁਤ ਪਿੱਛੇ ਰਹਿ ਗਈ ਏ ਤੇ ਸ਼ਾਇਦ ਉਹਨੂੰ ਇਹ ਵੀ ਨਹੀਂ ਪਤਾ ਲੱਗਾ ਕਿ ਉਹ ਛੰਭ ਵੱਲ ਜਾ ਰਹੇ ਹਨ।

੧੫

ਲਾਹੌਰ ਤੋਂ ਆਈਆਂ ਸ਼ਾਹੀ ਫ਼ੌਜਾਂ ਨੇ ਕਾਹਨੂੰਆਣੇ ਦੇ ਛੰਭ ਨੂੰ ਘੇਰਾ ਪਾਣਾ ਸ਼ੁਰੂ ਕਰ ਦਿੱਤਾ। ਦਿੱਲੀ ਤੋਂ ਇਹ ਹੁਕਮ ਆਇਆ ਸੀ ਕਿ ਸਿੱਖਾਂ ਦੀਆਂ ਸਰਗਰਮੀਆਂ ਬਹੁਤ ਵਧ ਗਈਆਂ ਹਨ ਇਸ ਲਈ ਇਹਨਾਂ ਨੂੰ ਛੇਤੀ ਖ਼ਤਮ ਕੀਤਾ ਜਾਏ। ਲਾਹੌਰ ਦੇ ਗਵਰਨਰ ਨੂੰ ਇਹ ਵੀ ਧਮਕੀ ਮਿਲੀ ਸੀ ਕਿ ਜੇ ਉਸਨੇ ਕੁਝ ਦਿਨਾਂ ਵਿਚ ਹੀ ਪੰਜਾਬ ਵਿਚੋਂ ਸਿੱਖਾਂ ਨੂੰ ਖ਼ਤਮ ਨਾ ਕੀਤਾ ਤਾਂ ਉਹਦੀ ਪਦਵੀ ਖੋਹ ਲਈ ਜਾਵੇਗੀ। ਇਸੇ ਲਈ ਲਾਹੌਰ ਦੇ ਗਵਰਨਰ ਨੇ ਤੁਰੰਤ ਹੀ ਆਪਣਾ ਸਾਰਾ ਧਿਆਨ ਹੋਰ ਪਾਸਿਆਂ ਤੋਂ ਮੋੜ ਕੇ ਸਿੱਖਾਂ ਵਿਰੁੱਧ ਫ਼ੌਜੀ ਕਾਰਵਾਈ ਵੱਲ ਲਾ ਦਿੱਤਾ ਤੇ ਸਾਰੇ ਨਾਮੀ ਫ਼ੌਜੀ ਜਰਨੈਲਾਂ ਨੂੰ ਹੁਕਮ ਦੇ ਦਿੱਤਾ ਕਿ ਕਾਹਨੂੰਆਣੇ ਵਿਚ ਇਕ ਵੀ ਸਿਖ ਨਹੀਂ ਬਚਣਾ ਚਾਹੀਦਾ। ਇਹ ਤਿਆਰੀ ਤੇ ਪ੍ਰੋਗਰਾਮ ਝਟ-ਪਟ ਬਣ ਗਿਆ।

ਸੂਹੀਏ ਨੇ ਆ ਕੇ ਸਿੰਘਾਂ ਨੂੰ ਵੀ ਖ਼ਬਰ ਦੇ ਦਿੱਤੀ ਸੀ ਕਿ ਲਾਹੌਰ ਤੋਂ ਵੱਡਾ ਹਮਲਾ ਹੋਣ ਵਾਲਾ ਹੈ। ਸਾਰੇ ਇਲਾਕੇ ਵਿਚੋਂ ਸਿੰਘਾਂ ਨੇ ਵੀ ਜਥੇ ਇਕੱਠੇ ਕਰਨ ਦਾ ਪ੍ਰੋਗਰਾਮ ਬਣਾ ਲਿਆ ਤਾਕਿ ਇਸ ਵਾਰ ਸ਼ਾਹੀ ਫ਼ੌਜ ਨਾਲ ਵੱਡੀ ਪੱਧਰ 'ਤੇ ਟੱਕਰ ਲਈ ਜਾਏ।

ਸ: ਕਰਤਾਰ ਸਿੰਘ ਦੇ ਪੁੱਜ ਜਾਣ ਦੀ ਖ਼ਬਰ ਨਾਲ ਸਾਰੇ ਸਿੰਘਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਕਿਉਂਕਿ ਸ: ਕਰਤਾਰ ਸਿੰਘ ਲੜਾਈ ਸਮੇਂ ਚੰਗਾ ਦਲੇਰ ਤੇ ਸਿਆਣਾ ਆਗੂ ਸਾਬਤ ਹੁੰਦਾ ਸੀ। ਜਥੇਦਾਰ ਨੇ ਕਰਤਾਰ ਸਿੰਘ ਨੂੰ ਆਪਣੇ ਟਿਕਾਣੇ 'ਤੇ ਬੁਲਾਇਆ ਤੇ ਕਿਹਾ, "ਤੁਹਾਨੂੰ ਪਤਾ ਲਗ ਗਿਆ ਹੋਵੇਗਾ ਕਿ ਲਾਹੌਰ ਤੋਂ ਫ਼ੌਜ ਦਾ ਵੱਡਾ ਹਮਲਾ ਹੋਣ ਵਾਲਾ ਏ।"

"ਹਾਂ, ਮੈਨੂੰ ਇਥੇ ਆ ਕੇ ਹੀ ਪਤਾ ਲੱਗਾ ਏ," ਕਰਤਾਰ ਸਿੰਘ ਨੇ ਕਿਹਾ,"ਅਸੀਂ ਤੁਹਾਡੇ ਪਿੰਡ ਸੁਨੇਹਾ ਭੇਜ ਦਿੱਤਾ ਏ," ਜਥੇਦਾਰ ਨੇ ਦੱਸਿਆ। "ਮੈਂ ਤਾਂ ਕਈ ਦਿਨਾਂ ਤੋਂ ਬਾਹਰ ਹਾਂ। ਪਹਿਲਾਂ ਖ਼ੈਰਾਬਾਦ ਗਿਆ ਸਾਂ ਤੇ ਫਿਰ ਸ੍ਰੀ ਅੰਮ੍ਰਿਤਸਰ ਦਰਸ਼ਨ ਕਰਨ ਲੰਘ ਗਿਆ ਸਾਂ।" ਕਰਤਾਰ ਸਿੰਘ ਨੇ ਦੱਸਿਆ।

"ਤੁਹਾਨੂੰ ਵਧਾਈ ਦੇਣੀ ਤਾਂ ਭੁਲ ਹੀ ਗਿਆ ਹਾਂ," ਜਥੇਦਾਰ ਨੇ ਕਿਹਾ, "ਤੁਸੀਂ ਖ਼ੈਰਾਬਾਦ ਵਿਚ ਚੌਧਰੀ ਨੂੰ ਹਟਾ ਕੇ ਜਿਹੜਾ ਨਵਾਂ ਪ੍ਰਬੰਧ ਕੀਤਾ ਏ ਉਹਦੀ ਸਾਰੇ ਇਲਾਕੇ ਵਿਚ ਚਰਚਾ ਏ। ਲੋਕਾਂ 'ਤੇ ਉਹਦਾ ਬੜਾ ਚੰਗਾ ਅਸਰ ਪੈ ਰਿਹਾ ਏ।"

"ਹਾਂ, ਜੇ ਉਸ ਵਿਚ ਸਫਲ ਹੋ ਗਏ ਤਾਂ ਹੌਲੀ ਹੌਲੀ ਸਾਰੇ ਇਲਾਕੇ ਦੇ ਸਰਕਾਰੀਏ, ਖ਼ਤਮ ਹੋ ਜਾਣਗੇ। ਲੋਕੀਂ ਹੁਣ ਉਸੇ ਤਰ੍ਹਾਂ ਸੋਚਣ ਲੱਗ ਪਏ ਹਨ। ਅਸਲ ਵਿਚ ਲੋਕਾਂ ਨੂੰ ਅਗਵਾਈ ਹੀ ਚਾਹੀਦੀ ਸੀ ਜੋ ਗੁਰੂ ਦੀ ਕਿਰਪਾ ਨਾਲ ਹੁਣ ਮਿਲ ਗਈ ਏ।" ਕਰਤਾਰ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ।

"ਪਿੰਡ ਨੂੰ ਅਜੇ ਤਕ ਸਰਕਾਰ ਨੇ ਨੁਕਸਾਨ ਤਾਂ ਨਹੀਂ ਪੁਚਾਇਆ?" ਜਥੇਦਾਰ ਨੇ ਪੁੱਛਿਆ।

"ਨਹੀਂ, ਅਜੇ ਕੋਈ ਉਧਰ ਨਹੀਂ ਗਿਆ। ਹੋ ਸਕਦਾ ਏ ਕਿ ਕੁਝ ਦਿਨਾਂ ਤਕ ਜਾਣ।" ਕਰਤਾਰ ਸਿੰਘ ਨੇ ਦੱਸਿਆ।

"ਅੱਛਾ, ਮੈਂ ਤੁਹਾਡੇ ਨਾਲ ਪਹਿਲਾਂ ਲਾਹੌਰੀ ਫ਼ੌਜ ਦੇ ਹਮਲੇ ਦੀ ਗੱਲ ਕਰਦਾ ਸਾਂ," ਜਥੇਦਾਰ ਨੇ ਕਿਹਾ, "ਉਸ ਬਾਰੇ ਕੀ ਕਰਨਾ ਚਾਹੀਦਾ ਹੈ?"

"ਸਾਰੇ ਪਾਸੇ ਸੁਨੇਹੇ ਭੇਜ ਦਿਉ," ਕਰਤਾਰ ਸਿੰਘ ਨੇ ਕਿਹਾ।

"ਉਹ ਤਾਂ ਚਾਰ ਘੋੜ-ਸਵਾਰ ਕਲ੍ਹ ਦੇ ਚਲੇ ਗਏ ਹਨ," ਜਥੇਦਾਰ ਨੇ ਕਿਹਾ, "ਤੁਹਾਡੇ ਪਿਛੋ ਸ਼ਾਇਦ ਉਹ ਖ਼ੈਰਾਬਾਦ ਵੀ ਗਏ ਹੋਣ।"

"ਜੇ ਉਹ ਮੱਖਣ ਜਾਂ ਗਫ਼ੂਰ ਨੂੰ ਮਿਲ ਪਏ ਤਾਂ ਮੇਰਾ ਖ਼ਿਆਲ ਏ ਕਿ ਉਥੋਂ ਮੁਸਲਮਾਨਾਂ ਦਾ ਜਥਾ ਵੀ ਸ਼ਾਇਦ ਆ ਜਾਏ," ਕਰਤਾਰ ਸਿੰਘ ਨੇ ਕਿਹਾ।

"ਨਹੀਂ, ਉਹ ਨਹੀਂ ਆਉਣਾ ਚਾਹੀਦਾ," ਜਥੇਦਾਰ ਨੇ ਕਿਹਾ।

"ਕਿਉਂ ?"

"ਸਾਰੇ ਇਤਬਾਰੀ ਨਹੀਂ ਹੁੰਦੇ," ਜਥੇਦਾਰ ਨੇ ਕਿਹਾ।

"ਨਹੀਂ ਉਹ ਸਾਰਾ ਪਿੰਡ ਹੀ ਆਪਣੇ ਨਾਲ ਏ," ਕਰਤਾਰ ਸਿੰਘ ਨੇ ਕਿਹਾ ਤੇ ਫਿਰ ਵਿਸ਼ਵਾਸ ਨਾਲ ਮੁਸਕਰਾਂਦਿਆਂ ਦੱਸਿਆ, "ਉਸ ਪਿੰਡ ਦੇ ਮੁਸਲਮਾਨਾਂ ਦੇ ਮਨ ਵਿਚ ਸਿੱਖਾਂ ਲਈ ਅਥਾਹ ਪਿਆਰ ਏ ਤੇ ਉਹ ਜ਼ਰੂਰ ਈਮਾਨਦਾਰੀ ਨਾਲ ਸਾਡੀ ਮਦਦ 'ਤੇ ਆਉਣਗੇ।"

"ਤੁਸੀਂ ਜ਼ਿੰਮੇਵਾਰ ਹੋ ?"

"ਬਿਲਕੁਲ !" ਕਰਤਾਰ ਸਿੰਘ ਨੇ ਕਿਹਾ।

"ਚਲੋ ਫਿਰ ਆ ਜਾਣ ਦਿਓ," ਜਥੇਦਾਰ ਨੇ ਕਿਹਾ, "ਤੁਸੀਂ ਚੌਧਰੀ ਨੂੰ ਇਥੇ ਭੇਜ ਕੇ ਆਪ ਤਾਂ ਆਏ ਨਾ। ਅਸੀਂ ਉਹਨੂੰ ਅਜੇ ਤਕ ਕੈਦ ਹੀ ਰੱਖਿਆ ਹੋਇਆ ਏ। ਉਹਦਾ ਵੀ ਕੀ ਕੀਤਾ ਜਾਏ ?"

"ਉਹਨੂੰ ਮਿਲ ਲੈਣ ਦਿਓ ਮੈਨੂੰ, ਜੇ ਤਾਂ ਉਹਦਾ ਦਿਮਾਗ਼ ਠੀਕ ਹੋ ਗਿਆ ਹੋਵੇ ਤਾਂ ਛੱਡ ਦਿਆਂਗੇ ਪਰ ਜੇ ਅਜੇ ਚੌਧਰ ਦਾ ਭੂਤ ਸਵਾਰ ਏ ਤਾਂ ਫਿਰ ਸਾਨੂੰ ਦੂਜੀ ਤਰ੍ਹਾਂ ਸੋਚਣਾ ਪਵੇਗਾ। ਇਹਦਾ ਵੀ ਨਬੇੜਾ ਕਰ ਲਵਾਂਗੇ।" ਕਰਤਾਰ ਸਿੰਘ ਨੇ ਕਿਹਾ।

ਇਕ ਸਿੰਘ ਆਇਆ ਤੇ ਉਸ ਦੱਸਿਆ ਕਿ ਸ਼ਾਹੀ ਫ਼ੌਜਾਂ ਨੇ ਛੰਭ ਨੂੰ ਚਾਰ ਚੁਫੇਰਿਉਂ ਘੇਰ ਲਿਆ ਏ। ਕੁਝ ਸਿੰਘ ਹੁਣ ਮਸਾਂ ਹੀ ਬਚ ਕੇ ਅੰਦਰ ਆਏ ਹਨ। ਇਸ ਲਈ ਹੁਕਮ ਕਰੋ ਕਿ ਹੁਣ ਕੀ ਕੀਤਾ ਜਾਏ।

"ਮੁਨਸ਼ਾ ਸਿੰਘ ਨੂੰ ਮੇਰੇ ਵੱਲ ਭੇਜੋ," ਜਥੇਦਾਰ ਨੇ ਕਿਹਾ। ਸਿੰਘ ਜਾ ਕੇ ਮੁਨਸ਼ਾ ਸਿੰਘ ਨੂੰ ਸੱਦ ਲਿਆਇਆ।

ਜਥੇਦਾਰ ਨੇ ਕਿਹਾ, "ਮੁਨਸ਼ਾ ਸਿੰਘ ਜੀ ਤੁਸੀਂ ਆਪ ਪਤਾ ਕਰੋ ਕਿ ਦੁਸ਼ਮਣ ਦੀਆਂ ਫ਼ੌਜਾਂ ਕਿਤਨੀ ਕੁ ਗਿਣਤੀ ਵਿਚ ਹਨ ਤੇ ਛੰਭ 'ਤੇ ਉਹ ਕਿਸ ਪਾਸੇ ਤੋਂ ਤੇ ਕਦੋਂ ਹਮਲਾ ਕਰਨਾ ਚਾਹੁੰਦੀਆਂ ਹਨ। ਉਹਨਾਂ ਬਾਰੇ ਪੂਰੀ ਜਾਣਕਾਰੀ ਝਟ-ਪਟ ਚਾਹੀਦੀ ਹੈ ਤਾਕਿ ਅਸੀਂ ਉਸੇ ਅਨੁਸਾਰ ਕੁਝ ਸੋਚ ਸਕੀਏ।"

"ਮੈਂ ਅਗੇ ਹੀ ਪਤਾ ਕੀਤਾ ਸੀ, ਉਨ੍ਹਾਂ ਦਾ ਖ਼ਿਆਲ ਹਮਲਾ ਕਰਨ ਦਾ ਨਹੀਂ, ਉਹ ਘੇਰਾ ਪਾ ਕੇ ਸਾਨੂੰ ਤੰਗ ਕਰਨਾ ਚਾਹੁੰਦੇ ਹਨ ਤਾਕਿ ਅਸੀਂ ਖੁਲ੍ਹੇ ਮੈਦਾਨ ਵਿਚ ਨਿਕਲੀਏ," ਮੁਨਸ਼ਾ ਸਿੰਘ ਨੇ ਦੱਸਿਆ।

"ਹੁਣ ਫਿਰ ਪਤਾ ਕਰੋ," ਜਥੇਦਾਰ ਨੇ ਕਿਹਾ। ਮੁਨਸ਼ਾ ਸਿੰਘ ਨੇ ਫਤਹਿ ਬੁਲਾਈ ਤੇ ਚਲਾ ਗਿਆ।

ਮੁਨਸ਼ਾ ਸਿੰਘ ਕਾਹਨੂੰਆਣੇਂ ਦੇ ਛੰਭ ਵਿਚੋਂ ਸਭ ਤੋਂ ਚੰਗਾ ਸੂਹੀਆ ਸੀ। ਇਸ ਨੇ ਬਹੁਤ ਸਾਰੇ ਹੋਰ ਸਿੰਘਾਂ ਨੂੰ ਇਹ ਹੁਨਰ ਸਿਖਾਇਆ ਸੀ ਤੇ ਜਦੋਂ ਕਿਧਰੇ ਕੋਈ ਭੇਦ ਨਾ ਲਗਦਾ ਤਾਂ ਇਹ ਝੱਟ ਪਤਾ ਕਰ ਲਿਆਉਂਦਾ। ਇਹਨੂੰ ਪੰਜਾਬੀ ਤੋਂ ਬਿਨਾਂ ਫ਼ਾਰਸੀ, ਪਸ਼ਤੋ ਤੇ ਹੋਰ ਕਈ ਬੋਲੀਆਂ ਵੀ ਆਉਂਦੀਆਂ ਸਨ। ਬੰਦਾ ਸਿੰਘ ਬਹਾਦਰ ਦੇ ਸਮੇਂ ਵੀ ਇਹਨੇ ਬੜਾ ਕੰਮ ਕੀਤਾ ਸੀ।

ਮੁਨਸ਼ਾ ਸਿੰਘ ਦੇ ਚਲੇ ਜਾਣ ਪਿਛੋਂ ਜਥੇਦਾਰ ਨੇ ਮੁਖੀਆਂ ਦੀ ਮੀਟਿੰਗ ਬੁਲਾਈ ਤੇ ਉਸ ਵਿਚ ਸੋਚ ਵਿਚਾਰ ਕੀਤਾ ਗਿਆ ਕਿ ਦੁਸ਼ਮਣ ਦੇ ਟਾਕਰੇ ਲਈ ਕੀ ਕਾਰਵਾਈਆਂ ਕੀਤੀਆਂ ਜਾਣ। ਉਥੇ ਫ਼ੈਸਲਾ ਹੋ ਗਿਆ ਕਿ ਜੇ ਸ਼ਾਮ ਤਕ ਸਰਕਾਰੀ ਫ਼ੌਜਾਂ ਛੰਭ ਦੇ ਅੰਦਰ ਆਉਣ ਦਾ ਯਤਨ ਨਾ ਕਰਨ ਤਾਂ ਰਾਤ ਨੂੰ ਹਮਲਾ ਕਰ ਦੇਣਾ ਚਾਹੀਦਾ ਹੈ। ਜੇਕਰ ਉਹ ਦਿਨ ਨੂੰ ਹੀ ਅੰਦਰ ਆਉਣ ਦਾ ਯਤਨ ਕਰਨ ਤਾਂ ਰੋਕਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਗੱਲ 'ਤੇ ਸਾਰੇ ਹੀ ਸਹਿਮਤ ਸਨ ਕਿ ਛੰਭ ਦੇ ਚੜ੍ਹਦੇ ਪਾਸਿਓਂ ਹਮਲਾ ਨਹੀਂ ਹੋਵੇਗਾ। ਜਦ ਵੀ ਦੁਸ਼ਮਣ ਨੇ ਛੰਭ ਦੇ ਅੰਦਰ ਆਉਣ ਦਾ ਯਤਨ ਕੀਤਾ ਤਾਂ ਉਹ ਲਹਿੰਦੇ ਪਾਸਿਓਂ ਆਏਗਾ ਜਾਂ ਫਿਰ ਦੱਖਣ ਵੱਲੋਂ ਹਮਲਾ ਹੋ ਸਕਦਾ ਏ। ਪੂਰਬ ਵਲੋਂ ਵੀ ਹਮਲੇ ਦੀ ਘੱਟ ਹੀ ਸੰਭਾਵਨਾ ਸੀ। ਇਸ ਲਈ ਸਿੰਘਾਂ ਦੇ ਜਥਿਆਂ ਦੀ ਡਿਊਟੀ ਵਖਰੇ ਵਖਰੇ ਪਾਸੇ ਲਾ ਦਿੱਤੀ ਗਈ।

ਮੁਨਸ਼ਾ ਸਿੰਘ ਨੇ ਝਟ ਪਿਛੋਂ ਸੁਨੇਹਾ ਭੇਜਿਆ ਕਿ ਦੁਸ਼ਮਣ ਦੀਆਂ ਫ਼ੌਜਾਂ ਦੀ ਗਿਣਤੀ ੧੫ ਹਜ਼ਾਰ ਤੋਂ ਵੱਧ ਹੈ। ਉਹਨਾਂ ਅੱਜ ਹਮਲਾ ਨਹੀਂ ਕਰਨਾ।

ਦਿੱਲੀ ਤੋਂ ਫ਼ੌਜ ਆ ਰਹੀ ਹੈ, ਉਹਦੇ ਆਉਣ 'ਤੇ ਹਮਲਾ ਕਰਨਗੀਆਂ। ਇਸ ਲਈ ਅਜੇ ਕੁਝ ਦਿਨ ਹਮਲਾ ਹੋਣ ਦੀ ਆਸ ਨਹੀਂ। ਆਪ ਮੁਨਸ਼ਾ ਸਿੰਘ ਨਾ ਆਇਆ ਕਿਉਂਕਿ ਭੇਸ ਬਦਲ ਕੇ ਉਹ ਦੁਸ਼ਮਣ ਦੀਆਂ ਫ਼ੌਜਾਂ ਵਿਚ ਫਿਰ ਰਿਹਾ ਸੀ ਤੇ ਅਜਿਹੀ ਹੋਰ ਵਾਕਫ਼ੀਅਤ ਇਕੱਠੀ ਕਰਨ ਦਾ ਯਤਨ ਕਰਦਾ ਰਿਹਾ।

ਸ਼ਾਮ ਵੇਲੇ ਸ਼ਾਹੀ ਫ਼ੌਜਾਂ ਕੈਂਪਾਂ ਵਿਚ ਆਰਾਮ ਕਰਨ ਲੱਗ ਪਈਆਂ। ਸਾਰੇ ਜਰਨੈਲ ਸ਼ਰਾਬ ਪੀਣ ਵਿਚ ਜੁਟ ਗਏ। ਇਸੇ ਇਲਾਕੇ ਦੇ ਇਕ ਚੌਧਰੀ ਨੇ ਇਕ ਵਧੀਆ ਨਾਚੀ ਲੈ ਆਂਦੀ ਤੇ ਉਸ ਦਾ ਨਾਚ ਹੋਣ ਲੱਗ ਪਿਆ। ਉਹ ਸ਼ਰਾਬ ਦੇ ਪਿਆਲੇ ਭਰ ਭਰ ਦੇਂਦੀ ਤੇ ਸਾਰੇ ਸ਼ਾਹੀ ਜਰਨੈਲ ਬੜੇ ਮਾਣ ਨਾਲ ਉਹਦੇ ਹੱਥੋਂ ਪਿਆਲੇ ਲੈ ਕੇ ਪੀਂਦੇ। ਇਸ ਤਰ੍ਹਾਂ ਕਰਦਿਆਂ ਹਨੇਰਾ ਪੈ ਗਿਆ।

"ਸਿਖ ਆ ਗਏ, ਸਿਖ ਆ ਗਏ" ਦਾ ਰੌਲਾ ਪੈ ਗਿਆ। ਸਾਰੇ ਫ਼ੌਜੀ ਕੈਂਪਾਂ

ਵਿਚ ਭਾਜੜ ਪੈ ਗਈ। ਸਾਰਾ ਦਿਨ ਕੈਂਪ ਲਾਂਦਿਆਂ ਤੇ ਸਫ਼ਰ ਕਰਦਿਆਂ ਫ਼ੌਜੀ ਥੱਕੇ ਹੋਏ ਸਨ, ਉਨ੍ਹਾਂ ਨੂੰ ਨੀਂਦਰ ਨੇ ਜ਼ੋਰ ਪਾਇਆ ਸੀ, ਇਸ ਲਈ ਮੁਕ਼ਾਬਲੇ ਦੀ ਹਿੰਮਤ ਨਹੀਂ ਸੀ। ਉਨ੍ਹਾਂ ਨੂੰ ਇਹ ਵੀ ਆਸ ਨਹੀਂ ਸੀ ਕਿ ਸਿਖ ਆਪ ਵੀ ਹਮਲਾ ਕਰਨ ਦਾ ਹੌਸਲਾ ਕਰ ਸਕਦੇ ਹਨ।

ਉਨ੍ਹਾਂ ਦੇ ਉਠਣ ਤੇ ਸੰਭਲਣ ਤੋਂ ਪਹਿਲਾਂ ਸਿੰਘਾਂ ਨੇ ਉਨ੍ਹਾਂ ਦਾ ਅਸਲਾ ਖ਼ਾਨਾ ਤੇ ਅੰਨ ਭੰਡਾਰ 'ਤੇ ਕਬਜ਼ਾ ਕਰ ਲਿਆ। ਇਕ ਪਾਸੇ ਲੜਾਈ ਹੁੰਦੀ ਰਹੀ ਤੇ ਦੂਜੇ ਪਾਸੇ ਕੁਝ ਸਿੰਘ ਭੰਡਾਰ ਸਾਂਭ ਕੇ ਫਿਰ ਛੰਭ ਵਿਚ ਚਲੇ ਗਏ। ਡੇਢ ਦੋ ਘੰਟੇ ਦੀ ਲੜਾਈ ਵਿਚ ਢਾਈ ਸੌ ਤੋਂ ਉਪਰ ਫ਼ੌਜੀ ਮਾਰਿਆ ਗਿਆ। ਸਿੰਘਾਂ ਵਿਚੋਂ ਕੇਵਲ ਦੋ ਸਿੰਘ ਸ਼ਹੀਦ ਹੋਏ ਤੇ ਕੁਝ ਨੂੰ ਸੱਟਾਂ ਵੱਜੀਆਂ। ਸਿੰਘਾਂ ਦੇ ਇਸ ਹਮਲੇ ਨੇ ਸ਼ਾਹੀ ਫ਼ੌਜ ਦਾ ਲੱਕ ਤੋੜ ਦਿੱਤਾ ਤੇ ਹੁਣ ਉਸ ਫ਼ੌਜ ਦੇ ਜਵਾਨਾਂ ਵਿਚ ਹੌਸਲਾ ਨਹੀਂ ਸੀ ਕਿ ਉਹ ਦਿਨ ਨੂੰ ਛੰਭ ਵਿਚ ਦਾਖ਼ਲ ਹੋ ਸਕਣ। ਹੁਣ ਸ਼ਾਹੀ ਫ਼ੌਜ ਪਾਸ ਸਿਰਫ਼ ਇੱਕੋ ਤਰੀਕਾ ਸੀ ਕਿ ਸਾਰੇ ਪਾਸਿਆਂ ਤੋਂ ਨਾਕਾਬੰਦੀ ਕਰ ਲੈਂਦੀ ਤਾਕਿ ਸਿਖ ਅੰਦਰ ਤੰਗ ਹੋ ਜਾਣ। ਕਈ ਦਿਨ ਇਸੇ ਤਰ੍ਹਾਂ ਘੇਰਾ ਪਿਆ ਰਿਹਾ। ਸਿੰਘ ਛੰਭ ਤੋਂ ਬਾਹਰ ਨਹੀਂ ਸਨ ਆ ਸਕਦੇ। ਲੁਟ ਦਾ ਮਾਲ ਤੇ ਆਪਣਾ ਅੰਨ ਇਤਨਾ ਨਹੀਂ ਸੀ ਕਿ ਬਹੁਤ ਦਿਨ ਕੱਢ ਸਕਣ। ਅੰਨ ਖ਼ਤਮ ਹੋ ਗਿਆ। ਉਧਰ ਦਿੱਲੀ ਤੋਂ ਸ਼ਾਹੀ ਫ਼ੌਜ ਵੀ ਪਹੁੰਚ ਗਈ। ਪੰਜਾਬ ਦੇ ਕਈ ਹਿੱਸਿਆਂ ਤੋਂ ਫ਼ੌਜਦਾਰ ਵੀ ਆਪਣੀ ਸਾਰੀ ਤਾਕਤ ਲੈ ਕੇ ਆ ਗਏ। ਮੁਨਸ਼ਾ ਸਿੰਘ ਦੀ ਇਤਲਾਹ ਅਨੁਸਾਰ ਇਸ ਤਰ੍ਹਾਂ ੫੦ ਹਜ਼ਾਰ ਤੋਂ ਵੱਧ ਫ਼ੌਜਾਂ ਦਾ ਇਕੱਠ ਹੋ ਗਿਆ। ਇਤਨੇ ਵੱਡੇ ਫ਼ੌਜੀ ਇਕੱਠ ਦਾ ਹੁਣ ਟਾਕਰਾ ਕਰਨਾ ਔਖਾ ਹੋ ਗਿਆ। ਰਾਤ ਨੂੰ ਵੀ ਸ਼ਾਹੀ ਫ਼ੌਜਾਂ ਸੁਚੇਤ ਰਹਿੰਦੀਆਂ ਤਾਕਿ ਪਹਿਲੇ ਦਿਨ ਵਾਂਗ ਦਾਅ ਨਾ ਲੱਗ ਜਾਏ। ਰਾਤ ਨੂੰ ਜੇ ਕਿਧਰੇ ਰੱਤੀ ਵੀ ਖੜਾਕ ਹੁੰਦਾ ਤਾਂ ਫ਼ੌਜਾਂ ਤ੍ਰਭਕ ਉਠਦੀਆਂ।

ਸਿੰਘਾਂ ਦਾ ਅੰਨ ਭੰਡਾਰ ਮੁਕ ਗਿਆ। ਗੁਰਚਰਨ ਕੌਰ ਲੰਗਰ ਦੀ ਇਨਚਾਰਜ ਸੀ। ਉਸ ਕਰਤਾਰ ਸਿੰਘ ਨੂੰ ਦੱਸਿਆ, "ਹੁਣ ਰਾਤ ਨੂੰ ਸਿੰਘਾਂ ਨੂੰ ਦੇਣ ਲਈ ਕੁਝ ਨਹੀਂ।"

"ਫਿਰ ਕੀ ਕਰੀਏ ? ਹੁਣ ਬਾਹਰੋਂ ਕਿਸੇ ਤਰ੍ਹਾਂ ਆ ਨਹੀਂ ਸਕਦਾ, ਚਾਰੇ ਪਾਸੇ ਫ਼ੌਜਾਂ ਦੂਰ ਦੂਰ ਤਕ ਬੈਠੀਆਂ ਹਨ," ਕਰਤਾਰ ਸਿੰਘ ਨੇ ਕਿਹਾ।

ਰਾਤ ਨੂੰ ਸਿੰਘ ਬਿਨਾਂ ਕੁਝ ਖਾਧੇ ਪੀਤੇ ਸੌਂ ਗਏ। ਦੂਜੇ ਦਿਨ ਵੀ ਕੁਝ ਨਾ ਖਾਣ ਨੂੰ ਮਿਲ ਸਕਿਆ। ਰੁੱਖਾਂ ਦੇ ਪੱਤੇ ਲਾਹ ਕੇ ਉਨ੍ਹਾਂ ਨੂੰ ਖਾਣਾ ਸ਼ੁਰੂ ਕਰ ਦਿੱਤਾ। ਸਿੰਘ ਕਾਫ਼ੀ ਗਿਣਤੀ ਵਿਚ ਸਨ। ਇਸ ਲਈ ਰੁੱਖਾਂ ਦੇ ਪੱਤੇ ਵੀ ਦੋ ਡੰਗ ਪੂਰੇ ਨਾ ਟਪਾ ਸਕੇ। ਆਸ ਪਾਸ ਦੇ ਰੁੱਖਾਂ ਤੋਂ ਬਿਨਾਂ ਬਾਕੀ ਸਭ ਦੇ ਪੱਤੇ ਵੀ ਮੁਕ ਗਏ। ਸਿੰਘਾਂ

ਪਾਸ ਹੁਣ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਕਿ ਉਹ ਘੋੜਿਆਂ ਨੂੰ ਖਾ ਜਾਣ। ਸਿੰਘਾਂ ਨੇ ਕਈ ਦਿਨ ਬੜੇ ਔਖੇ ਹੋ ਕੇ ਕੱਟੇ।

ਕਰਤਾਰ ਸਿੰਘ ਨੇ ਇਕ ਦਿਨ ਗੁਰਚਰਨ ਕੌਰ ਨੂੰ ਸੱਦ ਕੇ ਕਿਹਾ, "ਮੈਂ ਤਾਂ ਫਸਣਾ ਹੀ ਸੀ, ਨਾਲ ਤੂੰ ਵੀ ਫਸ ਗਈ। ਭੁਖ ਨਾਲ ਤੇਰਾ ਚਿਹਰਾ ਉਤਰ ਗਿਆ ਏ।"

"ਕੋਈ ਗੱਲ ਨਹੀਂ, ਇਸ ਵਿਚ ਵੀ ਅਨੰਦ ਏ। ਇਹ ਵੀ ਜੀਵਨ ਦਾ ਨਵਾਂ ਤਜਰਬਾ ਏ। ਮੈਨੂੰ ਆਪਣਾ ਫ਼ਿਕਰ ਨਹੀਂ, ਸਗੋਂ ਦੁਸ਼ਮਣ ਦਾ ਟਾਕਰਾ ਕਰਨ ਵਾਲਿਆਂ ਦੀ ਚਿੰਤਾ ਲੱਗੀ ਹੋਈ ਏ।" ਗੁਰਚਰਨ ਕੌਰ ਨੇ ਕਿਹਾ।

"ਜੇ ਕਹੇਂ ਤਾਂ ਮੁਨਸ਼ਾ ਸਿੰਘ ਨੂੰ ਆਖ ਕੇ ਤੈਨੂੰ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਭਿਜਵਾ ਦਿਆਂ ਤੇ ਅੱਗੋਂ ਤੈਨੂੰ ਪਿੰਡ ਛੱਡ ਆਏ," ਕਰਤਾਰ ਸਿੰਘ ਨੇ ਕਿਹਾ।

"ਮੈਂ ਪਿੰਡ ਨਹੀਂ ਜਾਣਾ, ਤੁਹਾਡੀ ਜੀਵਨ-ਸਾਥਣ ਹੋ ਕੇ ਤੁਹਾਡੇ ਨਾਲ ਹੀ ਰਹਾਂਗੀ," ਗੁਰਚਰਨ ਕੌਰ ਨੇ ਕਿਹਾ।

ਗੁਰਚਰਨ ਕੌਰ ਵੀ ਹੁਣ ਸ਼ਸਤਰ ਚਲਾਣੇ ਸਿਖ ਗਈ ਤੇ ਕਈ ਵਾਰ ਉਹ ਕਰਤਾਰ ਸਿੰਘ ਨਾਲ ਮੁਕਾਬਲੇ 'ਤੇ ਤਲਵਾਰ ਚਲਾਂਦੀ ਅਤੇ ਢਾਲ ਨਾਲ ਵਾਰ ਰੋਕਦੀ। ਕਰਤਾਰ ਸਿੰਘ ਨੂੰ ਬੜੀ ਖ਼ੁਸ਼ੀ ਹੁੰਦੀ ਕਿ ਗੁਰਚਰਨ ਕੌਰ ਸੱਚੀ ਸਿੰਘਣੀ ਵਾਂਗ ਸਵੈ-ਨਿਰਭਰ ਹੋ ਰਹੀ ਹੈ। ਉਹਦੀ ਪੱਤ ਬਚਾਣ ਦਾ ਹੁਣ ਉਹਨੂੰ ਕੋਈ ਫ਼ਿਕਰ ਨਹੀਂ ਸੀ ਕਿਉਂਕਿ ਹੁਣ ਉਹ ਆਪ ਆਪਣੀ ਰਾਖੀ ਕਰ ਸਕਦੀ ਸੀ ਤੇ ਦੁਸ਼ਮਣ ਨਾਲ ਦੋ ਹੱਥ ਕਰ ਕੇ ਮਰਨਾ ਮਾਰਨਾ ਜਾਣਦੀ ਸੀ।

ਜਦ ਸਿੰਘ ਬਾਹਰ ਨਾ ਨਿਕਲੇ, ਉਧਰ ਸ਼ਾਹੀ ਫ਼ੌਜਾਂ ਵਿਚ ਬੀਮਾਰੀ ਫੈਲਣ ਦਾ ਡਰ ਪੈਦਾ ਹੋ ਗਿਆ। ਇਸ 'ਤੇ ਸ਼ਾਹੀ ਫ਼ੌਜਾਂ ਦੇ ਜਰਨੈਲਾਂ ਦੀ ਮੀਟਿੰਗ ਹੋਈ। ਉਸ ਵਿਚ ਸਾਰੇ ਮਾਮਲੇ 'ਤੇ ਵਿਚਾਰ ਕੀਤਾ ਗਿਆ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਜੰਗਲ ਵਿਚ ਸਿੱਖਾਂ ਦੀ ਕਿਤਨੀ ਗਿਣਤੀ ਹੈ, ਇਸ ਲਈ ਅੰਦਰ ਆਉਣ ਦਾ ਹੌਸਲਾ ਨਹੀਂ ਸੀ ਪੈਂਦਾ। ਜਿਹੜੇ ਦੋ ਚਾਰ ਸੂਹੀਏ ਭੇਸ ਵਟਾ ਕੇ ਭੇਜੇ ਗਏ, ਉਨ੍ਹਾਂ ਨੂੰ ਝੱਟ ਸਿੰਘਾਂ ਨੇ ਪਛਾਣ ਲਿਆ। ਦੋ ਫੜ ਲਏ ਤੇ ਦੋ ਨੂੰ ਗੋਲੀ ਮਾਰ ਦਿੱਤੀ ਗਈ। ਇਸ ਲਈ ਜਿਹੜਾ ਵੀ ਅੰਦਰ ਦੀ ਖ਼ਬਰ ਲੈਣ ਆਇਆ, ਉਹ ਵਾਪਸ ਨਾ ਪਰਤਿਆ। ਇਸ ਲਈ ਵੀ ਸ਼ਾਹੀ ਫ਼ੌਜ ਘਬਰਾਈ ਹੋਈ ਸੀ।

ਸ਼ਾਹੀ ਫ਼ੌਜ ਨੇ ਅਖ਼ੀਰੀ ਹਥਿਆਰ ਵਰਤਿਆ ਤੇ ਜੰਗਲ ਨੂੰ ਚਾਰ ਚੁਫੇਰਿਓਂ ਅੱਗ ਲਾ ਦਿੱਤੀ। ਮੌਸਮ ਕੁਝ ਅਜਿਹਾ ਸੀ ਕਿ ਲੱਕੜ ਖ਼ੁਸ਼ਕ ਸੀ ਜਿਸ ਕਰਕੇ ਅੱਗ ਛੇਤੀ ਜ਼ੋਰ ਫੜ ਗਈ। ਉਪਰੋਂ ਤੇਜ਼ ਹਵਾ ਨੇ ਝਟ-ਪਟ ਹੀ ਅੱਗ ਦੇ ਲਾਂਬੂ ਦੂਰ ਦੂਰ ਤਕ ਪਹੁੰਚਾ ਦਿਤੇ।

ਇਸ ਨਾਲ ਸਿੰਘਾਂ ਵਿਚ ਘਬਰਾਹਟ ਮਚ ਗਈ। ਜਥੇਦਾਰ ਨੇ ਸਾਰਿਆਂ ਸਿੰਘਾਂ ਨੂੰ ਵਿਚਕਾਰਲੇ ਮੈਦਾਨ ਵਿਚ ਇਕੱਠਾ ਕੀਤਾ ਤੇ ਗਰਜਵੀਂ ਅਵਾਜ਼ ਵਿਚ ਤਕਰੀਰ ਕਰਦਿਆਂ ਕਿਹਾ, "ਖ਼ਾਲਸਾ ਜੀ, ਹੁਣ ਦੁਸ਼ਮਣ ਦੀਆਂ ਕਮੀਨੀਆਂ ਚਾਲਾਂ ਦਾ ਆਖ਼ਰੀ ਵਾਰ ਹੈ, ਅਸੀਂ ਦੁਸ਼ਮਣ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟਾਕਰਾ ਕਰ ਸਕਦੇ ਹਾਂ, ਪਰ ਅੱਗ 'ਤੇ ਕਾਬੂ ਪਾਣਾ ਅਸੰਭਵ ਹੈ। ਇਸ ਲਈ ਹੁਣ ਅੱਗ ਵਿਚ ਸੜ ਮਰਨ ਨਾਲੋਂ ਦੁਸ਼ਮਣ ਦੇ ਗਲ ਪੈ ਜਾਓ ਤੇ ਦੋ ਦੋ ਹੱਥ ਕਰ ਕੇ ਦੇਖ ਲਓ। ਹੋ ਸਕਦਾ ਹੈ ਕਿ ਅਸੀਂ ਜਿੱਤ ਜਾਈਏ। ਮੇਰਾ ਵਿਸ਼ਵਾਸ ਹੈ ਕਿ ਤੁਸੀਂ ਭੁਖ ਕੱਟਣ ਦੇ ਬਾਵਜੂਦ ਅੱਜ ਵੀ ਇਤਨੇ ਸ਼ਕਤੀਸ਼ਾਲੀ ਹੋ ਕਿ ਦੁਸ਼ਮਣ ਦੇ ਛੱਕੇ ਛੁਡਾ ਸਕਦੇ ਹੋ।"

ਜਥੇਦਾਰ ਨੇ ਅਰਦਾਸਾ ਸੋਧਿਆ ਤੇ ਸਿੰਘਾਂ ਨੇ ਦਮਾਮੇ 'ਤੇ ਚੋਟ ਲਾ ਕੇ ਜੈਕਾਰਾ ਛੱਡਦਿਆਂ ਹਮਲਾ ਕਰ ਦਿੱਤਾ। ਅੱਗ ਨੂੰ ਚੀਰਦੇ ਸਿੰਘ ਛੰਭ ਤੋਂ ਬਾਹਰ ਆ ਗਏ ਤੇ ਸ਼ਾਹੀ ਫ਼ੌਜ 'ਤੇ ਟੁਟ ਪਏ। ਬਹੁਤ ਸਾਰੇ ਸਿੰਘਾਂ ਦੇ ਕਪੜੇ ਸੜ ਗਏ ਤੇ ਕਈਆਂ ਦੇ ਸਰੀਰ ਝੁਲਸ ਗਏ।

ਕਈ ਘੰਟੇ ਦੋਹਾਂ ਪਾਸਿਆਂ ਤੋਂ ਚੰਗੀ ਜੰਮ ਕੇ ਲੜਾਈ ਹੋਈ। ਗੁਰਚਰਨ ਕੌਰ ਵੀ ਆਪਣੇ ਪਤੀ ਕਰਤਾਰ ਸਿੰਘ ਦੇ ਨਾਲ ਹੀ ਮੈਦਾਨ ਵਿਚ ਪੂਰੀ ਸ਼ਕਤੀ ਨਾਲ ਲੜਦੀ ਰਹੀ।

ਦਿਨ ਡੁਬਦਿਆਂ ਸ਼ਾਹੀ ਫ਼ੌਜਾਂ ਪਿੱਛੇ ਹਟੀਆਂ। ਸਿੰਘਾਂ ਨੇ ਜ਼ੋਰ ਦੀ ਇਕ ਹੋਰ ਹੰਭਲਾ ਮਾਰਿਆ ਤੇ ਸ਼ਾਹੀ ਫ਼ੌਜ ਨੂੰ ਚੀਰ ਕੇ ਰਾਹ ਬਣਾ ਲਿਆ ਅਤੇ ਬਹੁਤ ਸਾਰੇ ਸਿੰਘ ਬਚ ਕੇ ਨਿਕਲ ਗਏ। ਕਰਤਾਰ ਸਿੰਘ ਅੱਗ ਵਿਚ ਝੁਲਸਿਆ ਗਿਆ ਸੀ, ਪਰ ਜੋਸ਼ ਤੇ ਗਰਮੀ ਵਿਚ ਉਹ ਫਿਰ ਵੀ ਲੜਦਾ ਰਿਹਾ। ਦੁਸ਼ਮਣ ਦੀ ਫ਼ੌਜ ਨੂੰ ਪਾਰ ਕਰ ਕੇ ਉਹਦੀ ਹਾਲਤ ਖ਼ਰਾਬ ਹੋ ਗਈ। ਗੁਰਚਰਨ ਕੌਰ ਠੀਕ ਸੀ। ਉਸ ਨੇ ਆਪਣਾ ਘੋੜਾ ਛੱਡ ਦਿੱਤਾ ਤੇ ਕਰਤਾਰ ਸਿੰਘ ਦੇ ਘੋੜੇ 'ਤੇ ਹੀ ਆ ਗਈ। ਕਰਤਾਰ ਸਿੰਘ ਨੂੰ ਸੰਭਾਲ ਕੇ ਉਹ ਰਾਤ ਦੇ ਹਨੇਰੇ ਵਿਚ ਹੀ ਪਿੰਡ ਨੂੰ ਚਲ ਪਈ।

੧੬

ਜ਼ਕਰੀਆ ਖ਼ਾਨ ਗਵਰਨਰ ਲਾਹੌਰ ਨੂੰ ਕਿਸੇ ਨੇ ਸ਼ੱਕ ਪਾ ਦਿੱਤਾ ਕਿ ਸਿਖ ਅੱਜ ਕਲ੍ਹ ਭੇਸ ਬਦਲ ਕੇ ਲਾਹੌਰ ਵਿਚ ਫਿਰ ਰਹੇ ਹਨ ਤੇ ਜਦੋਂ ਕਿਧਰੇ ਤੁਸੀਂ ਉਨ੍ਹਾਂ ਦੇ ਕਾਬੂ

ਆ ਗਏ ਤਾਂ ਉਹ ਮਾਰ ਦੇਣਗੇ। ਸਿੱਖਾਂ ਦੇ ਕਈ ਸਫਲ ਹਮਲੇ ਲਾਹੌਰ 'ਤੇ ਹੋ ਵੀ ਚੁਕੇ ਸਨ। ਇਸ ਲਈ ਜ਼ਕਰੀਆ ਖ਼ਾਨ ਨੇ ਕਿਲ੍ਹੇ ਤੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ। ਭਾਵੇਂ ਪ੍ਰਗਟ ਤੌਰ 'ਤੇ ਉਹ ਫ਼ੌਜ ਦੇ ਜਰਨੈਲਾਂ ਸਾਹਮਣੇ ਬੜੀ ਆਕੜ ਨਾਲ ਤਕਰੀਰਾਂ ਕਰਦਾ, ਪਰ ਜਦੋਂ ਕਿਧਰੇ ਉਹਨੂੰ ਸਿੱਖਾਂ ਦੀ ਬਹਾਦਰੀ ਤੇ ਚੁਸਤੀ ਦਾ ਦ੍ਰਿਸ਼ ਅੱਖਾਂ ਸਾਹਮਣੇ ਆ ਜਾਂਦਾ ਤਾਂ ਉਹਦਾ ਸਾਰਾ ਸਰੀਰ ਕੰਬ ਜਾਂਦਾ। ਜ਼ਕਰੀਆ ਖ਼ਾਨ ਹਰ ਸ਼ੁਕਰਵਾਰ ਨੂੰ ਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਜਾਇਆ ਕਰਦਾ ਸੀ ਪਰ ਜਦੋਂ ਤੋਂ ਉਹਨੂੰ ਸਿੱਖਾਂ ਦੇ ਲਾਹੌਰ ਵਿਚ ਆ ਜਾਣ ਦਾ ਡਰ ਪੈ ਗਿਆ, ਉਸ ਸ਼ਾਹੀ ਮਸੀਤ ਵੱਲ ਜਾਣਾ ਵੀ ਛੱਡ ਦਿੱਤਾ।

ਇਕ ਵਾਰ ਉਹਨੂੰ ਇਹ ਵੀ ਪਤਾ ਲੱਗਾ ਕਿ ਬਹੁਤ ਸਾਰੇ ਸਿੱਖਾਂ ਦਾ ਜਥਾ ਫ਼ਕੀਰਾਂ ਦੇ ਵੇਸ ਵਿਚ ਸ਼ੁਕਰਵਾਰ ਨੂੰ ਆ ਕੇ ਸਾਰਾ ਦਿਨ ਉਹਦਾ ਰਾਹ ਉਡੀਕਦਾ ਰਿਹਾ ਏ ਤੇ ਜਦ ਇਹ ਸ਼ਾਮ ਤਕ ਵੀ ਘਰੋਂ ਨਾ ਨਿਕਲਿਆ ਤਾਂ ਉਹ ਲੁਟ ਮਾਰ ਕਰਕੇ ਹਨੇਰੇ ਵਿਚ ਦੌੜ ਗਏ। ਲੋਕਾਂ ਨੂੰ ਉਹਨਾਂ ਦਾ ਜੈਕਾਰਿਆਂ ਤੋਂ ਪਤਾ ਲੱਗਾ ਕਿ ਇਹ ਤਾਂ ਸਿਖ ਆਏ ਹੋਏ ਸਨ।

ਜ਼ਕਰੀਆ ਖ਼ਾਨ ਨੇ ਹੁਣ ਆਮ ਆਦਮੀਆਂ ਨਾਲ ਮਿਲਣਾ ਵੀ ਘੱਟ ਕਰ ਦਿੱਤਾ। ਕਿਲ੍ਹੇ 'ਤੇ ਪਹਿਰਾ ਕਰੜਾ ਕਰ ਦਿੱਤਾ ਗਿਆ ਤੇ ਹਦਾਇਤ ਕਰ ਦਿੱਤੀ ਗਈ ਕਿ ਚੰਗੀ ਤਰ੍ਹਾਂ ਪੜਤਾਲ ਕੀਤੇ ਬਿਨਾਂ ਕਿਸੇ ਨੂੰ ਅੰਦਰ ਨਾ ਆਉਣ ਦਿੱਤਾ ਜਾਏ। ਜਿਸ 'ਤੇ ਰੱਤੀ ਵੀ ਸ਼ੱਕ ਹੋਵੇ, ਉਹਨੂੰ ਅੰਦਰ ਲਿਆਉਣ ਤੋਂ ਪਹਿਲਾਂ ਪੁੱਛ ਲਿਆ ਜਾਏ।

ਇਕ ਦਿਨ ਸਵੇਰੇ ਇਕ ਆਦਮੀ ਬੜੇ ਮੈਲੇ ਜਿਹੇ ਕਪੜੇ ਪਾਈ ਕਿਲ੍ਹੇ ਦੇ ਗੇਟ 'ਤੇ ਪੁੱਜਾ। ਪਹਿਰੇ 'ਤੇ ਖੜੇ ਸਿਪਾਹੀ ਨੇ ਉਹਨੂੰ ਅੱਗੇ ਜਾਣ ਤੋਂ ਰੋਕ ਦਿੱਤਾ ਤੇ ਪੁੱਛਿਆ, "ਕੌਣ ਏਂ ਤੂੰ ?"

"ਮੈਂ ਖ਼ਾਨ ਬਹਾਦਰ ਨੂੰ ਮਿਲਣਾ ਏਂ," ਉਸ ਕਿਹਾ।

"ਉਹ ਨਹੀਂ ਮਿਲ ਸਕਦੇ," ਪਹਿਰੇਦਾਰ ਨੇ ਕਿਹਾ।

"ਕਿਉਂ ?"

"ਕਿਉਂ ਦਾ ਕੀ ਮਤਲਬ ਏ। ਮੈਂ ਇਕ ਵਾਰ ਜੁ ਕਹਿ ਦਿੱਤਾ ਏ ਕਿ ਉਹ ਨਹੀਂ ਮਿਲ ਸਕਦੇ। ਉਨ੍ਹਾਂ ਦੀ ਤਬੀਅਤ ਠੀਕ ਨਹੀਂ, ਇਸ ਲਈ ਉਹ ਅੱਜ ਕਲ੍ਹ ਕਿਸੇ ਨੂੰ ਨਹੀਂ ਮਿਲਦੇ।" ਪਹਿਰੇਦਾਰ ਨੇ ਕਿਹਾ।

"ਮੈਨੂੰ ਬੜਾ ਜ਼ਰੂਰੀ ਕੰਮ ਏ, ਕਿਸੇ ਹੋਰ ਨੂੰ ਹੀ ਮਿਲਾ ਦਿਓ," ਬੜੇ ਤਰਲੇ ਨਾਲ ਉਹ ਬੋਲਿਆ, "ਮੈਂ ਕਈ ਦਿਨਾਂ ਦਾ ਸਫ਼ਰ ਕਰ ਕੇ ਆਇਆ ਹਾਂ।"

"ਕਿੱਥੋਂ ਆਇਆ ਏਂ ?" ਪਹਿਰੇਦਾਰ ਨੇ ਪੁੱਛਿਆ, "ਤੇਰਾ ਨਾਂ ਕੀ ਏ ਤੇ ਕਿਸ

ਕੰਮ ਆਇਆ ਏਂ ?" ਪਹਿਰੇਦਾਰ ਨੇ ਉਹਦੇ ਝੁਰੜੀਆਂ ਪਏ ਘਬਰਾਏ ਹੋਏ ਚਿਹਰੇ ਵੱਲ ਦੇਖਦਿਆਂ ਪੁੱਛਿਆ।

"ਮੈਂ ਖ਼ੈਰਾਬਾਦ ਦਾ ਚੌਧਰੀ ਹਾਂ।"

"ਤੂੰ ਚੌਧਰੀ ਨਹੀਂ!" ਪਹਿਰੇਦਾਰ ਨੂੰ ਸ਼ੱਕ ਪੈ ਗਿਆ। ਕਈ ਦਿਨਾਂ ਤੋਂ ਦਾੜ੍ਹੀ ਨਾ ਮੁੰਨਣ ਕਾਰਨ ਚੌਧਰੀ ਦੀ ਦਾੜ੍ਹੀ ਕਾਫ਼ੀ ਵਧ ਗਈ ਸੀ। ਉਸ ਤੋਂ ਪਹਿਰੇਦਾਰ ਨੂੰ ਸ਼ੱਕ ਪੈ ਗਿਆ ਕਿ ਇਹ ਜ਼ਰੂਰ ਕੋਈ ਸਿਖ ਏ ਜੋ ਖ਼ਾਨ ਸਾਹਿਬ ਨੂੰ ਮਾਰਨ ਲਈ ਵੇਸ ਬਦਲ ਕੇ ਆਇਆ ਏ।

ਪਹਿਰੇਦਾਰ ਨੇ ਆਵਾਜ਼ ਦਿੱਤੀ ਤੇ ਦੋ ਆਦਮੀ ਅੰਦਰੋਂ ਦੌੜ ਕੇ ਆ ਗਏ। ਉਨ੍ਹਾਂ ਬਾਹਰੋਂ ਆਏ ਆਦਮੀ ਨੂੰ ਫੜ ਲਿਆ ਤੇ ਗੇਟ ਦੇ ਅੰਦਰ ਵਾਰ ਬਣੇ ਇਕ ਕਮਰੇ ਵਿਚ ਲੈ ਗਏ। ਉਥੇ ਹੀ ਇਕ ਫ਼ੌਜੀ ਮੁਖੀ ਬੈਠਾ ਸੀ। ਉਸ ਦੇ ਸਾਹਮਣੇ ਜਾ ਕੇ ਪੇਸ਼ ਕਰ ਦਿੱਤਾ ਗਿਆ। ਉਸ ਪੁੱਛਿਆ, "ਕੌਣ ਏਂ ਤੂੰ ?"

"ਮੈਂ ਸੱਚ ਕਹਿੰਦਾ ਹਾਂ ਕਿ ਮੈਂ ਖ਼ੈਰਾਬਾਦ ਪਿੰਡ ਦਾ ਚੌਧਰੀ ਹਾਂ ਜੋ ਕਿ ਇਲਾਕਾ ਅੰਮ੍ਰਿਤਸਰ ਵਿਚ ਏ।"

"ਤੇਰੀ ਸ਼ਕਲ ਤਾਂ ਚੌਧਰੀਆਂ ਵਾਲੀ ਨਹੀਂ!" ਫ਼ੌਜੀ ਮੁਖੀ ਨੇ ਧਿਆਨ ਨਾਲ ਫਿਰ ਇਕ ਵਾਰ ਸਿਰ ਤੋਂ ਪੈਰਾਂ ਤੱਕ ਚੌਧਰੀ ਵੱਲ ਦੇਖਿਆ।

"ਮੈਨੂੰ ਸਿੱਖਾਂ ਫੜ ਲਿਆ ਸੀ ਤੇ ਕਿਤਨੇ ਹੀ ਦਿਨ ਜੰਗਲ ਵਿਚ ਕੈਦ ਰਖਿਆ ਏ। ਹੁਣ ਉਹਨਾਂ ਦੀ ਕੈਦ ਵਿਚੋਂ ਰਿਹਾਅ ਹੋ ਕੇ ਆਇਆ ਹਾਂ।" ਚੌਧਰੀ ਨੇ ਦੱਸਿਆ।

"ਸਿੱਖਾਂ ਫੜ ਲਿਆ ਸੀ! ਉਹ ਕਿਵੇਂ ?" ਫ਼ੌਜੀ ਨੇ ਹੋਰ ਸਵਾਲ ਕੀਤਾ।

"ਇਹ ਲੰਮੀ ਕਹਾਣੀ ਏ ਜੋ ਮੈਂ ਖ਼ਾਨ ਬਹਾਦਰ ਨੂੰ ਦੱਸਣੀ ਚਾਹੁੰਦਾ ਹਾਂ ਇਸ ਲਈ ਮੈਂ ਸਿੱਧਾ ਇਧਰ ਹੀ ਆ ਗਿਆ ਹਾਂ," ਚੌਧਰੀ ਨੇ ਕਿਹਾ।

"ਮੈਨੂੰ ਤੇਰੀਆਂ ਗੱਲਾਂ 'ਤੇ ਅਜੇ ਵੀ ਇਤਬਾਰ ਨਹੀਂ ਆ ਰਿਹਾ। ਤੂੰ ਦੁਸ਼ਮਣ ਦਾ ਜਾਸੂਸ ਲੱਗਦਾ ਏਂ।" ਫ਼ੌਜੀ ਨੇ ਆਪਣਾ ਸ਼ੱਕ ਸਪੱਸ਼ਟ ਰੂਪ ਵਿਚ ਦੱਸ ਦਿੱਤਾ।

"ਨਹੀਂ, ਤੁਹਾਨੂੰ ਭੁਲੇਖਾ ਲੱਗ ਰਿਹਾ ਏ। ਤੁਸੀਂ ਖ਼ਾਨ ਬਹਾਦਰ ਨੂੰ ਮਿਲਾ ਦਿਓ ਉਹ ਝਟ ਪਛਾਣ ਜਾਣਗੇ। ਦੋ ਵਾਰੀ ਉਹ ਸਾਡੇ ਪਿੰਡ ਗਏ ਸਨ ਤੇ ਮੈਨੂੰ ਉਹ ਚੰਗੀ ਤਰ੍ਹਾਂ ਜਾਣਦੇ ਹਨ।" ਚੌਧਰੀ ਨੇ ਕਿਹਾ।

ਫ਼ੌਜੀ ਮੁਖੀ ਨੂੰ ਹੁਣ ਕੁਝ ਯਕੀਨ ਆਇਆ ਤੇ ਉਹ ਉਠ ਕੇ ਅੰਦਰ ਲੰਘ ਗਿਆ। ਝਟ ਪਿਛੋਂ ਉਹ ਵਾਪਸ ਆਇਆ ਤੇ ਚੌਧਰੀ ਦੀ ਚੰਗੀ ਤਰ੍ਹਾਂ ਤਲਾਸ਼ੀ ਲੈ ਕੇ ਉਹਨੂੰ ਅੰਦਰ ਲੈ ਗਿਆ।

ਖ਼ਾਨ ਬਹਾਦਰ ਕਸ਼ਮੀਰੀ ਕਢਾਈ ਵਾਲੇ ਸੋਹਣੇ ਵਿਛੌਣੇ 'ਤੇ ਤਕੀਏ ਨਾਲ

ਢਾਸਣਾ ਲਾਈ ਬੈਠਾ ਹੁੱਕਾ ਪੀ ਰਿਹਾ ਸੀ। ਚੌਧਰੀ ਜਦ ਉਹਦੇ ਸਾਹਮਣੇ ਆਇਆ ਤਾਂ ਉਸ ਝੁਕ ਕੇ ਸਲਾਮ ਕੀਤਾ। ਖ਼ਾਨ ਬਹਾਦਰ ਨੇ ਨੀਝ ਲਾ ਕੇ ਉਹਨੂੰ ਵੇਖਿਆ, ਪਰ ਪਛਾਣ ਨਾ ਸਕਿਆ। ਅਖ਼ੀਰ ਆਪ ਹੀ ਪੁੱਛ ਲਿਆ, "ਮੈਂ ਤੈਨੂੰ ਪਛਾਣਿਆ ਨਹੀਂ।"

"ਜਨਾਬ ਪਛਾਣੋਗੇ ਕਿਸ ਤਰ੍ਹਾਂ। ਕਈ ਦਿਨ ਕੈਦ ਵਿਚ ਰਹਿ ਕੇ ਮੇਰਾ ਹੁਲੀਆ ਹੀ ਵਿਗੜ ਗਿਆ ਏ। ਆਪ ਨੂੰ ਯਾਦ ਹੋਵੇਗਾ ਕਿ ਤੁਸੀਂ ਪਿਛਲੇ ਸਾਲ ਮੇਰੇ ਪਿੰਡ ਖ਼ੈਰਾਬਾਦ ਗਏ ਸੀ ਤੇ ਸਿੱਖਾਂ ਨੂੰ ਖ਼ਤਮ ਕਰਨ ਲਈ ਹਦਾਇਤਾਂ ਦੇ ਕੇ ਆਏ ਸੀ। ਇਸ ਤੋਂ ਪਹਿਲਾਂ ਵੀ ਇਕ ਵਾਰ ਜਨਾਬ ਰਾਤ ਮੇਰੀ ਹਵੇਲੀ ਵਿਚ ਠਹਿਰੇ ਸੀ।" ਚੌਧਰੀ ਨੇ ਉਸ ਸਮੇਂ ਹੋਈਆਂ ਗੱਲਾਂ ਦੇ ਵੀ ਕੁਝ ਹਵਾਲੇ ਦਿਤੇ, ਜਿਨ੍ਹਾਂ ਨਾਲ ਖ਼ਾਨ ਬਹਾਦਰ ਨੂੰ ਯਾਦ ਆ ਗਿਆ।

"ਅੱਜ ਕਿਵੇਂ ਆਇਆਂ ਏ?" ਖ਼ਾਨ ਬਹਾਦਰ ਨੇ ਪੁੱਛਿਆ।

"ਤੁਹਾਨੂੰ ਪਤਾ ਨਹੀਂ ਲੱਗਾ ਕਿ ਸਾਡੇ ਪਿੰਡ ਸਿੱਖਾਂ ਦਾ ਰਾਜ ਹੋ ਗਿਆ ਏ।"

"ਸਿੱਖਾਂ ਦਾ ਰਾਜ! ਤੁਹਾਡੇ ਪਿੰਡ ਵਿਚ ਕਿਸ ਤਰ੍ਹਾਂ ਹੋ ਗਿਆ? ਮੈਨੂੰ ਸਾਰੀ ਗੱਲ ਦੱਸ, ਉਂਜ ਸਮਝ ਨਹੀਂ ਆਉਂਦੀ।" ਖ਼ਾਨ ਬਹਾਦਰ ਨੇ ਕਿਹਾ।

"ਸਿੱਖਾਂ ਨੇ ਸਾਡੇ ਪਿੰਡ 'ਤੇ ਕਬਜ਼ਾ ਕਰ ਕੇ ਉਥੇ ਆਪਣੇ ਨਵੇਂ ਚੌਧਰੀ ਲਾ ਦਿਤੇ ਹਨ," ਚੌਧਰੀ ਨੇ ਦੱਸਿਆ।

"ਤੂੰ ਕਿੱਥੇ ਸੈਂ?" ਖ਼ਾਨ ਬਹਾਦਰ ਨੇ ਪੁੱਛਿਆ।

"ਮੈਂ ਉਥੇ ਹੀ ਸਾਂ," ਚੌਧਰੀ ਨੇ ਕਿਹਾ।

"ਮੈਨੂੰ ਸਾਰੀ ਗੱਲ ਦੱਸ ਕਿਵੇਂ ਹੋਇਆ?" ਖ਼ਾਨ ਬਹਾਦਰ ਨੇ ਜ਼ਰਾ ਗੁੱਸੇ ਵਿਚ ਕਿਹਾ।

"ਸਿੱਖਾਂ ਨੇ ਸਾਡੇ ਪਿੰਡ ਦੇ ਕੁਝ ਬੰਦਿਆਂ ਨੂੰ ਨਾਲ ਮਿਲਾ ਲਿਆ ਤੇ ਹਮਲਾ ਕਰ ਕੇ ਮੈਨੂੰ ਫੜ ਲਿਆ। ਪਿੰਡ ਇਕੱਠਾ ਕਰ ਕੇ ਸਿੱਖਾਂ ਨੇ ਆਪਣੇ ਹਾਮੀਆਂ ਨੂੰ ਪਿੰਡ ਦੇ ਪ੍ਰਬੰਧਕ ਬਣਾ ਦਿੱਤਾ ਤੇ ਮੈਨੂੰ ਫੜ ਕੇ ਕਾਹਨੂੰਆਣੇ ਦੇ ਛੰਭ ਵਿਚ ਲੈ ਗਏ। ਉਥੇ ਮੈਂ ਕਈ ਦਿਨ ਕੈਦ ਰਿਹਾ ਹਾਂ। ਹੁਣ ਜਦੋਂ ਆਪਣੀਆਂ ਫ਼ੌਜਾਂ ਨੇ ਉਸ ਜੰਗਲ 'ਤੇ ਹਮਲਾ ਕੀਤਾ ਤਾਂ ਸਿੱਖਾਂ ਵਿਚ ਭਾਜੜ ਮਚ ਗਈ। ਮੈਂ ਵੀ ਉਸ ਭਾਜੜ ਵਿਚ ਹੀ ਬਚ ਕੇ ਨੱਸ ਆਇਆ ਹਾਂ।" ਚੌਧਰੀ ਨੇ ਆਪਣਾ ਮੂੰਹ ਕਾਲਾ ਹੋਣ ਦੀ ਘਟਨਾ ਤੇ ਹੋਰ ਵਿਸਥਾਰ ਫਿਰ ਵੀ ਨਾ ਦੱਸਿਆ।

"ਤੇਰੇ ਪਿੰਡ ਵਿਚੋਂ ਕਿਸੇ ਸਾਨੂੰ ਪਤਾ ਨਹੀਂ ਦਿੱਤਾ," ਖ਼ਾਨ ਬਹਾਦਰ ਨੇ ਕਿਹਾ।

"ਸਿੱਖਾਂ ਤੋਂ ਡਰਦੇ ਮਾਰੇ ਕੋਈ ਨਹੀਂ ਆਇਆ ਹੋਣਾ," ਚੌਧਰੀ ਨੇ ਕਿਹਾ।

"ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅੱਜ ਸਿਖ ਇਕ ਪਿੰਡ ਵਿਚ ਕਾਬਜ਼ ਹੋਏ ਨੇ ਤੇ ਕਲ੍ਹ ਸਾਰੇ ਇਲਾਕੇ ਵਿਚ ਕਬਜ਼ਾ ਕਰ ਲੈਣਗੇ। ਇਸ ਤਰ੍ਹਾਂ ਸਿੱਖਾਂ ਦੇ ਪੈਰ ਲੱਗ ਗਏ ਤਾਂ ਉਹ ਹਕੂਮਤ ਨਹੀਂ ਚੱਲਣ ਦੇਣਗੇ।" ਖ਼ਾਨ ਬਹਾਦਰ ਨੇ ਕਿਹਾ।

"ਬਿਲਕੁਲ ਠੀਕ ਏ, ਸਿੱਖਾਂ ਨੂੰ ਛੇਤੀ ਖ਼ਤਮ ਕਰ ਦੇਣਾ ਚਾਹੀਦਾ ਏ," ਚੌਧਰੀ ਨੇ ਕਿਹਾ।

"ਤੂੰ ਤਾਂ ਮਾਰ ਖਾ ਕੇ ਆ ਗਿਆ ਏਂ," ਖ਼ਾਨ ਬਹਾਦਰ ਨੇ ਕਿਹਾ, "ਸਿੱਖਾਂ ਦਾ ਮੁਕਾਬਲਾ ਕਰਨ ਲਈ ਬੜੀ ਤਾਕਤ ਦੀ ਲੋੜ ਏ। ਤੁਹਾਡੇ ਹੱਡਾਂ ਵਿਚ ਪਾਣੀ ਭਰ ਗਿਆ ਏ। ਤੁਸੀਂ ਐਸ਼ ਕਰਨ ਤੋਂ ਬਿਨਾਂ ਹੁਣ ਕੁਝ ਨਹੀਂ ਕਰ ਸਕਦੇ ਤਾਂ ਹੀ ਸਿਖ ਉਤੇ ਚੜ੍ਹਦੇ ਆਉਂਦੇ ਨੇ।"

ਚੌਧਰੀ ਚੁਪ ਹੋ ਗਿਆ। ਆਲੇ-ਦੁਆਲੇ ਇਕੱਠੇ ਹੋਏ ਹੋਰ ਵੀ ਆਦਮੀ ਚੁੱਪ ਰਹੇ। ਖ਼ਾਨ ਬਹਾਦਰ ਨੇ ਰਹਿਮਤ ਉੱਲਾ ਨੂੰ ਸੰਬੋਧਨ ਕਰਦਿਆਂ ਕਿਹਾ, "ਜਾ ਕੇ ਤਿਆਰੀ ਕਰੋ ਤੇ ਖ਼ੈਰਾਬਾਦ ਤੋਂ ਸਿੱਖਾਂ ਦਾ ਕਬਜ਼ਾ ਖ਼ਤਮ ਕਰੋ। ਇਕ ਪਿੰਡ ਵੀ ਸਿੱਖਾਂ ਦੇ ਕਬਜ਼ੇ ਵਿਚ ਨਹੀਂ ਰਹਿਣਾ ਚਾਹੀਦਾ।"

ਜੰਗ ਦੀ ਤਿਆਰੀ ਹੋਣ ਲੱਗ ਪਈ। ਇਕ ਪਿੰਡ ਫਤਹਿ ਕਰਨ ਲਈ ਵੱਡੀ ਲੜਾਈ ਜਿਤਨੀ ਤਿਆਰੀ ਤੇ ਹਿਲਜੁਲ ਹੋ ਗਈ। ਸਿੱਖਾਂ ਦੇ ਸੂਹੀਏ ਲਾਹੌਰ ਵਿਚ ਫਿਰਦੇ ਰਹਿੰਦੇ ਸਨ। ਉਨ੍ਹਾਂ ਨੂੰ ਇਹ ਤਾਂ ਝਟ-ਪਟ ਪਤਾ ਲੱਗ ਗਿਆ ਕਿ ਲਾਹੌਰ ਵਿਚ ਫ਼ੌਜੀ ਹਿਲਜੁਲ ਹੋ ਰਹੀ ਹੈ, ਪਰ ਇਹ ਨਾ ਪਤਾ ਲੱਗਾ ਕਿ ਕਾਹਦੇ ਲਈ ਹੋ ਰਹੀ ਹੈ ਤੇ ਇਹ ਫ਼ੌਜਾਂ ਕਿਸ ਪਾਸੇ ਜਾਣਾ ਚਾਹੁੰਦੀਆਂ ਹਨ। ਕਾਹਨੂੰਆਣੇ ਦਾ ਛੰਭ ਸਾੜ ਦਿੱਤਾ ਗਿਆ ਏ। ਬਹੁਤ ਸਾਰੇ ਸਿੰਘ ਉਥੇ ਸ਼ਹੀਦ ਹੋ ਗਏ ਹਨ ਪਰ ਇਹ ਹੁਣ ਹਮਲਾ ਕਿਸ ਪਾਸੇ ਕੀਤਾ ਜਾਣਾ ਏ ? ਸ਼ਾਮ ਨੂੰ ਸਿੰਘਾਂ ਨੇ ਇਹ ਪਤਾ ਵੀ ਕਰ ਲਿਆ ਕਿ ਇਹ ਹਮਲਾ ਪਿੰਡ ਖ਼ੈਰਾਬਾਦ ਵੱਲ ਕੀਤਾ ਜਾ ਰਿਹਾ ਏ ਜਿੱਥੇ ਸਿੰਘਾਂ ਦਾ ਕਬਜ਼ਾ ਦੱਸਿਆ ਜਾਂਦਾ ਹੈ। ਇਨ੍ਹਾਂ ਸਿੰਘਾਂ ਦੀ ਡਿਊਟੀ ਲਾਹੌਰ ਵਿਚ ਹੀ ਸੀ, ਇਸ ਲਈ ਇਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਖ਼ੈਰਾਬਾਦ ਪਿੰਡ ਕਿੱਧਰ ਏ ਤੇ ਉਥੇ ਸਿੰਘਾਂ ਨੇ ਕਦੋਂ ਕਬਜ਼ਾ ਕੀਤਾ ਏ। ਅਸਲ ਵਿਚ ਸਿੰਘਾਂ ਦਾ ਉਥੇ ਕਬਜ਼ਾ ਨਹੀਂ ਸੀ, ਇਸ ਲਈ ਕਦੇ ਚਰਚਾ ਵੀ ਨਹੀਂ ਸੀ ਚੱਲੀ।

ਦੋ ਸੂਹੀਏ ਸਿੰਘ ਰਾਤ ਨੂੰ ਲਾਹੌਰ ਤੋਂ ਚਲ ਪਏ ਤੇ ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿਤਸਰ ਦੇ ਬਾਹਰਲੇ ਪਾਸੇ ਦੇ ਜੰਗਲ ਵਿਚ ਪਹੁੰਚ ਗਏ। ਇਥੇ ਉਨ੍ਹਾਂ ਇਤਲਾਹ ਦਿੱਤੀ ਕਿ ਅੱਜ ਫ਼ੌਜਾਂ ਹਮਲਾ ਕਰਨ ਲਈ ਖ਼ੈਰਾਬਾਦ ਵੱਲ ਜਾ ਰਹੀਆਂ ਹਨ ਜਿੱਥੇ ਸਿੰਘਾਂ ਦਾ ਕਬਜ਼ਾ ਹੋ ਗਿਆ ਹੈ।

ਇੱਥੋਂ ਦੇ ਜਥੇਦਾਰ ਨੂੰ ਖ਼ੈਰਾਬਾਦ 'ਤੇ ਕਬਜ਼ੇ ਦੀ ਘਟਨਾ ਦਾ ਪਤਾ ਸੀ। ਇਸ ਨੇ ਤੇਜ਼ ਘੋੜ-ਸਵਾਰ ਹੱਥ ਸ: ਕਰਤਾਰ ਸਿੰਘ ਨੂੰ ਸੁਨੇਹਾ ਭੇਜ ਦਿੱਤਾ ਕਿ ਸ਼ਾਹੀ ਫ਼ੌਜਾਂ ਖ਼ੈਰਾਬਾਦ 'ਤੇ ਹਮਲਾ ਕਰਨ ਲਈ ਆ ਰਹੀਆਂ ਹਨ, ਇਸ ਲਈ ਲੋੜੀਂਦਾ ਪ੍ਰਬੰਧ ਕੀਤਾ ਜਾਏ। ਨਾਲ ਹੀ ਜਥੇਦਾਰ ਨੇ ਹੋਰ ਟਿਕਾਣਿਆਂ 'ਤੇ ਵੀ ਪਤਾ ਭੇਜ ਦਿੱਤਾ। ਕਾਹਨੂੰਆਣੇ ਦੇ ਛੰਭ ਵਿਚੋਂ ਨਿਕਲ ਕੇ ਸਿੰਘਾਂ ਨੇ ਆਪਣਾ ਅੱਡਾ ਅੰਮ੍ਰਿਤਸਰ ਤੇ ਬਟਾਲੇ ਦੇ ਵਿਚਕਾਰਲੇ ਹਿੱਸੇ ਵਿਚ ਇਕ ਹੋਰ ਜੰਗਲ ਵਿਚ ਬਣਾ ਲਿਆ। ਤੇਜ਼ੀ ਨਾਲ ਤਿਆਰੀ ਕਰ ਕੇ ਆਪਣੀ ਤਾਕਤ ਇਤਨੀ ਵਧਾ ਲਈ ਕਿ ਹੁਣ ਫਿਰ ਸ਼ਾਹੀ ਫ਼ੌਜਾਂ ਨਾਲ ਟੱਕਰ ਲੈਣ ਜੋਗੇ ਹੋ ਗਏ। ਜਥੇਦਾਰ ਨੇ ਇਕ ਆਦਮੀ ਨੂੰ ਖ਼ੈਰਾਬਾਦ ਭੇਜ ਦਿੱਤਾ ਤਾਕਿ ਪਿੰਡ ਵਾਲੇ ਭੀ ਪੂਰੀ ਤਿਆਰੀ ਕਰ ਲੈਣ। ਉਨ੍ਹਾਂ ਨੂੰ ਇਹ ਵੀ ਸੁਨੇਹਾ ਭੇਜ ਦਿੱਤਾ ਕਿ ਸਿੰਘਾਂ ਦੇ ਜਥੇ ਵੀ ਛੇਤੀ ਹੀ ਤੁਹਾਡੀ ਮਦਦ ਲਈ ਪਹੁੰਚ ਰਹੇ ਹਨ।

ਸੁਨੇਹਾ ਮਿਲਦਿਆਂ ਮੱਖਣ ਤੇ ਗ਼ਫ਼ੂਰ ਨੇ ਸਾਰੇ ਪਿੰਡ ਵਿਚ ਸੁਨੇਹੇ ਭੇਜ ਕੇ ਸਾਰੇ ਆਦਮੀ ਇਕੱਠੇ ਕੀਤੇ। ਮੱਖਣ ਬੜੀ ਜੋਸ਼ੀਲੀ ਤਕਰੀਰ ਕਰ ਸਕਦਾ ਸੀ। ਇਸ ਲਈ ਜਦ ਸਾਰਾ ਪਿੰਡ ਮੈਦਾਨ ਵਿਚ ਜੁੜ ਗਿਆ ਤਾਂ ਮੱਖਣ ਨੇ ਉਠ ਕੇ ਕਿਹਾ, "ਪਿੰਡ ਵਾਸੀਓ! ਸਾਨੂੰ ਪਤਾ ਲੱਗਾ ਏ ਕਿ ਸਾਡੇ ਪਿੰਡ 'ਤੇ ਹਮਲਾ ਕਰਨ ਲਈ ਲਾਹੌਰ ਤੋਂ ਫ਼ੌਜਾਂ ਆ ਰਹੀਆਂ ਹਨ। ਉਨ੍ਹਾਂ ਫ਼ੌਜਾਂ ਦਾ ਅਸਾਂ ਮੁਕਾਬਲਾ ਕਰਨਾ ਏਂ। ਤੁਹਾਨੂੰ ਦਿਸਦਾ ਤਾਂ ਇਹੀ ਹੋਵੇਗਾ ਕਿ ਸ਼ਾਹੀ ਫ਼ੌਜ ਦਾ ਅਸੀਂ ਕਿਵੇਂ ਟਾਕਰਾ ਕਰ ਸਕਦੇ ਹਾਂ, ਪਰ ਮੈਨੂੰ ਪਤਾ ਏ ਕਿ ਸ਼ਾਹੀ ਫ਼ੌਜ ਵਿਚ ਲੜਨ ਮਰਨ ਵਾਲੇ ਥੋੜ੍ਹੇ ਹਨ ਤੇ ਲੁਟ ਮਾਰ ਕਰਨ ਵਾਲੇ ਬਹੁਤੇ। ਅਸੀਂ ਜੇ ਪਿੰਡ ਦੀ ਰੱਖਿਆ ਲਈ ਡਟ ਜਾਈਏ ਤਾਂ ਨਿਸਚੇ ਹੀ ਸਾਡੀ ਜਿੱਤ ਹੋਵੇਗੀ। ਮੈਂ ਸਾਫ਼ ਕਹਿੰਦਾ ਹਾਂ ਕਿ ਫਿਰ ਪਹਿਲੇ ਵਰਗਾ ਪ੍ਰਬੰਧ ਨਹੀਂ ਹੋਣਾ ਚਾਹੀਦਾ। ਇਸ ਲਈ ਜੇ ਸਾਨੂੰ ਜਾਨਾਂ ਵੀ ਵਾਰਨੀਆਂ ਪੈਣ ਤਾਂ ਸੰਕੋਚ ਨਹੀਂ ਕਰਨਾ ਚਾਹੀਦਾ। ਪਿੰਡ ਦੀ ਹਾਲਤ ਮਸਾਂ ਹੀ ਸੁਧਰੀ ਏ, ਹੁਣ ਅਸੀਂ ਫਿਰ ਨਹੀਂ ਵਿਗੜਨ ਦਿਆਂਗੇ। ਮੈਨੂੰ ਇਹ ਵੀ ਪਤਾ ਲੱਗਾ ਏ ਕਿ ਸਿੱਖਾਂ ਦੇ ਜਥੇ ਸਾਡੀ ਮਦਦ 'ਤੇ ਆ ਰਹੇ ਹਨ, ਇਸ ਲਈ ਹੁਣ ਦੱਸੋ ਕਿ ਮੁਕਾਬਲਾ ਕਰੋਗੇ ਜਾਂ ਫਿਰ ਪੁਰਾਣੀ ਹਾਲਤ ਵਿਚ ਫਸੋਗੇ। ਸਾਡੀ ਹਾਲਤ ਸਾਫ਼ ਏ ਕਿ ਅਸੀਂ ਜੇ ਮੁਕਾਬਲਾ ਨਾ ਵੀ ਕਰੀਏ ਤਾਂ ਵੀ ਬਚ ਨਹੀਂ ਸਕਦੇ। ਮੈਂ ਤੇ ਗ਼ਫ਼ੂਰ ਤਾਂ ਜ਼ਰੂਰ ਲੜਾਂਗੇ ਤੇ ਤੁਹਾਡੀ ਇਸ ਬਾਰੇ ਕੀ ਰਾਏ ਹੈ ?"

"ਤੁਸੀਂ ਲੜੋਗੇ ਤਾਂ ਅਸੀਂ ਕਿਉਂ ਨਾ ਲੜਾਂਗੇ। ਇਹ ਤੁਸਾਂ ਕੀ ਗੱਲ ਕਹੀ ਏ ?" ਇਕ ਆਦਮੀ ਨੇ ਕਿਹਾ।

"ਮੱਖਣ ਤੇ ਗ਼ਫ਼ੂਰ ਸਾਡੀ ਜਾਨ ਹਨ, ਅਸੀਂ ਉਹਨਾਂ ਲਈ ਸਭ ਕੁਝ ਵਾਰ ਦਿਆਂਗੇ," ਦੂਜੇ ਨੇ ਕਿਹਾ।

"ਜਿਥੇ ਤੁਹਾਡਾ ਪਸੀਨਾ ਡੁਲ੍ਹੇਗਾ, ਅਸੀਂ ਉਥੇ ਖ਼ੂਨ ਡੋਲ੍ਹਾਂਗੇ," ਤੀਜੇ ਨੇ ਕਿਹਾ।

ਇਸ ਤਰ੍ਹਾਂ ਬਹੁਤ ਸਾਰੇ ਆਦਮੀਆਂ ਨੇ ਉਠ ਉਠ ਕੇ ਇਕ ਇਕ ਦੋ ਦੋ ਵਾਕ ਕਹੇ। ਮੱਖਣ ਨੇ ਦੇਖ ਲਿਆ ਕਿ ਇਸ ਸਮੇਂ ਸਾਰਾ ਪਿੰਡ ਮੁਕਾਬਲਾ ਕਰਨ ਲਈ ਤਿਆਰ ਏ।

ਦੂਰ ਧੂੜ ਉਡਦੀ ਦੇਖ ਕੇ ਸਾਰੇ ਉਠ ਬੈਠੇ। ਮੱਖਣ ਨੇ ਕਿਹਾ, "ਝਟ-ਪਟ ਜਾਓ ਤੇ ਸਾਰੇ ਹਥਿਆਰ ਲੈ ਆਓ।"

ਪਿੰਡ ਵਿਚ ਬਹੁਤੀਆਂ ਬੰਦੂਕਾਂ ਨਹੀਂ ਸਨ, ਪਰ ਜਿਤਨੇ ਆਦਮੀਆਂ ਪਾਸ ਬੰਦੂਕਾਂ ਸਨ, ਉਹਨਾਂ ਨੂੰ ਪਿੰਡ ਦੇ ਬਾਹਰਵਾਰ ਮੋਰਚੇ ਬਣਾ ਕੇ ਖੜਾ ਕਰ ਦਿੱਤਾ ਗਿਆ। ਉਹਨਾਂ ਪਿਛੇ ਬਰਛੇ, ਨੇਜ਼ੇ ਤੇ ਹੋਰ ਹਥਿਆਰ ਲਈ ਆਦਮੀ ਖੜੇ ਹੋ ਗਏ।

ਨੂਰਾਂ ਨੇ ਪਿੰਡ ਦੀਆਂ ਮੁਟਿਆਰਾਂ ਨੂੰ ਵੀ ਲੈਕਚਰ ਕਰ ਕੇ ਇਤਨਾ ਦਲੇਰ ਕਰ ਦਿੱਤਾ ਸੀ ਕਿ ਹਮਲੇ ਦੀ ਖ਼ਬਰ ਮਿਲਦਿਆਂ ਉਹਨਾਂ ਨੇ ਝਟ-ਪਟ ਇੱਟਾਂ ਵੱਟੇ ਕੋਠਿਆਂ 'ਤੇ ਇਕੱਠੇ ਕਰ ਲਏ। ਨੂਰਾਂ ਦਾ ਪ੍ਰੋਗਰਾਮ ਸੀ ਕਿ ਜੇ ਫ਼ੌਜਾਂ ਪਿੰਡ ਵਿਚ ਆ ਵੜੀਆਂ ਤਾਂ ਇੱਟਾਂ ਦਾ ਮੀਂਹ ਵਸਾ ਕੇ ਗਲੀਆਂ ਵਿਚੋਂ ਨਹੀਂ ਲੰਘਣ ਦੇਣਾ।

ਜਦ ਧੂੜ ਘਟੀ ਤਾਂ ਮੱਖਣ ਦੇਖ ਕੇ ਖ਼ੁਸ਼ ਹੋ ਗਿਆ ਕਿ ਸਿੰਘਾਂ ਦਾ ਇਕ ਜਥਾ ਆ ਗਿਆ ਹੈ। ਇਹ ਜਥਾ ਅੰਮ੍ਰਿਤਸਰ ਦੇ ਨੇੜੇ ਦੇ ਉਸੇ ਜੰਗਲ ਵਿਚੋਂ ਆਇਆ ਸੀ ਜਿਥੋਂ ਪਹਿਲਾਂ ਸੁਨੇਹਾ ਮਿਲਿਆ ਸੀ। ਸਿੰਘਾਂ ਦੇ ਇਕ ਜਥੇ ਦੇ ਪਹੁੰਚ ਜਾਣ ਨਾਲ ਪਿੰਡ ਵਾਲਿਆਂ ਦੇ ਹੌਸਲੇ ਵਧ ਗਏ। ਹੁਣ ਉਹਨਾਂ ਨੂੰ ਨਿਸ਼ਚਾ ਹੋ ਗਿਆ ਕਿ ਸ਼ਾਹੀ ਫ਼ੌਜ ਉਹਨਾਂ ਦਾ ਕੁਝ ਨਹੀਂ ਵਿਗਾੜ ਸਕੇਗੀ।

ਸਿੱਖਾਂ ਦੇ ਜਥੇਦਾਰ ਨੇ ਸਾਰੇ ਮੋਰਚੇ ਤੇ ਹੋਰ ਪ੍ਰਬੰਧ ਦੇਖਿਆ। ਮੱਖਣ ਦੀ ਸਾਰੀ ਸਕੀਮ ਜਾਣ ਕੇ ਉਨ੍ਹਾਂ ਨੂੰ ਬੜੀ ਖ਼ੁਸ਼ੀ ਹੋਈ। ਸਿੰਘਾਂ ਦੇ ਜਥੇ ਪਾਸ ਸਾਰੇ ਹਥਿਆਰ ਸਨ ਤੇ ਉਂਜ ਵੀ ਇਹ ਫ਼ੌਜ ਕਈ ਲੜਾਈਆਂ ਲੜ ਚੁਕੀ ਸੀ, ਇਸ ਲਈ ਇਹਨੂੰ ਅਗੇ ਕਰ ਦਿਤਾ ਗਿਆ। ਮੱਖਣ ਨੇ ਕਿਹਾ, "ਤੁਸੀਂ ਅੱਗੇ ਨਾ ਹੋਵੋ। ਸਾਨੂੰ ਪਹਿਲਾਂ ਲੜਨ ਦਿਓ। ਜੇ ਅਸੀਂ ਮਾਰੇ ਗਏ ਤਾਂ ਫਿਰ ਪਿੰਡ ਨੂੰ ਬਚਾ ਲਿਆ ਜੇ।"

"ਨਹੀਂ, ਤੁਹਾਡੇ ਨਾਲ ਸਿੰਘਾਂ ਦਾ ਬਚਨ ਇਹ ਹੈ ਕਿ ਅਸੀਂ ਪਿੰਡ ਦੀ ਰਾਖੀ ਕਰਾਂਗੇ, ਇਸ ਲਈ ਸਾਨੂੰ ਪਹਿਲਾਂ ਰਾਖੀ ਲਈ ਉਪਰਾਲਾ ਕਰਨਾ ਚਾਹੀਦਾ ਹੈ," ਜਥੇਦਾਰ ਨੇ ਕਿਹਾ।

"ਅਸੀਂ ਅਗੇ ਹੀ ਤੁਹਾਡੇ ਅਹਿਸਾਨਾਂ ਥੱਲੇ ਬੜੇ ਦੱਬੇ ਹੋਏ ਹਾਂ," ਮੱਖਣ ਨੇ ਕਿਹਾ।

"ਨਹੀਂ, ਅਜਿਹੀ ਕੋਈ ਗੱਲ ਨਹੀਂ," ਜਥੇਦਾਰ ਨੇ ਕਿਹਾ, "ਲਓ ਸਾਹਮਣੇ ਦੇਖੋ

ਸ਼ਾਹੀ ਫ਼ੌਜਾਂ ਆ ਰਹੀਆਂ ਜੇ, ਇਸ ਲਈ ਹੁਣ ਹੋਰ-ਵਿਚਾਰਾਂ ਵਿਚ ਨਾ ਪਓ ਤੇ ਆਪਣੀ ਆਪਣੀ ਥਾਂ ਮੋਰਚੇ ਸੰਭਾਲ ਲਓ।"

ਪਿੰਡ ਦੇ ਬਾਹਰਵਾਰ ਇਕ ਪੁਰਾਣੀ ਕੰਧ ਸੀ ਜੋ ਕਾਫ਼ੀ ਦੇਰ ਦੀ ਢਹਿ ਚੁਕੀ ਸੀ। ਉਸ ਕੰਧ ਦਾ ਮਲਬਾ ਧਰਤੀ ਤੋਂ ਡੇਢ ਦੋ ਫੁਟ ਉੱਚਾ ਹੋਵੇਗਾ। ਉਸ ਦੇ ਉਹਲੇ ਹੋ ਕੇ ਬੰਦੂਕਾਂ ਵਾਲੇ ਸਾਰਿਆਂ ਨੇ ਨਿਸ਼ਾਨੇ ਬੰਨ੍ਹ ਲਏ।

ਸ਼ਾਹੀ ਫ਼ੌਜਾਂ ਘੋੜੇ ਭਜਾਂਦੀਆਂ ਪਿੰਡ ਵੱਲ ਆ ਰਹੀਆਂ ਸਨ। ਰਹਿਮਤ ਉੱਲਾ ਨੇ ਆਪਣੇ ਨਾਲ ਦੇ ਇਕ ਫ਼ੌਜੀ ਨੂੰ ਕਿਹਾ, "ਲੈ ਵੇਖ ਲੈ ਸਿੱਖਾਂ ਦਾ ਪ੍ਰਬੰਧ। ਸਾਰਾ ਪਿੰਡ ਸੁੱਤਾ ਪਿਆ ਏ। ਕਹਿੰਦੇ ਸਨ ਕਿ ਪਿੰਡ ਨੂੰ ਫਤਹਿ ਕਰਨਾ ਔਖਾ ਏ। ਇਥੇ ਤਾਂ ਸ਼ਾਇਦ ਗੋਲੀ ਨਾ ਚਲਾਣੀ ਪਏ ਤੇ ਪਿੰਡ 'ਤੇ ਕਬਜ਼ਾ ਹੋ ਜਾਏ।"

ਅਜੇ ਉਸ ਗੱਲਾਂ ਕਰਦਿਆਂ ਇਹ ਵਾਕ ਹੀ ਕਹੇ ਸਨ ਕਿ ਇੱਕੋ ਵਾਰ ਸਾਹਮਣੇ ਜ਼ੋਰ ਨਾਲ ਠਾਹ ਹੋਈ ਤੇ ਕੰਧ ਉਹਲੇ ਮੋਰਚੇ ਵਿਚ ਡਟੇ ਸਾਰਿਆਂ ਨੇ ਇਕੱਠੀਆਂ ਗੋਲੀਆਂ ਚਲਾ ਦਿੱਤੀਆਂ। ਇਕ ਗੋਲੀ ਸਿੱਧੀ ਰਹਿਮਤ ਉੱਲਾ ਦੇ ਘੋੜੇ ਨੂੰ ਜਾ ਵੱਜੀ ਤੇ ਉਹ ਧਰਤੀ 'ਤੇ ਡਿੱਗ ਪਿਆ।

ਘੋੜਾ ਡਿੱਗਣ ਨਾਲ ਰਹਿਮਤ ਉੱਲਾ ਦੀ ਲੱਤ ਵੀ ਟੁੱਟ ਗਈ। ਇਤਨਾ ਦਰਦ ਹੋਇਆ ਕਿ ਉਹ ਚੀਕ ਉਠਿਆ। ਹੋਰ ਵੀ ਕਈ ਆਦਮੀ ਮਾਰੇ ਗਏ ਤੇ ਬਾਕੀ ਦੀ ਫ਼ੌਜ ਇਕਦਮ ਪਿਛੇ ਹਟੀ। ਉਹਨਾਂ ਨੂੰ ਇਹ ਵੀ ਪਤਾ ਨਾ ਲੱਗਾ ਕਿ ਇਹ ਗੋਲੀਆਂ ਕਿਸ ਪਾਸਿਓਂ ਆਈਆਂ ਹਨ।

ਝਟ ਹੀ ਫਿਰ ਇੱਕੋ ਵਾਰ ਠਾਹ ਹੋਇਆ ਤੇ ਕਈ ਗੋਲੀਆਂ ਇਕੱਠੀਆਂ ਚੱਲੀਆਂ। ਹੁਣ ਉਹਨਾਂ ਨੂੰ ਪਤਾ ਲੱਗ ਗਿਆ ਕਿ ਸਾਹਮਣੇ ਉੱਚੇ ਜਿਹੇ ਢੇਰ ਦੇ ਪਿਛਲੇ ਪਾਸਿਓਂ ਗੋਲੀ ਚੱਲੀ ਹੈ।

ਸ਼ਾਹੀ ਫ਼ੌਜ ਨੇ ਵੀ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ। ਰਹਿਮਤ ਉੱਲਾ ਨੇ ਜ਼ਖ਼ਮੀ ਹਾਲਤ ਵਿਚ ਹੀ ਫ਼ੌਜ ਨੂੰ ਹੁਕਮ ਦਿੱਤਾ ਕਿ ਇਕਦਮ ਹਮਲਾ ਕਰ ਦਿੱਤਾ ਜਾਏ ਨਹੀਂ ਤਾਂ ਮੋਰਚਿਆਂ ਵਿਚ ਬੈਠੇ ਆਦਮੀਆਂ ਨੇ ਅੱਗੇ ਨਹੀਂ ਵਧਣ ਦੇਣਾ। ਉਹਦਾ ਹੁਕਮ ਮਿਲਦਿਆਂ ਹੀ ਸ਼ਾਹੀ ਫ਼ੌਜ ਨੇ ਇੱਕੋ ਵਾਰ ਅਗੇ ਵਧਣਾ ਸ਼ੁਰੂ ਕਰ ਦਿੱਤਾ। ਇਧਰੋਂ ਸਾਹਮਣਿਓਂ ਗੋਲੀ ਚਲਦੀ ਰਹੀ, ਪਰ ਉਸ ਨਾਲ ਮਸਾਂ ਦੋ ਦਰਜਨ ਸਿਪਾਹੀ ਮਾਰੇ ਗਏ ਤੇ ਇਤਨੇ ਵਿਚ ਸ਼ਾਹੀ ਫ਼ੌਜ ਨੇ ਉਪਰੋਂ ਦੀ ਵਲ ਕੇ ਘੇਰਾ ਪਾ ਲਿਆ।

ਕੰਧ ਦੇ ਨਾਲ ਹੀ ਟੋਏ ਸਨ। ਪਿੰਡ ਦੇ ਬੰਦੂਕਾਂ ਵਾਲੇ ਤੇ ਸਿੰਘ ਇਹਨਾਂ ਟੋਇਆਂ ਵਿਚ ਹੋ ਗਏ। ਹੁਣ ਇਹ ਚਾਰੇ ਪਾਸੇ ਬੰਦੂਕਾਂ ਚਲਾ ਰਹੇ ਸਨ। ਸ਼ਾਹੀ ਫ਼ੌਜ ਨੇ ਇਹੀ ਸਮਝਿਆ ਕਿ ਸਿੱਖਾਂ ਦੀ ਸਾਰੀ ਤਾਕਤ ਇਥੇ ਟੋਇਆਂ ਵਿਚ ਹੀ ਏ, ਇਸ ਲਈ ਦੂਜੇ

ਪਾਸੇ ਇਕ ਦਸਤੇ ਨੂੰ ਪਿੰਡ ਕਬਜ਼ਾ ਕਰਨ ਲਈ ਭੇਜ ਦਿੱਤਾ ਗਿਆ ਪਰ ਅੱਗੋਂ ਜਦੋਂ 'ਅੱਲਾ ਹੂ ਅਕਬਰ' ਦੇ ਨਾਹਰੇ ਮਾਰ ਕੇ ਪਿੰਡ ਦੇ ਜਵਾਨ ਟਕੂਏ ਤੇ ਬਰਛੇ ਲੈ ਕੇ ਨਿਕਲ ਆਏ ਤਾਂ ਸ਼ਾਹੀ ਫ਼ੌਜ ਹੈਰਾਨ ਰਹਿ ਗਈ। ਸਿੱਖਾਂ ਦੀ ਮਦਦ 'ਤੇ ਪਿੰਡ ਦੇ ਮੁਸਲਮਾਨ ਵੀ ਨਿਕਲ ਆਏ ਦੇਖ ਕੇ ਫ਼ੌਜੀ ਪ੍ਰੇਸ਼ਾਨ ਰਹਿ ਗਏ।

ਬੰਦੂਕਾਂ ਵਾਲਿਆਂ ਦਾ ਬਰਛੇ ਵਾਲੇ ਕੀ ਮੁਕਾਬਲਾ ਕਰ ਸਕਦੇ ਸਨ। ਦੋ ਚਾਰ ਆਦਮੀ ਮਾਰ ਕੇ ਫ਼ੌਜ ਪਿੰਡ ਵਿਚ ਦਾਖ਼ਲ ਹੋ ਗਈ। ਅਗੇ ਕੁਝ ਥਾਵਾਂ 'ਤੇ ਇੱਟਾਂ ਵੱਟੇ ਪਏ ਪਰ ਉਹ ਬਹੁਤ ਵੱਡੀ ਰੁਕਾਵਟ ਨਹੀਂ ਸਨ।

ਉਧਰ ਪਿੰਡ ਦੇ ਬੰਦੂਕਾਂ ਵਾਲੇ ਵੀ ਘੇਰੇ ਗਏ। ਦੋ ਘੰਟੇ ਦੀ ਲੜਾਈ ਵਿਚ ਸਾਰਾ ਅਸਲਾ ਮੁਕ ਗਿਆ। ਪਿੰਡ ਦੇ ਜਵਾਨਾਂ ਵਿਚ ਘਬਰਾਹਟ ਮਚ ਗਈ, ਪਰ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਤਲਵਾਰਾਂ ਸੂਤ ਲਈਆਂ ਤੇ ਬਿਜਲੀ ਦੀ ਤੇਜ਼ੀ ਨਾਲ ਦੁਸ਼ਮਣ 'ਤੇ ਟੁੱਟ ਪਏ। ਇਸ ਸਮੇਂ ਇੰਨਾ ਤੇਜ਼ ਹਮਲਾ ਹੋਇਆ ਕਿ ਸ਼ਾਹੀ ਫ਼ੌਜ ਵਿਚ ਵੀ ਘਬਰਾਹਟ ਮਚ ਗਈ। ਕੁਝ ਸਿੰਘ ਸ਼ਹੀਦ ਹੋ ਗਏ ਤੇ ਬਾਕੀ ਦੇ ਫੜ ਲਏ ਗਏ। ਮੱਖਣ ਤੇ ਗ਼ਫ਼ੂਰ ਸਖ਼ਤ ਜ਼ਖ਼ਮੀ ਹਾਲਤ ਵਿਚ ਗ੍ਰਿਫ਼ਤਾਰ ਕਰ ਲਏ ਗਏ।

ਚੌਧਰੀ ਨੇ ਰਹਿਮਤ ਉੱਲਾ ਨੂੰ ਕਿਹਾ, "ਇਨ੍ਹਾਂ ਦੇ ਸਾਰੇ ਸਾਥੀ ਫੜਨ ਦੇ ਨਾਲ ਨਾਲ ਹੀ ਇਨ੍ਹਾਂ ਦੇ ਟੱਬਰ ਵੀ ਫੜ ਲਓ ਨਹੀਂ ਤਾਂ ਉਹ ਫਿਰ ਵਖਤ ਪਾਉਣਗੇ।"

ਪਿੰਡ ਵਿਚ ਨਿਰਾਸਤਾ ਛਾ ਗਈ ਜਿਨ੍ਹਾਂ ਦੇ ਜਵਾਨ ਪੁਤਰ ਮਾਰੇ ਗਏ ਉਨ੍ਹਾਂ ਦੇ ਘਰ ਮਾਤਮ ਪੈ ਗਿਆ। ਬਾਕੀ ਪਿੰਡ ਵਿਚ ਵੀ ਮਾਯੂਸੀ ਛਾ ਗਈ। ਕੁਝ ਨੌਜਵਾਨ ਬਚ ਕੇ ਨੱਸ ਗਏ, ਕੁਝ ਮਾਰੇ ਗਏ ਤੇ ਬਾਕੀ ਫੜ ਲਏ ਗਏ।

ਮੌਲਵੀ ਭੱਜਾ ਆਇਆ ਤੇ ਆਉਂਦਿਆਂ ਝੁਕ ਕੇ ਸਲਾਮ ਕਰਕੇ ਕਿਹਾ, "ਛੇਤੀ ਕਰੋ ਨੂਰਾਂ ਹੋਰੀਂ ਤਾਂ ਭੱਜ ਗਏ ਜੇ।"

"ਕਿਥੇ ਭੱਜ ਗਏ ਨੇ ?" ਚੌਧਰੀ ਨੇ ਕਾਹਲੀ ਨਾਲ ਪੁੱਛਿਆ।

"ਮੈਂ ਆਪ ਦੇਖਿਆ ਏ, ਉਹ ਛੱਪੜ ਦੇ ਉਤੋਂ ਦੀ ਭੱਜੀਆਂ ਜਾਂਦੀਆਂ ਸਨ," ਮੌਲਵੀ ਨੇ ਕਿਹਾ।

"ਜਾਉ ਉਨ੍ਹਾਂ ਨੂੰ ਵੀ ਫੜ ਲਿਆਉ," ਚੌਧਰੀ ਨੇ ਕਿਹਾ। ਉਹਦੇ ਚਿਹਰੇ 'ਤੇ ਹੁਣ ਲਾਲੀ ਸੀ ਤੇ ਪਿੰਡ ਵਾਪਸ ਮਿਲਣ ਦੀ ਮਨ ਵਿਚ ਖ਼ੁਸ਼ੀ ਸੀ ਪਰ ਇਕ ਗੱਲੋਂ ਅਜੇ ਵੀ ਉਹਦੇ ਮਨ ਵਿਚ ਤੌਖਲਾ ਸੀ ਕਿ ਇਹ ਪਿੰਡ ਮੇਰੇ ਕੋਲ ਬਹੁਤੀ ਦੇਰ ਸਿੱਖਾਂ ਨੇ ਰਹਿਣ ਨਹੀਂ ਦੇਣਾ।

ਸਿਪਾਹੀ ਨੂਰਾਂ ਤੇ ਹਮੀਦਾਂ ਨੂੰ ਫੜ ਲਿਆਏ। ਸਾਰਿਆਂ ਕੈਦੀਆਂ ਦੀਆਂ ਮੁਸ਼ਕਾਂ ਬੰਨ੍ਹ ਕੇ ਚੌਧਰੀ ਦੀ ਪੁਰਾਣੀ ਹਵੇਲੀ ਦੇ ਨਾਲ ਦੇ ਵੱਡੇ ਕੋਠੇ ਵਿਚ ਡੱਕ ਦਿੱਤਾ। ਇਥੇ ਪਹਿਲਾਂ ਇਕ ਰਾਤ ਗ਼ਫ਼ੂਰ ਰਹਿ ਆਇਆ ਸੀ।

੧੭

ਕਰਤਾਰ ਸਿੰਘ ਨੂੰ ਛੇਤੀ ਹੀ ਆਰਾਮ ਆ ਗਿਆ। ਚੰਗੀ ਖ਼ੁਰਾਕ ਤੇ ਸਿਆਣਪ ਨਾਲ ਕੀਤੇ ਇਲਾਜ ਨਾਲ ਉਹ ਦਿਨਾਂ ਵਿਚ ਹੀ ਉਠ ਬੈਠਾ। ਇਕ ਦਿਨ ਸਵੇਰੇ ਹੀ ਉਹ ਡਿਉਢੀ ਵਿਚ ਬੈਠਾ ਸੀ ਕਿ ਉਹਦੇ ਕੁਝ ਮਿੱਤਰ ਆ ਗਏ ਤੇ ਗੱਲਾਂ ਸ਼ੁਰੂ ਹੋ ਗਈਆਂ। ਪਿੰਡ ਦੇ ਗਭਰੂ ਕਰਤਾਰ ਸਿੰਘ ਨੂੰ ਬੜਾ ਪਿਆਰ ਕਰਦੇ ਸਨ ਤੇ ਜਦੋਂ ਕਿਧਰੇ ਉਹ ਪਿੰਡ ਆਉਂਦਾ ਤਾਂ ਇਹ ਰਾਤ ਨੂੰ ਕਾਫ਼ੀ ਸਮਾਂ ਉਹਦੇ ਕੋਲ ਬੈਠ ਕੇ ਗੱਲਾਂ ਸੁਣਦੇ ਰਹਿੰਦੇ। ਕਰਤਾਰ ਸਿੰਘ ਵੀ ਇਹਨਾਂ ਨੂੰ ਆਪਣੇ ਨਾਲ ਬੀਤੀਆਂ ਸੁਣਾ ਕੇ ਖ਼ੁਸ਼ੀ ਮਹਿਸੂਸ ਕਰਦਾ। ਉਹ ਸਮਝਦਾ ਸੀ ਕਿ ਇਹਨਾਂ ਵਿਚੋਂ ਹੀ ਕਈ ਮੇਰੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਸਿਖ ਬਣ ਜਾਣਗੇ। ਉਹਦਾ ਤਜਰਬਾ ਦਸਦਾ ਸੀ ਕਿ ਹਰ ਫੇਰੇ ਉਹ ਪਿੰਡ ਦੇ ਇਕ ਅੱਧ ਜਵਾਨ ਨੂੰ ਜ਼ਰੂਰ ਆਪਣੇ ਨਾਲ ਮਿਲਾ ਲੈਂਦਾ।

ਜਦੋਂ ਵੀ ਕਰਤਾਰ ਸਿੰਘ ਦੇ ਹਾਣੀ ਗਭਰੂ ਇਕੱਠੇ ਹੁੰਦੇ ਤਾਂ ਪਹਿਲਾਂ ਉਹ ਕਰਤਾਰ ਸਿੰਘ ਨਾਲ ਵਾਪਰੀਆਂ ਘਟਨਾਵਾਂ ਸੁਣਦੇ ਤੇ ਫਿਰ ਝਟ ਹਾਸਾ ਮਖ਼ੌਲ ਹੁੰਦਾ ਰਹਿੰਦਾ। ਉਸ ਪਿਛੋਂ ਹੌਲੀ ਹੌਲੀ ਵਾਤਾਵਰਣ ਗੰਭੀਰ ਹੁੰਦਾ ਜਾਂਦਾ ਤੇ ਨੌਜਵਾਨ ਕਰਤਾਰ ਸਿੰਘ 'ਤੇ ਧਰਮ ਬਾਰੇ ਸਵਾਲ ਕਰਨ ਲਗ ਪੈਂਦੇ। ਨੌਜਵਾਨ ਇੱਕੋ ਜਿਹੇ ਤਾਂ ਹੋ ਨਹੀਂ ਸਕਦੇ। ਇਸ ਲਈ ਵਾਤਾਵਰਣ ਇੱਕੋ ਜਿਹਾ ਕਿਸ ਤਰ੍ਹਾਂ ਰਹਿ ਸਕਦਾ ਸੀ। ਸੋਹਣੇ ਤੇ ਚਰਨੀ ਦਾ ਕੰਮ ਹੀ ਇਹ ਸੀ ਕਿ ਉਹ ਗੱਲ ਨੂੰ ਮਖ਼ੌਲ ਵਿਚ ਲੈ ਜਾਣ। ਜਦ ਕਰਤਾਰ ਸਿੰਘ ਨੇ ਉਹਨਾਂ ਨੂੰ ਦੱਸਿਆ ਕਿ ਕਾਹਨੂੰਆਣੇ ਦੇ ਛੰਭ ਵਿਚ ਸਿੰਘ ਘੇਰੇ ਵਿਚ ਬੜੇ ਤੰਗ ਹੋਏ। ਫਿਰ ਲੜਾਈ ਵਿਚ ਉਹ ਜ਼ਖ਼ਮੀ ਹੋ ਗਿਆ ਤੇ ਗੁਰਚਰਨ ਕੌਰ ਨੇ ਉਹਨੂੰ ਘੋੜੇ 'ਤੇ ਆਪਣੇ ਅੱਗੇ ਬਿਠਾ ਕੇ ਲੈ ਆਂਦਾ। ਸੋਹਣ ਨੇ ਇਥੇ ਝਟ ਮਖ਼ੌਲ ਨਾਲ ਕਿਹਾ, "ਵਾਹ ਮੌਜ ਹੋ ਗਈ, ਜ਼ਖ਼ਮੀ ਹੋ ਕੇ ਭਰਜਾਈ ਦੀ ਝੋਲੀ ਵਿਚ ਬਹਿਣਾ ਤਾਂ ਮਿਲਿਆ।"

ਕਰਤਾਰ ਸਿੰਘ ਮੁਸਕਰਾ ਪਿਆ। ਚਰਨੀ ਨੇ ਹਾਸੇ ਨਾਲ ਕਿਹਾ, "ਕਰਤਾਰ

ਸਿੰਘ ਬਈ ਹੁਣ ਤਾਂ ਭਰਜਾਈ ਨਾਲ ਬੜਾ ਪਿਆਰ ਹੋ ਗਿਆ ਏ। ਉਹਨੂੰ ਜੰਗਲਾਂ ਵਿਚ ਵੀ ਨਾਲ ਹੀ ਲਈ ਫਿਰਦਾ ਏ।"

"ਜੰਗਲ ਵਿਚ ਕਿਥੇ ਲਈ ਫਿਰਦਾ ਹਾਂ," ਕਰਤਾਰ ਸਿੰਘ ਨੇ ਕਿਹਾ, "ਅੰਮ੍ਰਿਤਸਰ ਤੋਂ ਮੁੜਦਿਆਂ ਰਾਹ ਵਿਚ ਫਸ ਗਏ ਤੇ ਮਜਬੂਰੀ ਦੀ ਹਾਲਤ ਵਿਚ ਸਾਨੂੰ ਕਾਹਨੂੰਆਣੇ ਦੇ ਛੰਭ ਵਿਚ ਜਾਣਾ ਪਿਆ ਸੀ।"

ਦਰਸ਼ਨ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਵਿਚ ਬਹੁਤੀ ਦਿਲਚਸਪੀ ਨਹੀਂ ਸੀ। ਉਹ ਅਜਿਹੇ ਮੌਕੇ 'ਤੇ ਝਟ ਸਿੱਖੀ ਬਾਰੇ ਕੋਈ ਸਵਾਲ ਕਰ ਕੇ ਗੱਲਾਂ ਦਾ ਰੁਖ ਮੋੜ ਦੇਂਦਾ। ਅੱਜ ਵੀ ਉਸ ਨੇ ਸਵਾਲ ਕਰ ਦਿੱਤਾ, "ਕਰਤਾਰ ਸਿੰਘ ਬਈ ਇਹ ਦੱਸ ਕਿ ਤੁਹਾਡਾ ਰਾਜ ਕਿਵੇਂ ਆਏਗਾ ?" ਕਰਤਾਰ ਸਿੰਘ ਨੇ ਕਿਹਾ, "ਸਾਡਾ ਰਾਜ ਅਵੱਸ਼ ਆਏਗਾ। ਕਦੇ ਵੀ ਜ਼ੁਲਮੀ ਰਾਜ ਬਹੁਤੀ ਦੇਰ ਨਹੀਂ ਰਹਿ ਸਕਦਾ। ਇਸ ਰਾਜ ਵਿਚ ਜੋ ਕੁਝ ਹੋ ਰਿਹਾ ਹੈ ਉਹ ਹੀ ਇਸ ਗੱਲ ਦਾ ਸੂਚਕ ਹੈ ਕਿ ਇਹ ਰਾਜ ਨਹੀਂ ਰਹਿਣਾ। ਤੁਸੀਂ ਇਤਿਹਾਸ ਨਹੀਂ ਪੜ੍ਹਿਆ, ਨਹੀਂ ਤਾਂ ਤੁਹਾਨੂੰ ਨਿਸਚਾ ਹੋ ਜਾਏ ਕਿ ਜਦ ਜ਼ੁਲਮ ਸਿਖਰ 'ਤੇ ਪੁਜਦਾ ਏ ਤਾਂ ਨਾਲ ਹੀ ਕੁਰਬਾਨੀਆਂ ਵੀ ਸਿਖਰ 'ਤੇ ਪੁਜਦੀਆਂ ਹਨ। ਜਦ ਕੁਰਬਾਨੀਆਂ ਕਰਨ ਵਾਲੇ ਡਟੇ ਰਹਿਣ ਤਾਂ ਜ਼ੁਲਮ ਹਾਰ ਜਾਂਦਾ ਏ ਜਾਂ ਹਾਕਮ ਠੀਕ ਹੋ ਜਾਂਦੇ ਹਨ। ਸਾਡੀ ਸਰਕਾਰ ਦੇ ਮੁਖੀ ਇਸ ਹੱਦ ਤਕ ਡਿਗ ਚੁਕੇ ਹਨ ਕਿ ਇਹ ਬਦਲ ਨਹੀਂ ਸਕਦੇ। ਇਸ ਲਈ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਕਿ ਇਸ ਰਾਜ ਨੂੰ ਖ਼ਤਮ ਕਰ ਦਿੱਤਾ ਜਾਏ। ਜੇਕਰ ਸਾਨੂੰ ਇਹ ਵਿਸ਼ਵਾਸ ਨਾ ਹੋਵੇ ਤਾਂ ਅਸੀਂ ਇਤਨੀਆਂ ਕਠਨਾਈਆਂ ਨਾ ਸਹਿ ਸਕੀਏ। ਇਸ ਹੱਦ ਤਕ ਅਤਿਆਚਾਰ ਦੇ ਹੁੰਦਿਆਂ ਵੀ ਖਿੜੇ ਮੱਥੇ ਨਾ ਟੁਰੇ ਫਿਰੀਏ, ਅਸੀਂ ਵੇਖ ਰਹੇ ਹਾਂ ਕਿ ਧੜਾ ਧੜ ਪਿੰਡਾਂ ਦੇ ਲੋਕੀਂ ਇਹਨਾਂ ਤੋਂ ਛੁਟਕਾਰਾ ਪਾ ਕੇ ਆਜ਼ਾਦ ਹੋ ਰਹੇ ਹਨ। ਜਿਤਨੇ ਵੀ ਸਿੰਘਾਂ ਦੇ ਜਥੇ ਫਿਰ ਰਹੇ ਹਨ, ਉਹਨਾਂ ਪਾਸ ਪਿੰਡਾਂ ਤੋਂ ਬੇਨਤੀਆਂ ਆਉਣ ਲੱਗ ਪਈਆਂ ਹਨ ਕਿ ਸਾਨੂੰ ਆਪਣੀ ਰਾਖੀ ਵਿਚ ਲੈ ਲਵੋ। ਅਸੀਂ ਛੇਤੀ ਹੀ ਸਾਰੇ ਜਥਿਆਂ ਨੂੰ ਇਕੱਠਿਆਂ ਕਰ ਕੇ ਦਲ ਖ਼ਾਲਸਾ ਕਾਇਮ ਕਰ ਦਿਆਂਗੇ ਤੇ ਫਿਰ ਵੇਖਾਂਗੇ ਕਿਹੜੀ ਤਾਕਤ ਸਾਡੇ ਮੁਕਾਬਲੇ 'ਤੇ ਆਉਂਦੀ ਏ। ਅਕਾਲ ਪੁਰਖ ਦੀ ਕਿਰਪਾ ਦੁਆਰਾ ਆਉਂਦੇ ਕੁਝ ਸਾਲਾਂ ਵਿਚ ਹੀ ਅਸੀਂ ਦੇਸ਼ ਦਾ ਨਕਸ਼ਾ ਬਦਲ ਦਿਆਂਗੇ।"

ਕਰਤਾਰ ਸਿੰਘ ਇਤਨੇ ਜੋਸ਼ ਤੇ ਵਿਸ਼ਵਾਸ ਨਾਲ ਗੱਲਾਂ ਕਰਦਾ ਰਿਹਾ ਕਿ ਸਾਰੇ ਨੌਜਵਾਨਾਂ 'ਤੇ ਬੜਾ ਚੰਗਾ ਅਸਰ ਪਿਆ। ਝਟ ਪਿਛੋਂ ਸਾਰੇ ਆਪਣੇ ਆਪਣੇ ਕੰਮਾਂ 'ਤੇ ਚਲੇ ਗਏ।

ਕਰਤਾਰ ਸਿੰਘ ਵੇਹੜੇ ਵਿਚ ਚਲਾ ਗਿਆ। ਗੁਰਚਰਨ ਕੌਰ ਨੇ ਕਿਹਾ, "ਬੜੇ ਸ਼ਰਾਰਤੀ ਨੇ ਤੁਹਾਡੇ ਦੋਸਤ।"

"ਐਵੇਂ ਹਸਦੇ ਪਏ ਸਨ, ਇਹ ਉਮਰ ਹੀ ਅਜਿਹੀ ਹੁੰਦੀ ਏ," ਕਰਤਾਰ ਸਿੰਘ ਨੇ ਕਿਹਾ।

"ਤੁਸੀਂ ਤਾਂ ਇਸ ਤਰ੍ਹਾਂ ਦੇ ਨਹੀਂ," ਗੁਰਚਰਨ ਕੌਰ ਨੇ ਕਿਹਾ।

"ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਮੈਂ ਵੀ ਸ਼ਾਇਦ ਇਹਨਾਂ ਤੋਂ ਵਧ ਕੇ ਇਸ ਤਰ੍ਹਾਂ ਦਾ ਹੁੰਦਾ, ਪਰ ਹਾਲਾਤ ਨੇ ਮੈਨੂੰ ਹੋਰ ਹੀ ਪਾਸੇ ਪਾ ਦਿੱਤਾ ਤੇ ਮੈਨੂੰ ਸ਼ਰਾਰਤਾਂ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਇਹ ਸਾਰੇ ਵੀ ਇੱਕੋ ਜਿਹੇ ਨਹੀਂ। ਦਰਸ਼ਨ ਬੜਾ ਗੰਭੀਰ ਨੌਜਵਾਨ ਏ। ਉਹ ਸਦਾ ਸਿੱਖੀ ਅਸੂਲਾਂ ਤੇ ਸਾਡੀ ਜੱਦੋ ਜਹਿਦ ਬਾਰੇ ਸਵਾਲ ਪੁੱਛਦਾ ਏ।"

ਅਜੇ ਇਹ ਗੱਲਾਂ ਕਰ ਹੀ ਰਹੇ ਸਨ ਕਿ ਦਰਸ਼ਨ ਬੜਾ ਘਬਰਾਇਆ ਹੋਇਆ ਆ ਗਿਆ। ਕਰਤਾਰ ਸਿੰਘ ਨੇ ਉਹਨੂੰ ਦੇਖਦਿਆਂ ਹੀ ਪਹਿਲਾਂ ਕਿਹਾ, "ਤੇਰੀ ਬੜੀ ਵੱਡੀ ਉਮਰ ਏ ਹੁਣੇ ਤੇਰੀਆਂ ਹੀ ਗੱਲਾਂ ਕਰ ਰਹੇ ਸਾਂ।" ਜਦੋਂ ਕਰਤਾਰ ਸਿੰਘ ਨੇ ਉਹਦੇ ਚਿਹਰੇ ਵਲ ਵੇਖਿਆ ਤਾਂ ਤੌਖਲੇ ਨਾਲ ਪੁੱਛਿਆ, "ਕੀ ਗੱਲ ਏ, ਤੂੰ ਘਬਰਾਇਆ ਹੋਇਆ ਏਂ ?"

"ਮੈਂ ਤੇਰੇ ਪਾਸੋਂ ਜਾਂਦਿਆਂ ਹੀ ਖੂਹ 'ਤੇ ਚਲਿਆ ਸਾਂ ਪਰ ਰਾਹ ਵਿਚ ਹੀ ਸੂਹ ਲੱਗੀ ਏ ਕਿ ਅੱਜ ਸ਼ਾਮ ਨੂੰ ਫ਼ੌਜਦਾਰ ਆਪਣੇ ਪਿੰਡ ਆ ਰਿਹਾ ਏ। ਮੇਰਾ ਖ਼ਿਆਲ ਏ ਕਿ ਉਹ ਤੈਨੂੰ ਫੜਨ ਦਾ ਯਤਨ ਕਰੇਗਾ, ਇਸ ਪਿਛੇ ਕੋਈ ਵੱਡੀ ਸਾਜ਼ਸ਼ ਏ।" ਦਰਸ਼ਨ ਨੇ ਕਿਹਾ।

"ਪਿੰਡ ਵਿਚ ਹੁਣ ਕਿਹੜਾ ਬੰਦਾ ਅਜਿਹਾ ਏ ਜੋ ਸਾਡੀ ਚੁਗਲੀ ਲਾਏਗਾ?" ਕਰਤਾਰ ਸਿੰਘ ਨੇ ਕਿਹਾ।

"ਭੋਲਾ ਬਾਦਸ਼ਾਹ ਏਂ ਤੂੰ ਵੀ। ਕਈ ਝੋਲੀ ਚੁਕ ਅਜਿਹੇ ਨਿਕਲ ਪੈਂਦੇ ਨੇ ਵੇਲੇ ਸਿਰ ਜੋ ਹਾਕਮਾਂ ਦੀ ਖ਼ੁਸ਼ੀ ਲਈ ਭੇਦ ਦੱਸ ਦੇਂਦੇ ਨੇ।" ਦਰਸ਼ਨ ਨੇ ਕਿਹਾ।

"ਗੱਲ ਤਾਂ ਤੇਰੀ ਠੀਕ ਏ," ਕਰਤਾਰ ਸਿੰਘ ਨੇ ਕਿਹਾ, "ਫ਼ੌਜਦਾਰ ਦਾ ਦੌਰਾ ਐਵੇਂ ਨਹੀਂ ਹੋ ਸਕਦਾ। ਅੱਜ ਕਲ੍ਹ ਤਾਂ ਉਹ ਪਿੰਡਾਂ ਵਿਚ ਸਿਰਫ਼ ਸਿੰਘਾਂ ਨੂੰ ਲੱਭਦੇ ਫਿਰਦੇ ਨੇ।"

"ਮੈਨੂੰ ਵੀ ਇਹੀ ਸ਼ੱਕ ਏ।"

"ਫਿਰ ਕਰੀਏ ਕੀ ?" ਕਰਤਾਰ ਸਿੰਘ ਨੇ ਪੁੱਛਿਆ।

"ਤੂੰ ਪਿੰਡ ਨਾ ਰਹੁ, ਕਿਧਰੇ ਬਾਹਰ ਚਲਿਆ ਜਾ," ਦਰਸ਼ਨ ਨੇ ਸਲਾਹ ਦਿੱਤੀ।

"ਮੇਰਾ ਬਾਹਰ ਜਾਣਾ ਠੀਕ ਨਹੀਂ। ਪਤਾ ਨਹੀਂ ਕਿਸ ਵੇਲੇ ਮੇਰੀ ਲੋੜ ਪੈ ਜਾਏ। ਫਿਰ ਸਿੰਘ ਕਿਥੇ ਟੋਲਦੇ ਫਿਰਨਗੇ।" ਕਰਤਾਰ ਸਿੰਘ ਨੇ ਕਿਹਾ।

"ਮੈਨੂੰ ਸਿੰਘਾਂ ਦਾ ਪਤਾ ਟਿਕਾਣਾ ਦੱਸ ਦੇ, ਮੈਂ ਜਾ ਕੇ ਇਤਲਾਹ ਦੇ ਆਉਂਦਾ ਹਾਂ। ਤੂੰ ਜਾਏਂਗਾ ਕਿਥੇ?" ਦਰਸ਼ਨ ਨੇ ਕਿਹਾ।

"ਮੈਂ ਭੈਣ ਨੂੰ ਮਿਲ ਆਉਂਦਾ ਹਾਂ। ਕਈ ਦਿਨ ਹੋ ਗਏ ਹਨ ਸੰਤੀ ਨੂੰ ਸਹੁਰੇ ਗਿਆਂ। ਚਲੋ ਸਿੰਘਾਂ ਨੂੰ ਇਤਲਾਹ ਦੇਣ ਦੀ ਕੀ ਲੋੜ ਏ ਮੈਂ ਕਲ੍ਹ ਮੁੜ ਆਵਾਂਗਾ।" ਕਰਤਾਰ ਸਿੰਘ ਨੇ ਗੱਲ ਮੁਕਾਈ। ਦਰਸ਼ਨ ਦੀ ਤਸੱਲੀ ਹੋ ਗਈ ਤੇ ਉਹ ਚਲਾ ਗਿਆ।

ਗੁਰਚਰਨ ਕੌਰ ਨੇ ਸਾਰੀ ਗੱਲ ਸੁਣ ਲਈ ਸੀ। ਉਸ ਕਿਹਾ, "ਮੈਂ ਸਲਾਹ ਦਿਆਂ?"

"ਦੱਸ," ਕਰਤਾਰ ਸਿੰਘ ਨੇ ਕਿਹਾ।

"ਚਲੋ ਮੇਰੇ ਪੇਕੇ ਚਲੀਏ, ਤੁਹਾਨੂੰ ਸਹੁਰੇ ਘਰ ਵੀ ਜਾਣਾ ਚਾਹੀਦਾ ਏ। ਅਜੇ ਤਕ ਤੁਸੀਂ ਨਹੀਂ ਗਏ।"

"ਇਹ ਠੀਕ ਏ," ਕਰਤਾਰ ਸਿੰਘ ਨੇ ਕਿਹਾ, "ਮੈਂ ਅਜੇ ਤਕ ਸਹੁਰੇ ਨਹੀਂ ਗਿਆ। ਉਹ ਵਿਚਾਰੇ ਵੀ ਕਹਿੰਦੇ ਹੋਣਗੇ ਕਿਸ ਤਰ੍ਹਾਂ ਦੇ ਮਨੁੱਖ ਨਾਲ ਵਾਹ ਪੈ ਗਿਆ ਏ।"

"ਮੈਂ ਕਈ ਦਿਨਾਂ ਦੀ ਸੋਚਦੀ ਸਾਂ ਕਿ ਤੁਸੀਂ ਆਪ ਕਹੋਗੇ ਪਰ ਤੁਹਾਨੂੰ ਕੋਈ ਖ਼ਿਆਲ ਹੀ ਨਹੀਂ ਆਇਆ।" ਗੁਰਚਰਨ ਕੌਰ ਨੇ ਹੁਣ ਖ਼ਾਸ ਵਿਅੰਗ ਨਾਲ ਕਿਹਾ।

"ਤੈਨੂੰ ਪਤਾ ਹੀ ਏ ਕਿ ਵਿਹਲ ਕਦੋਂ ਮਿਲਿਆ ਏ," ਕਰਤਾਰ ਸਿੰਘ ਨੇ ਕਿਹਾ।

ਕੇਸਰੋ ਵੀ ਆ ਗਈ ਜੋ ਹੁਣ ਤਕ ਰਸੋਈ ਵਿਚ ਰੁੱਝੀ ਹੋਈ ਸੀ। ਕਰਤਾਰ ਸਿੰਘ ਨੇ ਉਹਨੂੰ ਦੱਸਿਆ ਕਿ ਉਸ ਸਹੁਰੇ ਜਾਣ ਦਾ ਪ੍ਰੋਗਰਾਮ ਬਣਾ ਲਿਆ ਏ।

"ਇਸ ਤਰ੍ਹਾਂ ਥੋੜ੍ਹਾ ਜਾਈਦਾ ਏ। ਆਪ ਉਹ ਲੈਣ ਆਉਣਗੇ," ਕੇਸਰੋ ਨੇ ਕਿਹਾ।

"ਉਹਨਾਂ ਨੂੰ ਪਹਿਲਾਂ ਪਤਾ ਦੇਈਏ ਤਾਂ ਹੀ ਉਹ ਆਉਣ, ਅਗੇ ਉਹ ਦੋ ਵਾਰੀ ਆਏ ਨੇ ਪਰ ਅਸੀਂ ਘਰ ਹੀ ਨਹੀਂ ਮਿਲੇ। ਹੁਣ ਆਪ ਚਲੇ ਚਲੀਏ ਤਾਂ ਕੀ ਹਰਜ ਏ। ਐਵੇਂ ਇਹਨਾਂ ਵਹਿਮਾਂ ਵਿਚ ਨਹੀਂ ਪੈਣਾ ਚਾਹੀਦਾ।" ਕਰਤਾਰ ਸਿੰਘ ਨੇ ਮਾਂ ਨੂੰ ਕਿਹਾ ਤੇ ਕੇਸਰੋ ਝਟ-ਪਟ ਮੰਨ ਗਈ। ਕੇਸਰੋ ਨੇ ਕਰਤਾਰ ਸਿੰਘ ਦੀ ਮਰਜ਼ੀ ਵਿਚ ਕਦੇ ਵੀ ਰੁਕਾਵਟ ਪਾਣ ਦਾ ਯਤਨ ਨਹੀਂ ਸੀ ਕੀਤਾ। ਉਹ ਆਪਣੀ ਰਾਏ ਤਾਂ ਭਾਵੇਂ ਦੇ ਦੇਵੇ ਪਰ ਜਦ ਕਰਤਾਰ ਸਿੰਘ ਆਪਣੀ ਗੱਲ 'ਤੇ ਅੜ ਜਾਏ ਤਾਂ ਉਹ ਝਟ ਮੰਨ ਜਾਂਦੀ ਸੀ। ਅੱਜ ਵੀ ਉਹ ਨਹੀਂ ਸੀ ਚਾਹੁੰਦੀ ਕਿ ਇਸ ਤਰ੍ਹਾਂ ਕਰਤਾਰ ਸਿੰਘ ਸਹੁਰੇ ਚਲਾ ਜਾਏ ਜਦ ਕਿ ਉਹ ਪਹਿਲੀ ਵਾਰ ਜਾ ਰਿਹਾ ਹੈ। ਪਰ ਕਰਤਾਰ ਸਿੰਘ ਦਾ ਜਾਣ ਦਾ ਵਿਚਾਰ ਪੱਕਾ ਹੋ ਗਿਆ ਤਾਂ ਕੇਸਰੋ ਵੀ ਮੰਨ ਗਈ। ਕਰਤਾਰ ਸਿੰਘ ਨੇ ਉਹਨੂੰ ਦੱਸ ਦਿਤਾ ਕਿ ਅੱਜ ਫ਼ੌਜਦਾਰ ਆ ਰਿਹਾ ਏ। ਜੇ ਉਹ ਇਥੇ ਰਹੇ ਤਾਂ ਐਵੇਂ ਪੁਆੜਾ

ਪੈਣ ਦਾ ਡਰ ਏ। ਇਸ ਲਈ ਖੇਤਾਂ ਵਿਚ ਰਹਿਣ ਜਾਂ ਹੋਰ ਇਧਰ ਉਧਰ ਹੋਣ ਨਾਲੋਂ ਚੰਗਾ ਏ ਕਿ ਉਹ ਸਹੁਰੇ ਹੋ ਆਏ। ਨਾਲੇ ਉਂਝ ਵੀ ਉਹਨੂੰ ਜਾਣਾ ਚਾਹੀਦਾ ਹੈ। ਜਦ ਦਾ ਵਿਆਹ ਹੋਇਆ ਏ ਇਕ ਵਾਰ ਵੀ ਸਹੁਰੇ ਨਹੀਂ ਗਿਆ। ਗੁਰਚਰਨ ਕੌਰ ਬੜੀ ਖ਼ੁਸ਼ ਸੀ ਕਿ ਕਰਤਾਰ ਸਿੰਘ ਤਿਆਰ ਹੋ ਗਿਆ ਏ।

ਦੁਪਹਿਰ ਤਕ ਹੀ ਤਿਆਰੀ ਕਰ ਲਈ ਗਈ। ਕੇਸਰੋ ਨੇ ਕਈ ਚੀਜ਼ਾਂ ਤਿਆਰ ਕਰ ਲਈਆਂ। ਇਕ ਦੋ ਸਿਆਣੀਆਂ ਗੁਆਂਢਣਾਂ ਨੂੰ ਸੱਦ ਕੇ ਕੇਸਰੋ ਨੇ ਇਸ ਗੱਲ ਬਾਰੇ ਸਲਾਹ ਕੀਤੀ ਕਿ ਨੂੰਹ ਨੂੰ ਪਹਿਲੀ ਵਾਰ ਪੇਕੇ ਤੋਰਨ ਲਈ ਕੀ ਕੁਝ ਕਰਨਾ ਚਾਹੀਦਾ ਹੈ। ਕੇਸਰੋ ਨੇ ਅਗੇ ਇਸ ਤਰ੍ਹਾਂ ਕਦੇ ਕੀਤਾ ਨਹੀਂ ਸੀ, ਇਸ ਲਈ ਉਹਨੂੰ ਇਹ ਮਹਿਸੂਸ ਹੁੰਦਾ ਸੀ ਕਿ ਕਿਧਰੇ ਕੋਈ ਕਸਰ ਨਾ ਰਹਿ ਜਾਏ ਤੇ ਕਰਤਾਰ ਸਿੰਘ ਦੇ ਸਹੁਰੇ ਇਹ ਨਾ ਖ਼ਿਆਲ ਕਰਨ ਕਿ ਕੁੜੀ ਨੂੰ ਠੀਕ ਤਰ੍ਹਾਂ ਵਾਪਸ ਨਹੀਂ ਤੋਰਿਆ।

ਗੁਰਚਰਨ ਕੌਰ ਤਿਆਰ ਹੋ ਗਈ। ਉਸ ਸ਼ੀਸ਼ੇ ਵਿਚ ਦੇਖਿਆ ਤਾਂ ਹੈਰਾਨ ਰਹਿ ਗਈ। ਉਹਦਾ ਚਿਹਰਾ, ਪ੍ਰਭਾਵ ਤੇ ਰੰਗ ਢੰਗ ਹੀ ਬਦਲਿਆ ਪਿਆ ਸੀ। ਅੰਮ੍ਰਿਤ ਛਕਣ ਤੇ ਸਿੰਘਣੀ ਸਜਣ ਨਾਲ ਉਹਦੇ ਜੀਵਨ ਵਿਚ ਬੜੀ ਵੱਡੀ ਤਬਦੀਲੀ ਆ ਗਈ ਸੀ। ਸਰੀਰਕ ਸ਼ਕਤੀ, ਮਾਨਸਕ ਤੇ ਵਿਚਾਰਕ ਤੌਰ 'ਤੇ ਵੀ ਉਹ ਪਹਿਲਾਂ ਵਾਂਗ ਨਹੀਂ ਸੀ। ਇਕ ਲੜਾਈ ਵਿਚ ਵੀ ਉਹ ਰੰਗ ਢੰਗ ਦੇਖ ਚੁਕੀ ਸੀ। ਉਹੀ ਚੰਨੋ ਜਿਹੜੀ ਹਨੇਰੇ ਵਿਚ ਬਾਹਰਲਾ ਦਰਵਾਜ਼ਾ ਵੀ ਖੋਲ੍ਹਣ ਦੀ ਸ਼ਕਤੀ ਨਹੀਂ ਸੀ ਰਖਦੀ, ਹੁਣ ਉਹ ਬਹਾਦਰਾਂ ਦੀ ਤਰ੍ਹਾਂ ਲੜਾਈ ਲੜ ਸਕਦੀ ਸੀ।

ਕਰਤਾਰ ਸਿੰਘ ਨੇ ਘੋੜਾ ਤਿਆਰ ਕੀਤਾ। ਉਸ 'ਤੇ ਇਕ ਛਟ ਲੱਦ ਲਈ ਜਿਸ ਵਿਚ ਗੁਰਚਰਨ ਕੌਰ ਦੇ ਕਪੜੇ ਤੇ ਹੋਰ ਨਿਕ-ਸੁਕ ਪਾ ਲਿਆ। ਗੁਰਚਰਨ ਕੌਰ ਨੇ ਸੱਸ ਸਹੁਰੇ ਨੂੰ ਮੱਥਾ ਟੇਕਿਆ ਤੇ ਫਿਰ ਗਲੀ ਗੁਆਂਢ ਦੀਆਂ ਜ਼ਨਾਨੀਆਂ ਨੂੰ ਮਿਲ ਕੇ ਦੋਵੇਂ ਜੀਅ ਚਲੇ ਗਏ।

ਸ਼ਾਮ ਨੂੰ ਫ਼ੌਜਦਾਰ ਆ ਗਿਆ। ਉਹਦਾ ਪ੍ਰੋਗਰਾਮ ਸਿੱਧਾ ਕਰਤਾਰ ਸਿੰਘ ਦੇ ਘਰ ਛਾਪਾ ਮਾਰਨ ਦਾ ਸੀ ਕਿਉਂਕਿ ਉਹਨੂੰ ਇਤਲਾਹ ਮਿਲ ਗਈ ਸੀ ਕਿ ਖ਼ੈਰਾਬਾਦ ਵਿਚ ਧੱਪ ਪੁਆਣ ਤੇ ਚੌਧਰੀ ਨੂੰ ਫੜ ਕੇ ਲੈ ਜਾਣ ਵਾਲੇ ਸਿੱਖਾਂ ਦਾ ਆਗੂ ਕਰਤਾਰ ਸਿੰਘ ਹੈ ਜੋ ਉਹਦੇ ਇਲਾਕੇ ਵਿਚ ਰਹਿੰਦਾ ਹੈ। ਕਰਤਾਰ ਸਿੰਘ ਦੇ ਪਿੰਡ ਵਿਚ ਉਹਦਾ ਹੁਣ ਕੋਈ ਵਿਰੋਧੀ ਨਹੀਂ ਸੀ ਜੋ ਉਹਦੀ ਸ਼ਿਕਾਇਤ ਕਰਦਾ। ਫ਼ੌਜਦਾਰ ਨੇ ਪਿੰਡ ਦੇ ਚੌਧਰੀਆਂ ਨੂੰ ਸੁਨੇਹੇ ਭੇਜੇ ਕਿ ਕਰਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਪੇਸ਼ ਕਰੋ ਪਰ ਉਹ ਹਰ ਵਾਰ ਇਹੀ ਉੱਤਰ ਭੇਜ ਦੇਂਦੇ ਕਿ ਕਰਤਾਰ ਸਿੰਘ ਇਥੇ ਨਹੀਂ ਰਹਿੰਦਾ। ਉਹ ਜਿਸ ਦਿਨ ਦਾ ਸਿਖ ਬਣਿਆ ਏ, ਇਥੋਂ ਚਲਾ ਗਿਆ ਏ। ਹੁਣ ਉਹ ਜੇ ਕਦੇ ਕਿਧਰੇ ਮਿਲਣ

ਆਉਂਦਾ ਏ ਤਾਂ ਝਟ ਹੀ ਵਾਪਸ ਚਲਾ ਜਾਂਦਾ ਹੈ। ਚੌਧਰੀ ਨਾਲ ਹੀ ਲਿਖ ਭੇਜਦੇ ਕਿ ਜਦੋਂ ਉਹ ਸਾਡੇ ਕਾਬੂ ਆਇਆ ਗ੍ਰਿਫ਼ਤਾਰ ਕਰ ਕੇ ਭੇਜ ਦਿਆਂਗੇ। ਪਰ ਚੌਧਰੀਆਂ ਨੇ ਕਦੇ ਕਰਤਾਰ ਸਿੰਘ ਨੂੰ ਕੁਝ ਨਹੀਂ ਸੀ ਕਿਹਾ। ਕਹਿੰਦੇ ਵੀ ਕਿਸ ਤਰ੍ਹਾਂ ਜਦ ਕਿ ਸਾਰਾ ਪਿੰਡ ਉਹਨੂੰ ਪਿਆਰ ਕਰਦਾ ਸੀ।

ਅੱਜ ਫ਼ੌਜਦਾਰ ਨੂੰ ਇਤਲਾਹ ਮਿਲੀ ਕਿ ਕਰਤਾਰ ਸਿੰਘ ਕਈ ਦਿਨਾਂ ਦਾ ਘਰ ਹੈ। ਇਸ ਲਈ ਉਸ ਆਪ ਆਉਣ ਦਾ ਪ੍ਰੋਗਰਾਮ ਬਣਾ ਲਿਆ। ਪਿੰਡ ਆਉਂਦਿਆਂ ਉਸ ਇਕ ਚੌਧਰੀ ਤੋਂ ਪੁੱਛਿਆ, "ਕਰਤਾਰ ਸਿੰਘ ਦਾ ਕਿਹੜਾ ਘਰ ਏ ?"

ਚੌਧਰੀ ਨੂੰ ਪਤਾ ਸੀ ਕਿ ਕਰਤਾਰ ਸਿੰਘ ਘਰ ਨਹੀਂ ਇਸ ਲਈ ਉਹ ਨਿਧੜਕ ਹੋ ਕੇ ਫ਼ੌਜਦਾਰ ਨੂੰ ਕਰਤਾਰ ਸਿੰਘ ਦੇ ਘਰ ਲੈ ਗਿਆ। ਕੁੰਡਾ ਖੜਕਾਇਆ ਗਿਆ ਤੇ ਕੇਸਰੋ ਨੇ ਦਰਵਾਜ਼ੇ ਪਿਛੇ ਹੋ ਕੇ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਪੁੱਛਿਆ, "ਕੀ ਗੱਲ ਏ ?"

"ਕਰਤਾਰ ਸਿੰਘ ਨੂੰ ਅੰਦਰੋਂ ਕੱਢੋ," ਪਿੰਡ ਦੇ ਚੌਧਰੀ ਨੇ ਜ਼ਰਾ ਉੱਚੀ ਸਾਰੀ ਫ਼ੌਜਦਾਰ ਨੂੰ ਦੱਸਣ ਦੀ ਖ਼ਾਤਰ ਕਿਹਾ।

"ਉਹ ਘਰ ਨਹੀਂ," ਕੇਸਰੋ ਨੇ ਹੌਲੀ ਜਿਹੀ ਕਿਹਾ। ਦਰਵਾਜ਼ੇ ਅੱਗੇ ਬੰਦੂਕਾਂ ਵਾਲੇ ਬਹੁਤ ਸਾਰੇ ਬੰਦੇ ਦੇਖ ਕੇ ਉਹਦਾ ਕਲੇਜਾ ਜ਼ੋਰ ਜ਼ੋਰ ਨਾਲ ਧੜਕਣ ਲਗ ਗਿਆ।

"ਕਿਥੇ ਵੇ ?" ਚੌਧਰੀ ਨੇ ਫਿਰ ਸਵਾਲ ਕੀਤਾ।

"ਸਾਨੂੰ ਕੀ ਪਤਾ," ਕੇਸਰੋ ਨੇ ਆਪਣੇ ਆਪ ਨੂੰ ਸੰਭਾਲਦਿਆਂ ਹੁਸ਼ਿਆਰੀ ਨਾਲ ਕਿਹਾ, "ਸਾਨੂੰ ਕਿਹੜਾ ਦੱਸ ਕੇ ਜਾਂਦਾ ਏ। ਅਸੀਂ ਤਾਂ ਆਪ ਉਸ ਤੋਂ ਤੰਗ ਆਏ ਪਏ ਹਾਂ। ਜਿਸ ਦਿਨ ਦਾ ਸਿਖ ਬਣਿਆ ਏ ਸਾਨੂੰ ਕਲੇਸ਼ ਵਿਚ ਪਾਇਆ ਹੋਇਆ ਸੂ।"

ਫ਼ੌਜਦਾਰ ਇਹ ਸੋਚ ਕੇ ਆਇਆ ਸੀ ਕਿ ਜੇ ਕਰਤਾਰ ਸਿੰਘ ਨਾ ਮਿਲਿਆ ਤਾਂ ਉਹਦੇ ਘਰਦਿਆਂ ਨੂੰ ਫੜ ਲਿਆਵਾਂਗਾ ਤੇ ਤੰਗ ਕਰਾਂਗਾ। ਫਿਰ ਉਹ ਆਪੇ ਹੀ ਕਰਤਾਰ ਸਿੰਘ ਨੂੰ ਮੇਰੇ ਹਵਾਲੇ ਕਰ ਦੇਣਗੇ। ਜਦ ਕੇਸਰੋ ਦੀਆਂ ਗੱਲਾਂ ਸੁਣੀਆਂ ਤਾਂ ਉਹਦਾ ਮਨ ਬਦਲ ਗਿਆ। ਉਸ ਸੋਚਿਆ ਕਿ ਘਰ ਦੇ ਉਸ ਤੋਂ ਪਹਿਲਾਂ ਹੀ ਦੁਖੀ ਹਨ। ਜੇ ਉਹ ਇਹਨਾਂ ਦੀ ਹੁਣ ਪਰਵਾਹ ਨਹੀਂ ਕਰਦਾ ਤਾਂ ਫਿਰ ਉਸ ਕਦੋਂ ਆਉਣਾ ਏ। ਫ਼ੌਜਦਾਰ ਨੇ ਚੌਧਰੀ ਤੋਂ ਪੁੱਛਿਆ, "ਇਹ ਕੌਣ ਏ ?"

"ਇਹ ਕਰਤਾਰ ਸਿੰਘ ਦੀ ਮਾਂ ਏ," ਚੌਧਰੀ ਨੇ ਦੱਸਿਆ।

"ਤੂੰ ਮਾਈ ਪੁੱਤਰ ਨੂੰ ਸਮਝਾਂਦੀ ਕਿਉਂ ਨਹੀਂ ?" ਫ਼ੌਜਦਾਰ ਨੇ ਕਿਹਾ।

"ਕੀ ਸਮਝਾਈਏ, ਜੇ ਉਹ ਸਾਡੇ ਆਖੇ ਲੱਗਣ ਵਾਲਾ ਹੁੰਦਾ ਤਾਂ ਇਹਨਾਂ ਪੁਆੜਿਆਂ ਵਿਚ ਹੀ ਕਿਉਂ ਪੈਂਦਾ। ਉਹ ਤਾਂ ਕਿਸੇ ਦੀ ਨਹੀਂ ਮੰਨਦਾ। ਅਸੀਂ ਉਸ

ਤੋਂ ਆਪ ਬੜੇ ਦੁਖੀ ਹਾਂ। ਜਵਾਨ ਪੁੱਤਰ ਏ, ਉਹਨੂੰ ਕੀ ਕਹੀਏ ?" ਕੇਸਰੋ ਨੇ ਫ਼ੌਜਦਾਰ ਨੂੰ ਕਿਹਾ।

ਫ਼ੌਜਦਾਰ ਦਾ ਇਥੇ ਹੋਰ ਤਾਂ ਕੋਈ ਕੰਮ ਨਹੀਂ ਸੀ, ਇਸ ਲਈ ਉਹ ਵਾਪਸ ਮੁੜ ਪਿਆ। ਚੌਧਰੀ ਨੇ ਉਹਨੂੰ ਝਟ ਕੁ ਠਹਿਰਨ ਦੀ ਬੇਨਤੀ ਕੀਤੀ। ਉਚੇਚੇ ਤੌਰ 'ਤੇ ਕੁੱਕੜ ਤਿਆਰ ਕਰਵਾਏ ਗਏ ਤੇ ਉਹਦੇ ਛਕਾਣ ਦਾ ਚੰਗਾ ਪਰਬੰਧ ਕੀਤਾ ਗਿਆ। ਫ਼ੌਜਦਾਰ ਸ਼ਾਮ ਦੀ ਰੋਟੀ ਖਾ ਕੇ ਚਲਾ ਗਿਆ। ਉਸ ਨਾਲ ਜਿਹੜਾ ਫ਼ੌਜੀ ਦਸਤਾ ਸੀ, ਉਸ ਨੇ ਵੀ ਕਈ ਪ੍ਰਕਾਰ ਦੀਆਂ ਚੀਜ਼ਾਂ ਖਾਧੀਆਂ ਤੇ ਚਲੇ ਗਏ।

ਰਾਤ ਨੂੰ ਹੀ ਦੋ ਘੋੜ-ਸਵਾਰ ਆ ਗਏ ਤੇ ਉਹਨਾਂ ਕਰਤਾਰ ਸਿੰਘ ਦਾ ਕੁੰਡਾ ਆ ਖੜਕਾਇਆ। ਤਾਰਾ ਚੰਦ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ।

"ਕਰਤਾਰ ਸਿੰਘ ਹੋਰੀਂ ਕਿਥੇ ਨੇ ?" ਇਕ ਆਦਮੀ ਨੇ ਪੁੱਛਿਆ। ਤਾਰਾ ਚੰਦ ਨੇ ਗਹੁ ਨਾਲ ਦੇਖਿਆ ਤਾਂ ਉਹਨੂੰ ਦੋਵੇਂ ਮੁਸਲਮਾਨ ਜਾਪੇ। ਇਸ ਲਈ ਉਸ ਕਿਹਾ, "ਮੈਨੂੰ ਕੀ ਪਤਾ ਕਿਥੇ ਏ, ਕਰਤਾਰ ?"

"ਅਸੀਂ ਉਹਨਾਂ ਨੂੰ ਮਿਲਣਾ ਏ," ਇਕ ਨੌਜਵਾਨ ਨੇ ਕਿਹਾ।

"ਮੈ ਕੀ ਕਰਾਂ ਫਿਰ, ਲੱਭ ਲਿਆਓ ਤੇ ਦੱਸ ਦਿਆਂਗਾ," ਤਾਰਾ ਚੰਦ ਨੇ ਜ਼ਰਾ ਖਿਝ ਕੇ ਕਿਹਾ।

"ਅਸੀਂ ਕਿਥੋਂ ਲੱਭ ਲਿਆਈਏ ?" ਉਹਨਾਂ ਕਿਹਾ।

"ਫਿਰ ਮੈਨੂੰ ਕੀ ਪਤਾ ?" ਤਾਰਾ ਚੰਦ ਨੇ ਬੜਾ ਕੋਰਾ ਉੱਤਰ ਦਿੱਤਾ।

ਉਹ ਸਮਝ ਗਏ ਕਿ ਸਾਨੂੰ ਮੁਸਲਮਾਨ ਵੇਖ ਕੇ ਇਹ ਕਰਤਾਰ ਸਿੰਘ ਦਾ ਪਤਾ ਨਹੀਂ ਦੱਸ ਰਹੇ, ਉਹਨਾਂ ਫਿਰ ਸਪੱਸ਼ਟ ਤੌਰ 'ਤੇ ਕਿਹਾ, "ਅਸੀਂ ਖ਼ੈਰਾਬਾਦ ਤੋਂ ਆਏ ਹਾਂ, ਸਾਨੂੰ ਗ਼ਫ਼ੂਰ ਤੇ ਮੱਖਣ ਨੇ ਭੇਜਿਆ ਏ।"

ਤਾਰਾ ਚੰਦ ਨੂੰ ਫਿਰ ਵੀ ਇਤਬਾਰ ਨਾ ਆਇਆ। ਉਸ ਸਪੱਸ਼ਟ ਕਰਨ ਲਈ ਪੁਛਿਆ, "ਕੀ ਨਾਂ ਏ ਗ਼ਫ਼ੂਰ ਦੀ ਵਹੁਟੀ ਤੇ ਧੀ ਦਾ ?"

"ਹਮੀਦਾਂ ਤੇ ਨੂਰਾਂ," ਇਕ ਨੌਜਵਾਨ ਨੇ ਕਿਹਾ।

ਹੁਣ ਤਾਰਾ ਚੰਦ ਨੂੰ ਵਿਸ਼ਵਾਸ ਆ ਗਿਆ। ਉਸ ਪੁਛਿਆ, "ਦੱਸੋ ਕਿਸ ਕੰਮ ਆਏ ਹੋ ?"

"ਪਿੰਡ 'ਤੇ ਸ਼ਾਹੀ ਫ਼ੌਜ ਨੇ ਹਮਲਾ ਕਰ ਕੇ ਕਬਜ਼ਾ ਕਰ ਲਿਆ ਏ, ਮੱਖਣ ਤੇ ਗ਼ਫ਼ੂਰ, ਨੂਰਾਂ ਤੇ ਹਮੀਦਾਂ ਸਮੇਤ ਫੜ ਲਏ ਹਨ। ਉਹਨਾਂ ਸਾਨੂੰ ਚੋਰੀ ਭੇਜਿਆ ਏ ਕਿ ਕਰਤਾਰ ਸਿੰਘ ਨੂੰ ਪਤਾ ਦੇਈਏ ਤਾਕਿ ਉਹ ਕੋਈ ਚਾਰਾ ਕਰਨ।" ਇਕ ਆਦਮੀ ਨੇ ਇਸ ਤਰ੍ਹਾਂ ਸਾਰੀ ਗੱਲ ਤਾਰਾ ਚੰਦ ਨੂੰ ਦੱਸ ਦਿੱਤੀ।

"ਉਹ ਤਾਂ ਇਥੇ ਨਹੀਂ!" ਤਾਰਾ ਚੰਦ ਨੇ ਹੁਣ ਬਿਲਕੁਲ ਤਰੀਕਾ ਬਦਲ ਲਿਆ।

"ਕਿਥੇ ਨੇ?"

"ਉਹ ਤਾਂ ਸਹੁਰੇ ਗਿਆ ਏ," ਤਾਰਾ ਚੰਦ ਨੇ ਦੱਸਿਆ।

"ਸਾਨੂੰ ਪਤਾ ਦੱਸੋ ਅਸੀਂ ਉਥੇ ਹੀ ਜਾ ਮਿਲਦੇ ਹਾਂ," ਘੋੜ-ਸਵਾਰਾਂ ਨੇ ਕਿਹਾ।

"ਨਹੀਂ ਮੈਂ ਉਹਦਾ ਪਤਾ ਨਹੀਂ ਦੱਸਣਾ। ਪਹਿਲੀ ਵਾਰ ਸਹੁਰੇ ਗਿਆ ਏ ਤੇ ਹੁਣੇ ਵਖਤ ਪਾ ਦੇਈਏ।" ਤਾਰਾ ਚੰਦ ਨੇ ਕਿਹਾ।

"ਨਹੀਂ, ਇਹ ਪਿੰਡ ਦੀ ਜ਼ਿੰਦਗੀ ਦਾ ਮਾਮਲਾ ਏ। ਕਰਤਾਰ ਸਿੰਘ ਹੋਰੀਂ ਨਾ ਪੁਜੇ ਤਾਂ ਮੱਖਣ ਤੇ ਗ਼ਫ਼ੂਰ ਮਾਰੇ ਜਾਣਗੇ। ਨੂਰਾਂ ਤੇ ਹਮੀਦਾਂ ਦੀ ਇੱਜ਼ਤ ਲੁਟੀ ਜਾਏਗੀ।" ਇਕ ਆਦਮੀ ਨੇ ਕਿਹਾ।

ਹੁਣ ਤਾਰਾ ਚੰਦ ਤੋਂ ਰਿਹਾ ਨਾ ਗਿਆ। ਨੂਰਾਂ ਤੇ ਹਮੀਦਾਂ ਦੀ ਇੱਜ਼ਤ ਇਹਨੂੰ ਪਿਆਰੀ ਸੀ। ਉਹਨਾਂ ਨੂੰ ਭਾਵੇਂ ਦੇਖਿਆ ਨਹੀਂ ਸੀ ਪਰ ਗੱਲਾਂ ਸੁਣ ਸੁਣ ਕੇ ਉਹਨਾਂ ਲਈ ਸਤਿਕਾਰ ਬਹੁਤ ਸੀ।

ਤਾਰਾ ਚੰਦ ਨੇ ਉਹਨਾਂ ਨੂੰ ਕਰਤਾਰ ਸਿੰਘ ਦੇ ਸਹੁਰੇ ਪਿੰਡ ਦਾ ਪਤਾ ਤੇ ਹੋਰ ਸਾਰੀਆਂ ਨਿਸ਼ਾਨੀਆਂ ਦੱਸ ਦਿੱਤੀਆਂ ਤੇ ਉਹਨਾਂ ਨੂੰ ਕਿਹਾ, "ਕੁਝ ਖਾ ਪੀ ਲਓ।"

"ਨਹੀਂ ਜੀ, ਅਸੀਂ ਛੇਤੀ ਪਹੁੰਚਣਾ ਚਾਹੁੰਦੇ ਹਾਂ।" ਇਹ ਕਹਿ ਕੇ ਦੋਵੇਂ ਘੋੜਿਆਂ 'ਤੇ ਚੜ੍ਹ ਕੇ ਟੁਰ ਗਏ।

੧੯

ਕਰਤਾਰ ਸਿੰਘ ਪਹਿਲੀ ਵਾਰ ਸਹੁਰੇ ਪਹੁੰਚਿਆ ਤਾਂ ਸਾਰੇ ਪ੍ਰਵਾਰ ਨੂੰ ਬੜੀ ਖ਼ੁਸ਼ੀ ਹੋਈ। ਉਸਦਾ ਸਹੁਰਾ ਟੱਬਰ ਇਸ ਗੱਲ ਨੂੰ ਬੜੀ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਕਿ ਉਹਨਾਂ ਧੀ ਕਿਸ ਥਾਂ ਵਿਆਹ ਦਿੱਤੀ, ਜਿਥੇ ਮੁੰਡਾ ਘਰ ਹੀ ਨਹੀਂ ਰਹਿੰਦਾ। ਉਹਨਾਂ ਨੂੰ ਹੁਣ ਕੋਈ ਆਸ ਨਹੀਂ ਸੀ ਕਿ ਕਰਤਾਰ ਸਿੰਘ ਅੱਜ ਭਲਕ ਹੀ ਆ ਜਾਇਗਾ। ਇਹਦੇ ਅਚਨਚੇਤ ਪਹੁੰਚ ਜਾਣ 'ਤੇ ਸਭ ਹੈਰਾਨ ਹੋ ਗਏ। ਕਰਤਾਰ ਸਿੰਘ ਦੇ ਸਾਲੇ ਸਾਲੀਆਂ ਇਹਦੇ ਆਣ ਦੁਆਲੇ ਹੋਏ। ਕਰਤਾਰ ਸਿੰਘ ਬੜਾ ਹੱਸਮੁੱਖ ਸੀ। ਇਹ ਸਭ ਨੂੰ ਬੜੇ ਪਿਆਰ ਨਾਲ ਮਿਲਿਆ ਤੇ ਸਭ ਬੱਚਿਆਂ ਨੂੰ ਗਲਵੱਕੜੀ ਵਿਚ ਲੈ ਕੇ ਉਹਨਾਂ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ। ਸੱਸ ਨੇ ਦਰਵਾਜ਼ੇ ਵੜਦਿਆਂ ਤੇਲ

ਠਿਕਾਇਆ ਤੇ ਬੜੇ ਚਾਅ ਨਾਲ ਕਰਤਾਰ ਸਿੰਘ ਦੀ ਕੰਡ 'ਤੇ ਹੱਥ ਫੇਰਿਆ।

ਝਟ-ਪਟ ਹੀ ਗਲੀ ਦੀਆਂ ਕੁੜੀਆਂ ਨੂੰ ਵੀ ਪਤਾ ਲੱਗ ਗਿਆ। ਉਹ ਵੀ ਕਰਤਾਰ ਸਿੰਘ ਨੂੰ ਦੇਖਣ ਲਈ ਭੱਜੀਆਂ ਆਈਆਂ। ਕਰਤਾਰ ਸਿੰਘ ਵਿਚ ਦੋਹਰੀ ਖਿੱਚ ਸੀ। ਹਰ ਮੁਟਿਆਰ ਦੇ ਮਨ ਵਿਚ ਆਪਣੀਆਂ ਹਾਣਨਾਂ ਦੇ ਪਤੀ ਦੇਖਣ ਤੇ ਉਹਨਾਂ ਦੀਆਂ ਜੋੜੀਆਂ ਦਾ ਮੁਕਾਬਲਾ ਕਰਨ ਦੀ ਰੁਚੀ ਹੁੰਦੀ ਹੈ, ਇਸ ਲਈ ਜਦ ਕਿਧਰੇ ਕੋਈ ਨਵਾਂ ਵਿਆਹਿਆ ਗਭਰੂ ਸਹੁਰੇ ਜਾਏ ਤਾਂ ਉਸ ਦੁਆਲੇ ਕੁੜੀਆਂ ਦਾ ਝੁਰਮਟ ਪੈ ਜਾਂਦਾ ਹੈ। ਕਰਤਾਰ ਸਿੰਘ ਨੂੰ ਵਿਆਹ ਸਮੇਂ ਕਿਸੇ ਦੇਖਿਆ ਹੀ ਨਹੀਂ ਸੀ। ਸਭ ਨੂੰ ਇਹੀ ਦੱਸਿਆ ਗਿਆ ਸੀ ਕਿ ਮੁੰਡਾ ਰਾਤ ਨੂੰ ਆਇਆ ਸੀ ਤੇ ਵਿਆਹ ਕਰ ਕੇ ਚਲਾ ਗਿਆ ਹੈ। ਚੰਨੋ ਦੀਆਂ ਸਹੇਲੀਆਂ ਦੇ ਮਨ ਵਿਚ ਉਹਦਾ ਪਤੀ ਦੇਖਣ ਦੀ ਇੱਛਾ ਬੜੀ ਸੀ। ਦੂਜੀ ਵੱਡੀ ਗੱਲ ਇਹ ਕਿ ਚੰਨੋ ਦਾ ਪਤੀ ਸਿਖ ਸੀ। ਇਸ ਪਿੰਡ ਦਾ ਕੋਈ ਨੌਜਵਾਨ ਅਗੇ ਸਿਖ ਨਹੀਂ ਸੀ ਬਣਿਆ ਤੇ ਨਾ ਹੀ ਕਦੇ ਸਿੱਖਾਂ ਦਾ ਕੋਈ ਜਥਾ ਅਗੇ ਇਥੇ ਠਹਿਰਿਆ ਸੀ। ਇਸ ਲਈ ਪਿੰਡ ਦੀਆਂ ਮੁਟਿਆਰਾਂ ਵਿਚ ਸਿੱਖਾਂ ਨੂੰ ਦੇਖਣ ਦੀ ਵੀ ਤੀਬਰ ਇੱਛਾ ਸੀ। ਉਹਨਾਂ ਸਿੱਖਾਂ ਬਾਰੇ ਬਹੁਤ ਸਾਰੀਆਂ ਗੱਲਾਂ ਸੁਣੀਆਂ ਸਨ ਤੇ ਹੈਰਾਨ ਹੁੰਦੀਆਂ ਸਨ ਕਿ ਇਹ ਕਿਸ ਤਰ੍ਹਾਂ ਦੇ ਮਨੁੱਖ ਬਣ ਗਏ ਹਨ ਜੋ ਮਰਨ ਤੋਂ ਉੱਕਾ ਨਹੀਂ ਡਰਦੇ। ਕਿਸੇ ਹਾਕਮ ਦੀ ਪ੍ਰਵਾਹ ਨਹੀਂ ਕਰਦੇ। ਘਰ-ਬਾਰ ਛੱਡ ਕੇ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਡੇਰੇ ਲਾਏ ਹੋਏ ਨੇ ਤੇ ਭੁਖੇ ਭਾਣੇ ਤੇ ਨੰਗੇ ਰਹਿ ਕੇ ਵੀ 'ਰਾਜ ਕਰੇਗਾ ਖ਼ਾਲਸਾ' ਦਾ ਨਾਹਰਾ ਲਾਈ ਜਾਂਦੇ ਹਨ। ਕਰਤਾਰ ਸਿੰਘ ਦੀਆਂ ਕੁਰਬਾਨੀਆਂ ਤੇ ਲੜਾਈਆਂ ਵਿਚ ਦਿਖਾਏ ਕਮਾਲ ਬਾਰੇ ਕੁੜੀਆਂ ਨੇ ਕਰਤਾਰ ਸਿੰਘ ਦੇ ਸਹੁਰੇ ਟੱਬਰ ਤੋਂ ਬਹੁਤ ਸੁਣਿਆ ਸੀ।

ਕਰਤਾਰ ਸਿੰਘ ਦੁਆਲੇ ਕੁੜੀਆਂ ਦਾ ਭਾਰੀ ਇਕੱਠ ਹੋ ਗਿਆ। ਹਰ ਕੁੜੀ ਆਉਂਦਿਆਂ ਪਹਿਲਾਂ ਤਾਂ ਚੰਨੋ ਨੂੰ ਜੱਫਾ ਪਾ ਕੇ ਮਿਲਦੀ ਤੇ ਫਿਰ ਕਰਤਾਰ ਸਿੰਘ ਦੇ ਦੁਆਲੇ ਘੇਰੇ ਵਿਚ ਆ ਖਲੋਂਦੀ। ਕੁਝ ਕੁੜੀਆਂ ਚੰਨੋ ਦੁਆਲੇ ਹੋ ਗਈਆਂ ਤੇ ਉਸ 'ਤੇ ਕਈ ਤਰ੍ਹਾਂ ਦੇ ਸਵਾਲ ਕਰਨ ਲੱਗ ਪਈਆਂ। ਸਹੁਰੇ ਕਿਸ ਤਰ੍ਹਾਂ ਦੇ ਨੀ ? ਜੀਜੇ ਦਾ ਸੁਭਾ ਕਿਸ ਤਰ੍ਹਾਂ ਦਾ ਏ ? ਤੇਰਾ ਸਹੁਰੇ ਦਿਲ ਲੱਗ ਗਿਆ ਏ ਕਿ ਨਹੀਂ ? ਤੂੰ ਵੀ ਸਿੰਘਣੀ ਬਣ ਗਈ ਏਂ ? ਹੈਂ ਨੀ ਤੂੰ ਵੀ ਕਿਰਪਾਨ ਪਾ ਲਈ ਏ ? ਤੂੰ ਘਰ ਹੀ ਰਹੀ ਏਂ ਕਿ ਤੈਨੂੰ ਵੀ ਨਾਲ ਹੀ ਜੰਗਲ ਵਿਚ ਲਈ ਫਿਰਦਾ ਏ ? ਗੁਰਚਰਨ ਕੌਰ ਮੁਸਕਰਾ ਕੇ ਬਹੁਤੇ ਸਵਾਲਾਂ ਦੇ ਉੱਤਰ ਹੀ ਨਾ ਦੇਂਦੀ। ਕੁਝ ਸਵਾਲਾਂ ਦੇ ਉੱਤਰ ਉਹ ਹੌਲੀ ਜਿਹੀ ਦੇ ਦਿੰਦੀ।

"ਜੀਜੇ ਨੂੰ ਮਖੌਲ ਕਰੀਏ, ਨਰਾਜ਼ ਤਾਂ ਨਹੀਂ ਹੋਏਗਾ ?" ਇਕ ਕੁੜੀ ਨੇ ਪੁੱਛਿਆ।

"ਨਹੀਂ, ਇਹ ਨਾਰਾਜ਼ ਕਦੇ ਨਹੀਂ ਹੁੰਦੇ," ਗੁਰਚਰਨ ਕੌਰ ਨੇ ਕਿਹਾ।

"ਸਾਨੂੰ ਤਾਂ ਸਿੱਖਾਂ ਕੋਲੋਂ ਡਰ ਲਗਦਾ ਏ। ਸੁਣਿਆ ਏ ਬੜੇ ਡਾਹਢੇ ਬੰਦੇ ਹੁੰਦੇ ਨੇ।" ਹਟਵਾਣੀਏ ਦੀ ਕੁੜੀ ਨੇ ਕਿਹਾ।

ਗੁਰਚਰਨ ਕੌਰ ਹੱਸ ਪਈ ਤੇ ਕਿਹਾ, "ਤੁਸੀਂ ਸੁਣਿਆ ਏ, ਵੇਖੇ ਨਹੀਂ।"

"ਵੇਖ ਤਾਂ ਅੱਜ ਹੀ ਰਹੀਆਂ ਹਾਂ," ਇਕ ਹੋਰ ਕੁੜੀ ਬੋਲੀ।

"ਬੜੇ ਖੁਸ਼ ਰਹਿਣੇ ਹੁੰਦੇ ਨੇ ਸਿਖ। ਮੈਂ ਕਈ ਦਿਨ ਜੰਗਲ ਵਿਚ ਜਾ ਕੇ ਇਹਨਾਂ ਦੇ ਜਥਿਆਂ ਵਿਚ ਰਹੀ ਹਾਂ ਤੇ ਮਹਿਸੂਸ ਕੀਤਾ ਏ ਕਿ ਅਸਲ ਜੀਵਨ ਇਹਨਾਂ ਦਾ ਹੀ ਏ।" ਗੁਰਚਰਨ ਕੌਰ ਨੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਜੰਗਲ ਦੀਆਂ ਬੀਤੀਆਂ ਕਈ ਗੱਲਾਂ ਇਹਨਾਂ ਨੂੰ ਦੱਸੀਆਂ। ਕੁੜੀਆਂ ਇਹ ਸੁਣ ਕੇ ਹੈਰਾਨ ਰਹਿ ਗਈਆਂ ਕਿ ਚੰਨੋ ਨੇ ਅੰਮ੍ਰਿਤ ਛੱਕ ਲਿਆ ਏ ਤੇ ਹੁਣ ਇਹ ਵੀ ਲੜਾਈਆਂ ਵਿਚ ਤਲਵਾਰ ਚਲਾ ਲੈਂਦੀ ਏ। ਗੁਰਚਰਨ ਕੌਰ ਨੇ ਦੱਸਿਆ ਕਿ ਹੁਣ ਉਹ ਬੰਦੂਕ ਵੀ ਚਲਾ ਸਕਦੀ ਏ ਤੇ ਘੋੜ ਸਵਾਰੀ ਵਿਚ ਵੀ ਮਰਦਾਂ ਦਾ ਟਾਕਰਾ ਕਰ ਸਕਦੀ ਏ। ਕੁੜੀਆਂ ਨੂੰ ਬੜੀਆਂ ਅਜੀਬ ਗੱਲਾਂ ਜਾਪੀਆਂ। ਜਿਉਂ ਜਿਉਂ ਗੁਰਚਰਨ ਕੌਰ ਉਨ੍ਹਾਂ ਨੂੰ ਆਪ ਬੀਤੀ ਸੁਣਾਉਂਦੀ, ਉਹਨਾਂ ਦੀ ਹੈਰਾਨੀ ਵਧਦੀ ਜਾਂਦੀ।

ਕਰਤਾਰ ਸਿੰਘ ਦੁਆਲੇ ਜੁੜੀਆਂ ਕੁੜੀਆਂ ਨੇ ਉਸ ਤੋਂ ਬਹੁਤ ਸਾਰੀਆਂ ਗੱਲਾਂ ਪੁੱਛੀਆਂ। ਇਕ ਕੁੜੀ ਨੇ ਪੁੱਛਿਆ, "ਤੁਸੀਂ ਸਿਖ ਕਿਉਂ ਬਣ ਗਏ ਹੋ ?"

"ਚੰਗਾ ਤੇ ਠੀਕ ਤਰ੍ਹਾਂ ਜੀਵਨ ਜੀਉਣ ਦਾ ਇਹੀ ਰਾਹ ਏ," ਕਰਤਾਰ ਸਿੰਘ ਨੇ ਕਿਹਾ।

"ਸਿੱਖੀ ਕੀ ਏ ?" ਹੋਰ ਇਕ ਕੁੜੀ ਬੋਲੀ।

"ਸਿੱਖੀ ਨਿਰਭੈ ਤੇ ਨਿਰਵੈਰ ਜੀਵਨ ਦਾ ਨਾਂ ਏ," ਕਰਤਾਰ ਸਿੰਘ ਨੇ ਕਿਹਾ।

"ਕੁਝ ਹੋਰ ਵੀ ਦੱਸੋ ?"

"ਸਿੱਖੀ ਇਕ ਅਕਾਲ ਪੁਰਖ 'ਤੇ ਵਿਸ਼ਵਾਸ ਕਰਨਾ ਸਿਖਾਂਦੀ ਹੈ। ਸਿਖ ਬਣਨ ਵਾਲਾ ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਦਾ। ਨਾ ਹੀ ਮਰ ਗਿਆਂ ਦੀਆਂ ਮੜ੍ਹੀਆਂ ਮਸਾਣੀਆਂ ਪੂਜਦਾ ਹੈ। ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ, ਸੱਚੀ ਗੱਲ 'ਤੇ ਡਟਣਾ, ਜ਼ੁਲਮ ਦਾ ਟਾਕਰਾ ਕਰਨਾ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣਾ, ਸਿੱਖੀ ਦੇ ਅਸੂਲ ਹਨ।" ਕਰਤਾਰ ਸਿੰਘ ਨੇ ਦੱਸਿਆ।

"ਤੁਸੀਂ ਸਰਕਾਰ ਨੂੰ ਬਦਲ ਲਉਗੇ ?" ਇਕ ਕੁੜੀ ਨੇ ਪੁੱਛਿਆ।

"ਜ਼ਰੂਰ।"

"ਕਿਵੇਂ ?"

"ਲੋਕ-ਸ਼ਕਤੀ ਨਾਲ," ਕਰਤਾਰ ਸਿੰਘ ਨੇ ਕਿਹਾ, "ਜਿਨ੍ਹਾਂ ਨੇ ਕਦੇ ਕੁਝ ਨਹੀਂ

ਕੀਤਾ ਉਨ੍ਹਾਂ ਲਈ ਇਹ ਗੱਲ ਔਖੀ ਤੇ ਅਸੰਭਵ ਏ, ਪਰ ਅਸੀਂ ਸਰਕਾਰ ਨਾਲ ਟੱਕਰ ਲੈ ਕੇ ਦੇਖ ਚੁਕੇ ਹਾਂ ਤੇ ਸਾਡਾ ਵਿਸ਼ਵਾਸ ਪੱਕਾ ਹੁੰਦਾ ਜਾ ਰਿਹਾ ਹੈ ਕਿ ਇਹ ਰਾਜ ਨਹੀਂ ਰਹਿਣਾ। ਮੈਨੂੰ ਹੈਰਾਨੀ ਏ ਕਿ ਹਰ ਥਾਂ ਸਾਡੇ ਤੋਂ ਇਹੀ ਪੁੱਛਿਆ ਜਾਂਦਾ ਏ ਕਿ ਇਹ ਰਾਜ ਕਿਵੇਂ ਮੁਕਾਉਗੇ ? ਲੋਕਾਂ ਨੂੰ ਜਦ ਆਪਣੀ ਤਾਕਤ ਦਾ ਅਹਿਸਾਸ ਹੋ ਗਿਆ ਤਾਂ ਰਾਜ ਬਦਲ ਜਾਏਗਾ। ਗੁਰੂ ਗੋਬਿੰਦ ਸਿੰਘ ਜੀ ਦਸਮ ਪਾਤਸ਼ਾਹ ਦੀ ਦਿੱਤੀ ਅੰਮ੍ਰਿਤ ਦੀ ਦਾਤ ਨਾਲ ਚਿੜੀਆਂ ਬਾਜ਼ ਮਾਰ ਸਕਦੀਆਂ ਹਨ, ਗਿੱਦੜ ਸ਼ੇਰਾਂ ਦਾ ਟਾਕਰਾ ਕਰ ਸਕਦੇ ਹਨ ਤੇ ਅਸੀਂ ਹਕੂਮਤ ਬਦਲ ਸਕਦੇ ਹਾਂ।"

"ਤੁਹਾਨੂੰ ਜੰਗਲਾਂ ਵਿਚ ਡਰ ਨਹੀਂ ਲਗਦਾ ?" ਇਕ ਮੁਟਿਆਰ ਨੇ ਪੁੱਛਿਆ।

"ਡਰ ਦੀ ਕਾਹਦੀ ਗੱਲ ਏ। ਜੰਗਲ ਵਿਚ ਵੀ ਮੰਗਲ ਲਗੇ ਹੋਏ ਨੇ।" ਕਰਤਾਰ ਸਿੰਘ ਨੇ ਕਿਹਾ।

"ਸਾਡੀ ਚੰਨੀ ਨੂੰ ਵੀ ਵਿਗਾੜ ਦਿੱਤਾ ਹੋਏਗਾ ?" ਇਕ ਕੁੜੀ ਨੇ ਵਿਅੰਗ ਨਾਲ ਕਿਹਾ।

"ਮੈਂ ਕੌਣ ਹਾਂ ਵਿਗਾੜਨ ਵਾਲਾ। ਉਹ ਤਾਂ ਮੇਰੇ ਨਾਲੋਂ ਵੀ ਤੇਜ਼ ਏ। ਉਸ ਨੇ ਮੇਰੀ ਜਾਨ ਬਚਾਈ ਸੀ, ਨਹੀਂ ਤਾਂ ਲੜਾਈ ਵਿਚੋਂ ਮੇਰਾ ਬਚ ਕੇ ਆਉਣਾ ਕਠਨ ਸੀ।" ਕਰਤਾਰ ਸਿੰਘ ਨੇ ਦੱਸਿਆ।

ਕੁਝ ਹੋਰ ਸਵਾਲ ਕਰਨ ਪਿਛੋਂ ਕੁੜੀਆਂ ਨੇ ਟਿਚਕਰਾਂ ਸ਼ੁਰੂ ਕਰ ਦਿੱਤੀਆਂ। ਕਿਸੇ ਨੇ ਕਰਤਾਰ ਸਿੰਘ ਨੂੰ ਚੂੰਢੀ ਮਾਰੀ। ਕਿਸੇ ਨੇ ਕੋਈ ਹੋਰ ਸ਼ਰਾਰਤ ਕੀਤੀ। ਉਂਜ ਤੇ ਸ਼ਾਇਦ ਕਰਤਾਰ ਸਿੰਘ ਇਨ੍ਹਾਂ ਗੱਲਾਂ ਨੂੰ ਬਹੁਤੀ ਦੇਰ ਨਾ ਸਹਾਰਦਾ ਪਰ ਮਾਂ ਨੇ ਸਮਝਾ ਕੇ ਭੇਜਿਆ ਸੀ ਕਿ ਜੇਕਰ ਕੁੜੀਆਂ ਦੀਆਂ ਗੱਲਾਂ ਤੇ ਮਖੌਲਾਂ ਤੋਂ ਖਿਝਿਓਂ ਤਾਂ ਉਨ੍ਹਾਂ ਉੱਕਾ ਨਹੀਂ ਛੱਡਣਾ। ਇਸ ਲਈ ਜੇ ਹੱਸ ਕੇ ਟਾਲ ਦਿੱਤਾ ਤਾਂ ਉਹ ਛੇਤੀ ਹੱਟ ਜਾਣਗੀਆਂ। ਕਰਤਾਰ ਸਿੰਘ ਮਾਂ ਦੀ ਸਿਖਿਆ ਅਨੁਸਾਰ ਹੱਸਦਾ ਰਿਹਾ ਤੇ ਚੂੰਢੀ ਮਾਰਨ ਵਾਲੀ ਨੂੰ ਸਿਰਫ਼ ਇਤਨਾ ਕਿਹਾ, "ਬਸ ਇਤਨਾ ਹੀ ਜ਼ੋਰ ਸੀ, ਜ਼ਰਾ ਕੁ ਜ਼ੋਰ ਨਾਲ ਚੂੰਢੀ ਮਾਰ, ਮੈਨੂੰ ਵੀ ਪਤਾ ਲਗੇ।" ਉਹ ਕਰਤਾਰ ਸਿੰਘ ਦੀਆਂ ਨਕਲਾਂ ਲਾਂਦੀਆਂ ਤੇ ਕਰਤਾਰ ਸਿੰਘ ਉਨ੍ਹਾਂ ਦੀਆਂ ਨਕਲਾਂ ਲਾਉਣ ਲੱਗ ਪਿਆ। ਕਰਤਾਰ ਸਿੰਘ ਤੋਂ ਖਰੀਆਂ ਖਰੀਆਂ ਸੁਣ ਕੇ ਕੁੜੀਆਂ ਛੇਤੀ ਹੀ ਠੰਢੀਆਂ ਹੋ ਗਈਆਂ। ਹੌਲੀ ਹੌਲੀ ਕੁੜੀਆਂ ਟੁਰ ਗਈਆਂ।

ਗੁਰਚਰਨ ਕੌਰ ਨੇ ਬਾਹਰ ਵੇਹੜੇ ਵੱਲ ਨਜ਼ਰ ਮਾਰੀ ਤਾਂ ਵਿਹੜੇ ਵਿਚ ਕੋਈ ਵੀ ਨਹੀਂ ਸੀ। ਉਸ ਕਰਤਾਰ ਸਿੰਘ ਵੱਲ ਦੇਖ ਕੇ ਮੁਸਕਰਾਂਦਿਆਂ ਕਿਹਾ, "ਤੁਸੀਂ ਤਾਂ ਸੱਚਮੁੱਚ ਬੜੇ ਮਖੌਲੀਏ ਹੋ। ਕੁੜੀਆਂ ਨੂੰ ਅਜਿਹੇ ਉੱਤਰ ਦਿੱਤੇ ਜੇ ਜਿਵੇਂ ਤੁਸੀਂ ਪਹਿਲਾਂ ਹੀ ਤਿਆਰ ਕੀਤੇ ਹੋਏ ਸਨ।"

ਕਰਤਾਰ ਸਿੰਘ ਨੇ ਇਹਦਾ ਉੱਤਰ ਕੀ ਦੇਣਾ ਸੀ। ਉਸ ਸਿਰਫ਼ ਮੁਸਕਰਾ ਕੇ ਗੁਰਚਰਨ ਕੌਰ ਵੱਲ ਤੱਕਿਆ ਤੇ ਫਿਰ ਅੱਖਾਂ ਮੋੜ ਲਈਆਂ। ਗੁਰਚਰਨ ਕੌਰ ਨੇ ਫਿਰ ਬੁਲਾਇਆ ਤੇ ਕਿਹਾ, "ਤੁਸੀਂ ਇਹ ਦੱਸੋ ਕਿ ਮੇਰੀ ਹਰ ਥਾਂ ਉਸਤਤ ਕਿਉਂ ਸ਼ੁਰੂ ਕਰ ਦੇਂਦੇ ਹੋ ?"

"ਹੋਰ ਨਿੰਦਿਆ ਕਰਾਂ ?" ਕਰਤਾਰ ਸਿੰਘ ਝਟ ਹੀ ਬੋਲ ਪਿਆ।

"ਤੁਹਾਡੇ ਤੋਂ ਉਹ ਵੀ ਨਹੀਂ ਹੋਣੀ," ਗੁਰਚਰਨ ਕੌਰ ਨੇ ਖ਼ਾਸ ਅੰਦਾਜ਼ ਵਿਚ ਕਿਹਾ।

"ਗੱਲ ਤਾਂ ਤੇਰੀ ਠੀਕ ਏ। ਅਸੀਂ ਆਮ ਬੰਦੇ ਦੀ ਨਿੰਦਿਆ ਕਰਨ ਤੋਂ ਵੀ ਸੰਕੋਚ ਕਰਦੇ ਹਾਂ ਤੇ ਫਿਰ ਤੇਰੇ ਵਰਗੀਆਂ ਦੀ ਕੀ ਕਰਨੀ ਹੋਈ।" ਕਰਤਾਰ ਸਿੰਘ ਨੇ ਗੁਰਚਰਨ ਕੌਰ ਦੀ ਗੱਲ੍ਹ 'ਤੇ ਨਿੱਕੀ ਜਿਹੀ ਥਪਕੀ ਮਾਰਦਿਆਂ ਕਿਹਾ।

ਗੁਰਚਰਨ ਕੌਰ ਦੀ ਮਾਂ ਆ ਗਈ ਤੇ ਇਨ੍ਹਾਂ ਦੀ ਗੱਲ-ਬਾਤ ਦਾ ਸਿਲਸਿਲਾ ਟੁਟ ਗਿਆ। ਭਾਵੇਂ ਗੁਰਚਰਨ ਕੌਰ ਕਰਤਾਰ ਸਿੰਘ ਨਾਲ ਖੁਲ੍ਹ ਕੇ ਹੱਸ ਬੋਲ ਲੈਂਦੀ ਸੀ, ਪਰ ਪੇਕੇ ਆ ਕੇ ਉਸ ਨੇ ਕਰਤਾਰ ਸਿੰਘ ਨਾਲ ਕੋਈ ਗੱਲਬਾਤ ਨਾ ਕੀਤੀ। ਸਗੋਂ ਪੱਲਾ ਨੀਵਾਂ ਕਰ ਕੇ ਉਹ ਇਕ ਪਾਸੇ ਹੋ ਜਾਂਦੀ। ਹੁਣ ਵੀ ਕਮਰੇ ਵਿਚ ਕਰਤਾਰ ਸਿੰਘ ਨਾਲ ਗੱਲਾਂ ਕਰਦਿਆਂ ਉਸ ਕਈ ਵਾਰ ਬਾਹਰ ਝਾਕਿਆ।

ਗੁਰਚਰਨ ਕੌਰ ਦੀ ਮਾਂ ਕਰਤਾਰ ਸਿੰਘ ਦੇ ਨੇੜੇ ਬੈਠ ਗਈ ਤੇ ਪਿਆਰ ਨਾਲ ਉਹਦੀ ਕੰਡ 'ਤੇ ਹੱਥ ਫੇਰਦਿਆਂ ਪੁੱਛਿਆ, "ਘਰ ਸਾਰੇ ਰਾਜ਼ੀ ਖ਼ੁਸ਼ੀ ਸਨ ?"

"ਜੀ ਆ!" ਕਰਤਾਰ ਸਿੰਘ ਨੇ ਕਿਹਾ।

"ਬੜੇ ਚਿਰੀਂ ਫੇਰਾ ਮਾਰਿਆ ਈ," ਬੁੱਢੀ ਨੇ ਕਿਹਾ।

"ਵਕਤ ਹੀ ਨਹੀਂ ਮਿਲਿਆ।"

"ਕਿਹੜੇ ਕੰਮੀਂ ਰੁੱਝਿਆ ਰਹਿੰਦਾ ਏਂ ?" ਜਾਣ ਬੁੱਝ ਕੇ ਬੁੱਢੀ ਨੇ ਸਵਾਲ ਕੀਤਾ।

"ਲੋਕ ਸੇਵਾ," ਕਰਤਾਰ ਸਿੰਘ ਨੇ ਝਟ ਉੱਤਰ ਦਿੱਤਾ।

ਬਾਹਰਲਾ ਦਰਵਾਜ਼ਾ ਖੜਕਿਆ ਤੇ ਗੁਰਚਰਨ ਕੌਰ ਦੀ ਮਾਂ ਦਰਵਾਜ਼ਾ ਖੋਲ੍ਹਣ ਚਲੀ ਗਈ। ਝਟ ਪਿਛੋਂ ਉਹ ਫਿਰ ਮੁੜ ਆਈ ਤੇ ਕਿਹਾ, "ਬਾਹਰ ਦੋ ਘੋੜ-ਸਵਾਰ ਆਏ ਨੇ ਤੇ ਉਹ ਤੁਹਾਨੂੰ ਬੁਲਾਂਦੇ ਨੇ।"

"ਹੈਂ! ਮੈਨੂੰ ਘੋੜ-ਸਵਾਰ ਬੁਲਾਂਦੇ ਨੇ ?" ਕਰਤਾਰ ਸਿੰਘ ਨੇ ਕਿਹਾ, "ਕੌਣ ਨੇ ਉਹ ?" ਕਰਤਾਰ ਸਿੰਘ ਦੇ ਜੁੱਤੀ ਪਾਂਦਿਆਂ ਤਕ ਗੁਰਚਰਨ ਕੌਰ ਨੇ ਬਾਹਰ ਵਿਹੜੇ ਵਿਚ ਨਿਕਲ ਕੇ ਦੇਖਿਆ ਤੇ ਫਿਰ ਕਰਤਾਰ ਸਿੰਘ ਨੂੰ ਇਥੇ ਹੀ ਠਹਿਰਨ ਦਾ ਇਸ਼ਾਰਾ ਕਰ ਕੇ ਬਾਹਰ ਆ ਗਈ।

"ਕਿਥੋਂ ਆਏ ਹੋ ?" ਗੁਰਚਰਨ ਕੌਰ ਨੇ ਉਨ੍ਹਾਂ ਨੂੰ ਪੁੱਛਿਆ।

"ਅਸੀਂ ਕਰਤਾਰ ਸਿੰਘ ਨੂੰ ਮਿਲਣਾ ਏਂ," ਇਕ ਘੋੜ-ਸਵਾਰ ਨੇ ਕਿਹਾ।

"ਤੁਸੀਂ ਆਏ ਕਿਥੋਂ ਹੋ ?" ਗੁਰਚਰਨ ਕੌਰ ਨੂੰ ਸ਼ੱਕ ਪੈ ਗਿਆ ਕਿ ਇਹ ਜ਼ਰੂਰ ਸਰਕਾਰੀ ਬੰਦੇ ਨੇ, ਇਨ੍ਹਾਂ ਨੂੰ ਫ਼ੌਜਦਾਰ ਨੇ ਭੇਜਿਆ ਹੋਏਗਾ।

"ਅਸੀਂ ਖ਼ੈਰਾਬਾਦ ਤੋਂ ਆਏ ਹਾਂ," ਦੂਜੇ ਘੋੜ-ਸਵਾਰ ਨੇ ਉੱਤਰ ਦਿੱਤਾ ਤੇ ਬੜੇ ਤਰਲੇ ਨਾਲ ਕਿਹਾ, "ਸਾਨੂੰ ਕਰਤਾਰ ਸਿੰਘ ਨਾਲ ਛੇਤੀ ਮਿਲਾ ਦਿਓ, ਬੜਾ ਜ਼ਰੂਰੀ ਤੇ ਕਾਹਲੀ ਦਾ ਕੰਮ ਏ।"

"ਤੁਹਾਨੂੰ ਭੇਜਿਆ ਕਿਸ ਏ ?" ਗੁਰਚਰਨ ਕੌਰ ਨੇ ਹੋਰ ਤਸੱਲੀ ਲਈ ਪੁੱਛਿਆ।

"ਗ਼ਫ਼ੂਰ ਤੇ ਮੱਖਣ ਨੇ," ਦੋਵੇਂ ਬੋਲ ਪਏ।

ਇਤਨੇ ਵਿਚ ਕਰਤਾਰ ਸਿੰਘ ਵੀ ਬਾਹਰ ਆ ਗਿਆ। ਉਹ ਤਾਂ ਖ਼ੈਰਾਬਾਦ ਦੇ ਬਹੁਤ ਸਾਰੇ ਆਦਮੀਆਂ ਨੂੰ ਜਾਣਦਾ ਸੀ। ਸਾਹਮਣੇ ਆਉਂਦਿਆਂ ਹੀ ਉਸ ਦੋਹਾਂ ਨੂੰ ਪਛਾਣ ਲਿਆ। ਦੋਹਾਂ ਨੇ ਹੱਥ ਜੋੜ ਕੇ ਸਤਿਕਾਰ ਪ੍ਰਗਟ ਕੀਤਾ। ਕਰਤਾਰ ਸਿੰਘ ਦੋਹਾਂ ਨੂੰ ਜੱਫਾ ਪਾ ਕੇ ਮਿਲਿਆ ਤੇ ਫਿਰ ਅੰਦਰ ਲੈ ਗਿਆ। ਜਾਂਦਿਆਂ ਉਸ ਪਹਿਲਾ ਸਵਾਲ ਕੀਤਾ, "ਕੀ ਗੱਲ ਏ ਤੁਸੀਂ ਮੇਰੇ ਪਿਛੇ ਆ ਗਏ ਹੋ, ਸੁਖ ਤਾਂ ਹੈ ?"

"ਨਹੀਂ, ਸੁਖ ਨਹੀਂ," ਘਬਰਾਹਟ ਵਿਚ ਇਕ ਆਦਮੀ ਬੋਲਿਆ।

"ਦੱਸੋ, ਕੀ ਗੱਲ ਏ ?" ਕਰਤਾਰ ਸਿੰਘ ਨੇ ਵੀ ਬੜੀ ਉਤਸੁਕਤਾ ਨਾਲ ਪੁੱਛਿਆ।

"ਪਿੰਡ 'ਤੇ ਸ਼ਾਹੀ ਫੌਜ ਨੇ ਹਮਲਾ ਕਰ ਕੇ ਗ਼ਫ਼ੂਰ ਤੇ ਮੱਖਣ ਨੂੰ ਗ੍ਰਿਫ਼ਤਾਰ ਕਰ ਲਿਆ ਏ," ਇਕ ਘੋੜ-ਸਵਾਰ ਨੇ ਦੱਸਿਆ।

"ਮੈਨੂੰ ਸਾਰੀ ਗੱਲ ਦੱਸ," ਕਰਤਾਰ ਸਿੰਘ ਨੇ ਹੋਰ ਉਤਾਵਲੇ ਹੋ ਕੇ ਪੁੱਛਿਆ।

"ਸ਼ਾਹੀ ਫ਼ੌਜ ਨੇ ਅਚਨਚੇਤ ਹਮਲਾ ਕਰ ਦਿੱਤਾ ਸੀ, ਪਰ ਅੰਮ੍ਰਿਤਸਰ ਨੇੜੇ ਤੋਂ ਸਿੰਘਾਂ ਦਾ ਇਕ ਜਥਾ ਵੀ ਆ ਗਿਆ ਸੀ, ਪਰ ਸਾਡੀ ਕੋਈ ਪੇਸ਼ ਨਹੀਂ ਗਈ। ਸਾਰਾ ਪਿੰਡ ਬਹਾਦਰੀ ਨਾਲ ਲੜਿਆ ਏ, ਪਰ ਅਖ਼ੀਰ ਕੁਝ ਬੰਦੇ ਮਾਰੇ ਜਾਣ 'ਤੇ ਕਈ ਦਿਲ ਛੱਡ ਗਏ ਤੇ ਅਸੀਂ ਹਾਰ ਗਏ। ਗ਼ਫ਼ੂਰ ਤੇ ਮੱਖਣ ਸਖ਼ਤ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਫੜ ਕੇ ਚੌਧਰੀ ਦੀ ਹਵੇਲੀ ਦੇ ਨਾਲ ਕੋਠੇ ਵਿਚ ਬੰਦ ਕਰ ਦਿੱਤਾ ਨੇ।"

"ਫਿਰ!" ਕਰਤਾਰ ਸਿੰਘ ਨੇ ਅੱਗੇ ਪ੍ਰਸ਼ਨ ਕੀਤਾ।

"ਫ਼ੌਜ ਦੇ ਨਾਲ ਹੀ ਚੌਧਰੀ ਵੀ ਆ ਗਿਆ ਏ। ਫ਼ੌਜ ਵੀ ਉਹੀ ਲਿਆਇਆ ਜਾਪਦਾ ਏ।" ਘੋੜ-ਸਵਾਰ ਨੇ ਦੱਸਿਆ।

"ਪਿੰਡ ਦੇ ਕਿੰਨੇ ਕੁ ਬੰਦੇ ਮਰ ਗਏ ਨੇ," ਕਰਤਾਰ ਸਿੰਘ ਨੇ ਪੁੱਛਿਆ।

"ਸਾਨੂੰ ਪੂਰਾ ਪਤਾ ਨਹੀਂ। ਸਾਨੂੰ ਤਾਂ ਗ਼ਫ਼ੂਰ ਤੇ ਮੱਖਣ ਨੇ ਉਸੇ ਵੇਲੇ ਭੱਜ ਕੇ ਤੁਹਾਨੂੰ ਪਤਾ ਦੇਣ ਭੇਜ ਦਿੱਤਾ ਏ।" ਇਕ ਨੇ ਦੱਸਿਆ।

"ਪਿੰਡ ਵਿਚ ਲੁਟ ਮਾਰ ਤਾਂ ਨਹੀਂ ਹੋਈ? ਕਿਸੇ ਧੀ ਭੈਣ ਦੀ ਇੱਜ਼ਤ ਨੂੰ ਹੱਥ ਤਾਂ ਨਹੀਂ ਪਾਇਆ?" ਕਰਤਾਰ ਸਿੰਘ ਨੇ ਅਖ਼ੀਰੀ ਸਵਾਲ ਕੀਤਾ।

"ਪਿੰਡ ਵਿਚ ਸਾਡੇ ਹੁੰਦਿਆਂ ਤਾਂ ਲੁਟ ਮਾਰ ਨਹੀਂ ਹੋਈ, ਪਰ ਪਿਛੋਂ ਦਾ ਪਤਾ ਨਹੀਂ। ਪਿੰਡ ਵਿਚੋਂ ਸਿਰਫ਼ ਨੂਰਾਂ ਤੇ ਹਮੀਦਾਂ ਨੂੰ ਹੀ ਫੜ ਕੇ ਕੈਦ ਕੀਤਾ ਏ।"

"ਹੈਂ! ਹਮੀਦਾਂ ਤੇ ਨੂਰਾਂ ਵੀ ਫੜ ਲਈਆਂ ਹਨ ਦੁਸ਼ਮਣਾਂ ਨੇ," ਕਰਤਾਰ ਸਿੰਘ ਨੇ ਗੁੱਸੇ ਤੇ ਜੋਸ਼ ਨਾਲ ਆਪਣੀ ਥਾਂ ਤੋਂ ਉਠਦਿਆਂ ਕਿਹਾ।

"ਚੰਗਾ ਤੁਸੀਂ ਚੱਲੋ ਤੇ ਮੈਂ ਜਥਾ ਇਕੱਠਾ ਕਰ ਕੇ ਪਹੁੰਚਦਾ ਹਾਂ। ਰਾਹ ਵਿਚ ਵਜੀਦਪੁਰ ਤੇ ਖ਼ਾਨ ਚੁਰਾਸੀ ਦੇ ਬੰਦੇ ਲੈ ਕੇ ਮੈਂ ਆ ਰਿਹਾ ਹਾਂ। ਤੁਸੀਂ ਪਤਾ ਰਖੋ ਕਿ ਸ਼ਾਹੀ ਫ਼ੌਜ ਕਿਧਰ ਜਾਂਦੀ ਏ ਅਤੇ ਨੂਰਾਂ ਤੇ ਹਮੀਦਾਂ ਨੂੰ ਨਾਲ ਲੈ ਜਾਂਦੀ ਏ ਕਿ ਛੱਡ ਜਾਂਦੀ ਏ।" ਇਸ ਤਰ੍ਹਾਂ ਕੁਝ ਹੋਰ ਜ਼ਰੂਰੀ ਗੱਲਾਂ ਦੱਸ ਕੇ ਕਰਤਾਰ ਸਿੰਘ ਨੇ ਉਨ੍ਹਾਂ ਨੂੰ ਟੋਰ ਦਿੱਤਾ।

ਗੁਰਚਰਨ ਕੌਰ ਤੇ ਉਹਦੀ ਮਾਂ ਹੈਰਾਨੀ ਨਾਲ ਸਾਰੀਆਂ ਗੱਲਾਂ ਸੁਣ ਰਹੀਆਂ ਸਨ। ਜਦ ਦੋਵੇਂ ਘੋੜ-ਸਵਾਰ ਚਲੇ ਗਏ ਤਾਂ ਗੁਰਚਰਨ ਕੌਰ ਦੀ ਮਾਂ ਨੇ ਕਿਹਾ, "ਮੈਂ ਨਹੀਂ ਹੁਣੇ ਜਾਣ ਦੇਣਾ। ਅਗੇ ਕਈ ਚਿਰਾਂ ਪਿਛੋਂ ਆਇਆ ਏਂ ਤੇ ਹੁਣ ਅੱਜ ਹੀ ਟੁਰ ਜਾਏਂਗਾ।"

"ਮੇਰਾ ਪਹੁੰਚਣਾ ਬਹੁਤ ਜ਼ਰੂਰੀ ਏ," ਕਰਤਾਰ ਸਿੰਘ ਨੇ ਕਿਹਾ।

"ਕੋਈ ਜ਼ਰੂਰੀ ਨਹੀਂ। ਤੂੰ ਸਾਰੇ ਜਹਾਨ ਦਾ ਕੋਈ ਠੇਕਾ ਨਹੀਂ ਲਿਆ ਹੋਇਆ।" ਬੁੱਢੀ ਨੇ ਕਿਹਾ।

"ਤੁਸੀਂ ਨਹੀਂ ਸਮਝਦੇ ਕਿ ਮੇਰਾ ਜਾਣਾ ਕਿਉਂ ਜ਼ਰੂਰੀ ਏ? ਉਸ ਪਿੰਡ ਵਿਚ ਮੈਂ ਚੌਧਰੀ ਨੂੰ ਕੱਢ ਕੇ ਨਵੇਂ ਪ੍ਰਬੰਧਕ ਲਾਏ ਸਨ ਤੇ ਉਦੋਂ ਇਕਰਾਰ ਕੀਤਾ ਸੀ ਕਿ ਪਿੰਡ ਦੀ ਰਾਖੀ ਕਰਾਂਗੇ। ਉਂਜ ਵੀ ਜਿਹੜੇ ਬੰਦੇ ਗ੍ਰਿਫ਼ਤਾਰ ਕੀਤੇ ਗਏ ਹਨ ਉਨ੍ਹਾਂ ਦੇ ਮੇਰੇ ਸਿਰ 'ਤੇ ਇਤਨੇ ਅਹਿਸਾਨ ਹਨ ਕਿ ਮੈਂ ਜੇ ਮਦਦ 'ਤੇ ਨਾ ਪਹੁੰਚਾ ਤਾਂ ਅਕ੍ਰਿਤਘਣਤਾ ਹੋਵੇਗੀ।" ਕਰਤਾਰ ਸਿੰਘ ਨੇ ਇਸ ਤਰ੍ਹਾਂ ਸਾਰਾ ਜ਼ੋਰ ਲਾਇਆ ਕਿ ਸੱਸ ਮੰਨ ਜਾਏ ਪਰ ਬੁੱਢੀ ਨੇ ਇਕੋ ਨਾਂਹ ਫੜੀ ਹੋਈ ਸੀ। ਅਖ਼ੀਰ ਕਰਤਾਰ ਸਿੰਘ ਨੇ ਕਿਹਾ, "ਚੰਗਾ ਤੁਸੀਂ ਗੁਰਚਰਨ ਕੌਰ ਤੋਂ ਪੁੱਛ ਲਓ ਕਿ ਮੇਰੇ ਉਸ ਪਿੰਡ ਨਾਲ ਕੀ ਸਬੰਧ ਹਨ। ਜੇ ਉਹ ਨਾਂਹ ਕਰ ਦੇਵੇਗੀ ਤਾਂ ਮੈਂ ਨਹੀਂ ਜਾਵਾਂਗਾ।"

"ਇਹ ਕਿਹੜੀ ਵੱਡੀ ਗੱਲ ਏ," ਬੁੱਢੀ ਨੇ ਕਿਹਾ, "ਹੁਣੇ ਚੰਨੀ ਤੋਂ ਅਖਵਾ

ਦੇਂਦੀ ਹਾਂ।"

ਗੁਰਚਰਨ ਕੌਰ ਵਿਹੜੇ ਵਿਚ ਮੰਜੀ 'ਤੇ ਬੈਠੀ ਅੰਦਰ ਹੋ ਰਹੀਆਂ ਗੱਲਾਂ ਸੁਣ ਰਹੀ ਸੀ। ਕਰਤਾਰ ਸਿੰਘ ਨੇ ਜਦ ਸਾਰੀ ਗੱਲ ਗੁਰਚਰਨ ਕੌਰ ਉਤੇ ਸੁੱਟ ਦਿੱਤੀ ਤਾਂ ਉਹਦੇ ਲਈ ਨਾਂਹ ਕਰਨੀ ਔਖੀ ਹੋ ਗਈ।

ਮਾਂ ਨੇ ਜਦ ਆ ਕੇ ਦੱਸਿਆ ਤੇ ਕਿਹਾ ਕਿ ਕਰਤਾਰ ਸਿੰਘ ਨੂੰ ਕਹਿ ਦੇ ਕਿ ਅਸੀਂ ਨਹੀਂ ਹੁਣ ਜਾਣ ਦੇਣਾ। ਗੁਰਚਰਨ ਕੌਰ ਨੇ ਕਿਹਾ, "ਨਹੀਂ ਮਾਂ, ਉਹਨਾਂ ਨੂੰ ਜਾਣ ਦੇ। ਮੈਂ ਤਾਂ ਕਹਿੰਦੀ ਆਂ ਕਿ ਮੈਨੂੰ ਵੀ ਜਾਣ ਦਿਓ ਉਹਨਾਂ ਦੇ ਨਾਲ। ਨੂਰਾਂ ਤੇ ਹਮੀਦਾਂ ਤਾਂ ਸਾਡੀ ਜਾਨ ਨੇ, ਉਹਨਾਂ ਦੀ ਜ਼ਿੰਦਗੀ ਖ਼ਤਰੇ ਵਿਚ ਹੈ ਤੇ ਅਸੀਂ ਨਹੀਂ ਬਰਦਾਸ਼ਤ ਕਰ ਸਕਦੇ।" ਗੁਰਚਰਨ ਕੌਰ ਨੇ ਮਾਂ ਨੂੰ ਉਸ ਪਿੰਡ ਦੀ ਸਾਰੀ ਕਹਾਣੀ ਦੱਸੀ ਤੇ ਨੂਰਾਂ ਤੇ ਹਮੀਦਾਂ ਦੀ ਕਰਤਾਰ ਸਿੰਘ ਪਿਛੇ ਕੀਤੀ ਕੁਰਬਾਨੀ ਦੀ ਗੱਲ ਸੁਣਾਈ ਤਾਂ ਉਹਦੀ ਮਾਂ ਮੰਨ ਗਈ। ਉਸ ਕਿਹਾ, "ਮੈਂ ਤੈਨੂੰ ਨਹੀਂ ਜਾਣ ਦੇਣਾ। ਪ੍ਰਾਹੁਣਾ ਚਲਾ ਜਾਏ ਬੇਸ਼ਕ।"

"ਨਹੀਂ, ਮੈਂ ਨਹੀਂ ਰਹਿਣਾ ਪਿਛੇ," ਗੁਰਚਰਨ ਕੌਰ ਨੇ ਸਾਫ਼ ਕਹਿ ਦਿੱਤਾ।

ਕਰਤਾਰ ਸਿੰਘ ਨੇ ਇਸ਼ਾਰਾ ਕਰ ਕੇ ਗੁਰਚਰਨ ਕੌਰ ਨੂੰ ਅੰਦਰ ਸੱਦਿਆ ਤੇ ਸਮਝਾਇਆ ਕਿ ਉਹ ਇਥੇ ਹੀ ਰਹੇ।

ਪਹਿਲਾਂ ਤਾਂ ਗੁਰਚਰਨ ਕੌਰ ਕਿੰਨਾ ਚਿਰ ਨਾ ਮੰਨੀ, ਪਰ ਅਖ਼ੀਰ ਕਰਤਾਰ ਸਿੰਘ ਦੇ ਆਖੇ ਲੱਗ ਗਈ। ਕਰਤਾਰ ਸਿੰਘ ਝਟ ਹੀ ਤਿਆਰ ਹੋ ਕੇ ਟੁਰ ਪਿਆ।

੧੯

ਗ਼ਫ਼ੂਰ ਤੇ ਮੱਖਣ ਇਸ ਗੱਲ 'ਤੇ ਬੜੇ ਹੈਰਾਨ ਸਨ ਕਿ ਕਰਤਾਰ ਸਿੰਘ ਕਿਉਂ ਨਹੀਂ ਪੁੱਜਾ? ਨੂਰਾਂ ਤੇ ਹਮੀਦਾਂ ਨੇ ਕਲ੍ਹ ਦਾ ਕੁਝ ਨਹੀਂ ਸੀ ਖਾਧਾ। ਉਨ੍ਹਾਂ ਨੂੰ ਇਹੀ ਡਰ ਸੀ ਕਿ ਪਤਾ ਨਹੀਂ ਹੁਣ ਕੀ ਵਾਪਰੇਗੀ? ਇਥੋਂ ਕੱਢ ਕੇ ਸਾਡਾ ਕੀ ਹਸ਼ਰ ਕਰਨਗੇ? ਗ਼ਫ਼ੂਰ ਨੇ ਕਿਹਾ, "ਮੱਖਣ, ਮੈਨੂੰ ਤਾਂ ਇਹੀ ਜਾਪਦਾ ਏ ਕਿ ਸਾਡਾ ਵੀ ਉਨ੍ਹਾਂ ਉਹੀ ਹਸ਼ਰ ਕਰਨਾ ਏ ਜਿਹੜਾ ਅਸਾਂ ਚੌਧਰੀ ਦਾ ਕੀਤਾ ਸੀ।"

"ਨਹੀਂ, ਉਸ ਤਰ੍ਹਾਂ ਨਹੀਂ ਕਰ ਸਕਦੇ।" ਮੱਖਣ ਦੀ ਜ਼ਖ਼ਮਾਂ ਦੇ ਦਰਦ ਨਾਲ ਜਾਨ ਨਿਕਲਦੀ ਜਾਂਦੀ ਸੀ ਪਰ ਫਿਰ ਵੀ ਉਹ ਡਾਢੇ ਹੌਂਸਲੇ ਵਾਲਾ ਸੀ। ਉਸ ਹੌਂਸਲਾ ਦੇਣ ਲਈ ਕਿਹਾ, "ਘਬਰਾਣ ਵਾਲੀ ਕੋਈ ਗੱਲ ਨਹੀਂ। ਕਦੇ ਬਾਬੇ ਦੀਆਂ ਤੇ ਕਦੇ

ਪੋਤੇ ਦੀਆਂ। ਮੈਨੂੰ ਅਜੇ ਵੀ ਨਿਸਚਾ ਏ ਕਿ ਕਰਤਾਰ ਸਿੰਘ ਨੂੰ ਜਦ ਵੀ ਇਤਲਾਹ ਮਿਲੀ, ਉਹ ਜ਼ਰੂਰ ਆਏਗਾ। ਹੋ ਸਕਦਾ ਏ ਕਿ ਪਿੰਡ ਨਾ ਹੋਵੇ। ਜਿਹੜੇ ਬੰਦੇ ਅਸਾਂ ਭੇਜੇ ਸਨ ਉਹ ਵੀ ਤਾਂ ਅਜੇ ਤਕ ਨਹੀਂ ਮੁੜੇ। ਉਹਨਾਂ ਦੇ ਵਾਪਸ ਆਉਣ 'ਤੇ ਹੀ ਅਸਲ ਗੱਲ ਦਾ ਪਤਾ ਲਗੇਗਾ। ਹੋ ਸਕਦਾ ਏ ਕਿ ਕਰਤਾਰ ਸਿੰਘ ਹੋਰੀਂ ਕਿਧਰੇ ਕਾਹਨੂੰਆਣੇ ਵੱਲ ਲੰਘ ਗਏ ਹੋਣ।"

"ਉਹ ਅੱਡਾ ਉਨ੍ਹਾਂ ਦਾ ਉਜੜ ਗਿਆ ਏ," ਗ਼ਫ਼ੂਰ ਨੇ ਕਿਹਾ।

"ਫਿਰ ਬਣ ਗਿਆ ਹੋਵੇਗਾ," ਮੱਖਣ ਨੇ ਕਿਹਾ।

ਇਨ੍ਹਾਂ ਲਈ ਰੋਟੀ ਆ ਗਈ। ਜਿਹੜਾ ਨੌਕਰ ਰੋਟੀ ਲਿਆਇਆ ਸੀ, ਉਹ ਇਨ੍ਹਾਂ ਦਾ ਹਮਦਰਦ ਸੀ। ਉਸ ਰੋਟੀ ਦੇਂਦਿਆਂ ਹੀ ਦੱਸਿਆ ਕਿ ਕਰਤਾਰ ਸਿੰਘ ਵੱਲ ਭੇਜੇ ਆਦਮੀ ਵਾਪਸ ਆ ਗਏ ਹਨ। ਉਨ੍ਹਾਂ ਦੱਸਿਆ ਏ ਕਿ ਕਰਤਾਰ ਸਿੰਘ ਆਪਣੇ ਪਿੰਡ ਨਹੀਂ ਸੀ। ਇਨ੍ਹਾਂ ਉਸ ਨੂੰ ਸਹੁਰੇ ਪਿੰਡ ਜਾ ਕੇ ਇਤਲਾਹ ਦਿੱਤੀ ਏ ਤੇ ਉਹ ਹੁਣੇ ਆ ਰਿਹਾ ਏ।

ਮੱਖਣ ਨੇ ਉਹਨੂੰ ਸਮਝਾਇਆ ਕਿ ਰੋਟੀ ਦੇਣ ਦੇ ਬਹਾਨੇ ਸ਼ਾਮ ਨੂੰ ਉਨ੍ਹਾਂ ਨੂੰ ਭੇਜੀਂ। ਉਨ੍ਹਾਂ ਨਾਲ ਕੁਝ ਹੋਰ ਗੱਲਾਂ ਕਰਨੀਆਂ ਹਨ। ਫਿਰ ਉਸ ਨੂੰ ਹੀ ਪੁੱਛ ਲਿਆ, "ਬਾਹਰ ਦਾ ਕੀ ਹਾਲ ਏ ?"

"ਲੋਕੀ ਰੋਂਦੇ ਪਏ ਨੇ ਪਰ ਕਰ ਕੁਝ ਨਹੀਂ ਸਕਦੇ। ਜੇ ਸਿਖ ਆ ਜਾਣ ਤਾਂ ਲੋਕ ਇਕ ਵਾਰ ਫਿਰ ਹੰਭਲਾ ਮਾਰਨ ਲਈ ਤਿਆਰ ਹਨ।" ਨੌਕਰ ਨੇ ਦੱਸਿਆ।

"ਇਕ ਕੰਮ ਕਰ," ਮੱਖਣ ਨੇ ਕਿਹਾ।

"ਦੱਸੋ।"

"ਚਰਾਗ ਤੇ ਦਾਦੂ ਨੂੰ ਜਾ ਕੇ ਮੇਰਾ ਸੁਨੇਹਾ ਦਈਂ ਕਿ ਸਿੱਖਾਂ ਦਾ ਜਥਾ ਆ ਰਿਹਾ ਹੈ। ਇਸ ਲਈ ਉਹ ਅੰਦਰੋ-ਅੰਦਰੀ ਤਿਆਰੀ ਕਰਦੇ ਰਹਿਣ। ਜੇਕਰ ਸਿਖ ਨਾ ਪਹੁੰਚਣ ਤਾਂ ਉਹ ਸ਼ਾਹੀ ਫ਼ੌਜ ਦਾ ਰਾਹ ਨਾ ਰੋਕਣ ਤੇ ਨਿਗਰਾਨੀ ਰੱਖਣ ਕਿ ਇਹ ਕਿੱਧਰ ਨੂੰ ਜਾਂਦੀਆਂ ਨੇ। ਹੋ ਸਕਦਾ ਏ ਕਿ ਸਾਨੂੰ ਵੀ ਨਾਲ ਹੀ ਕੈਦ ਕਰ ਕੇ ਲੈ ਜਾਣ, ਇਸ ਲਈ ਪੂਰਾ ਪਿੱਛਾ ਕਰਨ ਤੇ ਜਦ ਵੀ ਕਰਤਾਰ ਸਿੰਘ ਪਹੁੰਚੇ ਉਹਨੂੰ ਪਤਾ ਦੇ ਦੇਣ।" ਮੱਖਣ ਨੇ ਸਾਰੀ ਗੱਲ ਉਸ ਨੂੰ ਸਮਝਾ ਕੇ ਭੇਜ ਦਿੱਤਾ।

ਝੱਟ ਪਿੱਛੋਂ ਹੀ ਇਕ ਪਹਿਰੇਦਾਰ ਆਇਆ ਤੇ ਉਸ ਮੱਖਣ ਨੂੰ ਕਿਹਾ, "ਤੁਹਾਨੂੰ ਬਾਹਰ ਡਿਉੜੀ ਵਿਚ ਖ਼ਾਨ ਸਾਹਿਬ ਬੁਲਾ ਰਹੇ ਹਨ।"

"ਕਿਹੜੇ ਖ਼ਾਨ ਸਾਹਿਬ ?" ਮੱਖਣ ਨੇ ਪੁੱਛਿਆ।

"ਫ਼ੌਜ ਦੇ ਜਰਨੈਲ ਖ਼ਾਨ ਸਾਹਿਬ," ਪਹਿਰੇਦਾਰ ਨੇ ਦੱਸਿਆ।

"ਕੀ ਕਹਿੰਦੇ ਨੇ?"

"ਮੈਨੂੰ ਨਹੀਂ ਪਤਾ।"

"ਮੈਂ ਨਹੀਂ ਆ ਸਕਦਾ," ਮੱਖਣ ਨੇ ਕਿਹਾ, "ਕੰਮ ਉਨ੍ਹਾਂ ਨੂੰ ਏ ਇਸ ਲਈ ਉਹ ਆ ਜਾਣ। ਜੇ ਮੈਨੂੰ ਕੋਈ ਕੰਮ ਹੋਇਆ ਤਾਂ ਮੈਂ ਪਹੁੰਚ ਜਾਵਾਂਗਾ।" ਅਜੇ ਅਖ਼ੀਰੀ ਵਾਕ ਮੱਖਣ ਦੇ ਮੂੰਹ ਵਿਚ ਹੀ ਸੀ ਕਿ ਖ਼ਾਨ ਸਾਹਿਬ ਵੀ ਉਥੇ ਪਹੁੰਚ ਗਏ। ਉਨ੍ਹਾਂ ਆਉਂਦਿਆਂ ਕਿਹਾ, "ਆ ਨਹੀਂ ਸਕਦਾ ਤੂੰ, ਵੱਡਾ ਸੂਬੇਦਾਰ ਦਾ ਪੁੱਤਰ ਨਾ ਹੋਵੇ ਤਾਂ।"

"ਜ਼ਬਾਨ ਸੰਭਾਲ ਕੇ ਬੋਲੋ। ਆਪਣੀ ਇੱਜ਼ਤ ਹਰ ਕਿਸੇ ਦੇ ਆਪਣੇ ਹੱਥ ਵਿਚ ਹੁੰਦੀ ਏ। ਜੇ ਤੁਸੀਂ ਮੈਨੂੰ ਮਾੜਾ ਬੋਲੋਗੇ ਤਾਂ ਮੇਰੇ ਪਾਸੋਂ ਚੰਗੇ ਦੀ ਆਸ ਨਾ ਰੱਖੋ।" ਮੱਖਣ ਨੇ ਨਿਝੱਕ ਹੋ ਕੇ ਕਿਹਾ।

"ਚਲ ਓਇ, ਆਇਆ ਏ ਵੱਡਾ ਮੱਤ ਦੇਣ ਮੈਨੂੰ। ਮੈਂ ਤੈਨੂੰ ਸੱਦਿਆ ਸੀ ਤੇਰੇ ਭਲੇ ਲਈ ਪਰ ਜਾਪਦਾ ਏ ਕਿ ਤੈਨੂੰ ਆਪਣੇ ਭਲੇ ਦੀ ਲੋੜ ਨਹੀਂ।" ਖ਼ਾਨ ਸਾਹਿਬ ਨੇ ਕਿਹਾ।

"ਭਲਾ ਤਾਂ ਹਰ ਕੋਈ ਚਾਹੁੰਦਾ ਏ ਪਰ ਤੁਹਾਡੇ ਤੋਂ ਭਲੇ ਦੀ ਆਸ ਕਰਨੀ ਹੀ ਮੂਰਖਤਾ ਏ," ਮੱਖਣ ਨੇ ਕਿਹਾ।

ਖ਼ਾਨ ਸਾਹਿਬ ਨੇ ਨਜ਼ਰ ਭਰ ਕੇ ਗ਼ਫ਼ੂਰ ਵੱਲ ਦੇਖਿਆ ਤੇ ਉਹਨੂੰ ਹੱਥ ਨਾਲ ਇਸ਼ਾਰਾ ਕਰ ਕੇ ਸੱਦਿਆ। ਗ਼ਫ਼ੂਰ ਉਠ ਕੇ ਆ ਗਿਆ। ਉਸਨੂੰ ਇਕ ਪਾਸੇ ਲਿਜਾ ਕੇ ਖ਼ਾਨ ਸਾਹਿਬ ਨੇ ਕਿਹਾ, "ਮੱਖਣ ਤਾਂ ਜਵਾਨੀ ਦੇ ਜੋਸ਼ ਵਿਚ ਪਾਗਲ ਏ, ਪਰ ਤੁਸੀਂ ਸਿਆਣੇ ਹੋ। ਜੇਕਰ ਮਾਫ਼ੀਨਾਮੇ 'ਤੇ ਦਸਖ਼ਤ ਕਰ ਦਿਓ ਤੇ ਅੱਗੋਂ ਲਈ ਚੌਧਰੀ ਦੇ ਵਫ਼ਾਦਾਰ ਰਹਿਣ ਦਾ ਭਰੋਸਾ ਦਿਵਾ ਦਿਓ ਤਾਂ ਅਸੀਂ ਤੁਹਾਨੂੰ ਛੱਡ ਸਕਦੇ ਹਾਂ।"

"ਨਹੀਂ, ਮਾਫ਼ੀਨਾਮੇ 'ਤੇ ਅਸੀਂ ਦਸਖ਼ਤ ਨਹੀਂ ਕਰ ਸਕਦੇ। ਇਸ ਨੀਚਤਾ ਭਰੇ ਕਦਮ ਨਾਲੋਂ ਮਰ ਜਾਣਾ ਚੰਗਾ ਏ।" ਗ਼ਫ਼ੂਰ ਨੇ ਕਿਹਾ।

"ਵੇਖ ਲਓ, ਮੈਂ ਤਾਂ ਤੁਹਾਡੇ ਭਲੇ ਦੀ ਗੱਲ ਕਰ ਰਿਹਾ ਸਾਂ। ਜੇ ਨਹੀਂ ਮੰਨੋਗੇ ਤਾਂ ਮਜਬੂਰ ਹੋ ਕੇ ਤੁਹਾਨੂੰ ਲਾਹੌਰ ਲੈ ਜਾਵਾਂਗੇ।" ਖ਼ਾਨ ਸਾਹਿਬ ਨੇ ਕਿਹਾ।

"ਤੁਹਾਡੀ ਕੈਦ ਵਿਚ ਹਾਂ, ਜਿੱਥੇ ਜੀਅ ਕਰੇ ਲੈ ਚਲੋ, ਪਰ ਇਕ ਗੱਲ ਧਿਆਨ ਨਾਲ ਸੁਣ ਲਓ ਕਿ ਤੁਹਾਡੇ ਚੌਧਰੀ ਨੂੰ ਲੋਕਾਂ ਫਿਰ ਵੀ ਬਰਦਾਸ਼ਤ ਨਹੀਂ ਕਰਨਾ। ਜੇ ਉਹ ਲੋਕਾਂ ਜੋਗਾ ਹੁੰਦਾ ਤਾਂ ਕਦੇ ਵੀ ਲੋਕ ਸਾਡਾ ਸਾਥ ਨਾ ਦੇਂਦੇ। ਇਸ ਲਈ ਸਾਨੂੰ ਮਾਰਨ ਜਾਂ ਨਾ ਮਾਰਨ ਨਾਲ ਕੋਈ ਫ਼ਰਕ ਨਹੀਂ ਪੈ ਸਕਦਾ।"

"ਇਹ ਵੇਖੀ ਜਾਏਗੀ," ਖ਼ਾਨ ਸਾਹਿਬ ਨੇ ਕਿਹਾ ਤੇ ਸਿਪਾਹੀਆਂ ਨੂੰ ਸੰਬੋਧਨ ਕਰ ਕੇ ਹੁਕਮ ਦਿੱਤਾ, "ਇਨ੍ਹਾਂ ਦੀਆਂ ਮੁਸ਼ਕਾਂ ਬੰਨ੍ਹ ਦਿਓ ਤੇ ਸਭ ਨੂੰ ਨਾਲ ਲੈ ਕੇ

ਲਾਹੌਰ ਨੂੰ ਚਲ ਪਓ।"

ਝਟ-ਪਟ ਤਿਆਰੀ ਹੋ ਗਈ। ਦਿੱਲੀ ਤੋਂ ਆਈ ਸ਼ਾਹੀ ਫ਼ੌਜ ਦੌਰਾ ਕਰਨ ਲਈ ਅਗਲੇ ਪਾਸੇ ਲੰਘ ਗਈ ਤੇ ਖ਼ਾਨ ਸਾਹਿਬ ਆਪਣੇ ਦਸਤੇ ਸਮੇਤ ਲਾਹੌਰ ਨੂੰ ਚਲ ਪਏ।

ਚੌਧਰੀ ਤੇ ਉਹਦੇ ਚਾਟੜੇ ਇਨ੍ਹਾਂ ਨੂੰ ਪਿੰਡ ਤੋਂ ਬਾਹਰ ਤਕ ਛੱਡਣ ਆਏ ਤੇ ਜਾਂਦਿਆਂ ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਮੇਰੇ ਗ਼ਰੀਬ ਦਾ ਖ਼ਿਆਲ ਰੱਖਿਆ ਜੇ। ਸਿੱਖਾਂ ਨੇ ਫਿਰ ਤੰਗ ਕੀਤਾ ਤਾਂ ਤੁਹਾਨੂੰ ਇਤਲਾਹ ਭੇਜਾਂਗਾ। ਮੈਂ ਤੁਹਾਡਾ ਨੌਕਰ ਹਾਂ ਤੇ ਹਰ ਹੁਕਮ 'ਤੇ ਫੁਲ ਚੜ੍ਹਾਂਦਾ ਰਹਾਂਗਾ।"

ਨੂਰਾਂ ਤੇ ਹਮੀਦਾਂ ਦੀਆਂ ਵੀ ਮੁਸ਼ਕਾਂ ਬੰਨ੍ਹ ਕੇ ਉਨ੍ਹਾਂ ਨੂੰ ਇਕ ਤੇਜ਼ ਰਫ਼ਤਾਰ ਰੱਥ ਵਿਚ ਬਿਠਾਇਆ ਗਿਆ। ਹਮੀਦਾਂ ਨੇ ਇਕ ਲੰਮਾ ਸਾਰਾ ਹਉਕਾ ਲੈ ਕੇ ਕਿਹਾ, "ਵੇਖ ਕਿਸਮਤ ਦੀਆਂ ਗੱਲਾਂ। ਰੱਬ ਸਾਨੂੰ ਕੀ ਕੀ ਰੰਗ ਦਿਖਾ ਰਿਹਾ ਏ।"

"ਮਾਂ, ਮੇਰਾ ਹੁਣ ਵੀ ਦਿਲ ਕਹਿੰਦਾ ਏ ਕਰਤਾਰ ਸਿੰਘ ਜ਼ਰੂਰ ਆਏਗਾ। ਉਹਨੂੰ ਸਾਡੀ ਗ੍ਰਿਫ਼ਤਾਰੀ ਦਾ ਜਿਸ ਵੇਲੇ ਪਤਾ ਲੱਗਾ ਉਸੇ ਵੇਲੇ ਉਹ ਸੌ ਕੰਮ ਛੱਡ ਕੇ ਦੌੜੇਗਾ ਤੇ ਜਦ ਤਕ ਸਾਨੂੰ ਛੁਡਾ ਨਾ ਲਏਗਾ ਉਦੋਂ ਤਕ ਰੋਟੀ ਨਹੀਂ ਖਾਏਗਾ।" ਨੂਰਾਂ ਨੇ ਬੜੇ ਵਿਸ਼ਵਾਸ ਨਾਲ ਕਿਹਾ।

ਹਮੀਦਾਂ ਨੇ ਇਕ ਹੋਰ ਹਉਕਾ ਲਿਆ। ਇਉਂ ਜਾਪਦਾ ਸੀ ਕਿ ਉਹਨੇ ਕਰਤਾਰ ਸਿੰਘ ਦੀ ਹੁਣ ਆਸ ਲਾਹ ਦਿੱਤੀ ਏ। ਨੂਰਾਂ ਦੀਆਂ ਦਿੱਤੀਆਂ ਤਸੱਲੀਆਂ ਦਾ ਵੀ ਉਸ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਹਮੀਦਾਂ ਸੋਚਾਂ ਵਿਚ ਡੁਬ ਗਈ ਤੇ ਉਹਦੀਆਂ ਅੱਖਾਂ ਸਾਹਮਣੇ ਆ ਰਹੇ ਸਮੇਂ ਦੀ ਕਲਪਤ ਤਸਵੀਰ ਆਉਣ ਲੱਗ ਪਈ। ਉਹਨੂੰ ਸਰਕਾਰ ਵਲੋਂ ਦਿੱਤੇ ਜਾਣ ਵਾਲੇ ਕਸ਼ਟਾਂ ਦਾ ਵੀ ਡਰ ਨਹੀਂ ਸੀ, ਪਰ ਜਦ ਉਹਨੂੰ ਨੂਰਾਂ ਦੀ ਇੱਜ਼ਤ ਦਾ ਖ਼ਿਆਲ ਆਉਂਦਾ ਤਾਂ ਉਹਦਾ ਸਾਰਾ ਸਰੀਰ ਇਕ ਵਾਰ ਕੰਬ ਜਾਂਦਾ।

ਕਾਫ਼ਲਾ ਪੰਦਰਾਂ ਮੀਲ ਪਿੰਡ ਤੋਂ ਦੂਰ ਚਲਾ ਗਿਆ। ਇਨ੍ਹਾਂ ਦੇ ਰੱਥ ਦੇ ਅੱਗੇ ਪਿੱਛੇ ਵੀ ਘੋੜ-ਸਵਾਰ ਫ਼ੌਜੀ ਸਨ ਤੇ ਇਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਗ਼ਫ਼ੂਰ ਤੇ ਮੱਖਣ ਨੂੰ ਵੀ ਨਾਲ ਲਿਜਾ ਰਹੇ ਹਨ ਕਿ ਨਹੀਂ। ਪਿੰਡ ਤੋਂ ਟੁਰਨ ਸਮੇਂ ਉਨ੍ਹਾਂ ਨੂੰ ਵੀ ਉਸੇ ਵੇਲੇ ਬਾਹਰ ਕੱਢਿਆ ਗਿਆ ਸੀ, ਇਸ ਲਈ ਇਨ੍ਹਾਂ ਦੇ ਮਨ ਨੂੰ ਕੁਝ ਤਸੱਲੀ ਸੀ ਕਿ ਜ਼ਰੂਰ ਨਾਲ ਹੀ ਜਾ ਰਹੇ ਹੋਣਗੇ।

ਬਾਹਰ ਜ਼ੋਰ ਨਾਲ ਰੌਲਾ ਸੁਣਾਈ ਦਿੱਤਾ। ਜਦ ਨੂਰਾਂ ਨੇ ਰੱਥ ਦੇ ਪਰਦੇ ਨੂੰ ਇਕ ਪਾਸੇ ਕਰ ਕੇ ਜ਼ਰਾ ਦੇਖਿਆ ਤਾਂ ਸ਼ਾਹੀ ਫ਼ੌਜ ਦੇ ਘੋੜੇ ਸੜਕ ਛੱਡ ਕੇ ਇਕ ਪਾਸੇ ਦੌੜਦੇ

ਜਾ ਰਹੇ ਸਨ। ਉਸ ਹਮੀਦਾਂ ਨੂੰ ਕਿਹਾ, "ਇਉਂ ਜਾਪਦਾ ਏ ਕਿ ਕੋਈ ਖ਼ਾਸ ਗੱਲ ਵਾਪਰ ਗਈ ਏ।"

"ਕਿਉਂ ?" ਹਮੀਦਾਂ ਨੇ ਸੋਚਾਂ ਦੇ ਸਮੁੰਦਰ ਵਿਚੋਂ ਪਿੱਛੇ ਮੁੜਦਿਆਂ ਪੁੱਛਿਆ।

"ਸ਼ਾਹੀ ਫ਼ੌਜਾਂ ਚੜ੍ਹਦੇ ਪਾਸੇ ਭੱਜੀਆਂ ਜਾ ਰਹੀਆਂ ਹਨ," ਨੂਰਾਂ ਨੇ ਦੱਸਿਆ।

ਝੱਟ ਪਿਛੋਂ ਰੱਥ ਵੀ ਖੜੀ ਹੋ ਗਈ। ਇਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਜ਼ਰੂਰ ਕੋਈ ਹਮਲਾ ਹੋ ਗਿਆ ਏ। ਨੂਰਾਂ ਨੇ ਕਿਹਾ, "ਹੋ ਸਕਦਾ ਏ ਕਿ ਕਰਤਾਰ ਸਿੰਘ ਹੋਰੀਂ ਆ ਗਏ ਹੋਣ।"

ਹਮੀਦਾਂ ਨੇ ਪਰਦਾ ਥੋੜ੍ਹਾ ਜਿਹਾ ਇਕ ਪਾਸੇ ਕਰਕੇ ਰਥਵਾਨ ਨੂੰ ਪੁੱਛਿਆ, "ਕੀ ਗੱਲ ਏ ?"

"ਸਿੱਖਾਂ ਦਾ ਹਮਲਾ ਹੋ ਗਿਆ ਏ," ਉਸ ਉੱਤਰ ਦਿੱਤਾ।

ਹਮੀਦਾਂ ਤੇ ਨੂਰਾਂ ਦੇ ਚਿਹਰੇ ਖਿੜ ਗਏ। ਉਨ੍ਹਾਂ ਨੂੰ ਇਹ ਪੱਕਾ ਪਤਾ ਸੀ ਕਿ ਜੇਕਰ ਸਿੰਘ ਹਮਲਾ ਕਰ ਕੇ ਆਏ ਹਨ ਤਾਂ ਉਹ ਸ਼ਾਹੀ ਫ਼ੌਜਾਂ ਦੇ ਪੈਰ ਨਹੀਂ ਲੱਗਣ ਦੇਣਗੇ। ਨੂਰਾਂ ਨੇ ਮੁਸਕਰਾਂਦਿਆਂ ਮਾਂ ਨੂੰ ਕਿਹਾ, "ਵੇਖਿਆ ਈ ਕਿ ਨਹੀਂ। ਤੂੰ ਨਹੀਂ ਸੈਂ ਮੰਨਦੀ। ਕਰਤਾਰ ਸਿੰਘ ਆ ਗਿਆ ਏ ਤੇ ਹੁਣ ਉਹ ਰਥ ਨੂੰ ਅੱਗੇ ਨਹੀਂ ਜਾਣ ਦੇਂਦਾ।"

ਗੋਲੀਆਂ ਚੱਲਣ ਲੱਗ ਪਈਆਂ। ਦੋ ਚਾਰ ਮਿੰਟ ਪਿੱਛੋਂ ਸਿੱਖਾਂ ਦਾ ਜਥਾ ਤੇ ਸ਼ਾਹੀ ਫ਼ੌਜ ਇਕ ਦੂਜੇ ਦੇ ਬਿਲਕੁਲ ਸਾਹਮਣੇ ਹੋ ਗਏ।

ਘੋੜੇ ਇਕ ਦੂਜੇ ਦੇ ਵਿਚ ਆ ਵੜੇ। ਮਿੱਟੀ ਘੱਟਾ ਇਤਨਾ ਉਡਿਆ ਕਿ ਹਮੀਦਾਂ ਤੇ ਨੂਰਾਂ ਨੂੰ ਨੇੜੇ ਲੜਾਈ ਹੁੰਦੀ ਵੀ ਨਾ ਦਿਸੀ।

ਦੋਹਾਂ ਪਾਸਿਆਂ ਦੇ ਜਵਾਨ ਤਲਵਾਰਾਂ ਧੂਹ ਕੇ ਇਕ ਦੂਜੇ ਦੇ ਗਲ ਪੈ ਗਏ। ਅੱਧਾ ਘੰਟਾ ਬੱਝਵੀਂ ਲੜਾਈ ਹੋਈ। ਸਿੰਘਾਂ ਦਾ ਜਥਾ ਗਿਣਤੀ ਵਿਚ ਸ਼ਾਹੀ ਫ਼ੌਜ ਤੋਂ ਘੱਟ ਨਹੀਂ ਸੀ। ਤਲਵਾਰ ਦੀ ਲੜਾਈ ਵਿਚ ਜਦ ਸਿੰਘਾਂ ਨੇ ਘੋੜਿਆਂ ਤੋਂ ਉਤਰ ਕੇ ਗਤਕਾ ਖੇਡਿਆ ਤਾਂ ਸ਼ਾਹੀ ਫ਼ੌਜਾਂ ਤੋਂ ਵਾਰ ਸੰਭਾਲਣੇ ਔਖੇ ਹੋ ਗਏ। ਤਲਵਾਰ ਦੀ ਲੜਾਈ ਵਿਚ ਤਾਂ ਸ਼ਾਹੀ ਫ਼ੌਜਾਂ ਨੇ ਵਾਰ ਘੱਟ ਹੀ ਕੀਤੇ। ਬਹੁਤਾ ਸਮਾਂ ਤਾਂ ਸਿੰਘਾਂ ਦੇ ਵਾਰ ਰੋਕਣ ਵਿਚ ਹੀ ਰੁੱਝੀਆਂ ਰਹੀਆਂ।

ਮੈਦਾਨ ਵਿਚ ਚੀਕ-ਚਿਹਾੜਾ ਮਚ ਗਿਆ। ਜਿਸਨੂੰ ਵੀ ਇਕ ਤਲਵਾਰ ਟਿਕਾਣੇ ਦੀ ਵੱਜ ਜਾਂਦੀ, ਉਹੀ ਘੋੜੇ ਤੋਂ ਉਲਰਦਾ ਥੱਲੇ ਡਿੱਗ ਪੈਂਦਾ। ਜਿਉਂ ਜਿਉਂ ਲੋਕਾਂ ਦਾ ਚੀਕ-ਚਿਹਾੜਾ ਵਧਦਾ ਜਾਂਦਾ, ਨੂਰਾਂ ਤੇ ਹਮੀਦਾਂ ਦਾ ਦਿਲ ਕੰਬਦਾ। ਦੋਹਾਂ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਰੱਬ ਤੋਂ ਕਰਤਾਰ ਸਿੰਘ ਦੀ ਖ਼ੈਰ ਦੀ ਦੁਆ ਮੰਗਣ ਲੱਗ

ਪਈਆਂ। ਹੱਥ ਬੱਧੇ ਹੋਏ ਸਨ, ਨਹੀਂ ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਇਸਲਾਮੀ ਤਰੀਕੇ ਨਾਲ ਦੁਆ ਮੰਗਣੀ ਸੀ।

ਹੌਲੀ ਹੌਲੀ ਰੌਲਾ ਨੇੜੇ ਆਉਂਦਾ ਗਿਆ। ਇਹਨਾਂ ਦੇ ਦਿਲਾਂ ਦੀ ਧੜਕਣ ਹੋਰ ਵਧਦੀ ਗਈ। ਝਟ ਪਿਛੋਂ ਹੀ ਘੋੜੇ ਭੱਜਦੇ ਸੁਣਾਈ ਦਿੱਤੇ। ਇਨ੍ਹਾਂ ਧਿਆਨ ਨਾਲ ਦੇਖਿਆ ਤਾਂ ਸ਼ਾਹੀ ਫ਼ੌਜਾਂ ਭੱਜੀਆਂ ਜਾ ਰਹੀਆਂ ਸਨ। ਨੂਰਾਂ ਨੇ ਉੱਚੀ ਸਾਰੀ ਕਿਹਾ, "ਮਾਂ, ਸ਼ਾਹੀ ਫ਼ੌਜਾਂ ਚੱਲੀਆਂ ਨੀ। ਘੋੜੇ ਪਿੱਛੇ ਨੂੰ ਦੌੜ ਰਹੇ ਹਨ।"

ਨੂਰਾਂ ਨੇ ਅਗਲੇ ਪਾਸੇ ਧਿਆਨ ਨਾਲ ਦੇਖਿਆ ਤਾਂ ਰਥਵਾਨ ਵੀ ਕੋਈ ਨਹੀਂ ਸੀ। ਉਹ ਸਮਝ ਗਈ ਕਿ ਉਹ ਵੀ ਭੱਜ ਗਿਆ ਏ।

ਨੂਰਾਂ ਤੋਂ ਰਿਹਾ ਨਾ ਗਿਆ ਤੇ ਉਹ ਜ਼ੋਰ ਨਾਲ ਹੰਭਲਾ ਮਾਰ ਕੇ ਉਠ ਬੈਠੀ ਪਰ ਰੱਥ ਵਿਚੋਂ ਉਤਰਨਾ ਔਖਾ ਸੀ ਕਿਉਂਕਿ ਹੱਥ ਬੱਧੇ ਹੋਏ ਸਨ ਤੇ ਕਿਸੇ ਪਾਸੇ ਹੱਥ ਨਹੀਂ ਸੀ ਪਾਇਆ ਜਾ ਸਕਦਾ। ਮੂੰਹ ਨਾਲ ਉਸ ਕਪੜਾ ਇਕ ਪਾਸੇ ਕੀਤਾ। ਹਮੀਦਾਂ ਨੇ ਕਿਹਾ, "ਕਾਹਲੀ ਨਾ ਕਰ, ਪਹਿਲਾਂ ਪਤਾ ਤਾਂ ਲੱਗ ਲਵੇ ਕਿ ਆਏ ਕੌਣ ਨੇ।"

"ਸਿਖ ਈ ਨੇ ਹੋਰ ਕੌਣ ਏ, ਉਹ ਵੇਖ ਖਾਂ ਸਾਹਮਣੇ ਆਉਂਦੇ ਨਜ਼ਰ ਆ ਰਹੇ ਹਨ," ਨੂਰਾਂ ਨੇ ਕਿਹਾ।

"ਹੋ ਸਕਦਾ ਏ ਕਿ ਕਰਤਾਰ ਸਿੰਘ ਨਾ ਹੋਵੇ ਤੇ ਕੋਈ ਹੋਰ ਹੀ ਹੋਣ," ਹਮੀਦਾਂ ਨੇ ਸ਼ੱਕ ਪ੍ਰਗਟ ਕੀਤਾ।

"ਕੋਈ ਸਿਖ ਵੀ ਹੋਵੇ ਉਹ ਮਾੜਾ ਨਹੀਂ ਹੋ ਸਕਦਾ। ਸਭ ਭਾਊ ਕਰਤਾਰ ਸਿੰਘ ਵਰਗੇ ਹੀ ਹੋਣਗੇ।"

ਇਕ ਘੋੜ-ਸਵਾਰ ਸਿੰਘ ਰੱਥ ਦੇ ਨੇੜੇ ਆ ਗਿਆ। ਉਸ ਨੇ ਆਪ ਕਪੜਾ ਚੁਕਣਾ ਠੀਕ ਨਾ ਸਮਝਿਆ ਤੇ ਆਵਾਜ਼ ਦਿੱਤੀ, "ਕੌਣ ਨੇ ਇਸ ਵਿਚ ?"

ਨੂਰਾਂ ਨੇ ਫਿਰ ਕਪੜਾ ਮੂੰਹ ਨਾਲ ਇਕ ਪਾਸੇ ਕੀਤਾ ਤੇ ਪਛਾਣ ਲਿਆ ਕਿ ਇਹ ਤਾਂ ਕਰਤਾਰ ਸਿੰਘ ਦਾ ਸਾਥੀ ਸਿਖ ਏ। ਜਿਸ ਦਿਨ ਕਰਤਾਰ ਸਿੰਘ ਚੌਧਰੀ ਨੂੰ ਫੜਨ ਆਇਆ ਸੀ, ਉਸ ਦਿਨ ਇਹ ਨਾਲ ਸੀ।

"ਸਾਡੇ ਹੱਥ ਬੱਧੇ ਹੋਏ ਹਨ," ਨੂਰਾਂ ਨੇ ਕਿਹਾ। ਸਿੰਘ ਘੋੜੇ ਤੋਂ ਉਤਰਿਆ ਤੇ ਉਨ੍ਹਾਂ ਦੇ ਹੱਥ ਖੋਲ੍ਹ ਦਿੱਤੇ। ਦੋਵੇਂ ਰੱਥ ਤੋਂ ਬਾਹਰ ਆ ਗਈਆਂ। ਹਮੀਦਾਂ ਨੇ ਬਾਹਰ ਨਿਕਲ ਕੇ ਪਹਿਲਾ ਸਵਾਲ ਕੀਤਾ, "ਕਰਤਾਰ ਸਿੰਘ ਕਿੱਥੇ ਏ ?"

"ਹੁਣੇ ਆ ਜਾਂਦੇ ਨੇ ਇੱਥੇ ਹੀ ਕਿਧਰੇ ਹੋਣਗੇ," ਸਿੰਘ ਨੇ ਕਿਹਾ।

ਸਿੰਘਾਂ ਦਾ ਜਥਾ ਵੀ ਹੁਣ ਵਿਹਲਾ ਹੋ ਕੇ ਆਇਆ ਪਰ ਕਰਤਾਰ ਸਿੰਘ ਉਹਨਾਂ ਵਿਚ ਨਹੀਂ ਸੀ। ਸਾਰਿਆਂ ਨੂੰ ਫ਼ਿਕਰ ਪੈ ਗਿਆ ਕਿ ਕਰਤਾਰ ਸਿੰਘ ਕਿੱਧਰ ਚਲਿਆ

ਗਿਆ ਏ। ਝਟ-ਪਟ ਸਿੰਘਾਂ ਦਾ ਜਥਾ ਪਿੱਛੇ ਮੁੜਿਆ ਤੇ ਮੈਦਾਨ ਵਿਚ ਪਏ ਜ਼ਖਮੀਆਂ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਵੀ ਸਖ਼ਤ ਜ਼ਖ਼ਮੀ ਹਾਲਤ ਵਿਚ ਪਿਆ ਸੀ। ਭਾਵੇਂ ਜ਼ਖ਼ਮ ਡੂੰਘਾ ਲੱਗਣ ਨਾਲ ਸਾਰਾ ਖ਼ੂਨ ਨੁੱਚੜ ਗਿਆ ਸੀ ਪਰ ਫਿਰ ਵੀ ਅਜੇ ਤਕ ਸਿੰਘ ਪੂਰੀ ਤਰ੍ਹਾਂ ਸੁਚੇਤ ਸੀ।

ਸਿਆਣੇ ਫੱਟ ਬੰਨ੍ਹਾਂ ਨੇ ਝਟ-ਪਟ ਇਹਨਾਂ ਦਾ ਖ਼ੂਨ ਬੰਦ ਕੀਤਾ ਤੇ ਮਰ੍ਹਮ ਪੱਟੀ ਕਰ ਦਿੱਤੀ। ਕਰਤਾਰ ਸਿੰਘ ਨੂੰ ਇਕ ਸਿੰਘ ਮੋਢੇ 'ਤੇ ਚੁਕ ਲਿਆਇਆ ਤੇ ਲਿਆ ਕੇ ਰੱਥ ਵਿਚ ਲਿਟਾ ਦਿੱਤਾ।

ਕਰਤਾਰ ਸਿੰਘ ਦੀ ਹਾਲਤ ਮਾੜੀ ਦੇਖ ਕੇ ਹਮੀਦਾਂ ਤੇ ਨੂਰਾਂ ਦੋਵੇਂ ਘਬਰਾ ਗਈਆਂ। ਕਰਤਾਰ ਸਿੰਘ ਨੇ ਇਕ ਸਾਥੀ ਨੂੰ ਇਸ਼ਾਰਾ ਕਰ ਕੇ ਨੇੜੇ ਬੁਲਾ ਲਿਆ ਤੇ ਕਿਹਾ, "ਜ਼ਰਾ ਚੰਗੀ ਤਰ੍ਹਾਂ ਮੈਦਾਨ ਵਿਚ ਜ਼ਖ਼ਮੀਆਂ ਨੂੰ ਦੇਖ ਲਓ। ਸ਼ਾਹੀ ਫ਼ੌਜਾਂ ਦੇ ਸਾਰੇ ਫਟੜਾਂ ਨੂੰ ਵੀ ਠੀਕ ਤਰ੍ਹਾਂ ਮਰ੍ਹਮ ਪੱਟੀ ਕਰ ਦਿਓ।" ਉਹ ਸਿੰਘ ਚਲਾ ਗਿਆ।

ਇਕ ਹੋਰ ਸਿੰਘ ਨੂੰ ਬੁਲਾ ਕੇ ਸ: ਕਰਤਾਰ ਸਿੰਘ ਨੇ ਕਿਹਾ, "ਝਟ-ਪਟ ਜਥਾ ਲੈ ਕੇ ਖ਼ੈਰਾਬਾਦ ਪਹੁੰਚ ਜਾਉ। ਜੇ ਚੌਧਰੀ ਨੂੰ ਪਹਿਲਾਂ ਪਤਾ ਲੱਗ ਗਿਆ ਤਾਂ ਉਹ ਨੱਸ ਜਾਏਗਾ। ਉਹਨੂੰ ਨੱਸਣ ਨਹੀਂ ਦੇਣਾ।" ਸਿੰਘ ਜਾਣ ਲੱਗਾ ਤਾਂ ਬੁਲਾ ਕੇ ਫਿਰ ਕਿਹਾ, ਗ਼ਫ਼ੂਰ ਤੇ ਮੱਖਣ ਦਾ ਪਤਾ ਕੀਤਾ ਜੇ?"

"ਗਏ ਹੋਏ ਨੇ ਸਿੰਘ ਪਤਾ ਕਰਨ," ਉਸ ਕਿਹਾ।

"ਤੁਹਾਨੂੰ ਕੁਝ ਪਤਾ ਏ ਕਿ ਉਹ ਕਿਥੇ ਨੇ?" ਕਰਤਾਰ ਸਿੰਘ ਨੇ ਨੂਰਾਂ ਤੇ ਹਮੀਦਾਂ ਨੂੰ ਸੰਬੋਧਨ ਕਰ ਕੇ ਪੁੱਛਿਆ।

"ਸਾਨੂੰ ਨਹੀਂ ਪਤਾ," ਹਮੀਦਾਂ ਨੇ ਕਿਹਾ।

ਸਿੰਘ ਉਹਨਾਂ ਨੂੰ ਵੀ ਲੱਭ ਲਿਆਏ। ਉਹਨਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ। ਜਦ ਅਚਾਨਕ ਲੜਾਈ ਸ਼ੁਰੂ ਹੋ ਗਈ ਤਾਂ ਸ਼ਾਹੀ ਫ਼ੌਜ ਦੇ ਸਵਾਰ ਉਨ੍ਹਾਂ ਨੂੰ ਇਕ ਪਾਸੇ ਖੇਤਾਂ ਵਿਚ ਸੁਟ ਕੇ ਨੱਸ ਗਏ। ਉਥੋਂ ਉਹ ਉਠ ਕੇ ਆ ਰਹੇ ਸਨ ਕਿ ਰਾਹ ਵਿਚ ਹੀ ਸਿੰਘ ਮਿਲ ਪਏ।

ਕਰਤਾਰ ਸਿੰਘ ਨੂੰ ਆਪਣਾ ਦਰਦ ਭੁਲ ਗਿਆ ਤੇ ਉਹ ਲਗਾਤਾਰ ਇਸੇ ਤਰ੍ਹਾਂ ਗੱਲਾਂ ਕਰਦਾ ਰਿਹਾ। ਅਖ਼ੀਰ ਥੱਕ ਗਿਆ ਤੇ ਕਮਜ਼ੋਰੀ ਨਾਲ ਇਕਦਮ ਘਬਰਾ ਗਿਆ।

ਰੱਥ ਖ਼ੈਰਾਬਾਦ ਨੂੰ ਟੋਰ ਲਈ ਗਈ।

ਚੌਧਰੀ ਨੂੰ ਇਹ ਪਤਾ ਲੱਗ ਗਿਆ ਸੀ ਕਿ ਸ਼ਾਹੀ ਫ਼ੌਜਾਂ ਨੂੰ ਰਾਹ ਵਿਚ ਸਿੱਖਾਂ ਨੇ ਰੋਕ ਲਿਆ ਏ, ਪਰ ਉਹਨੂੰ ਇਹ ਆਸ ਉੱਕਾ ਨਹੀਂ ਸੀ ਕਿ ਸਿਖ ਇਤਨੇ ਮਜ਼ਬੂਤ ਹੋ ਕੇ ਪੈਣਗੇ ਕਿ ਸ਼ਾਹੀ ਫ਼ੌਜ ਦੇ ਪੈਰ ਨਹੀਂ ਲੱਗਣ ਦੇਣਗੇ। ਪਿੰਡ ਵਿਚੋਂ ਸ਼ਾਹੀ ਫ਼ੌਜ ਦੇ ਜਾਣ ਪਿਛੋਂ ਚੌਧਰੀ ਨੇ ਸ਼ਰਾਬ ਦਾ ਦੌਰ ਸ਼ੁਰੂ ਕਰ ਦਿੱਤਾ ਤੇ ਮੁੜ ਪਿੰਡ 'ਤੇ ਕਾਬਜ਼ ਹੋਣ ਦੀ ਖ਼ੁਸ਼ੀ ਵਿਚ ਜਸ਼ਨ ਅਰੰਭ ਦਿੱਤਾ। ਉਹਨੂੰ ਇਹ ਸ਼ਰਮ ਵੀ ਨਾ ਰਹੀ ਕਿ ਉਹਦਾ ਮੂੰਹ ਕਾਲਾ ਕਰ ਕੇ ਪਿੰਡ ਵਿਚ ਜਲੂਸ ਕਢਿਆ ਗਿਆ ਸੀ। ਆਪਣੀ ਨਮੋਸ਼ੀ ਦਾ ਅਹਿਸਾਸ ਭੁਲਾ ਕੇ ਉਹ ਸ਼ਰਾਬ ਦੇ ਪਿਆਲੇ ਭਰ ਭਰ ਕੇ ਪੀਂਦਾ ਗਿਆ। ਚੌਧਰੀ ਸ਼ਰਾਬ ਦਾ ਚੰਗਾ ਪਿਆਕਲ ਹੋਣ ਕਾਰਨ ਬੋਤਲ ਤਕ ਤਾਂ ਸਾਧਾਰਨ ਤੌਰ 'ਤੇ ਪੀ ਜਾਂਦਾ ਸੀ। ਉਲਟੀ ਜਾਂ ਬੇਹੋਸ਼ੀ ਉਹਨੂੰ ਬਹੁਤ ਜ਼ਿਆਦਾ ਪੀਣ 'ਤੇ ਹੀ ਆਉਂਦੀ, ਨਹੀਂ ਤਾਂ ਆਮ ਆਦਮੀ ਜਿਤਨੀ ਪੀਣ 'ਤੇ ਉਹਨੂੰ ਸਰੂਰ ਵੀ ਨਾ ਆਉਂਦਾ।

ਹੁਸੈਨਾ ਤੇ ਹੋਰ ਦੋ ਚਾਰ ਉਹਦੇ ਆਲੇ-ਦੁਆਲੇ ਬੈਠੇ ਸਨ। ਸ਼ਰਾਬ ਦਾ ਇਕ ਪਿਆਲਾ ਭਰ ਕੇ ਹੁਸੈਨੇ ਨੇ ਦਿੱਤਾ ਤੇ ਚੌਧਰੀ ਨੇ ਫੜਦਿਆਂ ਕਿਹਾ, "ਵੇਖ ਬਈ ਹੁਸੈਨਿਆਂ ਅਸੀਂ ਵੀ ਬਦਲਾ ਘੱਟ ਨਹੀਂ ਲਿਆ।"

"ਮੈਨੂੰ ਪਹਿਲਾਂ ਹੀ ਪਤਾ ਸੀ," ਹੁਸੈਨੇ ਨੇ ਚੌਧਰੀ ਦੀ ਉਸਤਤ ਕਰਦਿਆਂ ਕਿਹਾ, "ਸਿੱਖਾਂ ਦਾ ਕੀ ਏ ਜਦ ਵੀ ਲਾਹੌਰ ਤੋਂ ਫ਼ੌਜਾਂ ਆ ਗਈਆਂ, ਇਹਨਾਂ ਨੂੰ ਭੱਜਦਿਆਂ ਰਾਹ ਨਹੀਂ ਲੱਭਣਾ। ਇਹਨਾਂ ਦੇ ਪਿਛੇ ਲਗ ਕੇ ਉਹ ਮੂਰਖ ਵੀ ਮਾਰੇ ਗਏ ਨੇ।"

"ਬੜਾ ਆਕੜਦਾ ਸੀ ਮੱਖਣ ਕੰਜਰ। ਉਹਦੀ ਵੀ ਮੱਤ ਟਿਕਾਣੇ ਆ ਜਾਏਗੀ। ਮੈਂ ਕਹਿ ਦਿੱਤਾ ਏ ਖ਼ਾਨ ਸਾਹਿਬ ਨੂੰ ਕਿ ਇਨ੍ਹਾਂ ਨੂੰ ਚੰਗੀ ਤਰ੍ਹਾਂ ਤੰਗ ਕਰ ਕੇ ਮਾਰਨਾ।" ਚੌਧਰੀ ਨੇ ਕਿਹਾ।

"ਇਹਨਾਂ ਨੂੰ ਭੁਖੇ ਰਖਣਾ ਚਾਹੀਦਾ ਹੈ," ਹੁਸੈਨੇ ਨੇ ਸਲਾਹ ਦਿੱਤੀ।

"ਨਹੀਂ, ਇਨ੍ਹਾਂ ਨੂੰ ਇਕ ਤਾਂ ਸੌਣ ਨਾ ਦਿੱਤਾ ਜਾਏ ਤੇ ਦੂਜਾ ਰੋਜ਼ਾਨਾ ਸਵੇਰੇ ਇਕ ਵਾਰ ਕੁਟਿਆ ਜਾਏ," ਇਕ ਹੋਰ ਬੋਲਿਆ।

"ਹੱਦ ਹੋ ਗਈ, ਤੁਸੀਂ ਸਿੱਧਾ ਕਿਉਂ ਨਹੀਂ ਕਹਿੰਦੇ ਕਿ ਇਨ੍ਹਾਂ ਨੂੰ ਲੱਕ ਲੱਕ ਤਕ ਜ਼ਮੀਨ ਵਿਚ ਗੱਡ ਕੇ ਉਤੇ ਕੁੱਤੇ ਛੱਡੇ ਜਾਣ। ਇਹ ਮੁਸਲਮਾਨ ਨਹੀਂ ਕਾਫ਼ਰ ਹਨ ਜੋ ਕਾਫ਼ਰ ਸਿੱਖਾਂ ਨੂੰ ਘਰ ਰੱਖਦੇ ਹਨ ਤੇ ਇਸਲਾਮੀ ਰਾਜ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੇ ਹਥ-ਠੋਕੇ ਬਣਦੇ ਹਨ।" ਇਕ ਹੋਰ ਆਦਮੀ ਨੇ ਕਿਹਾ।

"ਛੱਡੋ ਇਨ੍ਹਾਂ ਦੀਆਂ ਗੱਲਾਂ," ਚੌਧਰੀ ਨੇ ਕਿਹਾ, "ਇਹ ਹੁਣ ਸਾਡੇ ਵੱਸ ਦੀ

ਗੱਲ ਨਹੀਂ। ਖ਼ਾਨ ਸਾਹਿਬ ਜੋ ਚਾਹੁਣਗੇ, ਉਨ੍ਹਾਂ ਨਾਲ ਕਰਨਗੇ। ਇਕ ਗੱਲ ਤਾਂ ਪੱਕੀ ਸਮਝ ਲਓ ਕਿ ਹੁਣ ਉਹ ਪਿੰਡ ਵਾਪਸ ਨਹੀਂ ਆਉਂਦੇ।"

"ਲੜਾਈ ਬਾਰੇ ਵੀ ਕੁਝ ਪਤਾ ਕਰਨਾ ਸੀ, ਕੀ ਬਣਿਆ ਏ?" ਨਾਲ ਬੈਠੇ ਇਕ ਆਦਮੀ ਨੇ ਕਿਹਾ।

"ਹੋਣਾ ਕੀ ਏ ਸਿੱਖਾਂ ਨੂੰ ਮਾਰ ਮਾਰ ਕੇ ਭਜਾ ਦੇਣਗੀਆਂ ਫ਼ੌਜਾਂ," ਚੌਧਰੀ ਨੇ ਕਿਹਾ ਤੇ ਸ਼ਰਾਬ ਦਾ ਇਕ ਹੋਰ ਪਿਆਲਾ ਆਪ ਹੀ ਭਰ ਕੇ ਪੀ ਲਿਆ।

ਚੌਧਰੀ ਦਾ ਇਕ ਨੌਕਰ ਭੱਜਾ ਆਇਆ ਤੇ ਉਸ ਆਉਂਦਿਆਂ ਦੱਸਿਆ, "ਸਿੱਖਾਂ ਦਾ ਪਿੰਡ 'ਤੇ ਹਮਲਾ ਹੋ ਗਿਆ ਹੈ। ਸਿੱਖਾਂ ਦੇ ਇਕ ਬਹੁਤ ਵੱਡੇ ਜਥੇ ਨੇ ਚਾਰ ਚੁਫੇਰਿਉਂ ਪਿੰਡ ਨੂੰ ਘੇਰ ਲਿਆ ਏ। ਕੁਝ ਘੋੜ-ਸਵਾਰ ਸਾਡੀ ਗਲੀ ਵੱਲ ਆ ਰਹੇ ਹਨ, ਪਿੰਡ ਦੇ ਲੋਕੀਂ ਵੀ ਉਨ੍ਹਾਂ ਨਾਲ ਮਿਲ ਗਏ ਹਨ। ਮੈਂ ਆਪ ਕਈ ਬੰਦਿਆਂ ਨੂੰ ਦੇਖਿਆ ਏ ਜੋ ਉਹਨਾਂ ਦਾ ਸੁਆਗਤ ਕਰ ਰਹੇ ਹਨ।"

ਇਹ ਸੁਣਦਿਆਂ ਹੀ ਸਾਰਿਆਂ ਦਾ ਰੰਗ ਪੀਲਾ ਪੈ ਗਿਆ। ਚੌਧਰੀ ਨੂੰ ਸ਼ਰਾਬ ਦਾ ਨਸ਼ਾ ਵੀ ਝਟ-ਪਟ ਹੀ ਉਤਰ ਗਿਆ। ਹੁਸੈਨਾ ਤੇ ਦੋ ਆਦਮੀ ਤਾਂ ਝਟ-ਪਟ ਉਠ ਕੇ ਬਾਹਰ ਨੱਸ ਗਏ। ਉਹਨਾਂ ਨੂੰ ਪਤਾ ਸੀ ਕਿ ਜੇ ਸਿਖ ਪਿੰਡ ਆ ਗਏ ਤਾਂ ਉਹਨਾਂ ਇਸ ਵਾਰੀ ਸਾਨੂੰ ਜਿਊਂਦੇ ਨਹੀਂ ਛੱਡਣਾ। ਇਸ ਲਈ ਉਸ ਨੇ ਉਥੇ ਇਕ ਪਲ ਵੀ ਠਹਿਰਨਾ ਖ਼ਤਰਨਾਕ ਸਮਝਿਆ। ਬਾਕੀ ਦੇ ਆਦਮੀ ਵੀ ਨੱਸ ਗਏ।

ਚੌਧਰੀ ਸਖ਼ਤ ਘਬਰਾਹਟ ਵਿਚ ਅੰਦਰ ਨੂੰ ਭੱਜ ਗਿਆ।

ਘੋੜ-ਸਵਾਰ ਚੌਧਰੀ ਦੇ ਦਰਵਾਜ਼ੇ 'ਤੇ ਆ ਗਏ। ਸਿੰਘ ਫੁਰਤੀ ਨਾਲ ਘੋੜਿਆਂ ਤੋਂ ਉਤਰੇ ਤੇ ਆਪਣੇ ਹਥਿਆਰ ਸੰਭਾਲਦੇ ਅੰਦਰ ਚਲੇ ਗਏ। ਹਵੇਲੀ ਦੇ ਵਿਹੜੇ ਵਿਚ ਮੰਜੇ ਪਏ ਸਨ ਤੇ ਉਹਨਾਂ ਵਿਚਕਾਰ ਮੇਜ਼ 'ਤੇ ਸ਼ਰਾਬ ਦੀ ਸੁਰਾਹੀ ਤੇ ਪਿਆਲੇ ਪਏ ਸਨ। ਸ਼ਰਾਬ ਦੀ ਬਦਬੂ ਤੋਂ ਹੀ ਅਨੁਮਾਨ ਲੱਗ ਗਿਆ ਕਿ ਚੌਧਰੀ ਦੀ ਜੁੰਡਲੀ ਸ਼ਰਾਬ ਪੀ ਕੇ ਹਟੀ ਏ ਤੇ ਸਿੰਘਾਂ ਦੇ ਆਉਣ ਦਾ ਪਤਾ ਲਗਦਿਆਂ ਕਿਧਰੇ ਨੱਸ ਗਈ ਏ।

ਇਕ ਬੁੱਢਾ ਜਿਹਾ ਨੌਕਰ ਅੰਦਰੋਂ ਬਾਹਰ ਆਇਆ। ਡਰ ਨਾਲ ਉਹਦੀਆਂ ਲੱਤਾਂ ਕੰਬ ਰਹੀਆਂ ਸਨ। ਦੋਵੇਂ ਹੱਥ ਜੋੜ ਕੇ ਉਹ ਜਥੇਦਾਰ ਦੇ ਨੇੜੇ ਆ ਖਲੋਤਾ।

"ਚੌਧਰੀ ਕਿੱਥੇ ਏ?" ਜਥੇਦਾਰ ਨੇ ਪੁੱਛਿਆ।

"ਉਹ ਘਰ ਨਹੀਂ।" ਬੁੱਢੇ ਨੇ ਥਥਲਾਂਦੇ ਹੋਏ ਮਸਾਂ ਕਿਹਾ।

"ਗਿਆ ਕਿੱਧਰ ਏ?" ਜਥੇਦਾਰ ਨੇ ਫਿਰ ਪੁੱਛਿਆ।

"ਮੈਨੂੰ ਤਾਂ ਪਤਾ ਨਹੀਂ, ਹੁਣੇ ਇੱਥੇ ਸਨ ਸ਼ਾਇਦ ਖੇਤਾਂ ਨੂੰ ਲੰਘ ਗਏ ਹੋਣਗੇ," ਬੁੱਢੇ ਨੇ ਬੜੀ ਨਿਮਰਤਾ ਨਾਲ ਕਿਹਾ।

"ਇਹ ਗਲਤ ਕਹਿੰਦਾ ਏ। ਇਹਨੂੰ ਪਤਾ ਏ ਕਿ ਚੌਧਰੀ ਕਿੱਥੇ ਵੇ ਪਰ ਦੱਸਦਾ ਨਹੀਂ ਜਾਣ ਕੇ।" ਇਕ ਸਿੰਘ ਨੇ ਕਿਹਾ, "ਇਹਨੂੰ ਜ਼ਰਾ ਲੰਮਿਆਂ ਪਾਓ, ਹੁਣੇ ਦੱਸ ਦਏਗਾ।"

"ਨਹੀਂ," ਜਥੇਦਾਰ ਨੇ ਕਿਹਾ, "ਇਸ ਤਰ੍ਹਾਂ ਨਹੀਂ ਕਰਨਾ। ਇਹ ਮਾਲਕ ਦਾ ਵਫ਼ਾਦਾਰ ਏ ਤੇ ਉਸ ਨੂੰ ਬਚਾਣਾ ਚਾਹੁੰਦਾ ਏ। ਉਂਜ ਵੀ ਇਹ ਬਜ਼ੁਰਗ ਏ, ਇਹਦਾ ਅਪਮਾਨ ਨਹੀਂ ਕਰਨਾ ਚਾਹੀਦਾ।" ਫਿਰ ਜਥੇਦਾਰ ਨੇ ਬੁੱਢੇ ਵੱਲ ਸੰਬੋਧਨ ਹੋ ਕੇ ਕਿਹਾ, "ਤੁਸੀਂ ਝੂਠ ਨਾ ਬੋਲੋ। ਚਿੱਟੀ ਦਾਹੜੀ ਨਾਲ ਝੂਠ ਬੋਲਦਿਆਂ ਤੁਹਾਨੂੰ ਝਕਣਾ ਚਾਹੀਦਾ ਹੈ।"

ਜਥੇਦਾਰ ਨੇ ਇਸ ਢੰਗ ਨਾਲ ਗੱਲ ਕਹੀ ਕਿ ਬੁਢੇ 'ਤੇ ਉਹਦਾ ਬੜਾ ਚੰਗਾ ਅਸਰ ਹੋਇਆ। ਉਸ ਸਾਫ਼ ਕਹਿ ਦਿੱਤਾ, "ਚੌਧਰੀ ਹੋਰੀਂ ਘਰ ਨੇ।"

"ਉਹਨਾਂ ਨੂੰ ਜਾ ਕੇ ਕਹਿ ਦੇ ਕਿ ਬਾਹਰ ਆ ਜਾਣ। ਅਸੀਂ ਹੁਣ ਛੱਡੇ ਬਿਨਾਂ ਨਹੀਂ ਜਾਣਾ। ਹਵੇਲੀ ਦੇ ਚਾਰੇ ਪਾਸੇ ਪਹਿਰਾ ਏ ਉਹ ਭੱਜ ਨਹੀਂ ਸਕਦਾ।" ਜਥੇਦਾਰ ਨੇ ਕਿਹਾ, "ਜੇ ਉਹ ਬਾਹਰ ਆਉਣ ਲਈ ਤਿਆਰ ਨਹੀਂ ਤਾਂ ਸਾਨੂੰ ਮਜਬੂਰੀ ਦੀ ਹਾਲਤ ਵਿਚ ਅੰਦਰ ਜਾਣਾ ਪਏਗਾ। ਇਸ ਲਈ ਜੇ ਚੌਧਰੀ ਹੋਰੀਂ ਬਾਹਰ ਨਾ ਆਉਣ ਤਾਂ ਉਹਨਾਂ ਦੇ ਘਰੋਂ ਬੀਬੀਆਂ ਨੂੰ ਕਹਿ ਦੇ ਕਿ ਅਸੀਂ ਅੰਦਰ ਆ ਰਹੇ ਹਾਂ, ਇਸ ਲਈ ਜੇ ਉਹ ਚਾਹੁਣ ਤਾਂ ਪਰਦਾ ਕਰ ਲੈਣ।"

ਬੁੱਢਾ ਅੰਦਰ ਚਲਾ ਗਿਆ ਤੇ ਝਟ ਪਿਛੋਂ ਉਸ ਆ ਕੇ ਦੱਸਿਆ ਕਿ ਚੌਧਰੀ ਹੋਰੀਂ ਅੰਦਰ ਨਹੀਂ। ਕਿਸੇ ਗੁਪਤ ਰਾਹ ਤੋਂ ਬਾਹਰ ਨਿਕਲ ਗਏ ਹਨ।

ਸਿੰਘ ਅੰਦਰ ਚਲੇ ਗਏ। ਚੌਧਰੀ ਦੀਆਂ ਜ਼ਨਾਨੀਆਂ ਬੜੀ ਘਬਰਾਹਟ ਵਿਚ ਸਨ। ਜਥੇਦਾਰ ਨੇ ਉਨ੍ਹਾਂ ਦਾ ਡਰ ਦੂਰ ਕਰਨ ਲਈ ਕਿਹਾ, "ਫ਼ਿਕਰ ਨਾ ਕਰੋ ਤੁਹਾਨੂੰ ਅਸੀਂ ਕੁਝ ਨਹੀਂ ਕਹਿਣਾ। ਚੰਗੀ ਗੱਲ ਹੈ ਕਿ ਚੌਧਰੀ ਨੂੰ ਸਾਡੇ ਹਵਾਲੇ ਕਰ ਦਿਓ ਨਹੀਂ ਤਾਂ ਅਸੀਂ ਤਲਾਸ਼ੀ ਲਵਾਂਗੇ।"

ਬੇਗਮਾਂ ਤਾਂ ਡਰਦੇ ਮਾਰੇ ਮਿੱਟੀ ਹੋਈਆਂ ਪਈਆਂ ਸਨ, ਪਰ ਇਕ ਨੌਕਰਾਣੀ ਨੇ ਕਿਹਾ, "ਉਹ ਘਰ ਨਹੀਂ, ਕਿਧਰੇ ਬਾਹਰ ਚਲੇ ਗਏ ਹਨ।"

"ਸਾਨੂੰ ਪਤਾ ਏ ਕਿ ਉਹ ਅੰਦਰ ਹੀ ਹਨ। ਬਾਹਰ ਨਹੀਂ ਜਾ ਸਕਦੇ," ਜਥੇਦਾਰ ਨੇ ਕਿਹਾ ਤੇ ਸਿੰਘਾਂ ਨੂੰ ਇਸ਼ਾਰਾ ਕੀਤਾ। ਝਟ-ਪਟ ਹਰ ਕਮਰੇ ਵਿਚ ਦੋ ਦੋ ਚਾਰ ਚਾਰ ਸਿੰਘ ਲੰਘ ਗਏ ਤੇ ਚਾਰ ਚੁਫ਼ੇਰੇ ਚੰਗੀ ਤਰ੍ਹਾਂ ਭਾਲ ਕੀਤੀ। ਚੌਧਰੀ ਕਿਧਰੇ ਨਾ ਮਿਲਿਆ। ਬਹੁਤ ਸਾਰੇ ਸਿੰਘਾਂ ਨੂੰ ਬੁੱਢੇ ਦੀ ਗੱਲ ਠੀਕ ਜਾਪਣ ਲੱਗ ਪਈ। ਜਥੇਦਾਰ ਨੇ ਕਿਹਾ, "ਇਕ ਵਾਰ ਫਿਰ ਯਤਨ ਕਰੋ ਤੇ ਕੋਈ ਥਾਂ ਵੇਖੇ ਬਿਨਾਂ ਨਾ ਰਹਿਣ ਦਿਓ।"

ਪਿਛਲੇ ਅੰਦਰ ਇਕ ਮਿੱਟੀ ਦੀ ਵੱਡੀ ਸਾਰੀ ਭੜੋਲੀ ਸੀ, ਜਿਸ ਵਿਚ ਘਰ ਦਾ ਵਾਧੂ ਸਾਮਾਨ ਰੱਖਿਆ ਹੋਇਆ ਸੀ। ਉਸ ਵਿਚ ਜਦ ਬੱਤੀ ਬਾਲ ਕੇ ਦੇਖਿਆ ਗਿਆ ਤਾਂ ਚੌਧਰੀ ਹੋਰੀਂ ਇਕ ਨੁਕਰੇ ਲੱਗੇ ਹੋਏ ਮਿਲ ਗਏ। ਸਿੰਘਾਂ ਨੇ ਉਸ ਨੂੰ ਕੁੜਤੇ ਤੋਂ ਫੜ ਕੇ ਖਿਚਿਆ ਤੇ ਫਿਰ ਜਦ ਉਹ ਥੋੜ੍ਹਾ ਜਿਹਾ ਨੇੜੇ ਆ ਗਿਆ ਤਾਂ ਧੌਣ ਤੋਂ ਫੜ ਕੇ ਬਾਹਰ ਕੱਢ ਲਿਆ।

ਚੌਧਰੀ ਪਹਿਲੇ ਹਸ਼ਰ ਕਾਰਨ ਇਤਨਾ ਡਰਿਆ ਤੇ ਘਬਰਾਇਆ ਹੋਇਆ ਸੀ ਕਿ ਉਹ ਅੱਗੋਂ ਹੱਥ ਵੀ ਨਾ ਚੁਕ ਸਕਿਆ। ਸਿਰ ਨੀਵਾਂ ਸੁਟ ਕੇ ਅੱਗੇ ਲੱਗ ਕੇ ਟੁਰ ਪਿਆ। ਘਰ ਦੇ ਸਾਰੇ ਜੀਅ ਤੇ ਨੌਕਰ ਅਫ਼ਸੋਸ ਵਿਚ ਖਲੋਤੇ ਚੌਧਰੀ ਦੀ ਹਾਲਤ ਦੇਖ ਰਹੇ ਸਨ।

ਇਕ ਜ਼ਨਾਨੀ ਨੇ ਜਥੇਦਾਰ ਦੇ ਪੈਰ ਫੜ ਲਏ। ਜਥੇਦਾਰ ਝਟ ਪਿਛੇ ਹਟਿਆ ਤੇ ਕਿਹਾ, "ਇਹ ਚੰਗੀ ਗੱਲ ਨਹੀਂ ਕੀਤੀ ਤੁਸਾਂ। ਅਸੀਂ ਪੈਰੀਂ ਹੱਥ ਲਵਾਣ ਵਿਚ ਵਿਸ਼ਵਾਸ ਨਹੀਂ ਰੱਖਦੇ।"

"ਇਉਂ ਜਾਣਦੇ ਹੋ ਤਾਂ ਸਾਡੀ ਖ਼ਾਤਰ ਇਨ੍ਹਾਂ ਦੀ ਜਾਨ ਬਖ਼ਸ਼ ਦਿਓ," ਉਸ ਜ਼ਨਾਨੀ ਨੇ ਤਰਲੇ ਨਾਲ ਕਿਹਾ।

"ਅਸੀਂ ਸਮਝਦੇ ਹਾਂ ਕਿ ਇਸ ਦੀ ਮੌਤ ਨਾਲ ਤੁਹਾਨੂੰ ਬੜਾ ਦੁਖ ਹੋਵੇਗਾ ਪਰ ਇਹਦੇ ਜਿਊਂਦੇ ਰਹਿਣ ਨਾਲ ਸਾਰੇ ਪਿੰਡ ਨੂੰ ਤਕਲੀਫ਼ ਹੋਵੇਗੀ। ਇਕ ਦੋ ਜੀਆਂ ਦੇ ਸੁਖ ਦੀ ਖ਼ਾਤਰ ਅਸੀਂ ਸਾਰਾ ਪਿੰਡ ਸੰਕਟ ਵਿਚ ਨਹੀਂ ਸੁੱਟ ਸਕਦੇ। ਜਿਵੇਂ ਇਹ ਕਾਹਨੂੰਆਣੇ ਤੋਂ ਬਚ ਕੇ ਲਾਹੌਰ ਚਲਾ ਗਿਆ ਸੀ, ਜੇਕਰ ਚੁਪ ਕਰ ਕੇ ਜੀਵਨ ਗੁਜ਼ਾਰ ਲੈਂਦਾ ਤਾਂ ਕੀ ਮੌਤ ਪੈਂਦੀ ਸੀ, ਪਰ ਇਸ ਨੇ ਆ ਕੇ ਫਿਰ ਤਰਥੱਲੀ ਮਚਾ ਦਿੱਤੀ ਏ। ਇਸ ਲਈ ਇਹਨੂੰ ਹੁਣ ਮਾਫ਼ ਨਹੀਂ ਕੀਤਾ ਜਾ ਸਕਦਾ।"

ਜਥੇਦਾਰ ਬਾਹਰ ਚਲਾ ਗਿਆ। ਇਕ ਸਿੰਘ ਨੂੰ ਹੁਕਮ ਦਿੱਤਾ ਕਿ ਸਾਰੇ ਪਿੰਡ ਵਿਚ ਮਨਾਦੀ ਕਰਾ ਕੇ ਵੱਡੇ ਚੌਕ ਵਿਚ ਇਕੱਠ ਕੀਤਾ ਜਾਏ ਤੇ ਉਥੇ ਚੌਧਰੀ ਦੀ ਸਜ਼ਾ ਦਾ ਫ਼ੈਸਲਾ ਕੀਤਾ ਜਾਏਗਾ।

ਚੌਧਰੀ ਨੂੰ ਹੁਣ ਨਿਸਚਾ ਹੋ ਗਿਆ ਕਿ ਉਹਦੀ ਮੌਤ ਵਿਚ ਹੁਣ ਕੁਝ ਘੜੀਆਂ ਹੀ ਰਹਿੰਦੀਆਂ ਹਨ। ਸਿੱਖਾਂ ਨੇ ਹੁਣ ਉਹਨੂੰ ਕੈਦ ਨਹੀਂ ਕਰਨਾ, ਸਗੋਂ ਮਾਰ ਦੇਣਾ ਏ। ਇਸ ਵਿਚਾਰ ਨਾਲ ਉਹਦਾ ਦਿਲ ਬੈਠਣ ਲੱਗ ਪਿਆ ਤੇ ਮੱਥੇ 'ਤੇ ਤਰੇਲੀਆਂ ਆਉਣ ਲੱਗ ਪਈਆਂ।

ਘਰ ਤੋਂ ਕੁਝ ਕਦਮ ਹੀ ਅਗੇ ਆਏ ਸਨ ਕਿ ਉਹ ਧੜੱਮ ਕਰਕੇ ਡਿੱਗ ਪਿਆ ਤੇ ਜਦ ਜਥੇਦਾਰ ਨੇ ਨੇੜੇ ਹੋ ਕੇ ਦੇਖਿਆ ਤਾਂ ਉਹਦੀਆਂ ਅੱਖਾਂ ਤਾੜੇ ਲੱਗ ਗਈਆਂ

ਤੇ ਸਵਾਸ ਆਉਣੇ ਬੰਦ ਹੋ ਗਏ।

ਝਟ ਪਿਛੋਂ ਰੱਥ ਵਿਚ ਕਰਤਾਰ ਸਿੰਘ ਨੂੰ ਲੈ ਕੇ ਕੁਝ ਸਿੰਘ ਪਹੁੰਚ ਗਏ। ਉਨ੍ਹਾਂ ਨਾਲ ਹੀ ਗ਼ਫ਼ੂਰ ਤੇ ਮੱਖਣ ਵੀ ਆ ਰਹੇ ਸਨ। ਪਿੰਡ ਦੇ ਲੋਕਾਂ ਨੇ ਅੱਗੇ ਵਧ ਕੇ ਉਨ੍ਹਾਂ ਦਾ ਸੁਆਗਤ ਕੀਤਾ। ਲੋਕ ਬੜੇ ਖ਼ੁਸ਼ ਸਨ, ਪਰ ਗ਼ਫ਼ੂਰ ਤੇ ਮੱਖਣ ਬੜੇ ਚਿੰਤਾਤੁਰ ਸਨ ਕਿਉਂਕਿ ਕਰਤਾਰ ਸਿੰਘ ਦੀ ਹਾਲਤ ਬੜੀ ਖ਼ਰਾਬ ਸੀ।

ਜਥੇਦਾਰ ਨੇ ਅਗੇ ਹੋ ਕੇ ਕਰਤਾਰ ਸਿੰਘ ਦੀ ਹਾਲਤ ਦੇਖੀ। ਕਰਤਾਰ ਸਿੰਘ ਨੂੰ ਬਾਹਰ ਲਿਆ ਕੇ ਮੰਜੇ 'ਤੇ ਪਾ ਦਿੱਤਾ ਗਿਆ। ਉਸ ਵੇਖਿਆ ਕਿ ਉਹਦੀ ਹਾਲਤ ਕਾਰਨ ਸਾਰਾ ਪਿੰਡ ਅਫ਼ਸੋਸਿਆ ਗਿਆ ਹੈ। ਕਰਤਾਰ ਸਿੰਘ ਨੇ ਮੱਖਣ ਨੂੰ ਇਸ਼ਾਰਾ ਕੀਤਾ ਕਿ ਉਹਨੂੰ ਉਠਾ ਕੇ ਬਿਠਾਓ, ਉਹ ਕੁਝ ਗੱਲਾਂ ਕਰਨੀਆਂ ਚਾਹੁੰਦਾ ਹੈ। ਗ਼ਫ਼ੂਰ ਨੇ ਬੜਾ ਰੋਕਿਆ ਪਰ ਕਰਤਾਰ ਸਿੰਘ ਨੇ ਇਸ ਗੱਲ 'ਤੇ ਜ਼ਿਦ ਕੀਤੀ ਕਿ ਉਹ ਜ਼ਰੂਰ ਬੋਲਣਾ ਚਾਹੁੰਦਾ ਹੈ। ਕਰਤਾਰ ਸਿੰਘ ਨੂੰ ਸਹਾਰਾ ਦੇ ਕੇ ਬਿਠਾਇਆ ਗਿਆ ਤੇ ਲੋਕੀਂ ਮੰਜੇ ਦੇ ਆਸੇ ਪਾਸੇ ਜੁੜ ਕੇ ਬੈਠ ਗਏ।

ਬੜੀ ਹੌਲੀ ਜਿਹੀ ਆਵਾਜ਼ ਵਿਚ ਕਰਤਾਰ ਸਿੰਘ ਨੇ ਕਿਹਾ, "ਅੱਜ ਮੈਨੂੰ ਜਾਪਦਾ ਪਿਆ ਏ ਕਿ ਮੇਰਾ ਅੰਤਮ ਸਮਾਂ ਆ ਗਿਆ ਹੈ। ਮੈਂ ਹੁਣ ਬਹੁਤੀ ਦੇਰ ਤੁਹਾਡੇ ਦਰਸ਼ਨ ਨਹੀਂ ਕਰ ਸਕਾਂਗਾ......।" ਪਿੰਡ ਦੇ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਭਰ ਆਏ।

ਮੱਖਣ ਨੇ ਕਿਹਾ, "ਸ: ਕਰਤਾਰ ਸਿੰਘ ਜੀ ਤੁਸੀਂ ਐਵੇਂ ਦਿਲ ਛੱਡ ਰਹੇ ਹੋ। ਤੁਸੀਂ ਛੇਤੀ ਹੀ ਠੀਕ ਹੋ ਜਾਣਾ ਏਂ। ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ ਸਾਡੇ ਮਨਾਂ ਨੂੰ ਦੁਖ ਹੁੰਦਾ ਏ।"

ਕਰਤਾਰ ਸਿੰਘ ਨੇ ਕਿਹਾ, "ਇਹ ਠੀਕ ਏ ਕਿ ਤੁਹਾਨੂੰ ਦੁਖ ਹੋਵੇਗਾ, ਪਰ ਮੈਨੂੰ ਪਤਾ ਏ ਕਿ ਇਸ ਲੜਾਈ ਵਿਚ ਜੋ ਸੱਟ ਵੱਜੀ ਏ ਉਹ ਉਠਣ ਨਹੀਂ ਦੇਵੇਗੀ, ਪਰ ਅਫ਼ਸੋਸ ਦੀ ਕੋਈ ਗੱਲ ਨਹੀਂ। ਅਸੀਂ ਜੋ ਅੰਦੋਲਨ ਕਰ ਰਹੇ ਹਾਂ ਉਹ ਸਫਲ ਹੁੰਦਾ ਮੈਂ ਦੇਖ ਰਿਹਾ ਹਾਂ। ਜ਼ੁਲਮ ਦਾ ਨਾਸ ਹੋ ਰਿਹਾ ਹੈ। ਤੁਸੀਂ ਸੁਣ ਕੇ ਖ਼ੁਸ਼ ਹੋਵੋਗੇ ਕਿ ਦਰਜਨਾਂ ਪਿੰਡ ਇਸ ਸਮੇਂ ਤੁਹਾਡੇ ਵਾਂਗ ਹੀ ਜਾਬਰ ਹਾਕਮਾਂ ਤੋਂ ਛੁਟਕਾਰਾ ਪਾ ਚੁਕੇ ਹਨ। ਮੈਨੂੰ ਮਰਨ ਦਾ ਕੋਈ ਅਫ਼ਸੋਸ ਨਹੀਂ ਸਗੋਂ ਖ਼ੁਸ਼ੀ ਹੈ ਕਿ ਅੱਜ ਫਿਰ ਪਿੰਡ ਆਜ਼ਾਦ ਏ ਤੇ ਤੁਹਾਡੇ ਨਾਲ ਅਸਾਂ ਜੋ ਇਕਰਾਰ ਕੀਤਾ ਸੀ ਉਸ ਨੂੰ ਪੂਰਾ ਕਰ ਦਿੱਤਾ ਏ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਲਹਿਰ ਨੂੰ ਹੋਰ ਤੇਜ਼ ਕਰੋ ਤੇ ਸਮੇਂ ਦੀ ਜਾਬਰ ਹਕੂਮਤ ਦਾ ਸਾਰੇ ਦੇਸ਼ ਵਿਚੋਂ ਖ਼ਾਤਮਾ ਕਰ ਦਿਓ।"

ਕਰਤਾਰ ਸਿੰਘ ਨੂੰ ਕਮਜ਼ੋਰੀ ਨਾਲ ਤਰੇਲੀਆਂ ਆ ਗਈਆਂ ਤੇ ਉਹਨੂੰ ਲਿਟਾ ਦਿੱਤਾ ਗਿਆ। ਪਿੰਡ ਵਿਚ ਗ਼ਫ਼ੂਰ ਤੇ ਮੱਖਣ ਦੇ ਫਿਰ ਆ ਜਾਣ ਨਾਲ ਜੋ ਖ਼ੁਸ਼ੀਆਂ

ਹੋ ਰਹੀਆਂ ਸਨ, ਉਹ ਰੋਕ ਦਿੱਤੀਆਂ ਗਈਆਂ।

ਸਿਆਣੇ ਹਕੀਮ ਸੱਦੇ ਗਏ। ਨੂਰਾਂ ਤੇ ਹਮੀਦਾਂ ਨੇ ਸਾਰਾ ਦਿਨ ਕੁਝ ਨਾ ਖਾਧਾ ਤੇ ਕਰਤਾਰ ਸਿੰਘ ਦੇ ਸਰ੍ਹਾਣੇ ਬੈਠੀਆਂ ਰਹੀਆਂ। ਤੇਜ਼ ਘੋੜ-ਸਵਾਰ ਰਾਹੀਂ ਕਰਤਾਰ ਸਿੰਘ ਦੇ ਪਿੰਡ ਸੁਨੇਹਾ ਭੇਜ ਦਿੱਤਾ ਗਿਆ ਤੇ ਉਹਦੇ ਸਹੁਰੇ ਪਿੰਡ ਵੀ ਇਤਲਾਹ ਭੇਜ ਦਿੱਤੀ ਗਈ।

ਸ਼ਾਮ ਨੂੰ ਜਦ ਸੂਰਜ ਡੁੱਬਣ ਲੱਗਾ ਤਾਂ ਸਾਰੇ ਪਾਸੇ ਇਕ ਅਨੋਖਾ ਜਿਹਾ ਰੰਗ ਖਿਲਰ ਗਿਆ। ਉੱਤਰ ਵਲ ਦੂਰ ਪਹਾੜਾਂ ਦੀਆਂ ਚੋਟੀਆਂ 'ਤੇ ਬਰਫ ਵੀ ਸੁਨਹਿਰੀ ਹੋ ਗਈ, ਸੂਰਜ ਦੇ ਡੁੱਬਣ ਦੇ ਨਾਲ ਹੀ ਸ: ਕਰਤਾਰ ਸਿੰਘ ਨੂੰ ਸਾਹ ਔਖੇ ਆਉਣ ਲੱਗ ਪਏ ਤੇ ਹਕੀਮਾਂ ਦੇ ਸਾਰੀ ਵਾਹ ਲਾਉਣ ਦੇ ਬਾਵਜੂਦ ਭੌਰ ਉਡਾਰੀ ਮਾਰ ਗਿਆ।

o

ISBN 81-7205-189-1



ISBN 81-7205-189-1

9 788172 051891